ਕੁਲ ਸੰਸਾਰ ਇਕ ਪਰਿਵਾਰ...

# ਨਵੀਂ ਦੁਨੀਆ
# Nawi Dunia

Free

ਸਾਲ: 2 ਅੰਕ : 7 Phone : 780 465 9118, 403 775 2100 Fax: 780 465 0661, e-mail: info@nawidunia.com ਜੁਲਾਈ-2011



28 ਜੁਲਾਈ : ਕਾਮਾਗਾਟਾਮਾਰੂ ਜਹਾਜ਼ ਨੂੰ ਜਬਰਦਸਤੀ ਵੈਨਕੂਵਰ ਤੋਂ ਭਾਰਤ ਵੱਲ ਤੋਰਿਆ ਗਿਆ (1914)

ਐਡਮਿੰਟਨ ਪਬਲਿਕ ਸਕੂਲ ਬੋਰਡ ਨੇ ਬਜਟ ਨੂੰ ਦਿਤੀ ਪ੍ਰਵਾਨਗੀ



ਪੰਨਾ-3

ਮੈਂ ਤਾਂ ਹੰਭ ਗਿਆ



ਪੰਨਾ-9



ਵਿਗਿਆਨਕ ਨਜ਼ਰੀਆ ਸਾਰੇ ਡਰ ਅਲੋਪ ਕਰ ਦਿੰਦੈ : ਤ੍ਰਿਲੋਚਨ ਸਿੰਘ 'ਰਾਣਾ'

ਪੰਨਾ-27

7 ਖੂਨ ਮਾਫ

ਪੀਸ ਆਫ ਸੁਸਾਇਟੀ




ਪੰਨਾ-38

### ਜ਼ਮੀਨ ਐਕਵਾਇਰ ਮਾਮਲੇ 'ਤੇ ਸੁਪਰੀਮ ਕੋਰਟ ਦੀ ਝਾੜ

# ਜ਼ਮੀਨ ਹੜੱਪ ਰਹੀਆਂ ਨੇ ਸੂਬਾਈ ਸਰਕਾਰਾਂ

ਨਵੀਂ ਦਿੱਲੀ (ਨਦਬ) ਜ਼ਮੀਨ ਐਕਵਾਇਰ ਦੀ ਨੀਤੀ ਤੋਂ ਨਾਰਾਜ਼ ਸੁਪਰੀਮ ਕੋਰਟ ਨੇ ਉਤਰ ਪ੍ਰਦੇਸ਼ ਸਰਕਾਰ ਨੂੰ ਸਖ਼ਤ ਝਾੜ ਪਾਈ ਹੈ। ਅਦਾਲਤ ਨੇ ਕਿਹਾ ਹੈ ਕਿ ਕਿਸਾਨਾਂ ਨੂੰ ਜ਼ਮੀਨ ਦੇਣ ਦੇ ਬਦਲੇ ਵਿਚ ਆਖ਼ਰ ਕੀ ਮਿਲਿਆ- ਮੁਕੱਦਮੇਬਾਜ਼ੀ, ਲਾਠੀਆਂ, ਗ੍ਰਿਫ਼ਤਾਰੀ ਅਤੇ ਔਰਤਾਂ ਦਾ ਸੋਸ਼ਣ। ਅਦਾਲਤ ਨੇ ਜ਼ਮੀਨ ਐਕਕਵਾਇਰ ਨੀਤੀ ਨੂੰ ਸੂਬਾ ਸਰਕਾਰਾਂ ਵਲੋਂ ਚਲਾਈ ਜਾ ਰਹੀ ਅਜਿਹੀ ਘਟੀਆ ਮੁਹਿੰਮ ਦੱਸਿਆ, ਜਿਸ ਨਾਲ ਅਮੀਰ ਤਾਂ ਲਾਭ ਲੈ ਰਹੇ ਹਨ, ਪਰ ਆਮ ਆਦਮੀ ਨੂੰ ਜ਼ਿਲਤ ਹੀ ਮਿਲ ਰਹੀ ਹੈ।

ਜਸਟਿਸ ਜੀ.ਐਸ. ਸਿੰਘਵੀ ਅਤੇ ਜਸਟਿਸ ਅਸ਼ੋਕ ਕੁਮਾਰ ਗਾਗੁੰਲੀ ਦੇ ਬੈਂਚ ਨੇ ਕਿਹਾ ਕਿ ਸੂਬਾ ਸਰਕਾਰਾਂ ਜ਼ਮੀਨ ਐਕਵਾਇਰ ਦੀ ਨੀਤੀ ਰਾਹੀਂ ਜ਼ਮੀਨਾਂ ਹੜੱਪ ਰਹੀਆਂ ਹਨ ਅਤੇ ਜ਼ਮੀਨ ਐਕਵਾਇਰ ਕਾਨੂੰਨ ਕਬਜ਼ਾ ਬਣ ਗਿਆ ਹੈ। ਬੈਂਚ ਨੇ ਇਹ ਗੰਭੀਰ ਟਿੱਪਣੀਆਂ ਉਤਰ ਪ੍ਰਦੇਸ਼ ਸਰਕਾਰ, ਗਰੇਟਰ ਨੋਇਡਾ, ਰੀਅਲ ਐਸਟੇਟ ਡਵੈਲਪਰਜ਼ ਤੇ ਬਿਲਡਰਜ਼ ਵਲੋਂ ਦਾਇਰ ਪਟੀਸ਼ਨਾਂ 'ਤੇ ਕੀਤੀਆਂ। ਇਨ੍ਹਾਂ ਪਟੀਸ਼ਨਾਂ ਵਿਚ ਗਰੇਟਰ ਨੋਇਡਾ ਵਿਚ ਐਕਵਾਇਰ ਦੇ ਨੋਟੀਫਿਕੇਸ਼ਨ ਰੱਦ ਕਰਨ ਦੇ ਇਲਾਹਾਬਾਦ ਹਾਈ ਕੋਰਟ ਦੇ ਹੁਕਮਾਂ ਨੂੰ ਚੁਣੌਤੀ ਦਿੱਤੀ ਗਈ ਹੈ। ਬੈਂਚ ਨੇ ਸੂਬਾ ਸਰਕਾਰ ਨੂੰ ਕਿਹਾ ਹੈ ਕਿ ਵਿਕਾਸ ਦੇ ਨਾਂ 'ਤੇ ਤੁਸੀਂ ਜ਼ਮੀਨ ਐਕਵਾਇਰ ਕਰਕੇ ਬਿਲਡਰਾਂ ਨੂੰ ਦੇ ਰਹੇ ਹੋ। ਉਹ ਜ਼ਮੀਨ ਉਪਰ ਮਲਟੀਪਲੈਕਸ, ਮਾੱਲ ਵਰਗੇ ਸਥਾਨ ਬਣਾ ਰਹੇ ਹਨ ਜੋ ਆਮ ਆਦਮੀ ਦੀ ਪਹੁੰਚ ਤੋਂ ਬਾਹਰ ਹਨ। ਸੂਬਾ ਸਰਕਾਰ ਨੂੰ ਆਮ ਆਦਮੀ ਦੇ ਅਧਿਕਾਰ ਦੀ ਸੁਰੱਖਿਆ ਕਰਨੀ ਚਾਹੀਦੀ ਹੈ। ਜਦਕਿ ਤੁਸੀਂ ਉਲਟ ਰਸਤੇ 'ਤੇ ਜਾ ਰਹੇ ਹੋ। ਜੇਕਰ ਸੂਬਾ ਸਰਕਾਰ ਬੈਰਾਜ, ਕੈਨਾਲ ਅਤੇ ਲੋਕਾਂ ਦੀ ਸਹੂਲਤ ਲਈ ਕੋਈ ਨਿਰਮਾਣ ਕਰੇ ਇਹ ਤਾਂ ਅਸੀਂ ਸਮਝ ਸਕਦੇ ਹਾਂ। ਸੁਪਰੀਮ ਕੋਰਟ ਨੇ ਕਿਹਾ ਕਿ ਤੁਸੀਂ ਕਹਿ ਰਹੇ ਹੋ ਕਿ ਰਿਹਾਇਸ਼ੀ ਇਲਾਕੇ ਦਾ ਨਿਰਮਾਣ ਕਰ ਰਹੇ ਹਾਂ ਪਰ ਰਿਹਾਇਸ਼ੀ ਇਲਾਕਾ ਕਿਸ ਲਈ ਬਣਾ ਰਹੇ ਹੋ, ਜਿਨ੍ਹਾਂ ਦੀ ਜ਼ਮੀਨ ਐਕਵਾਇਰ ਕਰ ਲਈ ਗਈ, ਕੀ ਉਹ ਜ਼ਰੂਰਤਮੰਦ ਨਹੀਂ ਹਨ। ਤੁਸੀਂ ਕੀ ਸੋਚਦੇ ਹੋ ਕਿ ਜੱਜ ਨਾਸਮਝ ਹਨ। ਸਰਕਾਰਾਂ ਗਰੀਬ ਲੋਕਾਂ ਤੋਂ ਪੱਲਾ ਝਾੜ ਰਹੀ ਹੈ। ਇਹ ਸੂਬਾ ਸਰਕਾਰਾਂ ਵਲੋਂ ਚਲਾਈ ਜਾਣ ਵਾਲੀ ਨਿੰਦਣਯੋਗ ਕਾਰਵਾਈ ਹੈ ਜੋ ਲੋਕਾਂ ਦੇ ਖਿਲਾਫ਼ ਹੈ। ਤੁਹਾਡੇ ਮੁਤਾ-ਬਕ ਜੋ ਸੁਵਿਧਾਵਾਂ ਦਿੱਤੀਆਂ ਗਈਆਂ ਹਨ, ਜਿਵੇਂ ਸਵੀਮਿੰਗ ਪੂਲ, ਆਯੂਰਵੈਦਿਕ ਮਸਾਜ ਸੈਂਟਰ, ਹੈਲਥ ਕਲੱਬ, ਕੀ ਇਹ ਸਭ ਗਰੀਬ ਲੋਕਾਂ ਲਈ ਹਨ? ਅਦਾਲਤ ਨੇ ਕਿਹਾ ਕਿ ਜਦੋਂ ਲੋਕਾਂ ਨੇ ਇਸ ਖਿਲਾਫ਼ ਪ੍ਰਦਰਸ਼ਨ ਕੀਤਾ ਤਾਂ ਕਿਸਾਨਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਅਤੇ ਔਰਤਾਂ ਨਾਲ ਜਬਰ ਜਿਨਾਹ ਹੋਇਆ।

> ਕਿਹਾ- ਕਿਸਾਨਾਂ ਨੂੰ ਜ਼ਮੀਨ ਬਦਲੇ ਕੀ ਮਿਲਿਆ- ਮੁਕੱਦਮੇਬਾਜ਼ੀ, ਲਾਠੀਆਂ, ਗ੍ਰਿਫ਼ਤਾਰੀ, ਔਰਤਾਂ ਨਾਲ ਜਬਰ ਜਿਨਾਹ
>
> -----
>
> ਅਮੀਰ ਤਾਂ ਲਾਭ ਲੈ ਰਹੇ ਹਨ ਪਰ ਗਰੀਬ ਜ਼ਿੱਲਤ ਝੱਲ ਰਹੇ ਹਨ



## ਭਾਰਤ ਵਲੋਂ ਸਾਰੇ ਵਿਦੇਸ਼ੀ ਕੋਚਾਂ ਤੋਂ ਤੌਬਾ

### ਇਕ ਹਫ਼ਤੇ ਵਿਚ 8 ਭਾਰਤੀ ਐਥਲੀਟਾਂ ਦੇ ਡੋਪ ਟੈਸਟ ਵਿਚ ਫੜੇ ਜਾਣ ਮਗਰੋਂ ਖੇਡ ਮੰਤਰੀ ਮਾਕਨ ਨੇ ਕੀਤੀ ਕਾਰਵਾਈ

ਨਵੀਂ ਦਿੱਲੀ (ਨਦਬ) ਇਕ ਹਫ਼ਤੇ ਵਿਚ 8 ਭਾਰਤੀ ਐਥਲੀਟਾਂ ਦੇ ਡੋਪਿੰਗ ਵਿਚ ਫੜੇ ਜਾਣ 'ਤੇ ਸਖ਼ਤ ਕਦਮ ਚੁੱਕਦਿਆਂ ਐਥਲੈਟਿਕਸ ਟੀਮ ਦੇ ਯੂਕਰੇਨੀ ਕੋਚ ਯੂਰੀ ਓਗਰੋਦਨਿਕ ਨੂੰ ਤੁਰੰਤ ਬਰਖ਼ਾਸਤ ਕਰ ਦਿੱਤਾ ਗਿਆ ਹੈ। ਇਸ ਤੋਂ ਇਲਾਵਾ ਐਥਲੈਟਿਕ ਨਾਲ ਜੁੜੇ ਸਾਰੇ ਵਿਦੇਸ਼ਾਂ ਕੋਚਾਂ ਤੋਂ ਵੀ ਤੋਬਾ ਕਰਨ ਦਾ ਹੁਕਮ ਦਿੱਤਾ ਗਿਆ ਹੈ। ਸਰਕਾਰ ਨੇ ਇਸ ਮਾਮਲੇ ਵਿਚ ਨਿਆਂਇਕ ਜਾਂਚ ਦੇ ਹੁਕਮ ਦਿੱਤੇ ਹਨ। ਖੇਡ ਮੰਤਰੀ ਅਜੈ ਮਾਕਨ ਨੇ ਇਹ ਜਾਣਕਾਰੀ ਦਿੱਤੀ। ਵਿਦੇਸ਼ੀ ਕੋਚ ਨੂੰ ਬਰਖ਼ਾਸਤ ਕਰਨ ਦੇ ਨਾਲ ਹੀ ਡੋਪਿੰਗ ਮਾਮਲੇ ਵਿਚ ਬਾਰਤੀ ਐਥਲੈਟਿਕਸ ਮਹਾਂਸੰਘ ਤੇ ਭਾਰਤੀ ਖੇਡ ਬੋਰਡ ਤੋਂ ਰਿਪੋਰਟ ਮੰਗ ਲਈ ਗਈ ਹੈ। ਇਸੇ ਦੌਰਾਨ ਐਨ.ਆਈ.ਐਸ. ਪਟਿਆਲਾ ਦੇ ਕਾਰਜਕਾਰੀ ਡਾਇਰੈਕਟਰ ਐਲ.ਐਸ. ਰਾਣਾਵਤ ਨੇ ਮਾਮਲੇ ਦੀ ਪੁਸ਼ਟੀ ਕਰਦਿਆਂ ਦੱਸਿਆ ਹੈ ਕਿ ਕੇਂਦਰੀ ਖੇਡ ਮੰਤਰਾਲੇ ਵਲੋਂ ਪੁੱਜੀਆਂ ਹਦਾਇਤਾਂ 'ਤੇ ਯੂਕਰੇਨ ਕੋਚ ਯੂਰੀ ਓਗਰੋਦਨਿਕ ਦੇ ਨਾਲ ਨਾਲ ਦੋ ਭਾਰਤੀ ਕੋਚਾਂ ਰਮੇਸ਼ ਨਾਗਾਪੁਰੀ ਤੇ ਆਰ.ਐਸ. ਸਿੱਧੂ ਨੂੰ ਵੀ ਤੁਰੰਤ ਮੁਅੱਤਲ ਕਰ ਦਿੱਤਾ ਗਿਆ ਹੈ। ਪਤਾ ਲੱਗਾ ਹੈ ਕਿ ਯੂਰੀ ਪਿਛਲੇ ਤਿੰਨ ਦਿਨਾਂ ਤੋਂ ਰੂਪੋਸ਼ ਹੈ।

#### ਡੋਪਿੰਗ ਵਿਚ ਫਸ ਚੁੱਕੇ ਖਿਡਾਰੀ

ਅਸ਼ਿਵਨੀ ਅਕੁੰਜੀ, ਮਨਦੀਪ ਕੌਰ, ਸਿਨੀ ਜੋਸ, ਜਾੱਨਾ ਮੁਰਮੂ ਤੇ ਪ੍ਰਿਯੰਕਾ ਪਵਾਰ ਨੂੰ ਮਿਥੇਨਡਿਓਨੋਨ ਦੇ ਸੇਵਨ ਦਾ ਦੋਸ਼ੀ ਪਾਇਆ ਗਿਆ। ਟਿਆਨਾ ਮੈਰੀ ਨੇ ਪਾਬੰਦੀਸ਼ੁਦਾ ਐਪੀਮੇਥਾਨਡੀਓਲ ਦਾ ਸੇਵਨ ਕੀਤਾ ਸੀ, ਜਦਕਿ ਸ਼ਾੱਟ ਪੁੱਟਰ ਸੋਨੀਆ ਕੁਮਾਰੀ ਅਤੇ ਲੋਂਗ ਜੰਪਰ ਹਰੀਕ੍ਰਿਸ਼ਨਨ ਵੀ ਡੋਪ ਟੈਸਟ ਵਿਚ ਨਾਕਾਮ ਰਹੇ। ਇਹ ਸਾਰੇ ਅਸਥਾਈ ਤੌਰ 'ਤੇ ਮੁਅੱਤਲ ਕੀਤੇ ਗਏ ਹਨ।

## ਭਾਰਤੀ ਨਾਗਰਿਕ ਬਣਨਗੇ ਪਾਕਿਸਤਾਨ ਤੋਂ ਆਏ ਹਿੰਦੂ-ਸਿੱਖ

ਚੰਡੀਗੜ੍ਹ (ਨਦਬ) ਵੀਜ਼ਾ ਖ਼ਤਮ ਹੋਣ ਦੇ ਬਾਵਜੂਦ ਭਾਰਤ ਵਿਚ ਰਹਿ ਕੇ ਸਥਾਈ ਨਿਵਾਸ ਦੀ ਮੰਗ ਕਰ ਰਹੇ 7000 ਤੋਂ ਵੱਧ ਪਾਕਿਸਤਾਨੀ ਹਿੰਦੂਆਂ ਅਤੇ ਸਿੱਖਾਂ ਨੂੰ ਭਾਰਤੀ ਨਾਗਰਿਕਤਾ ਮਿਲ ਸਕੇਗੀ।

ਪੰਜਾਬ ਦੇ ਰਾਜ ਸਭਾ ਮੈਂਬਰ ਅਵਿਨਾਸ਼ ਰਾਏ ਖੰਨਾ ਨੂੰ ਭੇਜੇ ਪੱਤਰ ਵਿੱਚ ਕੇਂਦਰੀ ਗ੍ਰਹਿ ਸਕੱਤਰ ਨੇ ਇਹ ਜਾਣਕਾਰੀ ਦਿੱਤੀ। ਭਾਰਤ ਸਰਕਾਰ ਨੇ ਦਸੰਬਰ 2004 ਤੋਂ ਪਹਿਲਾਂ ਅਜਿਹੇ 7635 ਪਾਕਿਸਤਾਨੀ ਨਾਗਰਿਕਾਂ ਦੀ ਪਛਾਣ ਕੀਤੀ ਸੀ। ਹੁਣ ਉਨ੍ਹਾਂ ਦੇ ਮਾਮਲਿਆਂ 'ਤੇ ਇਕ-ਇਕ ਕਰਕੇ ਵਿਚਾਰ ਕੀਤਾ ਜਾਵੇਗਾ। ਅਵਿਨਾਸ਼ ਰਾਏ ਖੰਨਾ ਨੇ ਦੱਸਿਆ ਕਿ ਤਕਨੀਕੀ ਤੌਰ 'ਤੇ ਭਾਰਤ ਵਿਚ ਰਹਿ ਰਹੇ ਪਾਕਿਸਤਾਨੀਆਂ ਨੂੰ ਪਹਿਲਾਂ ਪਾਕਿਸਤਾਨੀ ਪ੍ਰਸ਼ਾਸਨ ਤੋਂ ਪ੍ਰਮਾਣ ਪੱਤਰ ਲੈਣਾ ਪੈਂਦਾ ਸੀ, ਪਰ ਹੁਣ ਪ੍ਰਕਿਰਿਆ ਸਰਲ ਬਣਾ ਦਿੱਤੀ ਗਈ ਹੈ।

# ਕਬੱਡੀ ਟੀਮਾਂ ਜ਼ਰੀਏ ਹੈਰੋਈਨ ਦੀ ਤਸਕਰੀ

ਜਲੰਧਰ (ਨਦਬ) ਪੰਜਾਬ ਤੋਂ ਯੂਰਪ ਵਿਚ ਹੈਰੋਈਨ ਦੀ ਸਪਲਾਈ ਦੇ ਮੁੱਖ ਸੂਤਰਧਾਰ ਵਿਦੇਸ਼ਾਂ ਦੇ ਕਬੱਡੀ ਕਲੱਬ ਹਨ। ਇਨ੍ਹਾਂ ਦੇ ਪਰਵਾਸੀ ਭਾਰਤੀ ਪ੍ਰਬੰਧਕ ਜਦੋਂ ਪੰਜਾਬ ਵਿਚ ਆਪਣੀ ਟੀਮ ਲੈ ਕੇ ਆਉਂਦੇ ਹਨ ਤਾਂ ਹੈਰੋਈਨ ਦੀ ਖੇਪ ਲੈ ਕੇ ਵਾਪਸ ਯੂਰਪ ਚਲੇ ਜਾਂਦੇ ਹਨ। ਇਸ ਗੱਲ ਦਾ ਖੁਲਾਸਾ ਸੀ.ਆਈ.ਏ. ਸਟਾਫ ਦੀ ਟੀਮ ਸਾਹਮਣੇ ਹਰਜਿੰਦਰ ਸਿੰਘ ਨੇ ਕੀਤਾ ਹੈ, ਜਿਸ ਨੇ ਹੁਣ ਤਕ ਵਿਦੇਸ਼ਾਂ ਵਿਚ ਦੋ ਹਜ਼ਾਰ ਕਰੋੜ ਦੀ ਹੈਰੋਈਨ ਸਪਲਾਈ ਕੀਤੀ ਹੈ। ਹਰਜਿੰਦਰ ਦੇ ਇਸ ਖੁਲਾਸੇ ਨੇ ਪੁਲੀਸ ਅਧਿਕਾਰੀਆਂ ਦੇ ਮੱਥੇ 'ਤੇ ਵਲ ਪਾ ਦਿੱਤਾ ਹੈ। ਹਾਲੇ ਤਕ ਅੱਠ ਕਬੱਡੀ ਕਲੱਬ ਦੇ ਨਾਂ ਪੁਲੀਸ ਨੂੰ ਮਿਲ ਚੁੱਕੇ ਹਨ। ਐਸ.ਐਸ.ਪੀ. ਆਸ਼ੀਸ਼ ਚੌਧਰੀ ਨੇ ਇਸ ਗੱਲ ਦੀ ਪੁਸ਼ਟੀ ਕਰਦੇ ਹੋਏ ਕਿਹਾ ਕਿ ਹਾਲੇ ਜਾਂਚ ਕੀਤੀ ਜਾ ਰਹੀ ਹੈ। ਦਰਅਸਲ, ਪੰਜਾਬ ਦੇ ਪਿੰਡਾਂ ਵਿਚ ਐਨ.ਆਰ.ਆਈ. ਖੇਡ ਮੇਲਿਆਂ ਦਾ ਪ੍ਰਬੰਧ ਕਰਵਾਉਂਦੇ ਹਨ। ਇਸ ਵਿਚ ਕਬੱਡੀ ਖੇਡ ਮੁੱਖ ਹੁੰਦੀ ਹੈ। ਐਨ.ਆਰ.ਆਈ. ਖੇਡ ਵਿਚ ਰੰਗ ਭਰਨ ਲਈ ਵਿਦੇਸ਼ਾਂ ਤੋਂ ਕਬੱਡੀ ਖਿਡਾਰੀਆਂ ਦੀਆਂ ਟੀਮਾਂ ਨੂੰ ਲੈ ਕੇ ਪੰਜਾਬ ਆਉਂਦੇ ਹਨ ਅਤੇ ਮੁਕਾਬਲੇ ਕਰਵਾਏ ਜਾਂਦੇ ਹਨ। ਤਿੰਨ ਦਿਨ ਪਹਿਲਾਂ ਜਲੰਧਰ ਵਿਚ ਸਿੰਥੈਟਿਕ ਡਰੱਗ ਨਾਲ ਫੜੇ ਗਏ ਹਰਜਿੰਦਰ ਨੇ ਖੁਲਾਸਾ ਕੀਤਾ ਹੈ ਕਿ ਕਬੱਡੀ ਕਲੱਬ ਨੂੰ ਨਾਲ ਲੈ ਕੇ ਪੰਜਾਬ ਆਉਣ ਵਾਲੇ ਪਰਵਾਸੀ ਭਾਰਤੀ ਪ੍ਰਬੰਧਕ ਉਸ ਤੋਂ ਹੈਰੋਈਨ ਲੈ ਕੇ ਜਾਂਦੇ ਹਨ, ਜੋ ਅੱਗੇ ਉਹ ਯੂਰਪ ਵਿਚ ਸਪਲਾਈ ਕਰ ਦਿੰਦੇ ਹਨ। ਹਰਜਿੰਦਰ ਨੇ ਅੱਠ ਕਲੱਬਾਂ ਦਾ ਨਾਂ ਪੁਲੀਸ ਸਾਹਮਣੇ ਦੱਸਿਆ ਹੈ, ਜਿਨ੍ਹਾਂ ਵਿਚ ਜ਼ਿਆਦਾਤਰ ਕੈਨੇਡਾ ਅਤੇ ਯੂ.ਕੇ. ਨਾਲ ਸਬੰਧਤ ਹਨ। ਪੁਲੀਸ ਸਾਹਮਣੇ 50 ਪਰਵਾਸੀ ਭਾਰਤੀਆਂ ਦੇ ਨਾਂ ਆ ਚੁੱਕੇ ਹਨ। ਇਨ੍ਹਾਂ ਨਾਵਾਂ ਦਾ ਖੁਲਾਸਾ ਕਰਨ ਤੋਂ ਪੁਲੀਸ ਹਾਲੇ ਕਤਰਾ ਰਹੀ ਹੈ, ਕਿਉਂਕਿ ਇਹ ਦੇਸ਼ ਦੀ ਸੁਰੱਖਿਆ ਨਾਲ ਜੁੜਿਆ ਮਾਮਲਾ ਹੈ।



Preparing you for a safe & healthy journey
Offering National & International Travel Vaccines
ਕਨੇਡਾ ਤੋਂ ਬਾਹਰ ਸੁਰਖਿਅਤ ਤੇ ਸਿਹਤਮੰਦ ਸਫਰ/ਵਾਪਸੀ ਲਈ ਸਾਡੇ ਕੋਲੋਂ ਟੀਕੇ ਜ਼ਰੂਰ ਲਵਾਓ
Atlas Immunization Services
Phone : 780.465.5150
www.atlasimmunization.com
Suite 104, 7633-50 St. Edmonton (Meridian Place)

3rd in CANADA FOR CENTURY 21-2005
Century 21 Canada Masters Hall of Fame Inductee
Sweg Deol "Your Key Connection To Real Estate"
Please call for all your Commercial Real Estate Needs in Hotel, Motel, Apartments & Shopping Centers




Land Parcels Available in throughout Alberta
Century 21
A.L.L. Stars Realty Ltd.,
312 Saddleback Road, T6J 4R7
Cell: (780) 951-9873 Bus: (780) 434-4700

For All Your Real Estate Needs & Best Services Contact Dan Sidhu
Broker / Owner



Your Real Estate Expert!
ਨਵਾਂ ਜਾਂ ਪੁਰਾਣਾ ਘਰ, ਕਿਸੇ ਵੀ ਕਿਸਮ ਦੀ ਜਾਇਦਾਦ ਖਰੀਦਣ / ਵੇਚਣ ਲਈ ਭਰੋਸੇਯੋਗ ਤੇ ਇਮਾਨਦਾਰ ਸੇਵਾਵਾਂ ਲਈ DAN SIDHU ਨੂੰ ਅੱਜ ਹੀ ਫੋਨ ਕਰੋ ।
Cell:403 560 6300
Off:403 569 2900
Fax:403 207 1237
email: dansidhu@gmail.com
MAXVALUE REALTY LTD
Each Office is Individually Owned and Operated
Specialized in Residential
Commertial & Investment Properties
110-300 Merganser Dr. West Chestermere, AB T1X 1L6



BHUVINDER (BETTY) GILL
MORTGAGE ASSOCIATE
CELL: 780.905.7274
FAX: 780.436.2510
DOMINION LENDING CENTRES
MORTGAGE MENTORS
CANADA'S NATIONAL MORTGAGE COMPANY
INDEPENDENTLY OWNED & OPERATED
ਮੌਰਟਗੇਜ਼ ਸਬੰਧੀ ਸਭ ਮੁਸ਼ਕਲਾਂ ਦਾ ਹੱਲ ਨਵੇਂ, ਪੁਰਾਣੇ ਘਰ ਜਾਂ ਕੰਨਸਟਰਕਸ਼ਨ ਲਈ ਮੌਰਟਗੇਜ਼ ਜਾਂ ਲਾਈਨ ਆਫ ਕਰੈਡਿਟ ਲੈ ਕੇ ਦਿੰਦੇ ਹਨ। ਇੰਮੀਗਰਾਂਟ ਪਰਿਵਾਰਾਂ ਲਈ ਖਾਸ ਸਹੂਲਤਾਂ ਤੇ ਵਾਜਬ ਰੇਟਾਂ ਤੇ ਮੌਰਟਗੇਜ਼ ਕਰਵਾ ਕੇ ਦਿੰਦੇ ਹਨ
BETTYGILL@DOMINIONLENDING.CA
WWW.BETTYGILL.CA

LUTHRA LAW OFFICE



* Personal Injuries
* Real Estate Transactions
* Immigration Appeals
Services in Hindi, Punjabi, Urdu and Arabic also
ਪੰਜਾਬੀ, ਹਿੰਦੀ, ਉਰਦੂ ਅਤੇ ਅਰਬੀ ਵਿੱਚ ਸੇਵਾਵਾਂ ਲਈ ਮਿਲੋ
SARJAN LUTHRA
B.Sc, LL.B.
Barrister Solicitor
780-466-4660




**POWAR HOMES LTD.**
Quality Custom Home Builder

ਪਾਵਰ ਹੋਮਜ਼ ਕੋਲ ਸ਼ਹਿਰ ਦੇ ਹਰ ਖੇਤਰ ਵਿੱਚ ਲਾਟਾਂ ਉਪਲਬਧ, ਰਹਿਣ ਲਈ ਘਰ ਬਣਾਉਣਾ ਚਾਹੁੰਦੇ ਹੋ ਜਾਂ ਘਰ ਬਣਵਾ ਕੇ ਵੇਚਣਾ ਚਾਹੁੰਦੇ ਹੋ, ਚੋਖਾ ਫਾਇਦਾ ਦਿਵਾਉਣ ਦਾ ਵਾਅਦਾ, ਬੇਸਮਾਉਂਟ ਵਿਚ ਛੋਟੇ ਅਤੇ ਵੱਡੇ ਘਰ ਬਣਾਉਣ ਲਈ ਲਾਟਾਂ ਤਿਆਰ ਬਰ ਤਿਆਰ ਹਨ.

ਘਰ ਬਣਾ ਕੇ ਵੇਚਣ ਤੱਕ ਦੀਆਂ ਸੇਵਾਵਾਂ ਦਿੰਦੇ ਹਾਂ. ਵਾਜਬ ਕੀਮਤਾਂ, ਤਸੱਲੀ ਬਖ਼ਸ਼ ਕੰਮ ਅਤੇ ਭਰੋਸੇਯੋਗ ਸੇਵਾਵਾਂ ਲਈ ਰਣਜੀਤ ਸਿੰਘ ਪਵਾਰ ਅਤੇ ਕੁਲਦੀਪ ਸਿੰਘ ਪਵਾਰ ਨਾਲ ਸੰਪਰਕ ਕਰੋ.

Kuldip S. Powar
Ranjit S. Powar

Fax: 780-406-6797
Email: ranjit_pawar@hotmail.com
Contact At:
Ph: 780-695-6595

**STP ELECTRIC LTD.**
stpelectric@hotmail.com
Offering Full Range of Electrical Services of
C. 780.984 2356
F. 780.463 6276
- Residential
- Commercial
- Industrial Installations

ਹਰ ਤਰ੍ਹਾਂ ਦੇ ਇਲੈਕਟ੍ਰੀਕਲ ਦੇ ਕੰਮ ਲਈ ਸੰਪਰਕ ਕਰੋ
Sushil Singh
Certified Master Electrician
ਸਰਟੀਫਾਈਡ ਮਾਸਟਰ ਇਲੈਕ੍ਟ੍ਰੀਸ਼ਨ



**EAGLE ROCK GOLF COURSE**
ਵਿਆਹ ਸ਼ਾਦੀਆਂ, ਜਨਮ ਦਿਨ ਪਾਰਟੀਆਂ, ਲੇਡੀਜ਼ ਸੰਗੀਤ, 50 ਤੋਂ ਲੈ ਕੇ 200 ਆਦਮੀਆਂ ਤੱਕ ਦਾ ਪੰਜਾਬੀ ਖਾਣੇ ਦਾ ਖਾਸ ਪ੍ਰਬੰਧ
ਵਧੇਰੇ ਜਾਣਕਾਰੀ ਲਈ ਫੋਨ ਕਰੋ:
Linda- 780 464 4653
Ext-2, Cell- 780 720 6895

50549, Range Road 234
Edmonton, AB

- Catering
- Wedding
- Banquet
- Birthday Parties
- Ladies Sangeet
- Golf Tournaments



**ALPHA Tent Rentals**
All Events Big or Small
We are in this Business Since 2001

**Tents** All Size and Different Colours, **Tables** Rectangular & Round, **Chairs** All Colours, **Lights**, Dance Floor, Heaters, Fans, **Catering Equipment,** Coffee Brewers, Food Warmers, Big Burners, Big Pots (Patila), Cutlery and Plates, **Portable Bars,** Beer Tubs, Ice Boxes, **Carpet, Stantions, Linens and Clips.**

ਧਾਰਮਿਕ ਅਤੇ ਸਮਾਜਿਕ ਸਮਾਗਮਾਂ ਲਈ ਵਿਸ਼ੇਸ਼ ਛੋਟ
Guaranteed Low Prices Open Seven Days a Week

Ladies Sangeet Jago Equipment

Umrao Ghinger: 780 237 5556
Rana Pandher: 780 498 6375
Office: 780 490 5354
www.alphatentrentals.com




**DASHMESH TIRE & LUBE**
All Brands of Tires
MRF or JK (Indian)
B.F Goodrich, Michelin, Dunlop
Tire Repairs, Brakes, Oil Change & Lubrication
- Do Service on remote locations including Weighing Scales.
- Vehicle Inspection by Certified Mechanic.

Call: Manjit S.Khosa, Garry Dhaliwal
Ph: 780-298-1114, 780-993-4441
Enough Parking Space
6609 34 st. , Edmonton, Alberta.

**WILDROSE MASONARY & STONE WORKS**
Commertial & Residential
ਘਰਾਂ ਦੇ ਬਾਹਰ ਜਾਂ ਅੰਦਰ ਕਲਚਰ ਸਟੋਨ, ਇੱਟਾਂ, ਹਰ ਤਰ੍ਹਾਂ ਦੇ ਬਲਾਕ ਲਗਵਾਉਣਾ ਚਾਹੁੰਦੇ ਹੋ, ਇੱਕ ਵਾਰ ਸਾਡੇ ਤੋਂ ਜ਼ਰੂਰ ਐਸਟੀਮੇਟ ਲਗਵਾਓ




Ph: 780 340 1400
Off: 780 450 1413
Fax: 780 490 4888
Dave Johal
Culture Stone Bricks
Blocks Glass Blocks
email:wildrosemasonary@live.ca ✦ 1404-69th St. SW Edmonton, AB T6L 1L4

**MILLWOODS PIZZA & INDIAN CUISINE**
4418 36th Ave, Millwoods Road East, Edmonton.
ਪੰਜਾਬੀ ਸਟਾਇਲ ਪੀਜ਼ਾ
780 462 4313
Cell: 780 504 5600
Out door Catering at reasonable rates
Take Out Buffets
starting from $ 7.99
www.millwoodspizza.com



Faryad Pannu



Hybrid Cars
In House Simulators
Fully Equipped Classroom

Raj Bajwa
(Senior Instructor)
raj@aj-drivingschool.com

**A & J DRIVING SCHOOL**
"Where your safety comes first"
Cell:780-221-8004
17523 100 Ave ◈ www.aj-drivingschool.com

Concept, Design and Installation
**Cambridge Windows Mfg. Inc.**
ਘੱਟ ਕੀਮਤਾਂ ਦੀ ਗਰੰਟੀ
ਪੰਜਾਬੀ, ਹਿੰਦੀ ਤੇ ਅੰਗਰੇਜ਼ੀ ਵਿਚ ਵਧੀਆ ਤੇ ਭਰੋਸੇਯੋਗ ਸੇਵਾਵਾਂ
ਪੁਰਾਣੀਆਂ ਖਿੜਕੀਆਂ ਬਦਲਾਉਣ ਜਾਂ ਨਵੇਂ ਘਰ ਸੋਹਣੀਆਂ ਖਿੜਕੀਆਂ ਨਾਲ ਸਜਾਉਣ ਲਈ ਹਮੇਸ਼ਾ ਯਾਦ ਰੱਖੋ
ਕੈਂਬਰਿਜ ਵਿੰਡੋ
780-436-0111
7941-Argyll Road Edmonton AB, T6C 4A9



www.cambridgewindow.com
Better Business Bureau ਦੇ ਮੈਂਬਰ

# ਐਡਮਿੰਟਨ ਪਬਲਿਕ ਸਕੂਲ ਬੋਰਡ ਨੇ ਬਜਟ ਨੂੰ ਦਿੱਤੀ ਪ੍ਰਵਾਨਗੀ, 345 ਆਸਾਮੀਆਂ ਖ਼ਤਮ ਕਰਨ ਦਾ ਫ਼ੈਸਲਾ

ਐਡਮਿੰਟਨ, (ਨਦਬ) : ਐਡਮਿੰਟਨ ਪਬਲਿਕ ਸਕੂਲ ਬੋਰਡ ਨੇ ਅਗਲੇ ਸਾਲ ਦਾ ਬਜਟ ਪਾਸ ਕਰਦਿਆਂ 345 ਆਸਾਮੀਆਂ ਦੀ ਕਟੌਤੀ ਕਰ ਦਿੱਤੀ ਹੈ, ਜਿਨ੍ਹਾਂ ਵਿਚੋਂ ਜ਼ਿਆਦਾਤਰ ਅਧਿਆਪਕਾਂ ਦੀਆਂ ਸਨ। ਪੱਕੇ ਅਤੇ ਲਗਾਤਾਰ ਠੇਕੇ ਵਾਲੇ ਸਟਾਫ਼ ਦੀਆਂ ਨੌਕਰੀਆਂ ਕਾਇਮ ਰਹਿਣਗੀਆਂ ਪਰ ਨੌਜਵਾਨ ਅਤੇ ਅਜ਼ਮਾਇਸ਼ੀ ਤੌਰ 'ਤੇ ਚਲ ਰਹੇ ਅਧਿਆਪਕਾਂ ਨੂੰ ਇਸ ਕਟੌਤੀ ਦਾ ਸੇਕ ਲਗੇਗਾ। ਬੋਰਡ ਦੇ ਚੇਅਰਮੈਨ ਡੇਵ ਕੌਲਬਰਨ ਨੇ ਕਿਹਾ, "ਇਸ ਕਦਮ ਪਿਛੋਂ ਹਰ ਕੋਈ ਸਵਾਲ ਕਰੇਗਾ ਕਿ ਕੀ ਇਸ ਨਾਲ ਨੌਜਵਾਨਾਂ ਵਿਚ ਅਧਿਆਪਨ ਦੇ ਕਿੱਤੇ ਪ੍ਰਤੀ ਬੇਵਸਾਹੀ ਪੈਦਾ ਨਹੀਂ ਹੋਵੇਗੀ?" ਉਨ੍ਹਾਂ ਕਿਹਾ ਕਿ ਅਧਿਆਪਕਾਂ ਦੀਆਂ 229 ਅਤੇ ਨਾਨ ਟੀਚਿੰਗ ਸਟਾਫ਼ ਦੀਆਂ 116 ਆਸਾਮੀਆਂ ਖ਼ਤਮ ਕੀਤੀਆਂ ਗਈਆਂ ਹਨ ਜਦਕਿ ਕਲਾਸਾਂ ਦੇ ਆਕਾਰ ਆਉਣ ਵਾਲੇ ਸਮੇਂ ਵਿਚ ਵਧਣੇ ਹਨ। ਦਸਣਯੋਗ ਹੈ ਕਿ ਬੋਰਡ ਨੂੰ 14 ਮਿਲੀਅਨ ਡਾਲਰ ਦੇ ਫ਼ੰਡਾਂ ਦੀ ਕਮੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਜਿਸ ਕਾਰਨ ਕਈ



ਯੋਗ ਅਧਿਆਪਕ ਨੌਕਰੀ ਛੱਡ ਕੇ ਚਲੇ ਗਏ।

ਉਧਰ ਬੋਰਡ ਵਲੋਂ ਪਾਸ ਕੀਤੇ ਗਏ ਬਜਟ ਤਹਿਤ 851 ਮਿਲੀਅਨ ਡਾਲਰ ਖ਼ਰਚ ਕੀਤੇ ਜਾਣੇ ਹਨ ਜਿਨ੍ਹਾਂ ਵਿਚੋਂ 18.9 ਮਿਲੀਅਨ ਡਾਲਰ ਰਾਖਵੇਂ ਫ਼ੰਡਾਂ ਵਿਚੋਂ ਖ਼ਰਚ ਕੀਤੇ ਜਾਣਗੇ। ਕੌਲਬਰਨ ਨੇ ਕਿਹਾ ਕਿ ਮੌਜੂਦਾ ਬਜਟ ਲੰਘੇ ਸਾਲਾਂ ਦਾ ਸਭ ਤੋਂ ਚੁਨੌਤੀ ਭਰਪੂਰ ਬਜਟ ਰਿਹਾ ਹੈ। ਬੋਰਡ ਦੇ ਟਰੱਸਟੀਆਂ ਨੇ ਕਿੱਤਾਮੁਖੀ ਵਿਕਾਸ ਅਤੇ ਹੋਰ ਤਰਜੀਹਾਂ ਉਪਰ ਖ਼ਰਚ ਕੀਤੇ ਜਾਣ ਵਾਲੀ ਰਕਮ ਵਿਚ 6.2 ਫ਼ੀਸਦੀ ਦੀ ਕਟੌਤੀ ਕਰ ਦਿੱਤੀ ਹੈ। ਐਲਬਰਟਾ ਦੇ ਸਿੱਖਿਆ ਵਿਭਾਗ ਨੇ ਇਸ ਸਾਲ ਸਿੱਖਿਆ ਬਜਟ ਵਿਚ ਤਾਂ ਵਾਧਾ ਕੀਤਾ ਹੈ ਪਰ ਇਹ ਅਧਿਆਪਕਾਂ ਦੀਆਂ ਤਨਖ਼ਾਹਾਂ ਵਿਚ 4.5 ਫ਼ੀਸਦੀ ਵਾਧਾ ਕਰਨ ਸਬੰਧੀ ਕੀਤੇ ਗਏ ਵਾਅਦੇ ਨੂੰ ਪੂਰਾ ਕਰਨ ਲਈ ਕੀਤਾ ਗਿਆ। ਐਲਬਰਟਾ ਟੀਚਰਜ਼ ਐਸੋਸੀਏਸ਼ਨ ਦੇ ਮੰਨਣਾ ਹੈ ਕਿ ਫ਼ੰਡਾਂ ਦੀ ਘਾਟ ਕਾਰਨ ਸੂਬੇ ਵਿਚ ਇਕ ਹਜ਼ਾਰ ਅਧਿਆਪਕਾਂ ਦੀਆਂ ਆਸਾਮੀਆਂ ਖ਼ਤਮ ਹੋ ਸਕਦੀਆਂ ਹਨ।

## ਯੂਨੀਵਰਸਿਟੀ ਆਫ਼ ਐਲਬਰਟਾ ਦਾ ਵਿਦਿਆਰਥੀ ਕੈਨੇਡਾ ਦੇ 20 ਨੌਜਵਾਨ ਆਗੂਆਂ ਵਿਚ ਚੁਣਿਆ ਗਿਆ



ਐਡਮਿੰਟਨ, (ਨਦਬ) : ਯੂਨੀਵਰਸਿਟੀ ਆਫ਼ ਐਲਬਰਟਾ ਦਾ ਵਿਦਿਆਰਥੀ ਸਮੀਰ ਧਰ ਕੈਨੇਡਾ ਦੇ 20 ਨੌਜਵਾਨ ਆਗੂਆਂ ਵਿਚ ਚੁਣਿਆ ਗਿਆ ਹੈ। ਯੂਥ ਇਨ ਮੋਸ਼ਨ ਨਾਂ ਦੀ ਜਥੇਬੰਦੀ ਵਲੋਂ 20 ਸਾਲ ਤੋਂ ਘੱਟ ਉਮਰ ਦੇ ਵਿਦਿਆਰਥੀਆਂ ਦੀ ਚੋਣ ਕੀਤੀ ਗਈ ਜੋ ਅਗਵਾਈ ਕਰਨ ਦੀ ਸਮਰੱਥਾ ਰਖਦੇ ਹਨ। 18 ਸਾਲ ਦਾ ਸਮੀਰ ਧਰ ਐਡਮਿੰਟਨ ਵਿਚਲੀ ਸਮਾਜ ਭਲਾਈ ਸੰਸਥਾ ਜਿਉਮੀਰ ਲਈ ਕੰਮ ਕਰਦਾ ਹੈ, ਜਿਸ ਦੇ ਆਧਾਰ 'ਤੇ ਉਸ ਨੂੰ ਚੁਣਿਆ ਗਿਆ। ਸਮੀਰ ਨੇ ਆਪਣੇ ਹਾਈ ਸਕੂਲ ਦੇ ਅਧਿਆਪਕਾਂ ਨਾਲ ਰਲ ਕੇ ਇਹ ਸੰਸਥਾ ਕਾਇਮ ਕੀਤੀ ਸੀ ਅਤੇ ਇਸ ਦਾ ਨਾਮ ਵੀ ਇਸ ਦੇ ਬਾਨੀ ਵਿਅਕਤੀਆਂ ਦੇ ਪਹਿਲੇ ਨਾਮ 'ਤੇ ਆਧਾਰਤ ਹੈ। ਜਥੇਬੰਦੀ ਨੇ ਕ੍ਰਿਸਮਸ ਮੌਕੇ ਪਰਵਾਰਾਂ ਨੂੰ ਘਰਾਂ ਵਿਚ ਕੰਮ ਆਉਣ ਵਾਲੀਆਂ ਵਸਤਾਂ ਅਤੇ ਗਰੌਸਰੀ ਗਿਫ਼ਟ ਕਾਰਡ ਮੁੱਹਈਆ ਕਰਵਾਏ ਸਨ।

## ਗੁੰਮਰਾਹਕੁੰਨ ਇਸ਼ਤਿਹਾਰਾਂ ਲਈ ਬੈਲ ਕੈਨੇਡਾ ਨੂੰ ਦੇਣਾ ਹੋਵੇਗਾ 10 ਮਿਲੀਅਨ ਡਾਲਰ ਜੁਰਮਾਨਾ

ਐਡਮਿੰਟਨ, (ਨਦਬ) : ਕੈਨੇਡਾ ਵਿਚ ਟੈਲੀਫ਼ੋਨ, ਇੰਟਰਨੈਟ, ਸੈਟੇਲਾਈਟ ਟੀ.ਵੀ. ਅਤੇ ਵਾਇਰਲੈਸ ਸੇਵਾਵਾਂ ਦੇਣ ਵਾਲੀ ਕੰਪਨੀ ਬੈਲ ਕੈਨੇਡਾ ਨੂੰ ਗੁੰਮਰਾਹਕੁੰਨ ਇਸ਼ਤਿਹਾਰ ਦੇਣ ਦੇ ਜੁਰਮ ਹੇਠ 10 ਮਿਲੀਅਨ ਡਾਲਰ ਦਾ ਜੁਰਮਾਨਾ ਅਦਾ ਕਰਨਾ ਹੋਵੇਗਾ। ਫ਼ੈਡਰਲ ਕੰਪੀਟੀਸ਼ਨ ਬਿਊਰੋ ਨੇ ਕੰਪਨੀ ਨੂੰ ਜੁਰਮਾਨਾ ਲਗਾਉਂਦਿਆਂ ਕਿਹਾ ਕਿ ਇਸ ਦੇ ਇਸ਼ਤਿਹਾਰਾਂ ਵਿਚ ਦਰਸਾਈਆਂ ਗਈਆਂ ਕੀਮਤਾਂ ਅਸਲ ਵਿਚ ਉਪਲਬੱਧ ਹੀ ਨਹੀਂ ਸਨ ਕਿਉਂਕਿ ਮੋਡਮ ਦੇ ਕਿਰਾਏ, ਫ਼ੋਨ ਅਤੇ ਡਿਜੀਟਲ ਟੈਲੀਵਿਜ਼ਨ ਸੇਵਾਵਾਂ ਲਈ ਵਾਧੂ ਫ਼ੀਸ ਲਈ ਜਾਂਦੀ ਸੀ। ਇਹ ਸਭ ਗਾਹਕਾਂ ਤੋਂ ਲੁਕਾਇਆ ਜਾਂਦਾ ਸੀ। ਕੰਪੀਟੀਸ਼ਨ ਬਿਊਰੋ ਦੀ ਕਮਿਸ਼ਨਰ ਮਿਲਾਨੀ ਐਟਕਿਨ ਨੇ ਕਿਹਾ, "ਜੇ ਤੁਸੀ ਇਸ਼ਤਿਹਾਰ ਦੇ ਰਹੇ ਹੋ ਤਾਂ ਬਿਹਤਰ ਹੋਵੇਗਾ ਤਾਂ ਅਸਲ ਕੀਮਤ ਦਸੀ ਜਾਵੇ। ਤੁਸੀਂ ਕੀਮਤਾਂ ਦੇ ਪ੍ਰਚਾਰ ਲਈ 'ਡਿਸਕਲੇਮਰ' ਨਹੀਂ ਵਰਤ ਸਕਦੇ, ਜੋ ਅਸਲ ਵਿਚ ਮੁਹੱਈਆ ਹੀ ਨਹੀਂ ਹੁੰਦੀਆਂ। ਇਸ ਮਾਮਲੇ ਵਿਚ ਖਪਤਕਾਰਾਂ ਨੂੰ ਅਸਲ ਕੀਮਤ ਦਾ ਪਤਾ ਲਗਾਉਣ ਲਈ 1600 ਸ਼ਬਦ ਪੜ੍ਹਨੇ ਪੈਂਦੇ ਸਨ।" ਐਟਕਿਨ ਨੇ ਆਖਿਆ ਕਿ ਬੈਲ ਨੇ 2007 ਤੋਂ ਆਪਣੀ ਵੈਬਸਾਈਟ ਅਤੇ ਟੈਲੀਵਿਜ਼ਨ ਤੇ ਰੇਡੀਉ ਉਪਰ ਦਿਤੇ ਜਾਂਦੇ ਇਸ਼ਤਿਹਾਰਾਂ ਵਿਚ ਲੋਕਾਂ ਨੂੰ ਗੁੰਮਰਾਹ ਕੀਤਾ। ਇਹ ਪਹਿਲਾ ਮਾਮਲਾ ਹੈ, ਜਿਸ ਵਿਚ ਜੁਰਮਾਨੇ ਦੇ ਪੱਧਰ ਬਾਰੇ ਸਹਿਮਤੀ ਹੋਈ। ਕੰਪੀਟੀਸ਼ਨ ਬਿਊਰੋ ਦਾ ਕਹਿਣਾ ਸੀ ਕਿ ਬੈਲ ਨੇ ਘਰੇਲੂ ਫ਼ੋਨ, ਇੰਟਰਨੈਟ ਅਤੇ ਘਰੇਲੂ ਸੇਵਾਵਾਂ ਲਈ 69.90 ਡਾਲਰ ਪ੍ਰਤੀ ਮਹੀਨਾਂ ਦੀਆਂ ਦਰਾਂ ਦਾ ਪ੍ਰਚਾਰ ਕੀਤਾ ਜਦਕਿ ਅਸਲ ਕੀਮਤ 80.27 ਡਾਲਰ ਪ੍ਰਤੀ ਮਹੀਨਾ ਬਣਦੀ ਸੀ। ਬੈਲ ਨੇ ਘਰੇਲੂ ਫ਼ੋਨ ਸੇਵਾ ਲਈ 14.95 ਡਾਲਰ ਪ੍ਰਤੀ ਮਹੀਨਾ ਦੀ ਪੇਸ਼ਕਸ਼ ਕੀਤੀ ਪਰ ਅਸਲ ਕੀਮਤ 20 ਫ਼ੀਸਦੀ ਜ਼ਿਆਦਾ ਬਣ ਜਾਂਦੀ ਸੀ ਜਦੋਂ ਇਸ ਵਿਚ ਹੋਰ ਖ਼ਰਚੇ ਜੁੜ ਜਾਂਦੇ ਸਨ।

ਉਧਰ ਬੈਲ ਦੇ ਬੁਲਾਰੇ ਨੇ ਕਿਹਾ ਕਿ ਕੰਪਨੀ ਇਸ ਫ਼ੈਸਲੇ ਨਾਲ ਸਹਿਮਤ ਨਹੀਂ ਪਰ ਮਹਿੰਗੀ ਕਾਨੂੰਨੀ ਪ੍ਰਕਿਰਿਆ ਵਿਚੋਂ ਲੰਘਣ ਦੀ ਥਾਂ ਗੱਲਬਾਤ ਰਾਹੀਂ ਇਸ ਨੂੰ ਹੱਲ ਕਰਨ ਦੀ ਕੋਸ਼ਿਸ਼ ਕਰੇਗੀ।

## ਐਡਮਿੰਟਨ ਕੈਥੋਲਿਕ ਸਕੂਲ ਬੋਰਡ ਦੇ ਬਜਟ 'ਚ ਵੱਡੀ ਕਟੌਤੀ

ਐਡਮਿੰਟਨ, (ਨਦਬ) : ਅਗਲੇ ਅਕਾਦਮਿਕ ਵਰ੍ਹੇ ਦੌਰਾਨ ਐਡਮਿੰਟਨ ਕੈਥੋਲਿਕ ਸਕੂਲ ਬੋਰਡ ਨੂੰ ਅਧਿਆਪਕਾਂ ਦੀਆਂ 97 ਆਸਾਮੀਆਂ ਗਵਾਉਣੀਆਂ ਪੈ ਸਕਦੀਆਂ ਹਨ। ਬੋਰਡ ਨੇ ਬੀਤੇ ਦਿਨੀ ਖਰੜਾ ਬਜਟ ਨੂੰ ਪ੍ਰਵਾਨਗੀ ਦੇ ਦਿੱਤੀ, ਜਿਸ ਮੁਤਾਬਕ ਇਹ ਆਸਾਮੀਆਂ ਖ਼ਤਮ ਕੀਤੀਆਂ ਜਾਣਗੀਆਂ। ਬੋਰਡ ਦੀ ਚੇਅਰਪਰਸਨ ਡੈਬੀ ਏਂਜਲ ਨੇ ਕਿਹਾ ਕਿ ਇਹ ਬਹੁਤ ਹੀ ਤਣਾਅ ਭਰਪੂਰ ਬਜਟ ਹੈ। ਸਿੱਖਿਆ ਨੂੰ ਕਾਰੋਬਾਰ ਵਜੋਂ ਨਹੀਂ ਲਿਆ ਜਾਣਾ ਚਾਹੀਦਾ ਪਰ ਮੌਜੂਦਾ ਸਮੇਂ ਵਿਚ ਐਲਬਰਟਾ ਵਿਖੇ ਇਹ ਸੱਚਾਈ ਬਣ ਗਈ ਹੈ। ਆਸਾਮੀਆਂ ਵਿਚ ਕਟੌਤੀ ਦਾ ਮਤਲਬ ਹੋਵੇਗਾ ਕਿ ਕਈ ਕਲਾਸਾਂ ਨੂੰ ਆਪਸ ਵਿਚ ਜੋੜਨਾ ਹੋਵੇਗਾ ਅਤੇ ਅਧਿਆਪਕਾਂ ਨੂੰ ਵੱਧ ਸਮਾਂ ਲਗਾਉਣਾ ਹੋਵੇਗਾ। ਇਸ ਦੇ ਨਾਲ ਹੀ ਸਕੂਲਾਂ ਵਿਚ ਪੜ੍ਹਾਈ ਤੋਂ ਇਲਾਵਾ ਹੋਣ ਵਾਲੀਆਂ ਗਤੀਵਿਧੀਆਂ ਵੀ ਘੱਟ ਜਾਣਗੀਆਂ। ਖਰੜਾ ਬਜਟ 1.8 ਮਿਲੀਅਨ ਡਾਲਰ ਦਾ ਸੰਚਾਲਨ ਘਾਟਾ ਦਰਸਾਉਂਦਾ ਹੈ। ਏਂਜਲ ਦਾ ਕਹਿਣਾ ਸੀ ਕਿ ਇਸ ਤੋਂ ਜ਼ਿਆਦਾ ਕਟੌਤੀ ਸੰਭਵ ਨਹੀਂ। ਸਿੱਖਿਆ ਮੰਤਰੀ ਡੇਵ ਹੈਂਕੌਕ ਨੇ ਕਿਹਾ ਕਿ ਅਧਿਆਪਕਾਂ ਦੀਆਂ ਆਸਾਮੀਆਂ ਵਿਚ ਆਸ ਤੋਂ ਕਿਤੇ ਜ਼ਿਆਦਾ ਕਟੌਤੀ ਕੀਤੀ ਗਈ ਹੈ ਪਰ ਫਿਰ ਵੀ ਬਹੁਤੀ ਚਿੰਤਾ ਵਾਲੀ ਗੱਲ ਨਹੀਂ ਕਿਉਂਕਿ ਇਸ ਨਾਲ ਸਿਰਫ਼ ਕਲਾਸਾਂ ਦੇ ਆਕਾਰ ਵਿਚ ਹੀ ਥੋੜ੍ਹਾ ਫ਼ਰਕ ਪਵੇਗਾ। ਹੈਂਕੌਕ ਦਾ ਕਹਿਣਾ ਸੀ ਕਿ ਕਲਾਸਾਂ ਦੇ ਆਕਾਰ ਵਧਣ ਨਾਲ ਸਿੱਖਿਆ 'ਤੇ ਅਸਰ ਨਹੀਂ ਪਵੇਗਾ ਜਦਕਿ ਡੈਬੀ ਏਂਜਲ ਨੇ ਕਿਹਾ ਕਿ ਸੂਬੇ ਵਿਚ ਸਿੱਖਿਆ ਫ਼ੰਡਾਂ ਦੀ ਹਾਲਤ ਕਾਫ਼ੀ ਖ਼ਸਤਾ ਹੈ। ਸਰਕਾਰ ਨੂੰ ਸਿੱਖਿਆ ਫ਼ੰਡ ਲਈ ਸੇਲ ਟੈਕਸ ਲਗਾਉਣਾ ਚਾਹੀਦਾ ਹੈ ਜਾਂ ਹੋਰ ਤਰੀਕੇ ਅਪਣਾਉਣੇ ਚਾਹੀਦੇ ਹਨ। ਜੇ ਇਹੀ ਹਾਲਾਤ ਰਹੇ ਤਾਂ ਸਿੱਖਿਆ ਅਤੇ ਸਿਹਤ ਖੇਤਰ ਦੇ ਬਜਟ ਵਿਚ ਕਟੌਤੀ ਕਰਨੀ ਪੈ ਸਕਦੀ ਹੈ।

# ਐਲਬਰਟਾ ਦੀਆਂ ਮੁਲਾਜ਼ਮ ਯੂਨੀਅਨਾਂ ਅਤੇ ਭਾਈਚਾਰਕ ਅਦਾਰੇ ਬਜਟ ਵਿਚ ਕਟੌਤੀ ਵਿਰੁਧ ਇਕਜੁਟ ਹੋਏ

## ਸਿੱਖਿਆ ਅਤੇ ਸਿਹਤ ਖੇਤਰ ਲਈ ਫ਼ੰਡਾਂ ਵਾਸਤੇ ਅਮੀਰਾਂ 'ਤੇ ਵਾਧੂ ਟੈਕਸ ਲਾਉਣ ਦੀ ਮੰਗ ਕੀਤੀ

ਐਡਮਿੰਟਨ, (ਨਦਬ) : ਐਲਬਰਟਾ ਦੀਆਂ ਵੱਖ ਵੱਖ ਮੁਲਾਜ਼ਮ ਯੂਨੀਅਨਾਂ, ਭਾਈਚਾਰਕ ਸਮੂਹਾਂ ਅਤੇ ਸਮਾਜ ਸੇਵਾ ਕਰਨ ਵਾਲੀਆਂ ਏਜੰਸੀਆਂ ਦਾ ਮੰਨਣਾ ਹੈ ਕਿ ਟੈਕਸਾਂ ਵਿਚ ਵਾਧਾ ਕਰਕੇ ਪ੍ਰਾਂਤਕ ਬਜਟ ਵਿਚ ਕਟੌਤੀਆਂ ਨੂੰ ਘਟਾਇਆ ਜਾ ਸਕਦਾ ਹੈ ਅਤੇ ਸੂਬੇ ਦੇ ਇਕ ਹਜ਼ਾਰ ਤੋਂ ਵੱਧ ਅਧਿਆਪਕਾਂ ਦੀਆਂ ਨੌਕਰੀਆਂ ਬਚ ਸਕਦੀਆਂ ਹਨ। ਐਲਬਰਟਾ ਫ਼ੈਡਰੇਸ਼ਨ ਆਫ਼ ਲੇਬਰ ਦੇ ਪ੍ਰਧਾਨ ਗਿਲ ਮੈਕਗੋਵਾਨ ਨੇ ਕਿਹਾ ਕਿ ਵਧੇਰੇ ਮਾਲੀਆ ਇਕੱਠਾ ਹੋਣ ਨਾਲ ਸਰਕਾਰ ਐਲਬਰਟਾ ਦੇ ਲੋਕਾਂ ਲਈ ਸਥਿਰ ਅਤੇ ਲੰਮੇ ਸਮੇਂ ਲਈ ਯੋਜਨਾਵਾਂ ਚਲਾਉਣ ਦੇ ਸਮਰੱਥ ਹੋ ਸਕੇਗੀ। ਮੈਕਗੋਵਾਨ ਦੀ ਜਥੇਬੰਦੀ ਸਣੇ ਹੋਰਨਾਂ ਕਈ ਜਥੇਬੰਦੀਆਂ ਨੇ ਸਿੱਖਿਆ, ਸਮਾਜ ਸੇਵਾਵਾਂ ਅਤੇ ਸਿਹਤ ਖੇਤਰ ਲਈ ਵੱਧ ਤੋਂ ਵੱਧ ਫ਼ੰਡ ਜਾਰੀ ਕਰਨ ਸਬੰਧੀ ਸਰਕਾਰ ਉਪਰ ਦਬਾਅ ਪਾਉਣ ਲਈ ਸਾਂਝੀ ਮੁਹਿੰਮ ਸ਼ੁਰੂ ਕੀਤੀ ਹੈ। ਮੈਕਗੋਵਾਨ ਦਾ ਕਹਿਣਾ ਹੈ, "ਭਵਿੱਖ ਲਈ ਮਜ਼ਬੂਤ ਨੀਂਹ ਰੱਖਣ ਵਾਸਤੇ ਜ਼ਰੂਰੀ ਯੋਜਨਾਵਾਂ ਅਤੇ ਸੇਵਾਵਾਂ 'ਤੇ ਹੋਣ ਵਾਲੇ ਖ਼ਰਚੇ ਵਿਚ ਕਟੌਤੀ ਕਿਉਂ ਕੀਤੀ ਜਾ ਰਹੀ ਹੈ? ਅਸਲੀਅਤ ਇਹ ਹੈ ਕਿ ਇਸ ਪਿਛੇ ਕੋਈ ਠੋਸ ਕਾਰਨ ਨਹੀਂ। ਸੂਬੇ ਦੀ ਸਰਕਾਰ ਨੂੰ ਸਨਅਤਕਾਰਾਂ ਨੂੰ ਦਿੱਤੀਆਂ ਗਈਆਂ ਟੈਕਸ ਰਿਆਇਤਾਂ ਵਾਪਸ ਲੈਣ ਅਤੇ ਵਧੇਰੇ ਆਮਦਨ ਵਾਲੇ ਲੋਕਾਂ ਤੋਂ ਵਾਧੂ ਟੈਕਸ ਵਸੂਲਣ ਬਾਰੇ ਸੋਚਣਾ ਚਾਹੀਦਾ ਹੈ।"

ਇਸ ਮੁਹਿੰਮ ਦੀ ਸ਼ੁਰੂਆਤ ਐਡਮਿੰਟਨ ਪਬਲਿਕ ਸਕੂਲ ਬੋਰਡ ਵਲੋਂ 345 ਆਸਾਮੀਆਂ ਖ਼ਤਮ ਕਰਨ ਦੇ ਫ਼ੈਸਲੇ ਪਿਛੋਂ ਹੋਈ। ਉਧਰ ਕੈਲਗਰੀ ਬੋਰਡ ਵਲੋਂ 358 ਆਸਾਮੀਆਂ ਖ਼ਤਮ ਕੀਤੇ ਜਾਣ ਦੀ ਸੰਭਾਵਨਾ ਹੈ ਜਦਕਿ ਸਰਕਾਰ ਨੇ ਹਾਲ ਹੀ ਵਿਚ ਨਵੇਂ ਸਕੂਲਾਂ 'ਤੇ 550 ਮਿਲੀਅਨ ਡਾਲਰ ਖ਼ਰਚ ਕਰਨ ਦਾ ਵਾਅਦਾ ਕੀਤਾ ਸੀ। ਐਲਬਰਟਾ ਟੀਚਰਜ਼ ਐਸੋਸੀਏਸ਼ਨ ਦੀ ਮੀਤ ਪ੍ਰਧਾਨ ਸ਼ੈਰਨ ਆਰਮਸਟਰੌਂਗ ਨੇ ਸਵਾਲ ਕੀਤਾ ਕਿ ਸਰਕਾਰ ਆਪਣੇ ਫ਼ੈਸਲੇ ਨਾਲ ਸਮੱਸਿਆ ਦਾ ਹੱਲ ਕਿਵੇਂ ਕੱਢੇਗੀ। ਉਨ੍ਹਾਂ ਕਿਹਾ, "ਸਾਡੇ ਸਕੂਲਾਂ ਵਿਚ ਪੜ੍ਹ ਰਹੇ ਬੱਚੇ ਸਿੱਖਿਆ ਦਾ ਹੱਕ ਰੱਖਦੇ ਹਨ। ਸਰਕਾਰ ਨੂੰ ਸਿੱਖਿਆ ਪ੍ਰਣਾਲੀ ਨੂੰ 100 ਮਿਲੀਅਨ ਡਾਲਰ ਦੀ ਸਹਾਇਤਾ ਦੇਣੀ ਹੋਵੇਗੀ ਪਰ ਜੇ ਕਟੌਤੀਆਂ ਇਸੇ ਤਰ੍ਹਾਂ ਜਾਰੀ ਰਹੀਆਂ ਤਾਂ ਅਧਿਆਪਕਾਂ ਦੀ ਕਮੀ ਕਾਰਨ ਕਲਾਸਾਂ ਦੇ ਆਕਾਰ ਵਧਣੇ ਸ਼ੁਰੂ ਹੋ ਜਾਣਗੇ।

ਪਾਰਕਲੈਂਡ ਇੰਸਟੀਚਿਊਟ ਦੀ ਰਿਸਰਚ ਡਾਇਰੈਕਟਰ ਡਾਇਨਾ ਗਿਬਸਨ ਦਾ ਕਹਿਣਾ ਸੀ ਕਿ ਸੂਬਾ ਸਰਕਾਰ ਨੂੰ ਸਮਾਜ ਸੇਵਾਵਾਂ ਦੇ ਖੇਤਰ ਨੂੰ ਤੇਲ ਅਤੇ ਗੈਸ ਦੀਆਂ ਕੀਮਤਾਂ ਨਾਲ ਨਹੀਂ ਬੰਨ੍ਹਣਾ ਚਾਹੀਦਾ। ਇਹ ਪ੍ਰਣਾਲੀ ਕਦੇ ਕਾਰਗਰ ਨਹੀਂ ਰਹੀ ਅਤੇ ਨਾ ਹੀ ਅੱਗੇ ਰਹੇਗੀ। ਸਿਆਸਤਦਾਨ ਦਲੀਲਾਂ ਦਿੰਦੇ ਹਨ ਕਿ ਐਲਬਰਟਾ ਵਿਚ ਟੈਕਸ ਦਰਾਂ ਸਭ ਤੋਂ ਘੱਟ ਹਨ ਪਰ ਇਸ ਦਾ ਮਤਲਬ ਇਹ ਨਹੀਂ ਕਿ ਜ਼ਰੂਰੀ ਸੇਵਾਵਾਂ ਦੇ ਖ਼ਰਚੇ ਵਿਚ ਕਟੌਤੀ ਕਰ ਦਿਤੀ ਜਾਵੇ। ਕੈਨੇਡਾ ਦੇ ਹੋਰ ਸੂਬੇ ਐਲਬਰਟਾ ਤੋਂ 11 ਅਰਬ ਡਾਲਰ ਤੋਂ 20 ਅਰਬ ਡਾਲਰ ਤੋਂ ਵੱਧ ਡਾਲਰ ਟੈਕਸ ਇਕੱਠਾ ਕਰਦੇ ਹਨ। ਐਨੇ ਵੱਡੇ ਫ਼ਰਕ ਨੂੰ ਜਾਇਜ਼ ਨਹੀਂ ਠਹਿਰਾਇਆ ਜਾ ਸਕਦਾ।







# ਐਲਬਰਟਾ ਦੇ ਹਸਪਤਾਲਾਂ ਵਿਚ ਮਰੀਜ਼ਾਂ ਨੂੰ ਅਜੇ ਵੀ ਕਰਨੀ ਪੈਂਦੀ ਹੈ ਲੰਮੀ ਉਡੀਕ

ਐਡਮਿੰਟਨ, (ਨਦਬ) : ਐਲਬਰਟਾ ਸਰਕਾਰ ਵਲੋਂ ਹਾਲ ਹੀ ਵਿਚੇ ਕੀਤੇ ਦਾਅਵਿਆਂ ਦੇ ਬਾਵਜੂਦ ਸੂਬੇ ਦੇ ਹਸਪਤਾਲਾਂ ਵਿਚ ਮਰੀਜ਼ਾਂ ਨੂੰ ਡਾਕਟਰੀ ਸਹਾਇਤਾ ਲੈਣ ਲਈ ਲੰਮਾ ਸਮਾਂ ਉਡੀਕ ਕਰਨੀ ਪੈਂਦੀ ਹੈ। ਸਾਲ 2011 ਦੀ ਉਡੀਕ ਸਮੇਂ ਬਾਰੇ ਰੀਪੋਰਟ ਵਿਚ ਚਿੰਤਾ ਪ੍ਰਗਟਾਈ ਗਈ ਹੈ ਕਿ ਕੈਨੇਡਾ ਦੇ ਲਗਭਗ ਸਾਰੇ ਸੂਬਿਆਂ ਵਿਚ ਮਨੋਵਿਗਿਆਨਕ ਇਲਾਜ, ਪਾਚਨ ਗੜਬੜੀ ਜਾਂ ਦਰਦ ਦੀ ਸ਼ਿਕਾਇਤ ਵਾਲੇ ਮਰੀਜ਼ਾਂ ਨੂੰ ਕਤਾਰਾਂ ਵਿਚ ਬੈਠਣਾ ਪੈਂਦਾ ਹੈ। ਇਸ ਤੋਂ ਇਲਾਵਾ ਬੱਚਿਆਂ ਦੇ ਦੰਦਾਂ ਦੇ ਇਲਾਜ ਲਈ ਵੀ ਉਡੀਕ ਸਮਾਂ ਕਾਫ਼ੀ ਜ਼ਿਆਦਾ ਹੈ।

ਰੀਪੋਰਟ ਤਿਆਰ ਕਰਨ ਵਾਲੀ ਸੰਸਥਾ 'ਵੇਟ ਟਾਈਮ ਅਲਾਇੰਸ' ਦੇ ਚੇਅਰਮੈਨ ਡਾ. ਲੌਰਨ ਬੇਲਨ ਨੇ ਕਿਹਾ ਕਿ ਅਸੀਂ ਇਸ ਮੁੱਦੇ 'ਤੇ ਕਾਫ਼ੀ ਚਿੰਤਤ ਹਾਂ। ਇਹ ਰੀਪੋਰਟ 14 ਕੌਮੀ ਹਸਪਤਾਲਾਂ 'ਤੇ ਆਧਾਰਤ ਹੈ ਜਿਨ੍ਹਾਂ ਵਿਚ ਕੈਂਸਰ ਦੇ ਇਲਾਜ ਵਾਲੇ ਹਸਪਤਾਲ ਵੀ ਸ਼ਾਮਲ ਹਨ। ਉਨ੍ਹਾਂ ਕਿਹਾ ਕਿ ਐਲਬਰਟਾ ਦੀ ਸਰਕਾਰ ਨੇ ਚੂਲਾ ਤਬਦੀਲ ਕਰਵਾਉਣ, ਮੋਤੀਆਬਿੰਦ ਦੇ ਅਪ੍ਰੇਸ਼ਨ ਅਤੇ ਐਮ.ਆਰ.ਆਈ. ਕਰਵਾਉਣ ਵਾਲੇ ਮਰੀਜ਼ਾਂ ਵਾਸਤੇ ਇਕ ਵੈਬਸਾਈਟ ਤਿਆਰ ਕੀਤੀ ਹੈ, ਜਿਸ ਨਾਲ ਹਾਲਾਤ ਕੁੱਝ ਸੁਧਰੇ ਹਨ ਪਰ ਬੱਚਿਆਂ ਦੇ ਇਲਾਜ ਦੇ ਮਾਮਲੇ ਵਿਚ ਲੋਕਾਂ ਨੂੰ ਅਜਿਹੀ ਸਹੂਲਤ ਦੀ ਲੋੜ ਹੈ। ਬੱਚਿਆਂ ਦੀ ਸਰਜਰੀ ਦੇ ਮਾਮਲੇ ਵਿਚ ਲੋਕਾਂ ਨੂੰ ਅਪਣੇ ਉਡੀਕ ਸਮੇਂ ਬਾਰੇ ਆਨਲਾਈਨ ਪਤਾ ਨਹੀਂ ਲਗਦਾ। ਅੰਕੜੇ ਦਰਸਾਉਂਦੇ ਹਨ ਕਿ ਸਟੌਲਰੀ ਬੱਚਿਆਂ ਦੇ ਹਸਪਤਾਲ



ਵਿਖੇ ਜਾਣ ਵਾਲੇ 59 ਫ਼ੀਸਦੀ ਬੱਚਿਆਂ ਦਾ ਇਲਾਜ ਨਿਰਧਾਰਤ 21 ਦਿਨਾਂ ਦੇ ਅੰਦਰ ਹੋਇਆ ਜਦਕਿ ਕੌਮੀ ਪੱਧਰ 'ਤੇ ਇਹ ਦਰ 62 ਫ਼ੀਸਦੀ ਹੈ। ਸਿਹਤ ਵਿਭਾਗ ਹਸਪਤਾਲਾਂ ਦਾ ਵਿਸਤਾਰ ਕਰਨ ਦੀ ਯੋਜਨਾ ਬਣਾ ਰਿਹਾ ਹੈ। ਸਿਹਤ ਮੰਤਰੀ ਜੀਨ ਜ਼ਵੋਜ਼ਦੇਸਕੀ ਨੇ ਕਿਹਾ ਕਿ ਅਸੀਂ ਇਸ ਮੁੱਦੇ 'ਤੇ ਗੰਭੀਰਤਾ ਨਾਲ ਗੱਲਬਾਤ ਕਰ ਰਹੇ ਹਾਂ। ਮਨੋਵਿਗਿਆਨਕ ਇਲਾਜ ਦੇ ਮਾਮਲੇ ਵਿਚ ਵੀ ਉਨ੍ਹਾਂ ਨੇ ਉਡੀਕ ਸਮਾਂ ਘਟਾਉਣ ਦੀ ਵਚਨਬੱਧਤਾ ਪ੍ਰਗਟਾਈ। ਇਸ ਸਾਲ ਜਨਵਰੀ ਤੋਂ ਮਾਰਚ ਦਰਮਿਆਨ 79 ਫ਼ੀਸਦੀ ਬੱਚਿਆਂ ਅਤੇ ਵੱਡਿਆਂ ਨੂੰ 30 ਦਿਨਾਂ ਦੀ ਨਿਰਧਾਰਤ ਹੱਦ ਦੇ ਅੰਦਰ ਮਨੋਵਿਗਿਆਨਕ ਇਲਾਜ ਦੀ ਸਹੂਲਤ ਮਿਲ ਸਕੀ। ਇਹ ਅੰਕੜਾ 85 ਫ਼ੀਸਦੀ ਦੇ ਟੀਚੇ ਤੋਂ ਘੱਟ ਹੈ। ਜ਼ਵੋਜ਼ਦੇਸਕੀ ਨੇ ਕਿਹਾ, "ਮੈਂ ਸਮਝਦਾ ਹਾਂ ਕਿ ਮਨੋਰੋਗਾਂ ਦੇ ਇਲਾਜ ਨੂੰ ਵਿਸ਼ੇਸ਼ ਸਥਾਨ ਮਿਲਣਾ ਚਾਹੀਦਾ ਹੈ। ਮੈਂ ਆਸ ਕਰਦਾ ਹਾਂ ਕਿ ਆਉਣ ਵਾਲੇ ਸਮੇਂ ਵਿਚ ਸੇਵਾਵਾਂ ਹੋਰ ਬਿਹਤਰ ਹੋਣਗੀਆਂ।'' ਉਨ੍ਹਾਂ ਕਿਹਾ ਕਿ ਐਲਬਰਟਾ ਸਿਹਤ ਸੇਵਾਵਾਂ ਵਿਭਾਗ ਨਾਲ ਰਲ ਕੇ ਗੰਭੀਰ ਬਿਮਾਰੀਆਂ ਦੇ ਇਲਾਜ ਲਈ ਉਡੀਕ ਸਮੇਂ ਨੂੰ ਘਟਾਇਆ ਜਾਵੇਗਾ।

ਰੀਪੋਰਟ ਮੁਤਾਬਕ ਮੋਤੀਆਬਿੰਦ ਦੇ ਅਪ੍ਰੇਸ਼ਨ ਲਈ ਲੋਕਾਂ ਨੂੰ ਕਾਫ਼ੀ ਉਡੀਕ ਕਰਨੀ ਪੈਂਦੀ ਹੈ। ਸਿਰਫ਼ 50-59 ਫ਼ੀਸਦੀ ਲੋਕ ਹੀ ਨਿਰਧਾਰਤ 16 ਹਫ਼ਤਿਆਂ ਦੇ ਅੰਦਰ ਅਪ੍ਰੇਸ਼ਨ ਕਰਵਾਉਣ ਵਿਚ ਸਫ਼ਲ ਹੁੰਦੇ ਹਨ। ਉਧਰ ਕੈਲਗਰੀ ਵਿਚ ਉਡੀਕ ਸਮਾਂ ਹੋਰ ਵੀ ਜ਼ਿਆਦਾ ਲੰਮਾ ਹੈ, ਉਥੇ ਲੋਕਾਂ ਨੂੰ 24 ਹਫ਼ਤਿਆਂ ਤਕ ਉਡੀਕ ਕਰਨੀ ਪੈਂਦੀ ਹੈ।

# ਅਫ਼ਗਾਨੀ ਫ਼ੌਜ ਕੈਨੇਡਾ ਵਲੋਂ ਦਾਨ ਦਿੱਤੀਆਂ ਰਾਈਫ਼ਲਾਂ ਵਾਪਸ ਕਰੇਗੀ

ਕੰਧਾਰ, (ਨਦਬ): ਅਫ਼ਗਾਨਿਸਤਾਨ ਦੀ ਫ਼ੌਜ ਨੇ ਕੈਨੇਡਾ ਵਲੋਂ ਕਈ ਸਾਲ ਪਹਿਲਾਂ ਦਾਨ ਕੀਤੀਆਂ ਹਜ਼ਾਰਾਂ ਅਸਾਲਟ ਰਾਈਫ਼ਲਾਂ ਵਾਪਸ ਕਰ ਦਿੱਤੀਆਂ ਹਨ। ਇਨ੍ਹਾਂ ਦੀ ਥਾਂ 'ਤੇ ਅਫ਼ਗਾਨਿਸਤਾਨ ਦੀ ਫ਼ੌਜ ਨੂੰ ਅਮਰੀਕਾ ਦੀਆਂ ਐਮ.-16 ਰਾਈਫ਼ਲਾਂ ਦਿੱਤੀਆਂ ਗਈਆਂ ਹਨ। ਦਸਣਯੋਗ ਹੈ ਕਿ 2007-08 ਦਰਮਿਆਨ ਅਫ਼ਗਾਨੀ ਫ਼ੌਜ ਨੂੰ 9 ਮਿਲੀਅਨ ਡਾਲਰ ਮੁੱਲ ਵਾਲੀਆਂ ਕੈਨੇਡਾ ਦੀਆਂ 2500 ਸੀ-7 ਰਾਈਫ਼ਲਾਂ ਦਿੱਤੀਆਂ ਗਈਆਂ ਸਨ ਤਾਕਿ ਉਹ ਤਾਲਿਬਾਨ ਦਾ ਡੱਟ ਕੇ ਸਾਹਮਣਾ ਕਰ ਸਕੇ ਪਰ ਨਾਟੋ ਵਲੋਂ ਫ਼ੈਸਲਾ ਕੀਤਾ ਗਿਆ ਹੈ ਕਿ ਫ਼ੌਜ ਨੂੰ ਐਮ-16 ਰਾਈਫ਼ਲਾਂ ਨਾਲ ਲੈਸ ਕੀਤਾ ਜਾਵੇ। ਕੈਨੇਡਾ ਦੀ ਓਵਰਸੀਜ਼ ਕਮਾਂਡ ਦੇ ਬੁਲਾਰੇ ਮੇਜਰ ਆਂਦਰੇ ਸੈਲਮ ਨੇ ਦਸਿਆ ਕਿ ਐਮ-16 ਅਤੇ ਸੀ-7 ਆਪਸ ਵਿਚ ਮਿਲਦੀਆਂ ਜੁਲਦੀਆਂ ਰਾਈਫ਼ਲਾਂ ਹਨ ਪਰ ਇਨ੍ਹਾਂ ਦੇ ਕਲਪੁਰਜ਼ੇ ਇਕ-ਦੂਜੇ ਵਿਚ ਨਹੀਂ ਲਾਏ ਜਾ ਸਕਦੇ।

ਅਫ਼ਗਾਨੀ ਫ਼ੌਜ ਕੋਲ ਪਹਿਲਾਂ ਪੁਰਾਣੀਆਂ ਪੈ ਚੁੱਕੀਆਂ ਏ.ਕੇ.47 ਰਾਈਫ਼ਲਾਂ ਹੁੰਦੀਆਂ ਸਨ ਜੋ ਉਤਰੀ ਅਮਰੀਕਾ ਦੀਆਂ ਰਾਈਫ਼ਲਾਂ ਦੇ ਮੁਕਾਬਲੇ ਕਾਰਗਰ ਨਹੀਂ ਸਨ। ਕੈਨੇਡਾ ਨੇ 2500 ਰਾਈਫ਼ਲਾਂ ਦਾਨ ਦੇਣ ਸਣੇ ਅਫ਼ਗਾਨ ਫ਼ੌਜ ਨੂੰ ਸਿਖਲਾਈ ਵੀ ਦਿੱਤੀ ਸੀ। ਉਸੇ ਸਮੇਂ ਅਮਰੀਕਾ ਨੇ ਇਕ ਲੱਖ ਤੋਂ ਜ਼ਿਆਦਾ ਐਮ.16 ਰਾਈਫ਼ਲਾਂ ਭੇਜਣ ਦਾ ਫ਼ੈਸਲਾ ਕੀਤਾ।

# ਐਕਸ ਪ੍ਰਾਈਜ਼ ਫ਼ਾਊਂਡੇਸ਼ਨ ਨੇ ਐਲਾਨਿਆ ਵਿਲੱਖਣ ਮੁਕਾਬਲਾ

## ਬਿਮਾਰੀਆਂ ਦਾ ਪਤਾ ਲਾਉਣ ਵਾਲੀ ਮੋਬਾਈਲ ਮਸ਼ੀਨ ਵਿਕਸਤ ਕਰਨ ਵਾਲੇ ਨੂੰ ਮਿਲਣਗੇ ਇਕ ਕਰੋੜ ਡਾਲਰ

ਟੋਰਾਂਟੋ, (ਨਦਬ) : ਐਕਸ ਪ੍ਰਾਈਜ਼ ਫ਼ਾਊਂਡੇਸ਼ਨ ਨੇ ਬਿਮਾਰੀਆਂ ਦਾ ਪਤਾ ਲਗਾ ਸਕਣ ਵਾਲੀ ਮੋਬਾਈਲ ਮਸ਼ੀਨ ਵਿਕਸਤ ਕਰਨ ਦਾ ਮੁਕਾਬਲਾ ਰੱਖਿਆ ਹੈ, ਜਿਸ ਤਹਿਤ ਇਕ ਕਰੋੜ ਡਾਲਰ ਦੇ ਇਨਾਮ ਦਿੱਤੇ ਜਾਣਗੇ। ਮੁਕਾਬਲੇ ਦੀਆਂ ਹੋਰ ਸ਼ਰਤਾਂ ਅਤੇ ਵੇਰਵਿਆਂ ਬਾਰੇ ਚਰਚਾ ਕੀਤੀ ਜਾ ਰਹੀ ਹੈ ਪਰ ਇਸ ਦਾ ਮੁੱਖ ਮਕਸਦ ਇਕ ਅਜਿਹਾ ਯੰਤਰ ਜਾਂ ਮਸ਼ੀਨ ਤਿਆਰ ਕਰਨਾ ਹੈ ਜੋ ਵੱਧ ਤੋਂ ਵੱਧ ਬਿਮਾਰੀਆਂ ਦਾ ਪਤਾ ਲਗਾਉਣ ਦੇ ਸਮਰੱਥ ਹੋਵੇ। ਐਕਸ ਪ੍ਰਾਈਜ਼ ਫ਼ਾਊਂਡੇਸ਼ਨ ਦੇ ਸੀਨੀਅਰ ਡਾਇਰੈਕਟਰ ਈਲੀਨ ਬਾਰਥੋਲੋਮੀਊ ਨੇ ਕਿਹਾ, "ਇਕ ਅਜਿਹੀ ਦੁਨੀਆ ਦੀ ਕਲਪਨਾ ਕਰੋ ਜਿਥੇ ਲੋਕਾਂ ਨੂੰ ਮੌਜੂਦਾ ਗੁੰਝਲਦਾਰ ਸਿਹਤ ਪ੍ਰਣਾਲੀ ਵਿਚੋਂ ਨਾ ਲੰਘਣਾ ਪਵੇ ਅਤੇ ਇਕ ਛੋਟੀ ਜਿਹੀ ਮਸ਼ੀਨ ਨਾਲ ਹੀ ਹਰ ਤਰ੍ਹਾਂ ਦੀ ਬਿਮਾਰੀ ਦਾ ਪਤਾ ਲਾਇਆ ਜਾ ਸਕੇ।'' ਇਹ ਮੁਕਾਬਲਾ 2012 ਵਿਚ ਹੋਵੇਗਾ ਅਤੇ ਪਹਿਲੇ ਇਨਾਮ ਲਈ ਰਕਮ ਨਿਰਧਾਰਤ ਕਰਨ ਸਬੰਧੀ ਸੋਚ ਵਿਚਾਰ ਕੀਤੀ ਜਾ ਰਹੀ ਹੈ। ਬਾਰਥੋਲੋਮੀਊ ਨੇ ਦਸਿਆ ਕਿ ਮੁਕਾਬਲੇ ਵਿਚ ਇਕ ਖ਼ਾਸ ਬਿਮਾਰੀ ਦਾ ਪਤਾ ਲਾਉਣ ਲਈ ਮਸ਼ੀਨ ਈਜਾਦ ਕਰਨ ਦੀ ਚੁਣੌਤੀ ਵੀ ਸ਼ਾਮਲ ਹੋਵੇਗੀ, ਜਿਸ ਵਾਸਤੇ 10 ਲੱਖ ਡਾਲਰ ਦਾ ਇਨਾਮ ਹੋ ਸਕਦਾ ਹੈ।

ਸਕਰਿਪਸ ਟਰਾਂਸਲੇਸ਼ਨਲ ਸਾਇੰਸ ਇੰਸਟੀਚਿਊਟ ਦੇ ਡਾਇਰੈਕਟਰ ਐਰਿਕ ਟੋਪੋਲ ਨੇ ਦਸਿਆ ਕਿ ਬਾਇਉ ਮੈਡੀਕਲ ਜਾਣਕਾਰੀ ਦੀ ਮੰਗ ਵੱਧਦੀ ਜਾ ਰਹੀ ਹੈ। ਅਸੀਂ ਗੁਲੂਕੋਜ਼ 'ਤੇ ਨਜ਼ਰ ਰੱਖ ਸਕਦੇ ਹਾਂ ਅਤੇ ਦਿਲ ਦੀ ਧੜਕਨ ਵੀ ਨਾਪ ਸਕਦੇ ਹਾਂ ਪਰ ਫਿਰ ਵੀ ਸਾਡੇ ਕੋਲ ਬਲੱਡ ਪ੍ਰੈਸ਼ਰ ਜਾਂ ਆਕਸੀਜਨ ਜਜ਼ਬ ਕਰਨ ਨੂੰ ਨਾਪਣ ਸਬੰਧੀ ਕੋਈ ਰੀਮੋਟ ਮਸ਼ੀਨ ਨਹੀਂ ਹੈ। ਨੁਐਂਸ ਹੈਲਥ ਕੇਅਰ ਦੇ ਮੁੱਖ ਮੈਡੀਕਲ ਅਫ਼ਸਰ ਨਿਕ ਵੈਨ ਦਾ ਮੰਨਣਾ ਹੈ ਕਿ ਬਿਮਾਰੀਆਂ ਦਾ ਪਤਾ ਲਾਉਣ ਲਈ ਮੋਬਾਈਲ ਮਸ਼ੀਨਾਂ ਦਾ ਦੌਰ ਬਹੁਤੀ ਦੂਰ ਨਹੀਂ।

# ਸਾਬਕਾ ਸੈਨੇਟਰ ਰੇਮੰਡ ਲਵਾਈਨ ਨੂੰ ਧੋਖਾਧੜੀ ਦੇ ਮਾਮਲੇ ਵਿਚ ਛੇ ਮਹੀਨੇ ਦੀ ਸਜ਼ਾ

ਐਡਮਿੰਟਨ, (ਨਦਬ) : ਸਾਬਕਾ ਸੈਨੇਟਰ ਰੇਮੰਡ ਲਵਾਈਨ ਜਿਨ੍ਹਾਂ ਨੂੰ ਧੋਖਾਧੜੀ ਦੇ ਮਾਮਲੇ ਵਿਚ ਦੋਸ਼ੀ ਕਰਾਰ ਦਿਤਾ ਗਿਆ, ਨੂੰ ਛੇ ਮਹੀਨੇ ਦੀ ਸਜ਼ਾ ਸੁਣਾਈ ਗਈ ਹੈ। ਔਟਵਾ ਦੀ ਅਦਾਲਤ ਦੇ ਜੱਜ ਰਾਬਰਟ ਸਮਿਥ ਨੇ ਇਸ ਤੋਂ ਇਲਾਵਾ ਰੇਮੰਡ ਨੂੰ ਛੇ ਮਹੀਨੇ ਘਰ ਵਿਚ ਨਜ਼ਰਬੰਦ ਰੱਖਣ ਅਤੇ ਦਸ ਹਜ਼ਾਰ ਡਾਲਰ ਦਾਨ ਵਜੋਂ ਦੇਣ ਦਾ ਹੁਕਮ ਵੀ ਸੁਣਾਇਆ। ਸਜ਼ਾ ਸੁਣਾਏ ਜਾਣ ਤੋਂ ਬਾਅਦ ਰੇਮੰਡ ਨੂੰ ਦਸਿਆ ਗਿਆ ਕਿ ਉਸ ਨੂੰ ਔਟਵਾ ਦੀ ਜੇਲ੍ਹ ਵਿਚ ਲਿਆਂਦਾ ਜਾਵੇਗਾ। ਉਸ ਨੂੰ ਆਪਣਾ ਸੂਟ ਉਤਾਰਨਾ ਪਿਆ ਜਦਕਿ ਉਸ ਦੇ ਪਰਵਾਰਕ ਮੈਂਬਰ ਰੋ ਰਹੇ ਸਨ। ਰੇਮੰਡ ਨੂੰ ਫ਼ਰੈਂਚ ਭਾਸ਼ਾ ਵਿਚ ਆਪਣੀ ਸਜ਼ਾ ਦਾ ਵਿਰੋਧ ਕਰਦਿਆਂ ਸੁਣਿਆ ਗਿਆ। ਜਦੋਂ ਉਸ ਨੂੰ ਅਦਾਲਤ ਵਿਚੋਂ ਬਾਹਰ ਲਿਜਾਇਆ ਜਾ ਰਿਹਾ ਸੀ ਤਾਂ ਲਿਬਰਲ ਪਾਰਟੀ ਦੇ ਕਿਊਬੈਕ ਤੋਂ ਸਾਬਕਾ ਸੈਨੇਟਰ ਨੇ ਕਿਹਾ ਕਿ ਨਿਆਂ ਨਹੀਂ ਕੀਤਾ ਗਿਆ। ਦਸਣਯੋਗ ਹੈ ਕਿ ਰੇਮੰਡ ਨੂੰ ਮਾਰਚ ਵਿਚ ਧੋਖਾਧੜੀ ਅਤੇ ਵਿਸ਼ਵਾਸ ਤੋੜਨ ਦਾ ਦੋਸ਼ੀ ਕਰਾਰ ਦਿਤਾ ਗਿਆ ਸੀ।

ਰੇਮੰਡ ਨੇ ਅਦਾਲਤ ਵਿਚ ਜੱਜ ਦੇ ਸਾਹਮਣੇ ਵਾਰ ਵਾਰ ਬੇਕਸੂਰ ਹੋਣ ਦਾ ਦਾਅਵਾ ਕੀਤਾ ਪਰ ਜੱਜ ਨੇ ਕਿਹਾ ਕਿ ਧੋਖਾ ਕਰਨ ਦਾ ਜੁਰਮ ਮੁਆਫ਼ੀ ਦੇ ਕਾਬਲ ਨਹੀਂ। ਸਰਕਾਰੀ ਵਕੀਲ ਨੇ ਰੇਮੰਡ ਨੂੰ 12 ਤੋਂ 15 ਮਹੀਨੇ ਦੀ ਸਜ਼ਾ ਦੇਣ ਦੀ ਮੰਗ ਕੀਤੀ ਸੀ ਪਰ ਬਚਾਅ ਧਿਰ ਦੇ ਵਕੀਲ ਨੇ ਦਲੀਲ ਦਿਤੀ ਕਿ ਉਸਦੇ ਮੁਵੱਕਲ ਦੀ ਲੋਕਾਂ ਵਿਚ ਬਦਨਾਮੀ ਅਤੇ ਪੈਸੇ ਦਾ ਕੁੱਝ ਹਿੱਸਾ ਵਾਪਸ ਕਰਨ ਨੂੰ ਮੁੱਖ ਰੱਖਦਿਆਂ ਘੱਟ ਤੋਂ ਘੱਟ ਸਜ਼ਾ ਦਿਤੀ ਜਾਵੇ। ਰੇਮੰਡ ਵਿਰੁਧ ਫ਼ਰਜ਼ੀ ਬਿਲ ਬਣਾ ਕੇ ਸਰਕਾਰ ਤੋਂ 10,120 ਡਾਲਰ ਹਾਸਲ ਕਰਨ ਦੇ ਦੋਸ਼ ਲੱਗੇ ਸਨ, ਜੋ ਉਸ ਨੇ ਔਟਵਾ ਅਤੇ ਮਾਂਟਰੀਆਲ ਦਰਮਿਆਨ ਕਾਰ ਰਾਹੀਂ ਕੀਤਾ ਸਫ਼ਰ ਦਿਖਾ ਕੇ ਹਾਸਲ ਕੀਤੇ ਸਨ। ਅਦਾਲਤੀ ਫ਼ੈਸਲੇ ਮੁਤਾਬਕ ਸਾਬਕਾ ਸੈਨੇਟਰ ਨੇ ਦਫ਼ਤਰੀ ਸਮੇਂ ਦੌਰਾਨ ਆਪਣੀ ਨਿੱਜੀ ਜਾਇਦਾਦ ਵਿਚ ਲੱਗੇ 60 ਦਰੱਖ਼ਤ ਕਟਵਾਏ, ਜੋ ਸਰਾਸਰ ਗ਼ਲਤ ਹੈ। ਉਸ ਨੂੰ ਇਹ ਕੰਮ ਦਫ਼ਤਰੀ ਸਮੇਂ ਦੌਰਾਨ ਨਹੀਂ ਕਰਨਾ ਚਾਹੀਦਾ ਸੀ। ਦੋਸ਼ ਲੱਗਣ ਪਿਛੋਂ ਰੇਮੰਡ ਨੂੰ ਲਿਬਰਲ ਪਾਰਟੀ ਵਿਚੋਂ ਕੱਢ ਦਿਤਾ ਗਿਆ ਅਤੇ ਸੈਨੇਟ ਨੇ ਉਸ ਦੇ ਚੈਂਬਰ ਵਿਚ ਦਾਖ਼ਲ ਹੋਣ 'ਤੇ ਪਾਬੰਦੀ ਲਗਾ ਦਿੱਤੀ।

# ਐਲਬਰਟਾ ਵਿੱਚ ਕਿਰਾਏ ਪੂਰੇ ਕੈਨੇਡਾ ਨਾਲੋਂ ਵੱਧ

ਐਲਬਰਟਾ, (ਨਦਬ) : ਕੈਨੇਡਾ ਮਾਰਗੇਜ ਤੇ ਹਾਊਸਿੰਗ ਕਾਰਪੋਰੇਸ਼ਨ ਵੱਲੋਂ ਜਾਰੀ ਕੀਤੀ ਗਈ ਇੱਕ ਸਰਵੇਖਣ ਰਿਪੋਰਟ ਅਨੁਸਾਰ ਦੇਸ਼ ਭਰ ਵਿੱਚ ਹੋਰਨਾਂ ਸ਼ਹਿਰਾਂ ਨਾਲੋਂ ਅਲਬਰਟਾ ਵਿੱਚ ਘਰਾਂ ਦਾ ਕਿਰਾਇਆ ਮੁਕਾਬਲਤਨ ਵੱਧ ਹੈ ਤੇ ਕੈਲਗਰੀ ਵਿੱਚ ਤਾਂ ਕਿਰਾਏ ਸਾਰੇ ਕੈਨੇਡਾ ਨਾਲੋਂ ਹੀ ਜ਼ਿਆਦਾ ਹਨ। ਏਜੰਸੀ ਨੇ ਆਪਣੇ ਰੈਂਟਲ ਮਾਰਕਿਟ ਸਰਵੇਖਣ ਵਿੱਚ ਆਖਿਆ ਕਿ ਅਪਰੈਲ ਵਿੱਚ ਇੱਕਠੇ ਕੀਤੇ ਗਏ ਅੰਕੜਿਆਂ ਅਨੁਸਾਰ ਨਵੇਂ ਤੇ ਮੌਜੂਦਾ ਘਰਾਂ ਵਿੱਚ ਦੋ ਬੈਡਰੂਮ ਵਾਲੇ ਘਰਾਂ ਦੇ ਪ੍ਰੋਵਿੰਸ ਦੇ ਹਿਸਾਬ ਨਾਲ ਔਸਤ ਕਿਰਾਏ ਸੱਭ ਤੋਂ ਵੱਧ ਅਲਬਰਟਾ ਵਿੱਚ ਹਨ। ਅਜਿਹੇ ਘਰਾਂ ਦਾ ਅਲਬਰਟਾ ਵਿੱਚ ਕਿਰਾਇਆ 1,029 ਡਾਲਰ ਹੈ, ਬ੍ਰਿਟਿਸ਼ ਕੋਲੰਬੀਆ ਵਿੱਚ 1015 ਡਾਲਰ ਤੇ ਓਨਟਾਰੀਓ ਵਿੱਚ 980 ਡਾਲਰ ਹੈ। ਇੱਕ ਸਾਲ ਪਹਿਲਾਂ ਨਾਲੋਂ ਅਲਬਰਟਾ ਵਿੱਚ ਘਰਾਂ ਦੇ ਕਿਰਾਇਆਂ ਵਿੱਚ 1,023 ਦੇ ਮੁਕਾਬਲੇ ਥੋੜ੍ਹਾ ਵਾਧਾ ਹੋਇਆ ਹੈ। 2011 ਵਿੱਚ ਅਪਰੈਲ ਦੇ ਮਹੀਨੇ ਵਿੱਚ ਕੈਨੇਡਾ ਵਿੱਚ ਦੋ ਬੈਡਰੂਮ ਵਾਲੇ ਇੱਕ ਘਰ ਦਾ ਕਿਰਾਇਆ ਆਮ ਤੌਰ ਉਤੇ 864 ਡਾਲਰ ਸੀ ਜਦਕਿ ਸਾਲ 2010 ਵਿੱਚ ਇਸੇ ਅਰਸੇ ਦੌਰਾਨ ਇਹ ਕਿਰਾਇਆ 848 ਡਾਲਰ ਹੀ ਸੀ। ਕੈਨੇਡਾ ਦੇ ਅਹਿਮ ਸ਼ਹਿਰਾਂ ਵਿੱਚ ਔਸਤ ਮਹੀਨੇਵਾਰ ਕਿਰਾਏ ਇਸ ਤਰ੍ਹਾਂ ਹਨ: ਵੈਨਕੂਵਰ ਵਿੱਚ 1,181, ਟੋਰਾਂਟੋ ਵਿੱਚ 1,124, ਓਟਵਾ ਵਿਖੇ ਗੈਟੀਨਿਊ-ਓਨਟਾਰੀਓ ਵਿੱਚ 1,056, ਕੈਲਗਰੀ ਵਿੱਚ 1,040, ਐਡਮੰਟਨ ਵਿੱਚ 1,029 ਤੇ ਵਿਕਟੋਰੀਆ ਵਿੱਚ 1,024। ਇਹ ਉਹ ਅਹਿਮ ਸ਼ਹਿਰ ਹਨ ਜਿੱਥੇ ਹਰ ਮਹੀਨੇ ਘਰਾਂ ਦਾ ਕਿਰਾਇਆ 1,000 ਡਾਲਰ ਜਾਂ ਇਸ ਤੋਂ ਉਪਰ ਵਸੂਲਿਆ ਜਾਂਦਾ ਹੈ। ਅਪਰੈਲ 2010 ਵਿੱਚ ਕੈਲਗਰੀ ਵਿੱਚ ਘਰਾਂ ਦਾ ਕਿਰਾਇਆ 1,082 ਤੋਂ ਘਟਿਆ ਸੀ। ਪ੍ਰੋਵਿੰਸ ਦੇ ਅਧਾਰ ਉਤੇ ਅਲਬਰਟਾ ਵਿੱਚ ਵਕੈਂਸੀ ਰੇਟ 4.7 ਫੀ ਸਦੀ ਸੀ ਜਦਕਿ ਇੱਕ ਸਾਲ ਪਹਿਲਾਂ ਤੱਕ ਇਹ 6.0 ਫੀ ਸਦੀ ਸੀ। ਕੈਲਗਰੀ ਵਿੱਚ ਵਕੈਂਸੀ ਰੇਟ ਅਪਰੈਲ ਦੇ ਮਹੀਨੇ 2.4 ਫੀ ਸਦੀ ਦਰਜ ਕੀਤੀ ਗਈ ਜਦਕਿ ਅਪਰੈਲ 2010 ਵਿੱਚ ਇਹ 5.3 ਫੀ ਸਦੀ ਸੀ। ਕੈਨੇਡਾ ਦੇ 35 ਮੁੱਖ ਸ਼ਹਿਰਾਂ ਵਿੱਚ ਕਿਰਾਏ ਉਤੇ ਦਿੱਤੀ ਜਾਣ ਵਾਲੀ ਔਸਤ ਵਕੈਂਸੀ ਰੇਟ ਅਪਰੈਲ 2010 ਵਿੱਚ 2.9 ਫੀ ਸਦੀ ਦੇ ਮੁਕਾਬਲੇ ਘੱਟ ਕੇ 2.5 ਫੀ ਸਦੀ ਰਹਿ ਗਈ ਸੀ। ਹੋਰਨਾਂ ਵੱਡੇ ਸ਼ਹਿਰਾਂ ਵਿੱਚ ਸੱਭ ਤੋਂ ਘੱਟ ਵਕੈਂਸੀ ਰੇਟ ਇਸ ਤਰ੍ਹਾਂ ਸੀ : ਵਿਨੀਪੈਗ ਅਤੇ ਰੈਜੀਨਾ-0.7 ਫੀ ਸਦੀ, ਕਿਊਬਿਕ 1.0 ਫੀ ਸਦੀ, ਟੋਰਾਂਟੋ 1.6 ਫੀ ਸਦੀ, ਕਿੰਗਸਟਨ 1.7 ਫੀ ਸਦੀ। ਪ੍ਰੋਵਿੰਸ਼ਿਅਲ ਪੱਧਰ ਉਤੇ ਮੈਨੀਟੋਬਾ ਵਿੱਚ ਵਕੈਂਸੀ ਰੇਟ ਸੱਭ ਤੋਂ ਘੱਟ ਭਾਵ 0.7 ਫੀ ਸਦੀ ਹੈ। ਹੋਰਨਾਂ ਸਾਰੀਆਂ ਪ੍ਰੋਵਿੰਸਾਂ ਵਿੱਚ ਇਹ 2.0 ਫੀ ਸਦੀ ਤੋਂ ਵੱਧ ਹੀ ਹੈ। ਸਰਵੇਖਣ ਵਿੱਚ ਇਹ ਵੀ ਖੁਲਾਸਾ ਹੋਇਆ ਹੈ ਕਿ ਵੱਡੇ ਸ਼ਹਿਰਾਂ ਵਿੱਚ ਵੱਧ ਤੋਂ ਵੱਧ ਵਕੈਂਸੀ ਰੇਟ ਵਿੰਡਸਰ ਵਿੱਚ 9.4 ਫੀ ਸਦੀ, ਕੈਲੋਨਾ ਤੇ ਐਬੋਟਸਫੋਰਡ ਵਿੱਚ 6.6 ਫੀ ਸਦੀ ਤੇ ਚਾਰਲੋਟਟਾਊਨ ਵਿੱਚ 4.9 ਫੀ ਸਦੀ ਹੈ। ਦੋ ਬੈਡਰੂਮ ਵਾਲੇ ਅਪਾਰਟਮੈਂਟਸ ਦਾ ਸੱਭ ਤੋਂ ਘੱਟ ਕਿਰਾਇਆ ਜਿੱਥੇ ਹੈ ਉਨ੍ਹਾਂ ਥਾਵਾਂ ਵਿੱਚ ਸੈਗੁਏਨੇ 542 ਡਾਲਰ, ਟਰਾਇਸ-ਰਿਵੀਏਰਸ 546 ਡਾਲਰ ਤੇ ਸੇਰਬਰੁੱਕ 577 ਡਾਲਰ ਸ਼ਾਮਲ ਹੈ। ਪ੍ਰੋਵਿੰਸ਼ੀਅਲ ਅਧਾਰ ਉਤੇ ਸੱਭ ਤੋਂ ਘੱਟ ਮਹੀਨਾਵਾਰੀ ਕਿਰਾਏ ਕਿਊਬਿਕ ਵਿੱਚ 871 ਡਾਲਰ, ਨਿਊ ਬਰੰਜ਼ਵਿੱਕ ਵਿੱਚ 672 ਡਾਲਰ ਤੇ ਨਿਊਫਾਊਂਡਲੈਂਡ ਤੇ ਲੈਬਰਾਡੋਰ ਵਿੱਚ 683 ਡਾਲਰ ਹਨ।

# ਸ਼੍ਰੋਮਣੀ ਸਾਹਿਤਕਾਰ ਡਾ. ਦਰਸ਼ਨ ਗਿੱਲ ਨਹੀਂ ਰਹੇ



ਸਰੀ, (ਗੁਰਪ੍ਰੀਤ) : ਅਗਾਂਹਵਧੂ ਸੋਚ ਵਾਲੇ ਲਿਖਾਰੀ ਤੇ ਪੱਤਰਕਾਰ ਤੇ ਡਾ. ਦਰਸ਼ਨ ਗਿੱਲ ਦਾ ਕੈਂਸਰ ਦੀ ਬਿਮਾਰੀ ਕਾਰਨ 10 ਜੂਨ ਨੂੰ ਸਰੀ ਮੈਮੋਰੀਅਲ ਹਸਪਤਾਲ ਵਿਚ ਦਿਹਾਂਤ ਹੋ ਗਿਆ। ਉਹ ਇਸ ਬਿਮਾਰੀ ਤੋਂ 2007 ਤੋਂ ਪੀੜਤ ਸਨ। 68 ਸਾਲਾ ਡਾ. ਗਿੱਲ ਆਪਣੀ ਪਤਨੀ ਚਰਨਜੀਤ ਕੌਰ ਅਤੇ ਤਿੰਨ ਬੱਚਿਆ ਨਾਲ ਸਰੀ ਵਿਖੇ ਰਹਿੰਦੇ ਸਨ।

ਉਹਨਾਂ ਨੇ 20 ਪੁਸਤਕਾਂ ਦਾ ਸੰਪਾਦਨ ਅਤੇ ਤਿੰਨ ਪੁਸਤਕਾਂ ਦਾ ਅੰਗਰੇਜ਼ੀ ਤੋਂ ਪੰਜਾਬੀ ਵਿਚ ਤਰਜਮਾ ਵੀ ਕੀਤਾ। ਡਾ. ਦਰਸ਼ਨ ਗਿੱਲ ਨੂੰ ਪਿਛਲੇ ਸਾਲ ਭਾਸ਼ਾ ਵਿਭਾਗ ਪੰਜਾਬ ਵਲੋਂ ਪੰਜਾਬੀ ਸਾਹਿਤ ਵਿਚ ਯੋਗਦਾਨ ਲਈ ਸ਼੍ਰੋਮਣੀ ਸਾਹਿਤਕਾਰ ਸਨਮਾਨ ਦਿਤਾ ਗਿਆ ਸੀ। ਸ੍ਰੀ ਗਿੱਲ ਪੰਜਾਬੀ ਅਖਬਾਰ ' ਕੈਨੇਡਾ ਦਰਪਣ' ਦੇ ਸੰਪਾਦਕ ਸਨ, 'ਕੈਨੇਡਾ ਦਰਪਣ' ਦੀ ਸ਼ੁਰੂਆਤ ਉਹਨਾਂ ਨੇ ਪਹਿਲੀ ਨਵੰਬਰ 1982 ਵਿਚ ਕੀਤੀ ਸੀ। ਇਹ ਮਿਤੀ ਚੁਣਨ ਦਾ ਕਾਰਨ ਸੀ ਕਿ ਇਸੇ ਦਿਨ ਭਾਰਤ ਵਿਚ ਕ੍ਰਾਂਤੀਕਾਰੀਆਂ ਦੁਆਰਾ 'ਗਦਰ' ਨਾਂ ਦਾ ਅਖਬਾਰ ਸ਼ੁਰੂ ਕੀਤਾ ਗਿਆ ਸੀ।

ਡਾ. ਗਿੱਲ 'ਢੁੱਡੀਕੇ' ਦੇ ਹਨ ਜਿਸਨੂੰ ਗਦਰੀਆਂ ਦਾ ਪਿੰਡ ਕਿਹਾ ਜਾਂਦਾ ਹੈ। 1972 ਵਿਚ ਕੈਨੇਡਾ ਆਉਣ ਤੋਂ ਪਹਿਲਾਂ ਪੰਜਾਬ ਵਿਚ ਅਧਿਆਪਨ ਦਾ ਕਾਰਜ ਕਰਦੇ ਹੋਏ ਡਾ. ਗਿੱਲ ਨੇ ਖੱਬੇ ਪੱਖੀ ਵਿਚਾਰਧਾਰਾ ਵਾਲੇ ਪੰਜਾਬੀ ਅਖ਼ਬਾਰ 'ਨਵਾਂ ਜ਼ਮਾਨਾ' ਵਿਚ ਵੀ ਕੰਮ ਕੀਤਾ ਸੀ। ਕੈਨੇਡਾ ਆਕੇ ਉਹਨਾਂ ਨੇ ਇਕ ਲੰਬਰ ਮਿੱਲ ਵਿਚ ਵੀ ਕੰਮ ਕੀਤਾ। 1982 ਵਿਚ ਉਹ ਵੈਨਕੂਵਰ ਆ ਗਏ। ਉਹਨਾਂ ਦੇ ਅਖਬਾਰ ਵਿਚ ਨਰਮਦਲੀਏ ਸਿੱਖਾਂ ਵਲੋਂ ਆਰਟੀਕਲ ਲਿਖੇ ਜਾਂਦੇ ਸਨ, ਜਿਨ੍ਹਾਂ ਵਿਚ ਉੱਜਲ ਦੁਸਾਂਝ ਦਾ ਨਾਂ ਵੀ ਸ਼ਾਮਲ ਸੀ। ਉੱਜਲ ਦੁਸਾਂਝ ਦੇ ਆਰਟੀਕਲ ਨਾ ਛਾਪਣ ਦੀ ਮੰਗ ਕਰਦੇ ਧਮਕੀਆਂ ਭਰੇ ਫੋਨ ਵੀ ਡਾ. ਗਿੱਲ ਨੂੰ ਵੀ ਆਉਂਦੇ ਸਨ। ਉਹਨਾਂ ਦੇ ਅਖਬਾਰ ਦੀਆ ਕਾਪੀਆਂ ਤਬਾਹ ਕਰ ਦਿਤੀਆ ਜਾਂਦੀਆਂ ਸਨ ਅਤੇ ਲੋਕਾਂ ਨੂੰ ਉਹਨਾਂ ਦਾ ਅਖਬਾਰ ਪੜਨ ਤੋਂ ਰੋਕਿਆ ਵੀ ਜਾਂਦਾ ਸੀ। ਧਮਕੀਆਂ ਦੀ ਉਹਨਾਂ ਕਦੇ ਪਰਵਾਹ ਨਾ ਕੀਤੀ। ਇਸੇ ਕਾਰਨ 1987 ਵਿਚ ਡਾ. ਗਿੱਲ ਦੇ ਘਰ ਉਪਰ ਫਾਇਰ ਬੰਬ ਨਾਲ ਹਮਲਾ ਕੀਤਾ ਗਿਆ ਸੀ।

1989 ਵਿਚ ਆਰਥਿਕ ਤੰਗੀ ਕਾਰਨ ਉਹਨਾਂ ਨੇ 'ਕੈਨੇਡਾ ਦਰਪਣ' ਵੇਚ ਦਿੱਤਾ। ਉਹ ਰੇਡਿਓ ਇੰਡੀਆ ਵਿਚ ਹਰ ਐਤਵਾਰ 'ਸਾਹਿਤਨਾਮਾ' ਨਾਂ ਦਾ ਪ੍ਰੋਗਰਾਮ ਵੀ ਕਰਦੇ ਸਨ। ਅਦਾਰਾ 'ਨਵੀਂ ਦੁਨੀਆ' ਡਾ. ਦਰਸ਼ਨ ਗਿੱਲ ਦੇ ਪਰਵਾਰ ਨਾਲ ਗਹਿਰੇ ਦੁੱਖ ਦਾ ਇਜ਼ਹਾਰ ਕਰਦਾ ਹੈ।

# ਡਾ. ਹਰਨਾਮ ਸਿੰਘ ਸ਼ਾਨ ਤੇ ਡਾ. ਦਰਸ਼ਨ ਗਿੱਲ ਦੀ ਬੇਵਕਤ ਮੌਤ 'ਤੇ ਦੁੱਖ ਦਾ ਪ੍ਰਗਟਾਵਾ

ਕੈਲਗਰੀ (ਇਕਬਾਲ ਖਾਨ): ਅਰਪਨ ਲਿਖਾਰੀ ਸਭਾ ਵਲੋਂ ਡਾ. ਹਰਨਾਮ ਸਿੰਘ ਸ਼ਾਨ ਅਤੇ ਡਾ. ਦਰਸ਼ਨ ਗਿੱਲ ਦੇ ਅਕਾਲ ਚਲਾਣੇ 'ਤੇ ਡੂੰਘੇ ਦੁੱਖ ਦਾ ਇਜ਼ਹਾਰ ਕੀਤਾ। ਡਾ. ਹਰਨਾਮ ਸਿੰਘ ਸ਼ਾਨ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਅਕਾਲ ਚਲਾਣੇ 'ਤੇ ਦੁੱਖ ਪ੍ਰਗਟ ਕਰਦਿਆਂ ਅਰਪਨ ਲਿਖਾਰੀ ਸਭਾ ਦੇ ਪ੍ਰਧਾਨ ਸਤਨਾਮ ਸਿੰਘ ਢਾਅ ਨੇ ਕਿਹਾ ਕਿ ਇਹੋ ਜਿਹੇ ਵਿਦਵਾਨ ਦੇ ਵਿਛੋੜੇ ਨਾਲ ਪੰਜਾਬੀ ਸਹਿਤ, ਸਿੱਖ ਫ਼ਿਲਾਸਫ਼ੀ ਤੇ ਸਿੱਖ ਇਤਿਹਾਸ ਦੀ ਖੋਜ ਨੂੰ ਬਹੁਤ ਵੱਡਾ ਘਾਟਾ ਪਿਆ ਹੈ।



ਅਰਪਨ ਲਿਖਾਰੀ ਸਭਾ ਵਲੋਂ ਨਾਲ ਹੀ ਡਾ. ਦਰਸ਼ਨ ਗਿੱਲ ਦੀ ਮੌਤ ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ। ਲਿਖਾਰੀ ਸਭਾ ਦੇ ਸਾਰੇ ਮੈਂਬਰਾਂ ਵਲੋਂ ਦਰਸ਼ਨ ਗਿੱਲ ਅਤੇ ਹਰਨਾਮ ਸਿੰਘ ਸ਼ਾਨ ਦੇ ਪਰਿਵਾਰ ਨਾਲ ਤੇ ਸਾਰੇ ਹੀ ਸਹਿਤਕ ਮਿੱਤਰਾਂ ਦੋਸਤਾਂ ਨਾਲ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ। ਇਸੇ ਦੌਰਾਨ ਕੈਨੇਡਾ ਦੇ ਦੌਰੇ 'ਤੇ ਗਏ ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਦੇ ਜਨਰਲ ਸਕੱਤਰ ਡਾ. ਸੁਖਦੇਵ ਨੇ ਕਿਹਾ ਕਿ ਡਾ. ਦਰਸ਼ਨ ਗਿੱਲ ਅਤੇ ਹਰਨਾਮ ਸਿੰਘ ਸ਼ਾਨ ਦੀ ਇਸ ਬੇਵਕਤ ਮੌਤ ਨਾਲ ਪੰਜਾਬੀ ਸਹਿਤਕ ਜਗਤ ਨੂੰ ਨਾ ਪੂਰਿਆ ਜਾਣ ਵਾਲਾ ਘਾਟਾ ਪਿਆ ਹੈ। ਅਦਾਰਾ 'ਨਵੀਂ ਦੁਨੀਆ' ਡਾ. ਹਰਨਾਮ ਸਿੰਘ ਸ਼ਾਨ ਅਤੇ ਡਾ. ਦਰਸ਼ਨ ਗਿੱਲ ਦੇ ਪਰਵਾਰਾਂ ਨਾਲ ਗਹਿਰੇ ਦੁੱਖ ਦਾ ਇਜ਼ਹਾਰ ਕਰਦਾ ਹੈ।



# Progressive People's Foundation of Edmonton

## And

# Punjab United Sports & Heritage Association of Edmonton



***Organize***

# 4th Shaheed Bhagat Singh Soccer Tournament

## Dedicated to Shaheed Bhagat Singh and his co-patriots Raj Guru and Sukhdev

**To provide a platform for our youth to play Soccer with a mission to strengthen community participation and infuse leadership spirit among them**

**Saturday July 9, 2011 & Sunday July 10, 2011**

**At Pollard Meadows School 1751 48 St. Edmonton,AB**

## Sponsors:

1st Prize: **Paramjit Ubhi (ALTA Windows)** 2nd Prize: **Manjit Dhaliwal (Aristocrat Liquor)**

3rd Prize: **Raka Josan (Josan Properties)**




**Teams From B.C. & Calgary**

## Mega Sponsors: Millwoods Suzuki, Powar Homes Ltd.

**Security Deposit: $ 200 per Adult Team**

**Please register your teams with the following Program Co-ordinators:**

Sonny Gill: 780-497-8801, Mohinder Banga: 780-913-1820, Harjinder Badesha: 780-265-1920 ,Kamaljit Sidhu: 780-499-9913
Iqbal Mahal: 780-995-7035, Kashmir Gill: 780-951-2772 , Surinder Deol: 780-239-9038, Bakhsh Sangha: 780-461-7528
Raju Virk: 780-298-4499

**For Further Information, please call:**

**Dr. P. R. Kalia: 780-440-2766 , Gurcharan Brar:780-265-3752 , Navtej Bains:780-200-2872**
**Joginder Randhawa:780-266-1757, Dalbir Sangione: 780-995-5475, Kirtmeet Kohar: 780-200-5328**
**Jagdev Sohi:780-940-9941 Jasvir Deol: 780-906-4497**

# ਗ੍ਰਹਿ ਮੰਤਰੀ ਦੀ ਸਲਾਹ ਨਾਲ ਅਮਰਿੰਦਰ ਅਸਹਿਮਤ

ਚੰਡੀਗੜ੍ਹ (ਨਦਬ) ਕੇਂਦਰੀ ਗ੍ਰਹਿ ਮੰਤਰੀ ਪੀ. ਚਿਦੰਬਰਮ ਵਲੋਂ ਹਾਲ ਹੀ ਵਿਚ ਸਿੱਖ ਭਾਈਚਾਰੇ ਨੂੰ ਦਿੱਤੀ ਗਈ 'ਮੁਆਫ਼ ਕਰੋ, ਭੁੱਲ ਜਾਓ ਅਤੇ ਅੱਗੇ ਵਧੋ' ਦੀ ਸਲਾਹ 'ਤੇ ਅਸਹਿਮਤ ਹੁੰਦਿਆਂ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਅਤੇ ਪੰਜਾਬ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਸਿਰਫ਼ ਦੋ ਦਹਾਕੇ ਪਹਿਲਾਂ ਹਜ਼ਾਰਾਂ ਦੀ ਗਿਣਤੀ ਵਿਚ ਆਪਣੇ ਪਰਿਵਾਰਾਂ ਨੂੰ ਗੁਆਣ ਵਾਲੇ ਪੰਜਾਬ ਦੇ ਲੋਕਾਂ ਤੋਂ ਇਹ ਦੁੱਖਦਾਈ ਚੈਪਟਰ ਭੁੱਲ ਜਾਣ ਦੀ ਉਮੀਦ ਨਹੀਂ ਕੀਤੀ ਜਾ ਸਕਦੀ।



## 35 ਹਜ਼ਾਰ ਨੂੰ ਗਵਾਇਆ

ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਸਿੱਖ ਭਾਈਚਾਰਾ ਤਾਂ ਹੁਣ ਤਕ 18ਵੀਂ ਸਦੀ ਵਿਚ ਹੋਏ ਘਲੂਘਾਰਿਆਂ ਨੂੰ ਵੀ ਨਹੀਂ ਭੁੱਲਿਆ ਤਾਂ ਅਜਿਹੇ ਸਮੇਂ 1980 ਅਤੇ 1990 ਦੇ ਦਹਾਕੇ ਵਿਚ ਸੂਬੇ ਵਿਚ ਹੋਏ ਕਤਲੇਆਮ ਨੂੰ ਕਿਵੇਂ ਭੁੱਲ ਸਕਦਾ ਹੈ। ਉਨ੍ਹਾਂ ਕਿਹਾ ਕਿ ਇਸ ਗੱਲ ਵਿਚ ਕੋਈ ਸ਼ਕ ਨਹੀਂ ਕਿ ਪੰਜਾਬੀ ਅਤੇ ਸਿੱਖ ਲੋਕ ਉੱਦਮੀ ਸੁਭਾਅ ਅਤੇ ਬੜੇ ਦਿਲਵਾਲੇ ਹੁੰਦੇ ਹਨ ਅਤੇ ਸੂਬੇ ਦੇ ਲੋਕਾਂ ਨੇ ਇਸ ਗੱਲ ਦਾ ਸਬੂਤ ਦਿੰਦੇ ਹੋਏ ਸੂਬੇ ਵਿਚ ਦਹਿਸ਼ਤਵਾਦ ਦੇ ਦੌਰ ਨੂੰ ਹੁਣ ਪਿੱਛੇ ਛੱਡ ਦਿੱਤਾ ਹੈ ਪਰ ਇਸ ਗੱਲ ਨੂੰ ਭੁਲਾਇਆ ਨਹੀਂ ਜਾ ਸਕਦਾ ਕਿ ਸੂਬੇ ਦੇ ਲੋਕਾਂ ਨੇ ਆਪਣੇ 35 ਹਜ਼ਾਰ ਜੀਆਂ ਨੂੰ ਗਵਾਇਆ ਹੈ।

ਉਨ੍ਹਾਂ ਕਿਹਾ ਕਿ ਪੰਜਾਬੀਆਂ ਅਤੇ ਸਿੱਖਾਂ ਦੇ ਦਿਲਾਂ ਵਿਚ ਆਪਣੇ ਜੀਆਂ ਨੂੰ ਗਵਾਉਣ ਦਾ ਦਰਦ ਹੈ ਪਰ ਲੋਕਾਂ ਨੂੰ ਇਸ ਗੱਲ ਦਾ ਧਿਆਨ ਰੱਖਣਾ ਚਾਹੀਦਾ ਹੈ ਕਿ ਸਿਆਸੀ ਪਾਰਟੀਆਂ ਉਨ੍ਹਾਂ ਦੀਆਂ ਭਾਵਨਾਵਾਂ ਨੂੰ ਆਪਣੇ ਸਿਆਸੀ ਹਿੱਤਾਂ ਲਈ ਵਰਤੋਂ ਵਿਚ ਨਾ ਲਿਆਉਣ। ਲੋਕਾਂ ਦੀਆਂ ਭਾਵਨਾਵਾਂ ਨੂੰ ਭੜਕਾ ਕੇ ਸੂਬੇ ਦੀ ਪ੍ਰਸ਼ਾਸਨਿਕ ਅਸਫਲਤਾਵਾਂ ਨੂੰ ਲੁਕਾਇਆ ਨਹੀਂ ਜਾ ਸਕਦਾ।

## ਟਿਕਟਾਂ ਦੀ ਵੰਡ ਮੈਰਿਟ ਦੇ ਆਧਾਰ 'ਤੇ

ਪੰਜਾਬ ਦੀ ਅਕਾਲੀ-ਭਾਜਪਾ ਗਠਜੋੜ ਸਰਕਾਰ ਖਿਲਾਫ਼ 'ਚਾਰਜਸ਼ੀਟ' ਤਿਆਰ ਕਰਨ ਲਈ ਕਹਿੰਦੇ ਹੋਏ ਕੈਪਟਨ ਅਮਰਿੰਦਰ ਨੇ ਕਿਹਾ ਕਿ ਸੂਬੇ ਵਿਚ ਟਿਕਟਾਂ ਦੀ ਵੰਡ ਪੂਰੀ ਤਰ੍ਹਾਂ ਮੈਰਿਟ ਦੇ ਆਧਾਰ 'ਤੇ ਹੋਵੇਗੀ। ਟਿਕਟ ਲੈਣ ਵਾਲੇ ਉਮੀਦਵਾਰਾਂ ਦੇ ਨਾਂ 'ਤੇ ਆਖ਼ਰੀ ਮੋਹਰ ਕਾਂਗਰਸ ਮੁਖੀ ਸੋਨੀਆ ਗਾਂਧੀ ਲਾਏਗੀ ਅਤੇ ਸੂਬਾ ਕਾਂਗਰਸ ਸਿਰਫ਼ ਸਿਫਾਰਸ਼ ਕਰੇਗੀ। ਉਨ੍ਹਾਂ ਇਹ ਵੀ ਕਿਹਾ ਕਿ ਇਹ ਜ਼ਰੂਰੀ ਨਹੀਂ ਹੈ ਕਿ ਸਾਰੇ ਮੌਜੂਦਾ ਵਿਧਾਇਕਾਂ ਨੂੰ ਚੋਣ ਲੜਨ ਲਈ ਟਿਕਟ ਦਿੱਤੀ ਜਾਵੇ। ਪਹਿਲਾਂ ਕੈਪਟਨ ਨੇ ਕਿਹਾ ਸੀ ਕਿ ਸਾਰੇ ਮੌਜੂਦਾ ਵਿਧਾਇਕ ਬੇਹਤਰ ਉਮੀਦਵਾਰ ਹੋ ਸਕਦੇ ਹਨ, ਪਰ ਅੰਤਿਮ ਫੈਸਲਾ ਹਾਈਕਮਾਂਡ ਦਾ ਹੋਵੇਗਾ। ਉਨ੍ਹਾਂ ਕਿਹਾ ਕਿ ਸੂਬਾ ਕਾਂਗਰਸ ਮੌਜੂਦਾ ਸਰਕਾਰ ਖਿਲਾਫ਼ 'ਚਾਰਜਸ਼ੀਟ' ਤਿਆਰ ਕਰ ਰਹੀ ਹੈ। ਇਸ ਵਿਚ ਹਰ ਮੋਰਚੇ 'ਤੇ ਉਨ੍ਹਾਂ ਦੀ ਅਸਫਲਤਾ ਅਤੇ ਭ੍ਰਿਸ਼ਟਾਚਾਰ ਵਿਚ ਸ਼ਮੂਲੀਅਤ ਦੀ ਕਹਾਣੀ ਹੋਵੇਗੀ।

# 'ਬੱਚਿਆਂ ਨੂੰ ਉਲਟਾ ਲਟਕਾ ਕੇ ਕਰੰਟ ਲਗਾਉਂਦੀ ਹੈ ਪੰਜਾਬ ਪੁਲਿਸ'

ਲੁਧਿਆਣਾ, (ਨਦਬ) : ਪੰਜਾਬ ਪੁਲਿਸ ਵੱਖ-ਵੱਖ ਦੋਸ਼ਾਂ ਵਿਚ ਫੜੇ ਜਾਣ ਵਾਲੇ ਬੱਚਿਆਂ ਨਾਲ ਅਪਰਾਧੀਆਂ ਵਰਗਾ ਸਲੂਕ ਕਰ ਰਹੀ ਹੈ। ਬੱਚਿਆਂ ਨੂੰ ਥਾਣੇ ਵਿਚ ਹਿਰਾਸਤ ਦੌਰਾਨ ਉਲਟਾ ਲਟਕਾਇਆ ਜਾਂਦਾ ਹੈ ਅਤੇ ਕਰੰਟ ਵੀ ਲਾਇਆ ਜਾਂਦਾ ਹੈ। ਝੂਠੇ ਕੇਸਾਂ ਵਿਚ ਫਸਾਉਣ ਵੇਲੇ ਵੀ ਪੁਲਿਸ ਰਤਾ ਤਰਸ ਨਹੀਂ ਕਰਦੀ, ਪੁਲਿਸ 'ਤੇ ਇਹ ਗੰਭੀਰ ਇਲਜ਼ਾਮ ਸਮਾਜਿਕ ਸੁਰੱਖਿਆ ਅਤੇ ਬਾਲ ਵਿਕਾਸ ਮੰਤਰੀ ਪ੍ਰੋ. ਲਕਸ਼ਮੀ ਕਾਂਤਾ ਚਾਲਵਾ ਨੇ ਲਾਏ ਹਨ। ਉਨ੍ਹਾਂ ਨੇ ਪੰਜਾਬ ਮਨੁੱਖੀ ਅਧਿਕਾਰ ਕਮਿਸ਼ਨ ਕੋਲ ਪੁਲਿਸ ਦੀ ਲਿਖਤੀ ਸ਼ਿਕਾਇਤ ਵੀ ਕਰ ਦਿਤੀ ਹੈ। ਸ੍ਰੀਮਤੀ ਚਾਵਲਾ ਮੁਤਾਬਕ ਬੱਚਿਆਂ ਨਾਲ ਕਾਨੂੰਨ ਨਰਮ ਵਤੀਰਾ ਅਪਣਾਉਂਦਾ ਹੈ ਪਰ ਪੁਲਿਸ ਉਨ੍ਹਾਂ ਨਾਲ ਅਪਰਾਧੀਆਂ ਵਰਗਾ ਵਿਹਾਰ ਕਰਦੀ ਹੈ। ਕਈ ਬੱਚਿਆਂ ਨੂੰ ਕੁੱਟ ਕੁੱਟ ਕੇ ਉਨ੍ਹਾਂ ਦੇ ਪੈਰ ਸੁਜਾ ਦਿਤੇ ਗਏ ਹਨ। ਉਨ੍ਹਾਂ ਕਿਹਾ ਸ਼ਿਕਾਇਤ ਦੇ ਬਾਵਜੂਦ ਅਜੇ ਤਕ ਕਿਸੇ ਵੀ ਪੁਲਿਸ ਵਾਲੇ 'ਤੇ ਕੋਈ ਕਾਰਵਾਈ ਨਹੀਂ ਹੋਈ।

Insurance & Financial Services

- Life Insurance
- Critical Illness
- Health Benefits
- Group Benefits (Dental & Medical)
- Mortgage Insurance
- Travel & Visitor Insurance
- Disability Insurance (Income Protection)

ਲਾਈਫ: ਯੂਨੀਵਰਸਲ, ਟਰਮ ਅਤੇ ਮੌਰਟਗੇਜ਼
ਡਿਸਏਬਿਲਟੀ, ਕਰਿਟੀਕਲ ਇਲਨੈਸ, ਹੈਲਥ ਪਲੈਨਜ਼
ਅਤੇ ਰਜਿਸਟਰਡ ਰਿਟਾਇਰਮੈਂਟ ਸੇਵਿੰਗ ਪਲੈਨਜ਼

ਹਰ ਤਰ੍ਹਾਂ ਦੀ ਇਸ਼ੋਰੈਂਸ ਲਈ ਸੰਪਰਕ ਕਰੋ

For All Insurance Needs
Call: Shalu Badesha
Phone:780-660-3071



Sponsor by Canada Life & Access to all Major Insurance Companies in Canada

ADVANCE DRIVING SCHOOL & LIMOS

> Lady Instuctor Available
> Defensive Training Classes to Restore Demerits
> Free Pick up & Drop



> Airport Service Flat Rate
> Wedding Ceremony
> Any Other Function

780-660-4090
# 202-3456 91 St. Edmonton, AB

mobilicity

$25 PER MONTH | UNLIMITED LOCAL CALLING + UNLIMITED TEXT & PICTURE MESSAGING + CALLER ID + ADD UNLIMITED DATA FOR ONLY $10/mo



NEW

EVERY MONTH LOW PRICE

$25/mo UNLIMITED LOCAL TALK

$20/mo UNLIMITED INDIA + SINGAPORE + HONG KONG + CHINA

MG WIRELESS

113 2920 CALGARY TRAIL
780 757 7274 | www.mgwirelessinc.com
http://www.facebook.com/mgwirelessinc
http://twitter.com/mgwireless

A-WIN Insurance

# ਹਰੇਕ ਤਰ੍ਹਾਂ ਦੀ ਇੰਸ਼ੋਰੈਂਸ ਲਈ ਫੋਨ ਕਰੋ







## A-WIN: MAKING LIFE EASY

**Who We Are**

**Western Canada's**

Biggest Brokers Team, designed to serve Canadians' with solutions for your personal and professional insurance needs.

**When Time and Money Matters**

Our team at A-WIN knows your time is valuable and that is why we want to help you save time and money. Ask for a quote on one or all of our services to simplify your life and save.

**Quick Quotes When You Need Them**







**What we Offer**

- Home/Auto Insurance
- RV Insurance
- Registry Services
- Life and Financial Services
- Mortgage Services
- Accounting Services
- Legal Services
- Travel Insurance
- Emergency Road Services
- Automobile Warranty Services
- Commercial Insurance
- D&O Coverage/ E&O Insurance
- A-WIN Rewards Program

- ਕਾਰ ਮੋਟਰਸਾਈਕਲ ਇੰਸ਼ੋਰੈਂਸ
- ਘਰ, ਕੰਡੋਮੀਨੀਅਮ ਅਤੇ ਕਿਰਾਏਦਾਰ ਇੰਸ਼ੋਰੈਂਸ
- ਟਰੱਕ: ਲੌਂਗਹਾਲ ਅਤੇ ਗਰੈਵਲ
- ਕਮਰਸ਼ੀਅਲ ਅਤੇ ਬਿਜ਼ਨਸ ਇੰਸ਼ੋਰੈਂਸ
- ਟਰੈਵਲ ਅਤੇ ਮੈਡੀਕਲ ਇੰਸ਼ੋਰੈਂਸ

MON - FRI : 9:00 a.m -- 5:00 pm
SAT till 2:00 p.m by appointments only
Closed on Sunday & Stat Holidays.

**Discounts up to 60%**

**Payment Options available**

ਅਸੀਂ ਅੰਗਰੇਜ਼ੀ, ਪੰਜਾਬੀ, ਹਿੰਦੀ, ਉਰਦੂ ਅਤੇ ਗੁਜਰਾਤੀ ਵਿਚ ਗੱਲਬਾਤ ਕਰ ਸਕਦੇ ਹਾਂ

We Provide Service In English, Punjabi, Gujrati, Hindi & Urdu

**Edmonton: 780-465-6900**

ਜਸਵੀਰ ਦਿਉਲ, ਨਵਤੇਜ ਬੈਂਸ, ਲੌਰੀ ਮੋਰੈਨੋ, ਸ਼ਾਲੂ ਬਦੇਸ਼ਾ, ਕਿਰਤਮੀਤ ਸਿੰਘ, ਦੀਪਕ ਸ਼ਾਹ

**Calgary: 403-775-2100**

ਜੈਸੀ ਸਿੰਘ, ਰੂਪੀ ਚੇਰਾ, ਹਰਦੀਪ ਗਿੱਲ, ਤਰਨਪ੍ਰੀਤ ਮੈਹਦਵਾਨ

ADVANCED Roofing Systems Ltd.

RESIDENTIAL COMMERCIAL

- Residential/Commercial Insurance Claims
- Asphalt & Specialty Shingles
- Siding, Soffits, Fascia
- 2 Ply Membranes (SBS)
- Cedar Shakes
- New & Re-Roof Specialists
- Condominums Welcome
- Steep Roofs Welcome
- Licaenced & Insured
- Pine Shake Replacement
- Roof Top Snow removel
- FREE Estimates




Gill Olson (Manager)

5448-36 Street, Edmonton, Alberta T6B 3P3,
gill@advancedroofsystems.com, www.advancedroofsystems.com
(780) 463-6320, Fax : (780) 450-0365

HARRY'S EXCAVATING
Ph 780-918-2252

Specialist in : Digging Basements & All Kind of Services



ਨਵੇਂ ਘਰ ਲਈ ਬੇਸਮੈਂਟ ਪੁਟਾਉਣੀ ਹੋਵੇ, ਜਾਂ ਕੋਈ ਹੋਰ ਟੋਆ ਪੁਟਾਉਣਾ ਹੋਵੇ,
ਜਾਂ ਫਿਰ ਟਰੱਕ ਅਤੇ ਮਿੱਟੀ-ਰੇਤੇ ਦਾ ਕੋਈ ਕੰਮ ਹੋਵੇ ਸਾਡੇ ਨਾਲ ਸੰਪਰਕ ਕਰੋ

C.J. Auto
& Transmission Repair Ltd.
& Body Shop

Specialize in Propane Repair & Body Shop



Nindy Rao (Manager)
Tel.: 780-434-9912 Fax: 780-434-6706
9504-62 Avenue Edmonton, AB. T6E 0C9
* Import & Domestic Repairs * Insurance Claims

KOPY CENTRE & PRINTING
"On Time ~ Every Time"
Digital Printing & Photo Copy
• Business Cards • Letter Heads • Invoices (NCR) • Flyers
• Brochures • Invitation Cards • Tickets
• Binders • PDF Files • Scanning • Lamination
• Internet Service • Fax Service • Computer Service etc...
We do Art Work as well...
Tel: (780) 437-0200
Fax: (780) 437-0227 • kopycent@telus.net
9126B - 51 Ave. Edmonton, AB T6E 5L8

Gurkeerat Holding Ltd.



- We Build New Houses
- We Build Basements
- We do Renovations
- Kitchen Cabinets

ਨਵੇਂ ਘਰ, ਨਵੀਆਂ ਬੇਸਮੈਂਟਾਂ ਬਣਵਾਉਣ, ਹਰੇਕ ਤਰ੍ਹਾਂ ਦੀ ਰੈਨੋਵੇਸ਼ਨ ਕਰਵਾਉਣ, ਵਧੀਆ ਕਿਚਨ ਕੈਬਨਿਟਾਂ ਘੱਟ ਕੀਮਤ ਅਤੇ ਤਸੱਲੀਬਖਸ਼ ਢੰਗ ਨਾਲ ਕਰਵਾਉਣ ਵਾਸਤੇ ਸਾਨੂੰ ਕਾਲ ਕਰੋ

Ph. 780-996-2873

A & V Collision LTD.
27 Years of Journey Man Experience



AUTO BODY & PAINT

Frame Repair
All Insurance Claims
Domestic & Imports Specialists

Quality Service With Best Market Price

ਆਪਣੀਆਂ ਗੱਡੀਆਂ ਨੂੰ ਦੋਬਾਰਾ ਤੋਂ ਨਵੀਆਂ ਬਣਾਉਣ ਲਈ ਸਾਡੇ ਕੋਲ ਆਓ

Terry Sumka, Manager
Cell: 780 984 9982
Arun Patel
Ph: 780 988 2886
Vinod Patel
Fax: 780 988 2896

3918-91 Street NW Edmonton, AB T6E 5K7
www.avcollision.ca
avcollision@shaw.ca

ਕੀ ਤੁਸੀਂ ਕਨੇਡਾ ਵਿੱਚ ਨਵੇਂ ਆਏ ਹੋ?
ਕੀ ਤੁਸੀਂ ਘਰ ਖਰੀਦਣ ਬਾਰੇ ਸੋਚ ਰਹੇ ਹੋ?
ਕੀ ਤੁਹਾਡੇ ਘਰ ਦੀ Mortgage Renew ਹੋਣ ਵਾਲੀ ਹੈ?
ਕੀ ਤੁਹਾਡੇ Credit Cards ਭਰੇ ਹੋਏ ਹਨ?
ਕੀ ਤੁਸੀਂ ਬੈਂਕਾਂ ਨਾਲੋਂ ਸਸਤੀ Mortgage ਲੈਣੀ ਚਾਹੁੰਦੇ ਹੋ?
ਕੀ ਤੁਸੀਂ ਘਰ ਉਪਰ Line of Credit ਲੈਣੀ ਚਾਹੁੰਦੇ ਹੋ?

MORTGAGE ALLIANCE
Walk In Centre

ਅਸੀਂ ਤੁਹਾਨੂੰ ਤੁਹਾਡੀ ਜ਼ਰੂਰਤ ਮੁਤਾਬਿਕ Mortgage ਲੈ ਕੇ ਦੇਣ ਦਾ ਵਾਅਦਾ ਕਰਦੇ ਹਾਂ।



Jessie Singh CAIB

ਜੇਕਰ ਉਪਰ ਦਿੱਤੇ ਸਵਾਲ਼ਾਂ ਵਿੱਚੋਂ ਕਿਸੇ ਇੱਕ ਦਾ ਜਵਾਬ ਵੀ ਹਾਂ ਵਿੱਚ ਹੈ ਤਾਂ ਫਿਰ ਦੇਰ ਨਾ ਕਰੋ
ਹੁਣੇ ਹੀ ਆਪਣੀ ਕਮਿਊਨਿਟੀ ਦੇ ਜਾਣੇ-ਪਛਾਣੇ,ਤਜਰਬੇਕਾਰ ਅਤੇ ਭਰੋਸੇਯੋਗ ਜੈਸੀ ਸਿੰਘ ਨੂੰ ਫੋਨ ਕਰੋ

403-830-7007

# ਪੰਜਾਬ

# ਅੱਜ-ਕੱਲ੍ਹ

ਪੰਜਾਬ ਪਾਲ

## ਜੁਆਕਾਂ ਵਾਲੀ ਗੱਲ





ਇਹ ਕਿਵੇਂ ਹੋ ਸਕਦਾ ਹੈ ਕਿ ਬਿਆਨੀ ਜੰਗ ਦਾ ਕੋਈ ਨਾਮੋ ਨਿਸ਼ਾਨ ਈ ਨਾ ਹੋਵੇ ਤੇ ਚੋਣਾਂ ਵਿਚ ਕੇਵਲ ਛੇ ਕੁ ਮਹੀਨੇ ਹੀ ਬਾਕੀ ਹੋਣ। ਬੀਬੀ ਬਾਦਲ ਦੇ ਚਲਾਣੇ ਕਾਰਨ ਬਿਆਨਾਂ ਦਾ ਸਿਲਸਿਲਾ ਜ਼ਰਾ ਮੱਠਾ ਪੈ ਗਿਆ ਸੀ। ਹੁਣ ਸ਼ਬਦੀ ਜੰਗ ਦਾ ਮੁਹਾਜ਼ ਫਿਰ ਮਘਣਾ ਸ਼ੁਰੂ ਹੋ ਗਿਆ ਹੈ। ਦੋਵਾਂ ਪ੍ਰਮੁੱਖ ਸਿਆਸੀ ਪਾਰਟੀਆਂ ਦੇ ਆਗੂ ਇਕ ਦੂਜੇ ਤੋਂ ਵੱਧ ਕੇ ਕਰਾਰਾ ਬਿਆਨ ਦੇਣ ਦੀ ਹੋੜ ਵਿਚ ਹਨ। ਉਂਜ ਹਰ ਵਾਰ ਬਿਆਨਾਂ ਦੀ ਬਾਜ਼ੀ ਮਾਰਦਾ ਕੈਪਟਨ ਅਮਰਿੰਦਰ ਸਿੰਘ ਹੀ ਨਜ਼ਰ ਆਉਂਦਾ ਹੈ। ਸੁਖਬੀਰ ਬਾਦਲ ਬਰਾਬਰੀ ਦਾ ਯਤਨ ਜ਼ਰੂਰ ਕਰਦਾ ਹੈ ਪ੍ਰੰਤੂ ਉਸ ਤੋਂ ਗੱਲ ਨਹੀਂ ਬਣਦੀ ਤੇ ਕੈਪਟਨ ਦੇ ਜਵਾਬੀ ਹਮਲੇ ਨਾਲ ਉਸ ਦਾ (ਸੁਖਬੀਰ ਦਾ) ਬਿਆਨ ਹੋਰ ਵੀ ਹੌਲਾ ਤੇ ਕਈ ਵਾਰ ਹੋਛਾ ਵੀ ਪ੍ਰਤੀਤ ਹੋਣ ਲਗਦਾ ਹੈ। ਕੁੱਝ ਦਿਨ ਪਹਿਲਾਂ ਕੈਪਟਨ ਅਮਰਿੰਦਰ ਸਿੰਘ ਨੇ ਕਿਸੇ ਵੀ ਜਨਤਕ ਮੰਚ ਉਪਰ ਆ ਕੇ ਬਹਿਸ ਕਰਨ ਦੀ ਬਾਦਲਾਂ ਨੂੰ ਖੁਲ੍ਹੀ ਚੁਣੌਤੀ ਦਿਤੀ ਸੀ। ਇਹ ਚੁਣੌਤੀ ਕੈਪਟਨ ਨੇ ਪਹਿਲੀ ਵਾਰ ਨਹੀਂ, ਸਗੋਂ ਪਹਿਲਾਂ ਵੀ ਬਹੁਤ ਵਾਰ ਦਿੱਤੀ ਹੈ। ਇਸ ਚੁਣੌਤੀ ਦੇ ਜਵਾਬ ਵਿਚ ਸੁਖਬੀਰ ਬਾਦਲ ਦਾ ਜਵਾਬ ਆਇਆ ਕਿ ਕੈਪਟਨ ਆਪਣੇ ਕਾਰਜਕਾਲ ਦੀਆਂ ਕੋਈ ਪੰਜ ਪ੍ਰਾਪਤੀਆਂ ਗਿਣਾਵੇ। ਇਸ ਬਿਆਨ ਦਾ ਮੋੜ ਵੀ ਕੈਪਟਨ ਨੇ ਬੜਾ ਤਿੱਖਾ ਪਰ ਠਰ੍ਹੰਮੇ ਨਾਲ ਦਿਤਾ ਹੈ। ਉਸ ਨੇ ਕਿਹਾ ਕਿ ਸੁਖਬੀਰ ਜ਼ਰਾ ਸਬਰ ਰੱਖੇ, ਜੁਆਕਾਂ ਵਾਲੀ ਗੱਲ ਨਾ ਕਰੇ, ਕਿਸੇ ਮੰਚ 'ਤੇ ਸਾਹਮਣੇ ਆਵੇ, ਮੈਂ ਆਪਣੇ ਕਾਰਜਕਾਲ ਦੀਆਂ ਇਕਵੰਜਾ ਪ੍ਰਾਪਤੀਆਂ ਦੀ ਸੂਚੀ ਉਸ ਨੂੰ ਦੇ ਦੇਵਾਂਗਾ, ਜੇਕਰ ਇਸ ਨਾਲ ਵੀ ਬਾਦਲਾਂ ਦੀ ਸੰਤੁਸ਼ਟੀ ਨਾ ਹੋਈ ਤਾਂ ਇਕਵੰਜਾ ਹੋਰ ਪ੍ਰਾਪਤੀਆਂ ਦੀ ਸੂਚੀ ਵੀ ਦੇ ਦੇਵਾਂਗਾ। ਅਮਰਿੰਦਰ ਸਿੰਘ ਦੇ ਇਸ ਬਿਆਨ ਨਾਲ ਸੁਖਬੀਰ ਸਿੰਘ ਬਾਦਲ ਦਾ ਬਿਆਨ ਸੱਚਮੁਚ ਹੀ ਜੁਆਕਾਂ ਵਾਲੀ ਗੱਲ ਜਾਪਣ ਲੱਗ ਪਿਆ। ਦਰਅਸਲ, ਪੰਜ ਪ੍ਰਾਪਤੀਆਂ ਤਾਂ ਬਹੁਤ ਛੋਟੀ ਜਿਹੀ ਗੱਲ, ਕੋਈ ਵੀ ਗਿਣਾ ਸਕਦਾ ਹੈ, ਤਿੰਨ ਚਾਰ ਤਾਂ ਫਸਲਾਂ ਪਾਲਣ ਤੇ ਜਿਣਸਾਂ ਦੇ ਮੰਡੀਕਰਨ ਨਾਲ ਹੀ ਸਬੰਧਿਤ ਹਨ, ਪੰਜਵੀਂ ਵੈਟ ਪ੍ਰਣਾਲੀ ਲਾਗੂ ਕਰਨ ਦੀ ਹੋ ਸਕਦੀ ਹੈ। ਖ਼ੈਰ, ਦੇਖਦੇ ਹਾਂ ਇਕਵੰਜਾ ਪ੍ਰਾਪਤੀਆਂ ਦੀ ਸੂਚੀ ਕਦ ਜਾਰੀ ਹੁੰਦੀ ਹੈ।

## ਅਮਲੀਆਂ ਦੀ ਲੋਰ

ਪੰਜਾਬ ਨੇ ਕਣਕ ਝੋਨੇ ਦਾ ਰਿਕਾਰਡ ਤੋੜ ਵਾਫ਼ਰ ਉਤਪਾਦਨ ਕਰ ਕੇ ਇਨ੍ਹਾਂ ਅਨਾਜਾਂ ਦੇ ਭੰਡਾਰੀਕਰਨ ਲਈ ਸਟੋਰਾਂ ਦੀ ਕਮੀ ਪੈਦਾ ਕਰ ਦਿਤੀ ਹੈ। ਹੁਣ ਰੀਪੋਰਟਾਂ ਆ ਰਹੀਆਂ ਹਨ ਕਿ ਸਟੋਰਾਂ ਦੀ ਘਾਟ ਕੇਵਲ ਕਣਕ ਝੋਨੇ ਲਈ ਹੀ ਨਹੀਂ ਸਗੋਂ ਅਫ਼ੀਮ ਭੁੱਕੀ ਲਈ ਵੀ ਹੈ। ਪੁੱਛਿਆ ਜਾ ਸਕਦਾ ਹੈ ਕਿ ਪੰਜਾਬ ਵਿਚ ਤਾਂ ਪੋਸਤ ਦੀ ਖੇਤੀ ਹੀ ਨਹੀਂ ਹੁੰਦੀ, ਫਿਰ ਸਟੋਰਾਂ ਦੀ ਘਾਟ ਕਿਵੇਂ ਪੈਦਾ ਹੋ ਗਈ। ਦਰਅਸਲ, ਇਹੋ ਇਸ ਸਥਿਤੀ ਦਾ ਗੰਭੀਰ ਪਹਿਲੂ ਹੈ। ਅਸਲ ਗੱਲ ਇਹ ਹੈ ਕਿ ਤਸਕਰਾਂ ਕੋਲੋਂ ਅਫ਼ੀਮ ਭੁੱਕੀ ਆਦਿਕ ਨਸ਼ੇ ਇੰਨੀ ਭਾਰੀ ਮਾਤਰਾ ਵਿਚ ਫੜੇ ਜਾ ਰਹੇ ਹਨ ਕਿ ਠਾਣਿਆਂ ਦੇ ਸਟੋਰ ਇਨ੍ਹਾਂ ਨਾਲ ਤੂੜੇ ਪਏ ਹਨ। ਜ਼ਿਕਰਯੋਗ ਹੈ ਕਿ ਫੜੇ ਗਏ ਨਸ਼ੇ ਕੁੱਲ ਨਸ਼ਿਆਂ ਦਾ ਕੁੱਝ ਕੁ ਹਿੱਸਾ ਹੀ ਹੁੰਦੇ ਹਨ ਤੇ ਇਸ ਤੋਂ ਅਸੀਂ ਸਹਿਜੇ ਹੀ ਅੰਦਾਜ਼ਾ ਲਗਾ ਸਕਦੇ ਹਾਂ ਕਿ ਨਸ਼ਿਆਂ ਦੀ ਖਪਤ ਕਿੰਨੀ ਵੱਡੀ ਮਾਤਰਾ ਵਿਚ ਹੋ ਰਹੀ ਹੋਵੇਗੀ। ਤਸਕਰਾਂ ਕੋਲੋਂ ਬਰਾਮਦ ਨਸ਼ੇ ਕਿਉਂਕਿ ਕੇਸ ਪ੍ਰਾਪਟੀ ਹੁੰਦੇ ਹਨ, ਇਸ ਲਈ ਇਨ੍ਹਾਂ ਨੂੰ ਕੇਸ ਦੇ ਨਿਪਟਾਰੇ ਤਕ ਸਬੂਤ ਵਜੋਂ ਸੁਰੱਖਿਅਤ ਰੱਖਣਾ ਹੁੰਦਾ ਹੈ, ਜਿਸ ਖਾਤਰ ਠਾਣਿਆਂ ਵਿਚ ਵਿਸ਼ੇਸ਼ ਸਟੋਰ ਬਣਾਏ ਜਾਂਦੇ ਹਨ। ਕੇਸ ਦਾ ਨਿਪਟਾਰੇ ਮਗਰੋਂ ਨਸ਼ਿਆਂ ਨੂੰ ਜਲਾਇਆ ਜਾ ਸਕਦਾ ਹੈ ਪ੍ਰੰਤੂ ਠਾਣਿਆਂ ਵਾਲਿਆਂ ਨੂੰ ਨਸ਼ਿਆਂ ਨਾਲ ਡਾਢਾ ਮੋਹ ਜਾਪਦਾ ਹੈ। ਜਿਨ੍ਹਾਂ ਕੇਸਾਂ ਦੇ ਨਿਪਟਾਰੇ ਹੋ ਚੁੱਕੇ ਹੁੰਦੇ ਹਨ ਉਨ੍ਹਾਂ ਨਾਲ ਸਬੰਧਿਤ ਨਸ਼ੇ ਵੀ ਠਾਣੇ ਦੇ ਗੁਦਾਮ ਦਾ ਸ਼ਿੰਗਾਰ ਬਣੇ ਰਹਿੰਦੇ ਹਨ। ਠਾਣਿਆਂ ਦੇ ਅਫ਼ੀਮ ਭੁੱਕੀ ਸਟੋਰ ਇੰਜ ਹੀ ਤੂੜੇ ਜਾਂਦੇ ਰਹੇ ਤਾਂ ਸਰਕਾਰ ਨੂੰ ਨਵੇਂ ਸਟੋਰ ਉਸਾਰਨੇ ਪੈ ਸਕਦੇ ਹਨ, ਜਿਸ ਲਈ ਖ਼ਜ਼ਾਨੇ 'ਤੇ ਨਵਾਂ ਬੋਝ ਪੈ ਸਕਦਾ ਹੈ, ਖ਼ਜ਼ਾਨਾ ਜੋ ਲੋਕਾਂ ਦੀ ਕਮਾਈ ਨਾਲ ਭਰਦਾ ਹੈ। ਇੰਜ ਅਮਲੀਆਂ ਦੀ ਲੋਰ, ਲੋਕਾਂ ਸਿਰ ਵਿੱਤੀ ਬੋਝ ਬਣ ਸਕਦੀ ਹੈ।

## ਮੈਂ ਤਾਂ ਹੰਭ ਗਿਆ

ਬਾਬੂ ਕਰਨੈਲ ਸਿੰਘ ਪਾਰਸ ਸੌ ਵਰ੍ਹਿਆਂ ਦੀ ਉਮਰ ਨੂੰ ਢੁਕ ਕੇ ਵੀ ਹੰਭਿਆ ਨਹੀਂ ਸੀ, ਹੰਭਿਆ ਵੀ ਹੋਊ ਤਾਂ ਉਹਨੇ ਕਦੇ ਮੂੰਹੋਂ ਨਹੀਂ ਸੀ ਕਿਹਾ ਕਿ ਮੈਂ ਤਾਂ ਹੰਭ ਗਿਆ ਤਾਂ ਫਿਰ ਇਹ ਗੱਲ ਉਸ ਦੇ



ਸਿਆਸਤਦਾਨ ਪੁੱਤਰ ਬਲਵੰਤ ਸਿੰਘ ਰਾਮੂਵਾਲੀਏ ਨੇ ਕਿਵੇਂ ਕਹਿ ਦਿਤੀ! ਦਰਅਸਲ ਗੱਲਬਾਤ ਦਾ ਸੰਦਰਭ ਹੀ ਕੁੱਝ ਅਜਿਹਾ ਸੀ ਕਿ ਰਾਮੂਵਾਲੀਏ ਨੇ ਜੋ ਕਿਹਾ ਸ਼ਾਇਦ ਠੀਕ ਹੀ ਕਿਹਾ। ਸੰਦਰਭ ਸੀ, ਤੀਜੇ ਮੋਰਚੇ ਦੇ ਗਠਨ ਦਾ ਤੇ ਰਾਮੂਵਾਲੀਏ ਨੇ ਕਿਹਾ ਕਿ ਮੈਂ ਤਾਂ ਇਹ (ਤੀਜਾ) ਮੋਰਚਾ ਬਣਾਉਂਦਾ ਬਣਾਉਂਦਾ ਹੰਭ ਗਿਆ, ਕੁੱਝ ਨਹੀਂ ਬਣਦਾ। ਪੰਜਾਬ ਵਿਚ ਤੀਜੇ ਮੋਰਚੇ ਦਾ ਹਾਸਲ ਕੁੱਝ ਅਜਿਹਾ ਹੀ ਰਿਹਾ ਹੈ। ਤੀਜਾ ਮੋਰਚਾ ਲਗਭਗ ਪਿਛਲੇ ਦੋ ਢਾਈ ਦਹਾਕਿਆਂ ਤੋਂ ਹਰ ਵਿਧਾਨ ਸਭਾ ਚੋਣ ਸਮੇਂ ਬਣਦਾ ਰਿਹਾ ਹੈ, ਪ੍ਰੰਤੂ ਤੀਜੇ ਮੋਰਚੇ ਨੂੰ ਕਦੇ ਕੋਈ ਜ਼ਿਕਰਯੋਗ ਸਫ਼ਲਤਾ ਹਾਸਲ ਨਹੀਂ ਹੋਈ। ਤੀਜੇ ਮੋਰਚੇ ਵਿਚ ਸ਼ਾਮਲ ਹੁੰਦੀਆਂ ਪਾਰਟੀਆਂ ਦੀ ਜਨਤਕ ਸਰਗਰਮੀ ਦੂਸਰੀਆਂ ਦੋਵੇਂ ਧਿਰਾਂ ਦੇ ਮੁਕਾਬਲੇ ਕੋਈ ਘੱਟ ਵੀ ਨਹੀਂ, ਨਜ਼ਰੀਆ ਵੀ ਲੋਕ ਪੱਖੀ ਤੇ ਜਮਹੂਰੀ ਹੈ ਪਰ ਫਿਰ ਵੀ ਵਿਧਾਨ ਸਭਾ ਵਿਚ ਇਨ੍ਹਾਂ ਦੀ ਪ੍ਰਤੀਨਿਧਤਾ ਘਟਦੀ ਘਟਦੀ ਸਿਫ਼ਰ ਤਕ ਜਾ ਪਹੁੰਚੀ ਹੈ। ਇਕ ਕਾਰਨ ਤਾਂ ਸਪੱਸ਼ਟ ਹੈ ਕਿ ਹੁਣ ਚੋਣਾਂ ਵਿਚ ਧਨ ਦਾ ਬੋਲਬਾਲਾ ਹੈ ਤੇ ਚੋਣਾਂ ਗੰਭੀਰਤਾ ਦੀ ਥਾਂ ਗਲੈਮਰ ਨਾਲ ਵਧੇਰੇ ਜਿੱਤੀਆਂ ਜਾਂਦੀਆਂ ਹਨ। ਤੀਜੀਆਂ ਧਿਰਾਂ ਕੋਲ ਧਨ ਨਹੀਂ ਹੈ ਜਾਂ ਮੁਕਾਬਲਤਨ ਬਹੁਤ ਥੋੜਾ ਹੈ। ਸੋ, ਫ਼ੌਰੀ ਤੌਰ 'ਤੇ ਤੀਜੀਆਂ ਧਿਰਾਂ ਨੂੰ ਧਨ ਤੇ ਗਲੈਮਰ ਦੀ ਚੁਣੌਤੀ ਕਬੂਲ ਕਰਨੀ ਚਾਹੀਦੀ ਹੈ, ਹੰਭਲਾ ਮਾਰਨਾ ਚਾਹੀਦਾ ਹੈ, ਹੰਭਣਾ ਨਹੀਂ ਚਾਹੀਦਾ। ਇਸ ਸਮੇਂ ਤਾਂ ਬਲਵੰਤ ਸਿੰਘ ਰਾਮੂਵਾਲੀਆ ਨੂੰ ਤੀਜੀ ਧਿਰ ਦੀਆਂ ਸਾਰੀਆਂ ਹਮਖਿਆਲ ਪਾਰਟੀਆਂ ਦੀਆਂ ਕਾਨਫ਼ਰੰਸਾਂ ਸੰਚਾਲਿਤ ਕਰਨੀਆਂ ਚਾਹੀਦੀਆਂ ਹਨ। ਤੀਜੀ ਧਿਰ ਦੀਆਂ ਪਾਰਟੀਆਂ ਲਈ ਸਿਆਸੀ ਹਾਲਾਤ ਹੀ ਕੁੱਝ ਇਸ ਤਰ੍ਹਾਂ ਦੇ ਬਣ ਗਏ ਹਨ ਕਿ ਤੀਜੇ ਮੋਰਚੇ ਦੇ ਗਠਨ ਬਿਨ ਗੁਜ਼ਾਰਾ ਵੀ ਨਹੀਂ।

## ਆਪਣਾ ਦਾਮਨ

ਪਿਛਲੇ ਸਾਲ ਪੰਜਾਬ ਸਰਕਾਰ ਵਿਚ ਦੋਵਾਂ ਭਾਈਵਾਲ ਪਾਰਟੀਆਂ ਵਲੋਂ ਭ੍ਰਿਸ਼ਟਾਚਾਰ ਵਿਰੁਧ ਜ਼ਿਲ੍ਹਾ ਪੱਧਰੀ ਪ੍ਰਦਰਸ਼ਨ ਕੀਤੇ ਗਏ। ਦ੍ਰਿਸ਼ ਬੜੇ ਅਜੀਬ ਜਿਹੇ ਸਨ। ਇਨ੍ਹਾਂ ਪ੍ਰਦਰਸ਼ਨਾਂ ਦੀ ਅਗਵਾਈ ਕਰਨ ਵਾਲਿਆਂ ਵਿਚੋਂ ਬਹੁਤੇ ਆਗੂ ਉਹ ਸਨ ਜਿਨ੍ਹਾਂ ਨੇ ਭ੍ਰਿਸ਼ਟਾਚਾਰ ਦੇ ਮਾਮਲਿਆਂ ਵਿਚ ਅਦਾਲਤੀ ਕੇਸ ਭੁਗਤੇ ਹਨ ਜਾਂ ਜਿਨ੍ਹਾਂ 'ਤੇ ਅਦਾਲਤਾਂ 'ਚ ਕੇਸ ਚਲ ਰਹੇ ਹਨ। ਕੁੱਝ ਭਾਜਪਾ ਆਗੂਆਂ 'ਤੇ ਤਾਂ ਹੁਣੇ ਜਿਹੇ ਹੀ ਸੀ.ਬੀ.ਆਈ. ਵਲੋਂ ਸ਼ਿਕੰਜਾ ਕੱਸਿਆ ਗਿਆ ਸੀ। ਇਕ ਅਕਾਲੀ ਪਾਰਲੀਮਾਨੀ ਸਕੱਤਰ ਨੂੰ ਭ੍ਰਿਸ਼ਟਾਚਾਰ ਦੇ ਮਾਮਲੇ ਵਿਚ ਅਦਾਲਤ ਵਲੋਂ ਬਕਾਇਦਾ ਸਜ਼ਾ ਵੀ ਸੁਣਾਈ ਜਾ ਚੁੱਕੀ ਹੈ। ਪੰਜਾਬ ਦੀ ਸਰਕਾਰੀ ਮਸ਼ੀਨਰੀ ਵਿਚ ਫੈਲਿਆ ਹੋਇਆ ਭ੍ਰਿਸ਼ਟਾਚਾਰ ਵੀ ਕੋਈ ਲੁਕਿਆ ਛਿਪਿਆ ਨਹੀਂ। ਲੋਕ ਭਲਾਈ ਦੇ ਫ਼ੰਡ ਖੁਰਦ ਬੁਰਦ ਹੋ ਰਹੇ ਹਨ। ਜ਼ਿਲ੍ਹਾ ਪੱਧਰ 'ਤੇ ਭਲਾਈ ਫ਼ੰਡਾਂ ਲਈ ਰਾਖਵੀਆਂ ਰਕਮਾਂ ਜਾਅਲੀ ਦਸਤਾਵੇਜ਼ਾਂ ਨਾਲ ਉਡਾ ਲੈ ਜਾਣ ਵਾਲੇ ਅਧਿਕਾਰੀਆਂ ਤੇ ਅਫ਼ਸਰਾਂ ਵਿਰੁੱਧ ਕੋਈ ਕਾਰਵਾਈ ਨਹੀਂ ਹੋਈ ਹੈ। ਇਹ ਸੂਬਾਈ ਪੱਧਰ ਦਾ ਭ੍ਰਿਸ਼ਟਾਚਾਰ ਇੰਨਾ ਉਘੜਦਾ ਹੈ ਕਿ ਹੁਕਮਰਾਨ ਗਠਜੋੜ ਦੇ ਇਕ ਵਿਧਾਇਕ ਸੰਤ ਅਜੀਤ ਸਿੰਘ ਨੂੰ ਵੀ ਜਨਤਕ ਤੌਰ 'ਤੇ ਇਹ ਕਹਿਣਾ ਪਿਆ ਹੈ ਕਿ ਪੰਜਾਬ ਸਰਕਾਰ ਭ੍ਰਿਸ਼ਟਾਚਾਰ ਰੋਕਣ ਵਿਚ ਅਸਫ਼ਲ ਰਹੀ ਹੈ। ਦਿਲਚਸਪ ਗੱਲ ਇਹ ਕਿ ਵਿਧਾਇਕ ਨੇ ਇਹ ਗੱਲ ਭ੍ਰਿਸ਼ਟਾਚਾਰ ਵਿਰੁਧ ਸੂਬਾਈ ਸਰਕਾਰ ਦੇ ਧਰਨਾ ਪ੍ਰਦਰਸ਼ਨ ਦੇ ਮੌਕੇ 'ਤੇ ਹੀ ਕਹੀ। ਇਨ੍ਹਾਂ ਧਰਨਾ



ਪ੍ਰਦਰਸ਼ਨਾਂ ਬਾਰੇ ਕੈਪਟਨ ਅਮਰਿੰਦਰ ਸਿੰਘ ਨੇ ਟਿਪਣੀ ਕਰਦਿਆਂ ਤਨਜ਼ੀਆ ਲਹਿਜੇ ਵਿਚ ਕਿਹਾ ਕਿ ਇਹ ਤਾਂ ਇਉਂ ਹੈ ਜਿਵੇਂ ਅਲਕਾਇਦਾ ਦਹਿਸ਼ਤਵਾਦ ਵਿਰੁਧ ਰੋਸ ਪ੍ਰਦਰਸ਼ਨ ਕਰੇ। ਦਰਅਸਲ, ਕੇਂਦਰ ਸਰਕਾਰ ਦੇ ਭ੍ਰਿਸ਼ਟਾਚਾਰ ਨੂੰ ਮੁੱਦਾ ਬਣਾ ਕੇ ਕੇਰਲ ਵਿਚ ਖੱਬਾ ਮੋਰਚਾ ਕਾਂਗਰਸੀ ਅਗਵਾਈ ਵਾਲੇ ਸਾਂਝੇ ਮੋਰਚੇ ਨੂੰ ਤਕੜੀ ਟੱਕਰ ਦੇਣ 'ਚ ਸਫ਼ਲ ਰਿਹਾ, ਅਕਾਲੀ ਦਲ (ਬ) ਨੇ ਖੱਬੇ ਮੋਰਚੇ ਦੀ ਰੀਸੇ ਇਹ ਕਦਮ ਉਠਾਇਆ ਜਾਪਦਾ ਹੈ, ਕਦਮ ਤਾਂ ਠੀਕ ਹੈ ਪਰ ਪਹਿਲਾਂ ਆਪਣਾ ਦਾਮਨ ਤਾਂ ਪਾਕ ਹੋਵੇ।

## ਅਧਿਕਾਰੀ ਤੇ ਅਕਸ

ਜਿਸ ਸਰਕਾਰ ਦੇ ਉੱਚ ਪ੍ਰਸ਼ਾਸਨਿਕ ਅਧਿਕਾਰੀ ਹੀ ਸਰਕਾਰੀ ਫੈਸਲਿਆਂ ਤੇ ਨਿਯਮਾਂ ਦੀਆਂ ਸ਼ਰ੍ਹੇਆਮ ਧੱਜੀਆਂ ਉਡਾਉਂਦੇ ਹੋਣ ਉਸ ਸਰਕਾਰ ਦਾ ਪ੍ਰਸ਼ਾਸਨ ਕਿਹੋ ਜਿਹਾ ਹੋਵੇਗਾ, ਅਸੀਂ ਸਹਿਜੇ ਹੀ ਅੰਦਾਜ਼ਾ ਲਗਾ ਸਕਦੇ ਹਾਂ। ਅਧਿਕਾਰੀ ਵੀ ਇਕ -ਦੋ ਨਹੀਂ, ਸਗੋਂ ਪੂਰੇ 36, ਜੀ ਹਾਂ, ਪੰਜਾਬ ਦੇ 36 ਆਈ.ਏ.ਐਸ. ਰੈਂਕ ਦੇ ਉੱਚ ਅਧਿਕਾਰੀਆਂ ਨੇ ਅਪਣੀ ਚੱਲ ਤੇ ਅਚੱਲ ਸੰਪਤੀ ਦਾ ਵੇਰਵਾ ਸਰਕਾਰ ਨੂੰ ਨਹੀਂ ਦਿਤਾ ਅਰਥਾਤ ਸਰਕਾਰ ਤੋਂ ਲੁਕੋ ਰੱਖਿਆ ਹੈ। ਸਰਕਾਰੀ ਨੇਮਾਂ ਅਨੁਸਾਰ ਅਧਿਕਾਰੀਆਂ ਨੇ ਇਹ ਵੇਰਵੇ ਹਰ ਵਰ੍ਹੇ ਸਰਕਾਰ ਨੂੰ ਦੇਣੇ ਹੁੰਦੇ ਹਨ। ਜਿਨ੍ਹਾਂ ਅਧਿਕਾਰੀਆਂ ਨੇ ਆਪਣੀਆਂ ਸੰਪਤੀਆਂ ਦੇ ਵੇਰਵੇ ਨਹੀਂ ਦਿਤੇ ਹਨ, ਉਨ੍ਹਾਂ ਵਿਚੋਂ ਕਈ ਸਿਰ ਕੱਢਵੇਂ ਹਨ ਤੇ ਸੂਬੇ ਦੇ ਪ੍ਰਸ਼ਾਸਨ ਉਪਰ ਉਨ੍ਹਾਂ ਦੀ ਚੰਗੀ ਪਕੜ ਸਮਝੀ ਜਾਂਦੀ ਹੈ। ਕਈ ਅਧਿਕਾਰੀ ਤਾਂ ਮੁੱਖ ਮੰਤਰੀ ਦੀ ਕਰੀਬੀ ਟੀਮ ਦਾ ਵੀ ਹਿੱਸਾ ਹਨ। ਇਥੋਂ ਤਕ ਕਿ ਕਈਆਂ ਦਾ 'ਅਕਸ' ਵੀ ਸਾਫ਼ ਸੁਥਰਾ ਗਰਦਾਨਿਆ ਜਾਂਦਾ ਹੈ। 'ਅਕਸ' 'ਸਾਫ਼ ਸੁਥਰਾ' ਤੇ ਨੇਮ ਪਾਲਣ ਦੇ ਮਾਮਲੇ 'ਚ ਕੋਤਾਹੀ, ਇਹ ਦੋਵੇਂ ਗੱਲਾਂ ਇਕੋ ਵੇਲੇ ਸੰਭਵ ਤਾਂ ਨਹੀਂ। ਕਹਿਣ ਤੋਂ ਭਾਵ ਇਹ ਹੈ ਕਿ ਜੇਕਰ ਨੇਮਾਂ ਦੀ ਉਲੰਘਣਾ ਕਰਨ ਵਾਲੇ ਉੱਚ ਅਧਿਕਾਰੀ ਸਾਫ਼ ਸੁਥਰੇ ਅਕਸ ਵਾਲੇ ਅਖਵਾਉਂਦੇ ਹਨ ਤਾਂ ਫਿਰ ਖਰਾਬ ਅਕਸ ਵਾਲੇ ਕਿਹੋ ਜਿਹੇ ਹੁੰਦੇ ਹੋਣਗੇ? ਖੈਰ, ਅਫ਼ਸਰਸ਼ਾਹੀ ਵਿਚ ਬੜਾ ਕੁੱਝ ਚਲ ਰਿਹਾ ਹੈ। ਜਿਨ੍ਹਾਂ ਉਚ ਅਧਿਕਾਰੀਆਂ ਨੇ ਆਪਣੀਆਂ ਸੰਪਤੀਆਂ ਦੇ ਵੇਰਵੇ ਨਸ਼ਰ ਨਹੀਂ ਕੀਤੇ ਉਨ੍ਹਾਂ ਵਿਚ ਇਹ ਵੀ ਸ਼ਾਮਲ ਹਨ, ਦਰਬਾਰਾ ਸਿੰਘ ਗੁਰੂ, ਡੀ.ਐਸ.ਪੀ. ਜਸਪਾਲ, ਐਸ.ਐਸ. ਚੰਨੀ, ਐਸ.ਆਰ. ਲੱਧੜ, ਇੰਦਰਜੀਤ ਸਿੰਘ ਸੰਧੂ, ਸੁਖਜੀਤ ਸਿੰਘ ਬੈਂਸ, ਗੁਰਦੇਵ ਸਿੰਘ ਸੰਧੂ, ਕੁਮਾਰ ਰਾਹੁਲ, ਮਨਦੀਪ ਸਿੰਘ ਤੇ ਵੀ.ਕੇ. ਸਿੰਘ।

## ਛੇਕੜਲੀ ਗੱਲ

ਸੁਣਨ ਵਿਚ ਆਇਆ ਹੈ ਕਿ ਜਿਨ੍ਹਾਂ ਪੱਛਮੀ ਮੁਲਕਾਂ 'ਚ ਮੌਸਮ ਦੀ ਅਨਿਸ਼ਚਤਤਾ ਬਣੀ ਰਹਿੰਦੀ ਹੈ, ਉਨ੍ਹਾਂ ਮੁਲਕਾਂ ਦੇ ਫ਼ੈਕਟਰੀ ਕਾਮੇ ਸੰਘਣੀ ਧੁੰਦ ਪੈਣ ਜਾਂ ਭਾਰੀ ਬਰਫ਼ਵਾਰੀ ਕਾਰਨ ਕੰਮ ਤੋਂ ਲੇਟ ਹੋ ਜਾਂਦੇ ਹਨ। ਫ਼ੈਕਟਰੀ ਵਿਚ ਪ੍ਰਵੇਸ਼ ਸਮੇਂ ਗੇਟ ਉਪਰ ਪਏ ਰਜਿਸਟਰ 'ਤੇ ਆਪਣੀ ਹਾਜ਼ਰੀ ਲਗਾਉਣ ਲੱਗਿਆਂ ਗੈਰ ਹਾਜ਼ਰੀ ਦੇ ਕਾਰਨ ਵਾਲਾ ਇੰਦਰਾਜ ਵੀ ਭਰਨਾ ਹੁੰਦਾ ਹੈ। ਆਮ ਕਰ ਕੇ ਲੇਟ ਆਉਣ ਵਾਲਾ ਪਹਿਲਾ ਕਾਮਾ ਕੋਈ ਅਜਿਹਾ ਕਾਰਨ ਭਰ ਦਿੰਦਾ ਹੈ, ਜਿਵੇਂ ਕਿ 'ਸੰਘਣੀ ਧੁੰਦ ਕਾਰਨ', 'ਤੇਜ਼ ਬਰਫ਼ਬਾਰੀ ਕਾਰਨ' ਤੇ ਬਾਅਦ ਵਿਚ ਲੇਟ ਆਉਣ ਵਾਲੇ ਕਾਮੇ ਬਸ ਹੇਠਾਂ ਡੂ (ਦਰ) ਡੂ ਲਿਖਦੇ ਜਾਂਦੇ ਹਨ। ਪ੍ਰੰਤੂ ਇਕ ਵਾਰ ਇਕ ਕਾਮੇ ਨੇ ਇੰਦਰਾਜ ਭਰਦਿਆਂ ਲਿਖਿਆ, 'ਰਾਤੀਂ ਮੇਰੀ ਪਤਨੀ ਨੇ ਜੌੜਿਆਂ ਨੂੰ ਜਨਮ ਦਿਤਾ।' ਬਾਅਦ ਵਿਚ ਆਉਣ ਵਾਲੇ ਸਾਰੇ ਕਾਮਿਆਂ ਨੇ ਹੇਠਾਂ ਡੂ-ਡੂ ਭਰ ਦਿਤਾ। ਇਹ ਡੂ-ਡੂ ਕਲਚਰ ਹੁਣ ਆਮ ਵਰਤਾਰਾ ਬਣ ਗਿਆ ਹੈ। ਸੋਚਣ ਸਮਝਣ ਤੇ ਗੌਰ ਕਰਨ ਦੀ ਥਾਂ ਡੂ-ਡੂ ਕਰਨਾ/ਲਿਖਣਾ ਸੁਵਿਧਾਜਨਕ ਹੋਣ ਕਰਕੇ ਆਮ ਹੋ ਗਿਆ ਹੈ। ਉਂਝ ਹੈ ਇਹ ਸਾਡੀ ਕਮਜ਼ੋਰੀ। ਸਾਡੀ ਇਸ ਕਮਜ਼ੋਰੀ ਦਾ ਲਾਭ ਉਠਾ ਕੇ ਪੇਸ਼ਾਵਰ ਪਬਲਿਕ ਅਪੀਨੀਅਨ ਮੇਕਰਜ਼ ਨੇ ਆਪਣੀ ਚੰਗੀ ਪੈਂਠ ਬਣਾ ਰੱਖੀ ਹੈ। ਉਹ ਮੀਡੀਆ ਵਿਚ ਕੋਈ 'ਰਾਇ' ਰੱਖ ਦਿੰਦੇ ਹਨ ਤੇ ਇਸ ਰਾਇ ਨੂੰ ਜ਼ਰਾ ਵੀ ਵਿਚਾਰ ਬਗੈਰ ਆਮ ਲੋਕ ਮਗਰੇ ਡੂ-ਡੂ ਕਰਨ ਲਗਦੇ ਹਨ।

## ਕੈਪਟਨ ਅਤੇ ਚਰਕ ਵਿਚਾਲੇ ਵਧੇ ਮਤਭੇਦ

### ਦੋਵੇਂ ਆਪਣੇ ਆਪਣੇ ਢੰਗ ਨਾਲ ਚਲਾ ਰਹੇ ਹਨ ਪੀ.ਪੀ.ਸੀ.ਸੀ.

ਚੰਡੀਗੜ੍ਹ (ਨਦਬ) ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਵਿਚ ਸੂਬਾ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਅਤੇ ਸੂਬਾ ਇੰਚਾਰਜ ਗੁਲਚੈਨ ਸਿੰਘ ਚਰਕ ਵਿਚਾਲੇ ਵੱਖ ਵੱਖ ਮੁੱਦਿਆਂ 'ਤੇ ਮਤਭੇਦ ਵਧਣ ਲੱਗੇ ਹਨ।

ਇਹ ਸਭ ਕੁਝ ਅਜਿਹੇ ਸਮੇਂ ਹੋ ਰਿਹਾ ਹੈ ਜਦੋਂ ਛੇ ਮਹੀਨੇ ਬਾਅਦ ਸੂਬੇ ਵਿਚ ਵਿਧਾਨ ਸਭਾ ਚੋਣਾਂ ਨੂੰ ਲੈ ਕੇ ਪਾਰਟੀ ਸੱਤਾਧਾਰੀ ਗਠਜੋੜ ਨਾਲ ਸਖ਼ਤ ਮੁਕਾਬਲੇ ਦੀ ਤਿਆਰੀ ਕਰ ਰਹੀ ਹੈ। ਕੈਪਟਨ ਅਤੇ ਚਰਕ ਵਿਚਾਲੇ ਪਹਿਲਾ ਵਿਵਾਦ ਉਸ ਸਮੇਂ ਸਾਹਮਣੇ ਆਇਆ ਸੀ ਜਦੋਂ ਵਿਧਾਇਕ ਸੁਰਿੰਦਰ ਪਾਲ ਸਿੰਘ ਸੀਬੀਆ ਅਤੇ ਸੁਖਪਾਲ ਸਿੰਘ ਖਹਿਰਾ ਦੀ ਬਿਆਨਬਾਜ਼ੀ 'ਤੇ ਇਤਰਾਜ਼ ਕਰਦੇ ਹੋਏ ਚਰਕ ਨੇ ਪੀ.ਪੀ.ਸੀ.ਸੀ. ਨੂੰ ਦੋਵਾਂ ਖਿਲਾਫ਼ ਨੋਟਿਸ ਜਾਰੀ ਕਰਨ ਲਈ ਲਿਖਿਆ ਸੀ। ਇਸ ਮਗਰੋਂ ਦੋਵੇਂ ਵਿਧਾਇਕਾਂ ਨੇ ਚਰਕ ਨਾਲ ਮੁਲਾਕਾਤ ਕਰ ਕੇ ਆਪਣਾ ਪਖ ਰੱਖਿਆ ਤਾਂ ਉਨ੍ਹਾਂ ਨੇ ਦੋਵਾਂ ਨੂੰ ਕਲੀਨ ਚਿੱਟ ਦਿੰਦੇ ਹੋਏ ਕਿਹਾ ਕਿ ਮਾਮਲਾ ਖ਼ਤਮ ਹੋ ਗਿਆ ਹੈ। ਇਸੇ ਦੌਰਾਨ ਕੈਪਟਨ ਅਮਰਿੰਦਰ ਸਿੰਘ ਨੇ ਦੋਵਾਂ ਵਿਧਾਇਕਾਂ ਦੇ ਮੁੱਦੇ 'ਤੇ ਬਿਆਨ ਜਾਰੀ ਕਰ ਕੇ ਵਿਵਾਦ ਭਖਾ ਦਿੱਤਾ ਕਿ ਦੋਵਾਂ ਨੇ ਲਿਖਤੀ ਤੌਰ 'ਤੇ ਮੁਆਫ਼ੀ ਮੰਗ ਲਈ ਹੈ। ਇਸ 'ਤੇ ਦੋਵੇਂ ਵਿਧਾਇਕਾਂ ਨੇ ਇਤਰ-ਾਜ਼ ਕਰਦੇ ਹੋਏ ਸਪਸ਼ਟ ਕੀਤਾ ਕਿ ਉਨ੍ਹਾਂ ਨੇ ਕੋਈ ਮੁਆਫ਼ੀ ਨਹੀਂ ਮੰਗੀ।

ਹੁਣ, ਸੂਬੇ ਦੀ ਸਿਆਸਤ ਵਿਚ ਤੂਫ਼ਾਨ ਦਾ ਰੂਪ ਲੈ ਰਹੇ ਦਵਿੰਦਰ ਪਾਲ ਸਿੰਘ ਭੁੱਲਰ ਦੀ ਫਾਂਸੀ ਦੀ ਸਜ਼ਾ ਦੇ ਮਾਮਲੇ ਨੇ ਇਕ ਵਾਰ ਫੇਰ ਚਰਕ ਅਤੇ ਕੇਪਟਨ ਨੂੰ ਆਹਮਣੇ-ਸਾਹਮਣੇ ਲਿਆ ਦਿੱਤਾ ਹੈ। ਇਸ ਮੁੱਦੇ 'ਤੇ ਦੋਵਾਂ ਆਗੂਆਂ ਦੇ ਬਿਆਨ ਬਿਲਕੁਲ ਉਲਟ ਹਨ। ਚਰਕ ਦੀ ਦਲੀਲ ਹੈ ਕਿ ਇਸ ਮਾਮਲੇ ਵਿਚ ਕਾਨੂੰਨ ਆਪਣਾ ਕੰਮ ਕਰ ਰਿਹਾ ਹੈ ਜਦਕਿ ਕੈਪਟਨ ਦਾ ਮੰਨਣਾ ਹੈ ਕਿ ਫਾਂਸੀ ਦੀ ਸਜ਼ਾ ਨੂੰ ਉਮਰ ਕੈਦ ਵਿਚ ਬਦਲਿਆ ਜਾਣਾ ਚਾਹੀਦਾ ਹੈ।

ਦੋਵਾਂ ਆਗੂਆਂ ਵਿਚ ਵਿਰੋਧੀ ਬਿਆਨਬਾਜ਼ੀ ਕੇਂਦਰੀ ਗ੍ਰਹਿ ਮੰਤਰੀ ਪੀ. ਚਿਦੰਬਰਮ ਦੇ ਉਸ ਬਿਆਨ ਨੂੰ ਲੈ ਕੇ ਵੀ ਸ਼ੁਰੂ ਹੋਈ ਹੈ, ਜਿਸ ਵਿਚ ਚਿਦੰਬਰਮ ਨੇ ਸਿੱਖਾਂ ਨੂੰ 1984 ਦੇ ਕਤਲੇਆਮ ਨੂੰ ਭੁਲਾ ਦੇਣ ਦੀ ਅਪੀਲ ਕੀਤੀ ਸੀ। ਕੈਪਟਨ ਨੇ ਚਿਦੰਬਰਮ ਦੇ ਬਿਆਨ 'ਤੇ ਅਸਹਿਮਤੀ ਜ਼ਾਹਰ ਕਰਦਿਆਂ ਕਿਹਾ ਕਿ ਕਤਲੇਆਮ ਨੂੰ ਭੁਲਾਇਆ ਨਹੀਂ ਜਾ ਸਕਦਾ ਜਦਕਿ ਚਰਕ ਨੇ ਕੇਂਦਰੀ ਗ੍ਰਹਿ ਮੰਤਰੀ ਦੇ ਬਿਆਨ 'ਤੇ ਸਹਿਮਤੀ ਪ੍ਰਗਟਾਈ।

# ਨਾਪਾ ਪ੍ਰਧਾਨ ਤੇ ਪੱਤਰਕਾਰ ਚਾਹਲ ਨੂੰ ਧਮਕੀ

## ਪੁਲਿਸ ਵਲੋਂ ਦੋਸ਼ੀ ਤੱਕ ਜਲਦ ਪਹੁੰਚਣ ਦਾ ਭਰੋਸਾ


ਤਫਤੀਸ਼ੀ ਪੁਲੀਸ ਅਧਿਕਾਰੀ ਮਿਸਟਰ ਮਾਰਕ ਡੋਇਲੀ ਸਤਨਾਮ ਸਿੰਘ ਚਾਹਲ ਨਾਲ ਉਨ੍ਹਾਂ ਦੇ ਦਫਤਰ ਵਿਚ ਇਸ ਸ਼ੱਕੀ ਧਮਕੀ ਪੱਤਰ ਬਾਰੇ ਵਿਚਾਰ ਵਟਾਂਦਰਾ ਕਰਦੇ ਹੋਏ

ਮਿਲਪੀਟਸ (ਕੈਲੀਫੋਰਨੀਆ), (ਨਦਬ) : ਨਾਰਥ ਅਮਰੀਕਨ ਪੰਜਾਬੀ ਐਸੋਸੀਏਸ਼ਨ ਦੇ ਪ੍ਰਧਾਨ ਸਤਨਾਮ ਸਿੰਘ ਚਾਹਲ ਨੇ ਇੱਥੇ ਜਾਰੀ ਬਿਆਨ ਵਿਚ ਕਿਹਾ ਹੈ, 'ਜੇਕਰ ਕੋਈ ਮੇਰੇ 'ਤੇ ਹਮਲਾ ਕਰਕੇ ਮੇਰਾ ਜਾਨੀ ਤੇ ਮਾਲੀ ਨੁਕਸਾਨ ਕਰਦਾ ਹੈ ਤਾਂ ਉਸਦੀ ਜ਼ਿੰਮੇਵਾਰੀ ਜਿੱਥੇ ਪੰਜਾਬ ਪੁਲਿਸ ਦੇ ਉਨ੍ਹਾਂ ਅਧਿਕਾਰੀਆਂ ਦੀ ਹੋਵੇਗੀ, ਜਿਨ੍ਹਾਂ ਬਾਬਤ ਅਸੀਂ ਪਰਵਾਸੀ ਪੰਜਾਬੀਆਂ ਦੀਆਂ ਜ਼ਮੀਨਾਂ-ਜਾਇਦਾਦਾਂ ਉਪਰ ਕਬਜ਼ਾ ਕਰਨ ਵਾਲਿਆਂ ਨੂੰ ਸਹਾਇਤਾ ਦੇਣ ਵਾਲੇ ਪੁਲਿਸ ਅਫਸਰਾਂ ਸਬੰਧੀ ਪੰਜਾਬ ਦੇ ਮੁੱਖ ਮੰਤਰੀ ਤੇ ਡਾਇਰੈਕਟਰ ਜਨਰਲ ਪੰਜਾਬ ਪੁਲਿਸ ਨੂੰ ਦੱਸਿਆ ਸੀ। ਉਥੇ ਅਜਿਹੇ ਸੰਭਾਵੀ ਹਮਲੇ ਲਈ ਸਾਨਫਰਾਂਸਿਸਕੋ ਸਥਿਤ ਕੌਂਸਲੇਟ ਜਨਰਲ ਸੁਸ਼ਮਾ ਥੌਮਸ ਵੀ ਜ਼ਿੰਮੇਵਾਰ ਹੋਵੇਗੀ, ਜਿਸ ਦਾ ਧਮਕੀ ਪੱਤਰ ਵਿਚ ਨਾਮ ਲਿਖਿਆ ਹੈ।' ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਨਾਪਾ ਵਫ਼ਦ ਦੇ ਪੰਜਾਬ ਦੌਰੇ ਸਮੇਂ ਹੀ ਜਾਨ ਤੋਂ ਮਾਰ ਦੇਣ ਦੀਆਂ ਧਮਕੀਆਂ ਮਿਲਣੀਆਂ ਸ਼ੁਰੂ ਹੋ ਗਈਆਂ ਸਨ ਪਰ ਉਨ੍ਹਾਂ ਨੇ ਅਜਿਹੀਆਂ ਧਮਕੀਆਂ ਦਾ ਨਾ ਤਾਂ ਕਦੇ ਕੋਈ ਨੋਟਿਸ ਲਿਆ ਤੇ ਨਾ ਹੀ ਗੰਭੀਰ ਕਿਸਮ ਦੀਆਂ ਧਮਕੀਆਂ ਵਜੋਂ ਸੋਚਿਆ ਕਿਉਂਕਿ ਉਹ ਸਮਝਦੇ ਸਨ ਕਿ ਅੱਜ ਦੇ ਪ੍ਰਦੂਸ਼ਿਤ ਹੋ ਚੁੱਕੇ ਸਮਾਜ ਵਿਚ ਗੈਰ ਸਮਾਜਕ ਅਨਸਰਾਂ ਵੱਲੋਂ ਅਜਿਹੀਆਂ ਧਮਕੀਆਂ ਮਿਲਣਾ ਕੋਈ ਨਵੀਂ ਗੱਲ ਨਹੀਂ ਹੁੰਦੀ। ਸ੍ਰੀ ਚਾਹਲ ਨੇ ਦੱਸਿਆ ਕਿ ਜਦ ਉਹ ਆਪਣੀ ਪੰਜਾਬ ਫੇਰੀ ਤੋਂ ਬਾਅਦ ਵਾਪਸ ਅਮਰੀਕਾ ਆਏ ਤਾਂ ਉਨ੍ਹਾਂ ਨੂੰ ਧਮਕੀਆਂ ਮਿਲਣ ਦਾ ਸਿਲਸਿਲਾ ਉਸੇ ਤਰ੍ਹਾਂ ਹੀ ਜਾਰੀ ਰਿਹਾ ਤਾਂ ਉਨ੍ਹਾਂ ਨੇ 24 ਫਰਵਰੀ 2011 ਨੂੰ ਆਪਣੀ ਸ਼ਿਕਾਇਤ ਸਥਾਨਕ ਪੁਲਿਸ ਅਧਿਕਾਰੀਆਂ ਕੋਲ ਦਰਜ ਕਰਵਾ ਦਿੱਤੀ। ਸ੍ਰੀ ਚਾਹਲ ਨੇ ਦੱਸਿਆ ਕਿ ਉਨ੍ਹਾਂ ਨੇ ਇਹ ਧਮਕੀ ਪੱਤਰ ਪੁਲਿਸ ਅਧਿਕਾਰੀ ਮਿਸਟਰ ਮਾਰਕ ਡੌਇਲੀ ਦੇ ਸਪੁਰਦ ਕਰ ਦਿੱਤਾ ਹੈ, ਜਿਨ੍ਹਾਂ ਨੇ ਇਸ ਸਬੰਧੀ ਕੇਸ ਦਰਜ ਕਰਕੇ ਤਫ਼ਤੀਸ਼ ਆਰੰਭ ਦਿੱਤੀ ਹੈ। ਉਨ੍ਹਾਂ ਨੇ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਵਿਦੇਸ਼ ਸਕੱਤਰ ਨਿਰੂਪਮਾ ਰਾਓ ਤੇ ਕੇਂਦਰੀ ਵਿਦੇਸ਼ ਰਾਜ ਮੰਤਰੀ ਪਰਨੀਤ ਕੌਰ ਨੂੰ ਜਾਣੂ ਕਰਵਾ ਦਿੱਤਾ ਹੈ। ਉਧਰ ਇਕ ਵੱਖਰੇ ਪ੍ਰੈਸ ਨੋਟ ਰਾਹੀਂ ਨਾਰਥ ਅਮਰੀਕਨ ਪੰਜਾਬੀ ਐਸੋਸੀਏਸ਼ਨ ਦੇ ਆਗੂ ਦਲਵਿੰਦਰ ਸਿੰਘ ਧੂਤ, ਏ ਕੇ. ਸ਼ਰਮਾ, ਗੁਰਚਰਨ ਸਿੰਘ ਗਿੱਲ ਤੇ ਕੁਲਵੰਤ ਸਿੰਘ ਨਿੱਝਰ ਨੇ ਇਨ੍ਹਾਂ ਧਮਕੀਆਂ ਦੀ ਆਲੋਚਨਾ ਕੀਤੀ ਹੈ।

# ਅਰਪਨ ਲਿਖਾਰੀ ਸਭਾ ਕੈਲਗਰੀ ਦੇ ਸਾਲਾਨਾ ਸਮਾਗਮ ਦੀਆਂ ਅਮਿਟ ਪੈੜਾਂ




ਕੈਲਗਰੀ (ਇਕਬਾਲ ਖ਼ਾਨ): ਅਰਪਨ ਲਿਖਾਰੀ ਸਭਾ ਦਾ ਸਾਲਾਨਾ ਸਮਾਗਮ ਪਿਛਲੇ ਦਿਨੀਂ ਟੈਂਪਲ ਕਮਿਉਨਟੀ ਹਾਲ ਵਿਚ ਹੋਇਆ। ਮੰਚ ਸੰਚਾਲਨ ਸਭਾ ਦੇ ਜਨਰਲ ਸਕੱਤਰ ਇਕਬਾਲ ਖ਼ਾਨ ਤੇ ਸਹਾਇਕ ਸਕੱਤਰ ਹਰਜੀਤ ਗਿੱਲ ਨੇ ਸਾਂਝੇ ਤੌਰ 'ਤੇ ਕੀਤਾ। ਪ੍ਰਧਾਨਗੀ ਮੰਡਲ ਵਿਚ ਸਭਾ ਦੇ ਪ੍ਰਧਾਨ ਸਤਨਾਮ ਸਿੰਘ ਢਾਅ, ਡਾ. ਸਰਿੰਦਰ ਧੰਜਲ, ਡਾ. ਰਘਬੀਰ ਸਿੰਘ ਸਿਰਜਣਾ, ਡਾ. ਸੁਖਦੇਵ ਸਿੰਘ, ਡਾ. ਸਰਿੰਦਰ ਗਿੱਲ, ਡਾ. ਪ੍ਰਿਥਵੀ ਰਾਜ ਕਾਲੀਆ ਅਤੇ ਜਸਵਿੰਦਰ ਅਰਪਨ ਸ਼ਾਮਲ ਸਨ।

ਪ੍ਰੋਗਰਾਮ ਦਾ ਆਗਾਜ਼ ਨਿੰਮੇ ਖਹਿਰੇ ਨੇ ਕੀਤਾ। ਸਰੂਪ ਸਿੰਘ ਮੰਡੇਰ ਨੇ ਆਪਣੀ ਕਵਿਤਾ ਕਵੀਸ਼ਰੀ ਰੰਗ ਵਿਚ ਪੇਸ਼ ਕੀਤੀ।ਅਜੈਬ ਸਿੰਘ ਸੇਖੋਂ ਨੇ ਕਵਿਤਾ ਪੇਸ਼ ਕੀਤੀ। ਹਰਨੇਕ ਬੱਧਨੀ, ਸੂਫ਼ੀ ਅਮਰਜੀਤ, ਡਾ. ਪ੍ਰਿਥਵੀ ਰਾਜ ਕਾਲ਼ੀਆ, ਗ਼ਜ਼ਲਗੋ ਕੇਸਰ ਸਿੰਘ ਨੀਰ, ਮਾ. ਬਚਿੱਤਰ ਸਿੰਘ ਗਿੱਲ, ਡਾ. ਹਰਭਜਨ ਸਿੰਘ ਢਿੱਲੋਂ, ਡਾ. ਰਘਬੀਰ ਸਿੰਘ ਸਿਰਜਣਾ, ਡਾ. ਸੁਖਦੇਵ ਸਿੰਘ ਨੇ ਆਪਣੀਆਂ ਰਚਨਾਵਾਂ ਪੇਸ਼ ਕੀਤੀਆਂ। ਡਾ. ਸੁਰਿੰਦਰ ਧੰਜਲ ਨੂੰ 'ਇਕਬਾਲ ਅਰਪਨ ਯਾਦਗਾਰੀ ਪੁਰਸਕਾਰ' ਚਿੰਨ, ਇਕ ਸ਼ਾਲ, ਇਕ ਹਜ਼ਾਰ ਡਾਲਰ ਅਤੇ ਕਿਤਾਬਾਂ ਦਾ ਸੈੱਟ ਭੇਟ ਕੀਤਾ ਗਿਆ। ਪ੍ਰੋਗਰਾਮ ਦੇ ਦੂਜੇ ਦੌਰ ਦੀ ਸ਼ੁਰੂਆਤ ਸੱਤਪਾਲ ਕੌਰ ਬੱਲ ਨੇ ਆਪਣੀ ਕਵਿਤਾ ਨਾਲ ਕੀਤੀ। ਨਛੱਤਰ ਸਿੰਘ ਗਿੱਲ ਤੇ ਹਰਜੀਤ ਦੌਧਰੀਆ ਨੇ ਕਵਿਤਾਵਾਂ ਸੁਣਾਈਆਂ । ਹਰਮਿੰਦਰ ਕੌਰ ਢਿੱਲੋਂ ਨੇ ਗੀਤ ਪੇਸ਼ ਕੀਤਾ। ਗੁਰਚਰਨ ਸਿੰਘ ਟੱਲੇਵਾ਼ਲੀਆ ਨੇ ਬੋਲੀਆਂ ਸੁਣਾਈਆਂ । ਮਨਜੋਤ ਗਿੱਲ ਨੇ ਕਵਿਤਾ ਪੇਸ਼ ਕੀਤੀ। ਗੁਰਦਿਆਲ ਸਿੰਘ ਖਹਿਰਾ, ਗੁਰਦੀਸ਼ ਗਰੇਵਾਲ, ਬੀਬੀ ਅਮਤੁਲ ਖ਼ਾਨ ਨੇ ਅਪਣੀਆਂ ਰਚਨਾਵਾਂ ਪੇਸ਼ ਕੀਤੀਆਂ। ਜੋਗਿੰਦਰ ਸਿੰਘ ਸੀਤਲ ਨੇ ਹੀਰ, ਬੀਬੀ ਬਖ਼ਸ਼ ਸੰਘਾ ਨੇ ਬੋਲੀਆਂ, ਜੋਗਿੰਦਰ ਰੰਧਾਵਾ ਨੇ ਗ਼ਜ਼ਲ ਪੇਸ਼ ਕੀਤੀ। ਗਾਇਕ ਹਰਜੀਤ ਗਿੱਲ ਨੇ ਇਕਬਾਲ ਅਰਪਨ ਦੀ ਗ਼ਜ਼ਲ ਤੇ ਕੇਸਰ ਸਿੰਘ ਨੀਰ ਦਾ ਗੀਤ ਸੁਣਾਇਆ।

# ਇੰਡੋ ਕੈਨੇਡੀਅਨ ਪੰਜਾਬੀ ਡਾਇਰੈਕਟਰੀ ਦਾ 7ਵਾਂ ਐਡੀਸ਼ਨ ਰਿਲੀਜ਼



**ਐਡਮਿੰਟਨ, (ਨਦਬ)** : ਸਥਾਨਕ ਮਹਾਰਾਜਾ ਹਾਲ ਵਿੱਚ ਇੰਡੋ ਕੈਨੇਡੀਅਨ ਪੰਜਾਬੀ ਡਾਇਰੈਕਟਰੀ ਦਾ 7ਵਾਂ ਐਡੀਸ਼ਨ ਰਿਲੀਜ਼ ਕੀਤਾ ਗਿਆ। ਡਾਇਰੈਕਟਰੀ ਦੀ ਗੁੰਢ ਚੁਕਾਈ ਦੀ ਰਸਮ ਵਿਧਾਇਕ ਪੀਟਰ ਸੰਧੂ ਅਤੇ ਵਿਧਾਇਕ ਨਰੇਸ਼ ਭਾਰਦਵਾਜ ਨੇ ਕੀਤੀ। ਵਿਧਾਇਕ ਪੀਟਰ ਸੰਧੂ ਨੇ ਕਿਹਾ ਕਿ ਅਸੀਂ ਡਾਇਰੈਕਟਰੀ ਦੀ 25ਵੀ ਵਰੇਗੰਢ ਮਨਾਉਣ ਦਾ ਬੇਸਬਰੀ ਨਾਲ ਇੰਤਜਾਰ ਕਰ ਰਹੇ ਹਾਂ। ਵਿਧਾਇਕ ਨਰੇਸ਼ ਭਾਰਦਵਾਜ ਨੇ ਕਿਹਾ ਕਿ ਡਾਇਰੈਕਟਰੀ ਵਿਚ ਦਿਲਚਸਪ ਗੱਲ ਇਹ ਹੈ ਕਿ ਇਸ ਵਿੱਚ ਅਲਬਰਟਾ ਇਤਿਹਾਸ, ਮਹੱਤਵਪੂਰਨ ਜਾਣਕਾਰੀ ਅਤੇ ਭਾਈਚਾਰੇ ਨਾਲ ਸਬੰਧਿਤ ਪਰਿਵਾਰਾਂ ਦਾ ਵੇਰਵਾ ਪਾਇਆ ਗਿਆ ਹੈ। ਸਮਾਗਮ ਵਿਚ ਪ੍ਰਸਿੱਧ ਗਾਇਕ ਸੁਰਿੰਦਰ ਲਾਡੀ, ਲੋਕ ਗਾਇਕ ਮਨਮਿੰਦਰ ਬਾਸੀ, ਗਾਇਕ ਗੁਰਦੇਵ ਦੇਵ ਨੇ ਆਪਣੇ ਗੀਤਾਂ ਅਤੇ ਸ਼ਾਇਰੋ ਸ਼ਾਇਰੀ ਨਾਲ ਭਰਪੂਰ ਮਨੋਰੰਜਨ ਕੀਤਾ। ਡਾਇਰੈਕਟਰੀ ਦੇ ਡਾਇਰੈਕਟਰ ਹਰਜਿੰਦਰ ਆਹਲੂਵਾਲੀਆ ਨੇ ਦੱਸਿਆ ਕਿ ਜਿੱਥੇ ਡਾਇਰੈਕਟਰੀ ਭਾਈਚਾਰੇ ਦੀਆਂ ਲੋੜਾਂ ਪੂਰੀਆਂ ਕਰਦੀ ਹੈ ਉਥੇ ਵਿਦੇਸ਼ੀ ਧਰਤੀ ਤੇ ਪੰਜਾਬੀ ਦੇ ਕਾਰੋਬਾਰ ਨੂੰ ਪ੍ਰਫੁੱਲਿਤ ਵੀ ਕਰਦੀ ਹੈ।

Best Truck Wash
Your Mobile Wash Professionals Edmonton & Area
ਅਸੀਂ ਤੁਹਾਡੇ ਟਰੱਕ, ਟਰੇਲਰ ਐਡਮਿੰਟਨ ਦੇ ਕਿਸੇ ਵੀ ਹਿੱਸੇ ਵਿਚ ਪਹੁੰਚ ਕੇ ਵਾਸ਼ ਕਰਾਂਗੇ।
ਵਧੀਆ ਸਰਵਿਸ ਲਈ ਸੰਪਰਕ ਕਰੋ।
ਅਸੀਂ ਤੇਲ ਬਦਲੀ ਅਤੇ ਗਰੀਸ ਵੀ ਕਰਦੇ ਹਾਂ



We can Wash Your Truck anywhere in Edmonton & Area

- High Pressure Nozzles
- Trailer/Truck
- Fleet Washing With Under Mobile Brush Wash System
- Oil Change and Grease



For more info Call:
BIN: (780) 267-9102
CAM: (780) 238-8161

As your Medicine Shoppe Pharmacist, I do more than just fill your prescriptions. I help you make sense of the bigger health picture. I take the time to get to know you, understand your health needs, and take an active role in helping you achieve and maintain good health.






Jasbir Bhui
B.Sc. Pharm.
Pharmacist/Owner
(780) 461-8648
127 Millbourne Road East
Edmonton, AB
www.medicineshoppe.ca

Hours of Operation
Monday - Friday: 10 am to 7 pm
Saturdays: 10 am to 3 pm
Sundays & Holidays: Closed

Limited Time Offer!! Expires July 31, 2011

Rexall Complete for Adults 50+ 100 Tablets
or
Rexall Complete Forte 100 Tablets

$4.99
Limit 1 per person







Transferring your prescription is easy.

With a simple exchange of information and no trouble at all, you can start to enjoy the one-to-one service and pharmacy-only focus that makes the move to The Medicine Shoppe Pharmacy a healthy one.

Visit the pharmacy for more information.

| Accu-Pak™ Blister Packaging | Immunization Services Available | Free Medication Reviews | Free City-wide Delivery |
|---|---|---|---|






The Medicine Shoppe PHARMACY

0411CustomQue_MS170

# ਵਿਸ਼ਵ ਅੱਜ-ਕੱਲ੍ਹ

## ਅਮਰੀਕਾ ਨੇ ਲੀਬੀਆ ਤੇ ਸੀਰੀਆ ’ਚ ਦੋਗਲੀ ਨੀਤੀ ਅਪਣਾਈ

**ਰੈਕਸ ਮਰਫ਼ੀ**

ਅਮਰੀਕਾ ਦੀ ਵਿਦੇਸ਼ ਮੰਤਰੀ ਹਿਲੇਰੀ ਕਲਿੰਟਨ ਨੂੰ ਸਾਬਕਾ ਰਾਸ਼ਟਰਪਤੀ ਜਾਰਜ ਬੁਸ਼ ਦੀ ਕਾਰਜਸ਼ੈਲੀ ਅਪਨਾਉਣੀ ਔਖੀ ਹੈ ਪਰ ਇਸ ਨੂੰ ਪੂਰੀ ਤਰ੍ਹਾਂ ਖਾਰਜ਼ ਵੀ ਨਹੀਂ ਕੀਤਾ ਜਾ ਸਕਦਾ। ਪਿਛਲੇ ਦਿਨੀ ਜਦੋਂ ਅਮਰੀਕੀ ਕਾਂਗਰਸ ਵਿਚ ਲੀਬੀਆ ਜੰਗ ਵਿਚ ਸ਼ਮੂਲੀਅਤ ਦੇ ਮੁੱਦੇ ’ਤੇ ਰਿਪਬਲਿਕਨ ਸੈਨੇਟਰ ਵੋਟਿੰਗ ਕਰ ਰਹੇ ਸਨ ਤਾਂ ਕਲਿੰਟਨ ਨੇ ਗੁੱਸੇ ਵਿਚ ਸਵਾਲ ਦਾਗ਼ ਦਿਤਾ ਕਿ 'ਤੁਸੀਂ ਕਿਸ ਵੱਲ ਹੋ?’ ਇਹ ਸਵਾਲ ਜਾਰਜ ਬੁਸ਼ ਦੀ ਉਸ ਚੁਨੌਤੀ ਨਾਲ ਮੇਲ ਖਾਂਦਾ ਹੈ ਜੋ ਉਹ ਹਮੇਸ਼ਾ ਦਿੰਦੇ ਸਨ ਕਿ 'ਤੁਸੀਂ ਸਾਡੇ ਵੱਲ ਹੋ ਜਾਂ ਅੱਤਵਾਦ ਵਿਰੁਧ ਜੰਗ ਵਿਚ ਸਾਡੇ ਵਿਰੁਧ।’ ਆਲੋਚਕਾਂ ਦਾ ਮੰਨਣਾ ਸੀ ਕਿ ਜਾਰਜ ਬੁਸ਼ 'ਸਾਡੇ ਵੱਲ ਜਾਂ ਸਾਡੇ ਵਿਰੁਧ’ ਦੀ ਦਲੀਲ ਦੇ ਕੇ ਘਾਤਕ ਨੈਤਿਕ ਤਾਨਾਸ਼ਾਹੀ ਦਾ ਸਬੂਤ ਦਿੰਦੇ ਸਨ। ਉਨ੍ਹਾਂ ਨੇ ਦੁਨੀਆ ਨੂੰ ਦੋਫ਼ਾੜ ਕਰ ਕੇ ਇਸ ਉਪਰ ਆਪਣਾ ਸ਼ਿਕੰਜ਼ਾ ਕਸਿਆ ਜਿਵੇਂ ਕਿ ਟੈਕਸਾਸ ਦੇ ਉਸ ਵਸਨੀਕ ਦਾ ਦੁਨੀਆ ਨੂੰ ਵੇਖਣ ਦਾ ਨਜ਼ਰੀਆ ਸੀ ਪਰ ਹਿਲੇਰੀ ਕਲਿੰਟਨ ਨੇ "ਤੁਸੀਂ ਕਿਸ ਵੱਲ ਹੋ’’ ਸਵਾਲ ਦਾਗ਼ ਕੇ ਆਪਣੀ ਵਚਨਬੱਧਤਾ ਦਾ ਪ੍ਰਗਟਾਵਾ ਕਰਦਿਆਂ ਆਲੋਚਕਾਂ ਦਾ ਮਨ ਜਿੱਤ ਲਿਆ। ਅਫ਼ਸੋਸ, ਇਹ ਪੈਂਟ ਸੂਟ ਵਿਚ ਇਕ ਜਾਰਜ ਬੁਸ਼ ਹੀ ਹੈ ਅਤੇ ਜੇ ਬੁਸ਼ ਜੰਗ ਚਾਹੁਣ ਵਾਲਾ ਮੂਰਖ ਵਿਅਕਤੀ ਹੈ ਤਾਂ ਹਿਲੇਰੀ ਕਲਿੰਟਨ ਵੀ ਉਸੇ ਰਾਹ ’ਤੇ ਤੁਰ ਰਹੀ ਹੈ।



ਫਿਰ ਵੀ ਮੈਂ ਮੰਨਦਾ ਹਾਂ ਕਿ ਲੀਬੀਆ ਵਿਚ ਚੱਲ ਰਿਹਾ ਘਟਨਾਕ੍ਰਮ ਰੁਕਣ ਵਾਲਾ ਨਹੀਂ ਕਿਉਂਕਿ ਨਾ ਹੀ ਅਮਰੀਕਾ ਦੀ ਵਿਦੇਸ਼ ਮੰਤਰੀ ਅਤੇ ਨਾ ਹੀ ਓਬਾਮਾ ਪ੍ਰਸ਼ਾਸਨ ਦੇ ਸਮਰਥਕ ਇਸ ਦੇ ਹੱਕ ਵਿਚ ਹਨ। ਲੀਬੀਆ ਵਿਚ ਬੰਬਾਰੀ ਦੇ ਸ਼ੁਰੂਆਤੀ ਦਿਨਾਂ ਦੌਰਾਨ ਓਬਾਮਾ ਪ੍ਰਸ਼ਾਸਨ ਇਸ ਵਿਚਾਰ ਨੂੰ ਮੰਨਦਾ ਸੀ ਕਿ ਇਕ ਵਿਦੇਸ਼ੀ ਮੁਲਕ ਉਪਰ ਬੰਬ ਸੁੱਟਣੇ, ਉਸ ਦੀ ਫ਼ੌਜ ਅਤੇ ਤਾਨਸ਼ਾਹ ਨੂੰ ਨਿਸ਼ਾਨਾ ਬਣਾਉਣਾ 'ਜੰਗ’ ਹੈ। ਲੀਬੀਆ ਦੀ ਮੁਹਿੰਮ ਵਿਚ ਸ਼ਾਮਲ ਹੋਣ ਦਾ ਕਾਰਨ ਸੰਯੁਕਤ ਰਾਸ਼ਟਰ ਦੀ 'ਸੁਰੱਖਿਆ ਦੀ ਜ਼ਿੰਮੇਵਾਰੀ’ ਨੂੰ ਨਿਭਾਉਣਾ ਸੀ। ਓਬਾਮਾ ਨੇ ਖ਼ੁਦ ਕਿਹਾ ਸੀ ਕਿ ਜੰਗ ਖ਼ਤਮ ਹੋਣ ਵਿਚ ਹਫ਼ਤੇ ਨਹੀਂ ਕੁੱਝ ਦਿਨ ਲੱਗਣਗੇ। ਇਸ ਤੋਂ ਅਮਰੀਕੀਆਂ ਨੂੰ ਮਹਿਸੂਸ ਹੋਇਆ ਕਿ ਉਹ 'ਪਿੱਛੇ ਤੋਂ ਅਗਵਾਈ ਕਰ ਰਹੇ ਹਨ।’ ਪਿੱਛੇ ਤੋਂ ਅਗਵਾਈ ਕਰਨ ਦੀ ਕਲਾ ਨਾਲ ਓਬਾਮਾ, ਕਲੌਜ਼ਵਿਟਜ਼ ਅਤੇ ਸ਼ਰਮਨ ਦੀ ਸ਼੍ਰੇਣੀ ਵਿਚ ਆ ਗਏ ਹਨ।

ਸ਼ੁਰੂ ਤੋਂ ਹੀ ਸਾਰੇ ਜਾਣਦੇ ਸਨ ਕਿ ਜੰਗ ਵਿਚ ਸ਼ਾਮਲ ਹੋ ਕੇ ਓਬਾਮਾ ਠੀਕ ਮਹਿਸੂਸ ਨਹੀਂ ਕਰਨਗੇ ਕਿਉਂਕਿ ਉਹ ਨੋਬਲ ਸ਼ਾਂਤੀ ਪੁਰਸਕਾਰ ਜੇਤੂ ਵਿਅਕਤੀ ਹਨ ਅਤੇ ਉਹੀ ਵਿਅਕਤੀ ਇਕੋ ਵੇਲੇ ਤਿੰਨ ਲੜਾਈਆਂ ਲੜ ਰਿਹਾ ਹੋਵੇ ਤਾਂ ਕੀ ਮਿਸਾਲ ਸਾਹਮਣੇ ਆਵੇਗੀ।

ਲੀਬੀਆ ਅਤੇ ਸੀਰੀਆ ਦੇ ਮਾਮਲੇ ਵਿਚ ਦੋਗਲੀ ਨੀਤੀ ਅਪਣਾਈ ਗਈ ਹੈ। ਇਕ ਪਾਸੇ ਨਾਟੋ ਕਹਿ ਰਿਹਾ ਹੈ ਕਿ ਲੀਬੀਆ ਦੇ ਆਮ ਨਾਗਰਿਕਾਂ ਦੀ ਉਥੋਂ ਦੀ ਸਰਕਾਰ ਤੋਂ ਰਾਖੀ ਕਰਨਾ ਉਸ ਦੀ ਜ਼ਿੰਮੇਵਾਰੀ ਹੈ ਜਦਕਿ ਸੀਰੀਆ ਵਿਚ ਅਜਿਹਾ ਨਹੀਂ ਕੀਤਾ ਜਾ ਰਿਹਾ। ਕੀ ਲੀਬੀਆ ਦੇ ਲੋਕ ਸੁਰੱਖਿਆ ਦੇ ਜ਼ਿਆਦਾ ਹੱਕਦਾਰ ਹਨ? ਸੀਰੀਆ ਦਾ ਰਾਸ਼ਟਰਪਤੀ ਬਸ਼ਰ ਅਲ ਰਸ਼ਦ ਲੋਕਾਂ ਨੂੰ ਤਸੀਹੇ ਦੇ ਕੇ ਮਾਰ ਰਿਹਾ ਹੈ। ਕੀ ਇਹ ਸਭ ਹਿਲੇਰੀ ਕਲਿੰਟਨ ਨੂੰ ਨਜ਼ਰ ਨਹੀਂ ਆਉਂਦਾ?

ਮੈਂ ਮਹਿਸੂਸ ਕਰਦਾ ਹਾਂ ਕਿ ਜਦੋਂ ਕੋਈ ਦੇਸ਼ ਜੰਗ ਵਿਚ ਉਲਝਿਆ ਹੁੰਦਾ ਹੈ ਤਾਂ ਉਹ ਗੱਲਬਾਤ ਨੂੰ ਤਰਜੀਹ ਨਹੀਂ ਦੇਣਾ ਚਾਹੁੰਦਾ। ਹਿਲੇਰੀ ਕਲਿੰਟਨ ਦੀ ਆਪਣੇ ਕਾਂਗਰਸੀ ਆਲੋਚਕਾਂ ਨੂੰ ਕਮਜ਼ੋਰ ਘੁਰਕੀ ਸਥਿਤੀ ਸਪੱਸ਼ਟ ਕਰ ਦਿੰਦੀ ਹੈ। ਇਕ ਵਾਕ ਵਿਚ ਕਹੀ ਗਈ ਗੱਲ ਲੀਬੀਆ ਵਿਚ ਵਾਪਰ ਰਹੀਆਂ ਅਸਲ ਘਟਨਾਵਾਂ ਦੇ ਦੁਆਲੇ ਜਾਂ ਦੂਰ ਨਹੀਂ ਹੋ ਸਕਦੀ ਜਦੋਂ ਹਿਲੇਰੀ ਕਲਿੰਟਨ ਜਾਰਜ ਬੁਸ਼ ਦੀ ਮੂਰਖਤਾ ਦੇ ਰਾਹ ਤੁਰ ਰਹੀ ਹੋਵੇ।

## ਜੇ. ਪਰਸੀ ਪੇਜ ਹਾਈ ਸਕੂਲ ਦੇ ਸਾਬਕਾ ਵਿਦਿਆਰਥੀਆਂ ਨੇ ਸ਼ੁਰੂ ਕੀਤੀ ਸਕਾਲਰਸ਼ਿਪ

ਐਡਮਿੰਟਨ, (ਨਦਬ) : ਦੇਸ਼ ਅਤੇ ਸਮਾਜ ਪ੍ਰਤੀ ਜ਼ਿੰਮੇਵਾਰੀ ਨਿਭਾਉਣਾ ਹਰੇਕ ਵਿਅਕਤੀ ਦਾ ਮੁਢਲਾ ਫ਼ਰਜ਼ ਹੈ। ਇਸੇ ਸੋਚ ਨੂੰ ਲੈ ਕੇ ਜੇ. ਪਰਸੀ ਪੇਜ ਹਾਈ ਸਕੂਲ ਐਡਮਿੰਟਨ ਵਿਚ ਪੜ੍ਹੇ ਚਾਰ ਨੌਜਵਾਨਾਂ ਨੇ 'ਪੇਜ ਗਰੈਟੀਚਿਊਟ ਐਵਾਰਡ’ ਦੇ ਨਾਮ ਹੇਠ ਸਕਾਲਰਸ਼ਿਪ ਸ਼ੁਰੂ ਕੀਤੀ ਹੈ। ਇਹ ਸਕਾਲਰਸ਼ਿਪ ਅਕਾਦਮਿਕ ਤੌਰ ’ਤੇ ਯੋਗ ਵਿਦਿਆਰਥੀਆਂ ਅਤੇ ਸਮਾਜਿਕ ਤੌਰ ’ਤੇ ਸਰਗਰਮ ਵਿਦਿਆਰਥੀਆਂ ਨੂੰ ਹੀ ਨਹੀਂ, ਸਗੋਂ ਉਨ੍ਹਾਂ ਵਿਦਿਆਰਥੀਆਂ ਨੂੰ ਵੀ ਦਿੱਤੀ ਜਾਵੇਗੀ ਜੋ ਸਮਾਜਿਕ ਤੌਰ ’ਤੇ ਸਰਗਰਮ ਹੋਣਗੇ। ਇਹ ਵਜ਼ੀਫਾ ਯੂਨੀਵਰਸਿਟੀ ਬੀ.ਐਸ.ਸੀ. (ਇੰਜਨੀਅਰਿੰਗ) ਕਰਨ ਵਾਲੇ ਵਿਦਿਆਰਥੀ ਨੂੰ ਦਿੱਤਾ ਜਾਵੇਗਾ ਅਤੇ ਸਿਰਫ਼ ਉਹੀ ਵਿਦਿਆਰਥੀ 250 ਡਾਲਰ ਦੀ ਸਕਾਲਰਸ਼ਿਪ ਦੇ ਹੱਕਦਾਰ ਹੋਣਗੇ, ਜਿਨ੍ਹਾਂ ਨੇ ਪਿਛਲੇ ਤਿੰਨ ਸਾਲਾਂ ਦੌਰਾਨ ਕੈਨੇਡਾ ਵਿਚ ਪਰਵਾਸ ਕੀਤਾ ਹੈ। ਵਜ਼ੀਫਾ ਦੇਣ ਵਾਲਿਆਂ ਵਿਚ ਨਿਸ਼ਿਤ ਰਾਠੌੜ, ਸਮੀਰ ਬੈਂਸ, ਪਰਾਂਸ਼ੂ ਪਟੇਲ ਅਤੇ ਨਿਊਮੈਨ ਸਈਦ ਸ਼ਾਮਲ ਹਨ ਜੋ ਇਸੇ ਸਕੂਲ ਦੇ ਸਾਬਕਾ ਵਿਦਿਆਰਥੀ ਹਨ ਤੇ ਹੁਣ ਯੂਨੀਵਰਸਿਟੀ ਆਫ ਐਲਬਰਟਾ ਵਿਚ ਇੰਜਨੀਅਰਿੰਗ ਦੀ ਪੜ੍ਹਾਈ ਕਰ ਰਹੇ ਹਨ। ਇਹ ਸਾਰੇ ਪਰਵਾਸੀ ਵਿਦਿਆਰਥੀ ਸਖ਼ਤ ਮਿਹਨਤ ਅਤੇ ਉਨ੍ਹਾਂ ਸਮਝੌਤਿਆਂ ਬਾਰੇ ਚੰਗੀ ਤਰ੍ਹਾਂ ਜਾਣਦੇ ਹਨ, ਜੋ ਇਨ੍ਹਾਂ ਨੂੰ ਸਮਾਜਕ ਤੌਰ ’ਤੇ ਸਥਾਪਤ ਹੋਣ ਲਈ ਕਰਨੇ ਪਏ। ਇਹ ਚੰਗੀ ਤਰ੍ਹਾਂ ਜਾਣਦੇ ਹਨ ਕਿ ਇਹ ਮਦਦ ਕਿਸੇ ਵਿਦਿਆਰਥੀ ਲਈ ਕਿੰਨੀ ਫ਼ਾਇਦੇਮੰਦ ਸਾਬਤ ਹੋਵੇਗੀ। ਇਨ੍ਹਾਂ ਵਲੋਂ ਪਹਿਲਾ ਵਜ਼ੀਫ਼ਾ ਵਿਦਿਆਰਥੀ ਮੁਜਦਾ ਅਬਾਸੀ ਨੂੰ ਦਿਤਾ ਗਿਆ ਹੈ। ਅਦਾਰਾ ‘ਨਵੀਂ ਦੁਨੀਆ’ ਇਸ ਨਵੀਂ ਪੀੜ੍ਹੀ ਵਲੋਂ ਕੀਤੇ ਗਏ ਇਸ ਯਤਨ ਦੀ ਸ਼ਲਾਘਾ ਕਰਦਾ ਹੈ ਅਤੇ ਉਮੀਦ ਕਰਦਾ ਹੈ ਕਿ ਹੋਰ ਵੀ ਵਿਦਿਆਰਥੀ ਇਸ ਕਾਰਜ ਪ੍ਰਤੀ ਉਤਸ਼ਾਹਤ ਹੋਣਗੇ।

## ਪੰਜਾਬੀ ਸਿਖਾਉਣ ਲਈ ਕਲਾਸਾਂ

ਐਡਮਿੰਟਨ, (ਨਦਬ) : ਪੰਜਾਬੀ ਕਲਚਰਲ ਐਸੋਸੀਏਸ਼ਨ ਆਫ਼ ਅਲਬਰਟਾ ਜੋ ਕਿ ਐਡਮਿੰਟਨ ਦੀ ਬੜੀ ਪੁਰਾਣੀ ਤੇ ਮਸ਼ਹੂਰ ਸੰਸਥਾ ਹੈ ਵਲੋਂ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਸਮਰ ਬਰੇਕ ਵਿੱਚ ਬੱਚਿਆਂ ਨੂੰ ਆਪਣੇ ਕਲਚਰ ਨਾਲ ਜੋੜਨ ਲਈ ਪੰਜਾਬੀ ਸਿਖਾਉਣ ਲਈ ਪ੍ਰਬੰਧ ਕੀਤਾ ਗਿਆ ਹੈ। ਇਹਦੇ ਲਈ 4 ਜੁਲਾਈ ਤੋਂ ਕਲਾਸਾਂ ਸ਼ੁਰੂ ਹਨ ਜੋ 26 ਜੁਲਾਈ ਤਕ (ਸੋਮਵਾਰ, ਮੰਗਲਵਾਰ, ਬੁੱਧਵਾਰ ਤੇ ਵੀਰਵਾਰ) ਲਗਾਈਆਂ ਜਾ ਰਹੀਆਂ ਹਨ। ਐਸੋਸੀਏਸ਼ਨ ਵਲੋਂ ਸਾਰੇ ਮਾਪਿਆਂ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਉਹ ਵੱਧ ਤੋਂ ਵੱਧ ਆਪਣੇ ਬੱਚਿਆਂ ਨੂੰ ਪੰਜਾਬੀ ਸਿਖਾਉਣ ਲਈ ਦਾਖਲ ਕਰਵਾਉਣ। ਦਾਖਲ ਹੋਣ ਦੀ ਫ਼ੀਸ ਸਿਰਫ਼ 50 ਡਾਲਰ ਹੈ ਤੇ ਸਕੇ ਭੈਣ ਭਰਾਵਾਂ ਲਈ 80 ਡਾਲਰ ਹੈ। ਜ਼ਿਆਦਾ ਜਾਣਕਾਰੀ ਲਈ ਬਖਸ਼ ਸੰਘਾ ਨਾਲ 780-461-7528 ਅਤੇ 780-660-7520 ’ਤੇ ਜਾਂ ਅਰਵਿੰਦ ਸੇਖੋਂ ਨਾਲ 780-965-9508 ਸੰਪਰਕ ਕੀਤਾ ਜਾ ਸਕਦਾ ਹੈ ।


**Asian Western Grocery Store**

**8324 - 160 Ave. Edmonton, AB. T5Z 3P1**

**NOW OPEN**

*All indian, Fijian, South African Grocery*

**ਏਸ਼ੀਅਨ ਵੈਸਟ੍ਰਨ ਗਰੋਸਰੀ ਐਂਡ ਮੂਵੀ ਸਟੋਰ**

ਸਾਫ ਸੁਥਰੀ ਅਤੇ ਵਧੀਆ ਗਰੋਸਰੀ,ਵਧੀਆ ਸਬਜ਼ੀਆਂ, ਮੀਟ, ਹਰ ਤਰਾਂ ਦੇ ਭਾਂਡੇ, ਇੰਡੀਆ ਕਾਲ ਕਰਨ ਲਈ ਕਾਰਡ, ਨਵੀਆਂ ਮੂਵੀਆਂ - ਡਰਾਮੇ ਅਤੇ ਸੀਡੀਆਂ ਆਦਿ ਵਾਜਬ ਕੀਮਤ ਤੇ ਲੈਣ ਲਈ ਸਾਡੇ ਸਟੋਰ ਤੇ ਇੱਕ ਗੇੜਾ ਜ਼ਰੂਰ ਮਾਰੋ।











For more information call
Balraj @

780-756-2225
780-660-2061

ਕੁਲ ਸੰਸਾਰ ਇਕ ਪਰਿਵਾਰ...
ਨਵੀਂ ਦੁਨੀਆ

## ਸੰਪਾਦਕੀ

# ਕਿਸ ਕਿਸ ਤਰ੍ਹਾਂ ਦੇ ਨਕਲਚੀ

ਵਿਦਿਅਕ ਸੰਸਥਾਵਾਂ ਜਾਂ ਅਕਾਦਮਿਕ ਮਾਮਲਿਆਂ ਵਿਚ ਪਲੈਜ਼ਰਿਜ਼ਮ ਯਾਨੀ ਕਿ 'ਨਕਲ ਕਰਨ' ਨੂੰ ਗੰਭੀਰਤਾ ਨਾਲ ਲਿਆ ਜਾਂਦਾ ਹੈ। ਵਿਦਿਆਰਥੀਆਂ ਵਿਚ ਨਕਲ ਨੂੰ ਰੋਕਣ ਲਈ ਸੰਸਾਰ ਭਰ ਵਿਚ ਯੋਗ ਉਪਰਾਲੇ ਕੀਤੇ ਜਾਂਦੇ ਹਨ ਤਾਂ ਕਿ ਇਮਤਿਹਾਨਾਂ ਤੋਂ ਲੈ ਕੇ ਖੋਜ਼ ਪੱਤਰਾਂ ਤੱਕ ਖੋਜ਼ਾਰਥੀ ਨਕਲਚੀ ਨਾ ਬਨਣ। ਨਕਲਚੀ ਬਨਣ ਦੀ ਸੂਰਤ ਵਿਚ ਉਨ੍ਹਾਂ ਵਿਰੁੱਧ ਅਨੁਸ਼ਾਸ਼ਨੀ ਕਾਰਵਾਈ ਕੀਤੀ ਜਾਂਦੀ ਹੈ ਅਤੇ ਕਈ ਵੇਰ ਕੋਰਸਾਂ ਵਿਚੋਂ ਫੇਲ੍ਹ ਵੀ ਕਰ ਦਿੱਤਾ ਜਾਂਦਾ ਹੈ। ਆਮ ਤੌਰ 'ਤੇ ਨਕਲ ਦਾ ਰਿਸ਼ਤਾ ਸਿਰਫ਼ ਵਿਦਿਆਰਥੀ ਨਾਲ ਹੀ ਜੋੜ ਦਿੱਤਾ ਜਾਂਦਾ ਹੈ ਜਦਕਿ ਨਕਲ ਅਜਿਹੇ ਖੇਤਰਾਂ ਵਿਚ ਵੀ ਹੁੰਦੀ ਹੈ, ਜਿਨ੍ਹਾਂ ਬਾਰੇ ਕਦੇ ਕਿਸੇ ਨੇ ਕਿਆਸ ਵੀ ਨਹੀਂ ਕੀਤਾ ਹੁੰਦਾ। ਅਜਿਹਾ ਹੀ ਇਕ ਖਾਸ ਮਸਲਾ ਲੰਘੀ 10 ਜੂਨ ਨੂੰ ਯੂਨੀਵਰਸਿਟੀ ਆਫ ਅਲਬਰਟਾ ਵਿਚ ਸਾਹਮਣੇ ਆਇਆ ਜਿਸ ਨੇ ਮੁੜ ਅਕਾਦਮਿਕ ਮਾਮਲਿਆਂ ਵਿਚ ਆਈ ਅਨੈਤਿਕਤਾ ਨੂੰ ਵੰਗਾਰਿਆ ਅਤੇ ਯੂਨੀਵਰਸਿਟੀ ਦੀ ਕਾਰਜ਼ ਕੁਸ਼ਲਤਾ ਵਿਚ ਯੋਗ ਕਦਮ ਨਾ ਚੁੱਕਣ ਲਈ ਅਧਿਕਾਰੀਆਂ ਨੂੰ ਜ਼ਿੰਮੇਵਾਰ ਠਹਿਰਾਇਆ। ਪਲੈਜ਼ਰਿਜ਼ਮ ਦੀ ਇਹ ਆਹਲਾ ਮਿਸਾਲ ਉਦੋਂ ਸਾਹਮਣੇ ਆਈ ਜਦੋਂ ਕਨਵੋਕੇਸ਼ਨ ਵਿਚ ਬੈਠੇ ਵਿਦਿਆਰਥੀਆਂ ਨੇ ਪ੍ਰਧਾਨਗੀ ਲੈਕਚਰ ਵਿਚ ਹੀ ਨਕਲ ਕੀਤੇ ਜਾਣ ਨੂੰ ਪਹਿਚਾਣ ਲਿਆ। ਵਿਦਿਆਰਥੀਆਂ ਨੇ ਉਸੇ ਤਰ੍ਹਾਂ ਹੀ ਕਾਰਵਾਈ ਕੀਤੀ ਜਿਸ ਤਰ੍ਹਾਂ ਉਨ੍ਹਾਂ 'ਤੇ ਨਕਲ ਮਾਰਨ ਦੀ ਹਾਲਤ ਵਿਚ ਨਿਗਰਾਨੀ ਰੱਖੀ ਜਾਂਦੀ ਹੈ। ਹੋਇਆ ਇਹ ਕਿ ਯੂਨੀਵਰਸਿਟੀ ਦੇ ਡੀਨ ਆਫ ਫੈਕਲਟੀ ਆਫ ਮੈਡੀਸਨ ਫਿਲਪ ਬੇਕਰ ਨੇ ਆਪਣੇ ਕੂੰਜੀਵਤ ਭਾਸ਼ਣ ਵਿਚ ਇਕ ਸ਼ਬਦ ਜੋੜ ਇਸ ਤਰ੍ਹਾਂ ਦਾ ਵਰਤਿਆ ਜਿਹੜਾ ਕਿ ਪਹਿਲਾਂ ਪ੍ਰਸਿੱਧ ਅਮਰੀਕਨ ਸਰਜਨ ਅਤੇ ਜਰਨਲਿਸਟ ਅਤੁੱਲ ਗਵਾਂਡੇ ਨੇ ਆਪਣੇ ਕੂੰਜੀਵਤ ਭਾਸ਼ਣ ਵਿਚ 2010 ਵਿਚ ਯੂਨੀਵਰਸਿਟੀ ਆਫ ਸਟੈਨਫਰਡ ਦੀ ਮੈਡੀਕਲ ਵਿਦਿਆਰਥੀਆਂ ਦੀ ਕਨਵੋਕੇਸ਼ਨ ਵਿਚ ਵਰਤਿਆ ਸੀ। ਅਤੁੱਲ ਗਵਾਂਡੇ ਦਾ ਇਹ ਭਾਸ਼ਣ 'ਦੀ ਨਿਊਯਾਰਕ' ਅਖਬਾਰ ਸਮੇਤ ਹੋਰ ਬਹੁੱਤ ਸਾਰੇ ਮੈਗਜ਼ੀਨਾਂ ਵਿਚ ਛਾਪਿਆ ਗਿਆ ਸੀ ਕਿਉਂਕਿ ਇਸ ਭਾਸ਼ਣ ਵਿਚ ਉਸਦੀ ਗਿਆਨ ਗਹਿਰਾਈ ਅਨੂਠੀ ਸੀ। ਫਿਲਪ ਬੇਕਰ ਨੇ ਅਤੁੱਲ ਗਵਾਂਡੇ ਦੇ ਘੜੇ ਹੋਏ ਸ਼ਬਦ ਨੂੰ ਬਗੈਰ ਹਵਾਲਾ ਦਿੱਤਿਆਂ ਵਰਤ ਲਿਆ ਅਤੇ ਸੁਨਣ ਵਾਲਿਆਂ ਨੂੰ ਇੰਜ਼ ਪ੍ਰਤੀਤ ਹੋਇਆ ਜਿਵੇਂ ਇਹ ਉਸ ਦਾ ਆਪਣਾ ਘੜਿਆ ਸ਼ਬਦ ਹੈ। ਦੇਖਣ ਨੂੰ ਤਾਂ ਨਿੱਕੀ ਜਿਹੀ ਹੀ ਗਲਤੀ ਲੱਗਦੀ ਹੈ ਪਰ ਇਸ ਦੇ ਪਿੱਛੇ ਲੰਮਾ ਚੌੜਾ ਇਤਹਾਸ ਹੈ। ਵਿਦਿਆਰਥੀਆਂ ਵੱਲੋਂ ਕੀਤੀ ਨਕਲ ਨੂੰ ਲੱਭਣ ਲਈ ਯੂਨੀਵਰਸਿਟੀ ਪ੍ਰੋਫੈਸਰਾਂ ਕੋਲ ਇੰਟਰਨੈਟ ਜ਼ਰੀਏ ਕਈ ਐਸੇ ਸਾਫਟਵੇਅਰ ਹਨ ਜਿਨ੍ਹਾਂ ਦੀ ਸਹਾਇਤਾ ਨਾਲ ਨਕਲ ਦਾ ਪਤਾ ਲਗਾਇਆ ਜਾਂਦਾ ਹੈ। ਠੀਕ ਉਸੇ ਸਾਫਟਵੇਅਰ ਨੂੰ ਵਰਤ ਕੇ ਵਿਦਿਆਰਥੀਆਂ ਨੇ ਆਪਣੇ ਹੀ ਪ੍ਰੋਫੈਸਰ ਵੱਲੋਂ ਕੀਤੀ ਅਣਗਹਿਲੀ ਦਾ ਪਰਦਾਫਾਸ਼ ਕੀਤਾ ਅਤੇ ਗੱਲ ਮੀਡੀਏ ਵਿਚ ਦੀ ਹੁੰਦੀ ਹੋਈ ਪ੍ਰੋਫੈਸਰ ਦੀ ਬਰਖ਼ਾਸਤੀ ਤੱਕ ਚਲੀ ਗਈ। ਹਾਲਾਂ ਕਿ ਫਿਲਪ ਬੇਕਰ ਬਹੁਤ ਹੀ ਨਿਪੁੰਨ ਡਾਕਟਰ ਹਨ ਜਿਨ੍ਹਾਂ ਦੇ ਤਕਰੀਬਨ ਦੋ ਸੌ ਖੋਜ਼ ਪੱਤਰ ਪ੍ਰਕਾਸ਼ਤ ਹੋ ਚੁੱਕੇ ਹਨ। ਸ਼ਬਦ ਸੀ "ਵੈਲੂਵਾਇਲ ਮੈਟਰੈਕਸ" ਜਿਸ ਨੂੰ ਅਤੁੱਲ ਗਵਾਂਡੇ ਨੇ ਇਸ ਸੰਦਰਭ ਵਿਚ ਵਰਤਿਆ ਸੀ ਕਿ ਮਨੁੱਖ ਹਮੇਸ਼ਾ ਸਿਖਿਆਰਥੀ ਰਹਿੰਦਾ ਹੈ। ਤੁਹਾਡੇ ਕੋਲ ਹਮੇਸ਼ਾ ਸਿੱਖਣ ਲਈ ਕੁਝ ਹੁੰਦਾ ਹੈ ਜਿਹੜਾ ਤਹਾਨੂੰ ਤਰੁੰਤ ਸਿੱਖ ਲੈਣਾ ਚਾਹੀਦਾ ਹੈ। ਹੁਣ ਸਵਾਲ ਹੈ ਕਿ ਇਹੋ ਜਿਹੀਆਂ ਟਰਮਜ਼ ਜਾਂ ਫਰੇਜ਼ ਹਰ ਸਾਲ ਈਜ਼ਾਦ ਕੀਤੀਆਂ ਜਾਂਦੀਆਂ ਹਨ ਜਿਹੜੀਆਂ ਮਨੁੱਖ ਦੇ ਗਿਆਨ ਨੂੰ ਅਗਲੇ ਪੜਾਅ 'ਤੇ ਲਿਜਾਂਦੀਆ ਹਨ। ਅਕਾਦਮਿਕ ਮਾਮਲਿਆਂ ਵਿਚ ਇਹੋ ਜਿਹੀਆਂ ਟਰਮਜ਼ ਬੜੀ ਮਹੱਤਤਾ ਰੱਖਦੀਆਂ ਹਨ ਕਿਉਂਕਿ ਇਨ੍ਹਾਂ ਦੇ ਨਾਲ ਹੀ ਵਿਦਿਆਰਥੀਆਂ, ਖੋਜ਼ਾਰਥੀਆਂ ਗੱਲ ਕਿ ਹਰ ਵਰਗ ਦੇ ਲੋਕਾਂ ਦੀ ਨੇੜਲੀ ਸ਼ਮੂਲੀਅਤ ਹੁੰਦੀ ਹੈ। ਮਿਸਾਲ ਵਜ਼ੋਂ ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਜ਼ਾਰਜ ਬੁਸ਼ ਨੇ ਆਪਣੇ ਭਾਸ਼ਣ ਵਿਚ "ਐਕਸ਼ਸ ਆਫ ਈਵਲ" ਕਿਹਾ ਸੀ ਜਿਹੜਾ ਕਿ ਈਰਾਨ ਅਤੇ ਨਾਰਥ ਕੋਰੀਆ ਵੱਲ ਨਾਂਅ ਲਏ ਬਗੈਰ ਸੰਕੇਤ ਸੀ।

ਕਨਵੋਕੇਸ਼ਨ ਵਿਚ ਬੈਠੇ ਵਿਦਿਆਰਥੀਆਂ ਨੂੰ ਦਾਦ ਦੇਣੀ ਬਣਦੀ ਹੈ ਕਿ ਉਨ੍ਹਾਂ ਇਹ ਗੱਲ ਸਾਹਮਣੇ ਲਿਆਂਦੀ ਕਿ ਅਜਿਹੇ ਡਾਕਟਰ ਹੀ ਸਮਾਜ ਦਾ ਕਲਿਆਣ ਕਰ ਸਕਦੇ ਹਨ ਜਿਨ੍ਹਾਂ ਵਿਚ ਨੈਤਕਿਤਾ ਕੁੱਟ ਕੁੱਟ ਕੇ ਭਰੀ ਹੋਵੇ ਨਾ ਕਿ ਨਕਲਚੀ। ਅੱਜ ਲੋੜ ਹੈ ਅਣਗਹਿਲੀਆਂ ਨੂੰ ਠੱਲ ਪਾਉਣ ਦੀ। ਅਣਗਹਿਲੀ ਭਾਵੇਂ ਕਿਸੇ ਵੀ ਖੇਤਰ ਵਿਚ ਹੋਵੇ। ਅਜਿਹੇ ਨਕਚਲੀ ਘੇਰੇ ਵਿਚ ਅਲਬਰਟਾ ਦੇ ਸਾਬਕਾ ਪ੍ਰੀਮੀਅਰ ਰਾਲਫ ਕਲਾਇਨ ਵੀ ਆ ਗਏ ਸਨ। ਉਨ੍ਹਾਂ ਇਕ ਲੇਖ ਚਿੱਲੀ ਦੇ ਰਾਸ਼ਟਰਪਤੀ ਦੇ ਸਬੰਧ ਵਿਚ ਆਪਣੇ ਕੋਰਸ ਵਿਚ ਲਿਖਿਆ ਸੀ ਜਦੋਂ ਉਹ ਯੂਨੀਵਰਸਿਟੀ ਆਫ ਐਥਵੈਸਕਾ ਤੋਂ ਡਿਪਲੋਮਾ ਕਰ ਰਹੇ ਸਨ। ਯੂਨੀਵਰਸਿਟੀ ਨੇ ਉਨ੍ਹਾਂ ਨੂੰ ਇਸ ਦੋਸ਼ ਤੋਂ ਬਰੀ ਕਰ ਦਿੱਤਾ ਸੀ ਕਿ ਨਕਲ ਨਹੀਂ ਮਾਰੀ ਗਈ ਹੈ।

ਆਓ ਗੱਲ ਕਰੀਏ ਅਕਾਦਮਿਕ ਕਾਰਜਾਂ ਵਿਚ ਕਿੰਨੀ ਕੁ ਸੁਹਿਰਦਤਾ ਹੈ?

ਭਾਰਤ ਦੀ ਗੱਲ ਕਰੀਏ ਤਾਂ ਅਕਾਦਮਿਕ ਮਾਮਲਿਆਂ ਵਿਚ ਨਕਲ ਦਿਨ ਪਰ ਦਿਨ ਵੱਧਦੀ ਜਾ ਰਹੀ ਹੈ। ਵਿਦਿਅਕ ਸੰਸਥਾਵਾਂ ਵਿਚ ਸਿਆਸਤ ਦਾ ਬੋਲ ਬਾਲਾ ਹੋਣ ਕਰਕੇ ਅਗੁਣੇ ਕਿਸਮ ਦੇ ਲੋਕਾਂ ਦੀ ਘੁਸਪੈਠ ਹੋ ਚੁੱਕੀ ਹੈ ਜਿਸ ਦੀ ਬਦੌਲਤ ਅਕਾਦਮਿਕ ਖੋਜ਼ ਹਾਸ਼ੀਏ 'ਤੇ ਜਾ ਪਹੁੰਚੀ ਹੈ। ਇਕੱਲੇ ਪੰਜਾਬ 'ਤੇ ਹੀ ਨਜ਼ਰ ਮਾਰੀਏ ਤਾਂ ਦੇਖ ਸਕਦੇ ਹਾਂ ਕਿ ਉੱਥੇ ਹਜ਼ਾਰਾਂ ਜਾਅਲੀ ਡਿਗਰੀਆਂ ਵਾਲੇ ਡਾਕਟਰ, ਇੰਜ਼ਨੀਅਰ ਘੁੰਮਦੇ ਹਨ ਤੇ ਹਰ ਵਰ੍ਹੇ ਸੈਂਕੜੇ ਪੀ ਐਚ ਡੀ ਦੀਆਂ ਡਿਗਰੀਆਂ ਪ੍ਰਦਾਨ ਕੀਤੀਆਂ ਜਾਂਦੀਆਂ ਹਨ। ਸਾਰੇ ਭਾਰਤ ਵਿਚ ਖੋਜ਼ ਪੱਤਰਾਂ ਵੱਲ ਪੰਛੀ ਝਾਤ ਮਾਰੀਏ ਤਾਂ ਪਲੈਜ਼ਰਿਜ਼ਮ ਦਾ ਸਹਿਜੇ ਹੀ ਪਤਾ ਲਗਾਇਆ ਜਾ ਸਕਦਾ ਹੈ। ਸਕੂਲ ਤੋਂ ਲੈ ਕੇ ਉੱਚ ਸਿੱਖਿਆ ਤੱਕ ਮਾਪਿਆਂ ਅਤੇ ਵਿਦਿਅਕ ਅਦਾਰਿਆਂ ਦੀ ਜਿੰਮੇਵਾਰੀ ਬਣਦੀ ਹੈ ਕਿ ਬੱਚਿਆਂ ਨੂੰ ਨਕਲ ਤੋਂ ਬਚਾਉਣ ਦੇ ਉਪਰਾਲੇ ਕਰਨ ਤਾਂ ਜੋ ਵਧੀਆ ਸਮਾਜ ਦੀ ਸਿਰਜਣਾ ਕੀਤੀ ਜਾ ਸਕੇ।

ਭ੍ਰਿਸ਼ਟਾਚਾਰ ਇਕੱਲਾ ਰਿਸ਼ਵਤ ਲੈਣ ਨਾਲ ਨਹੀਂ ਹੁੰਦਾ। ਗਹਿਰਾਈ ਵਿਚ ਦੇਖੀਏ ਤਾਂ ਭ੍ਰਿਸ਼ਟਾਚਾਰ ਚ "ਪਲੈਜ਼ਰਿਜ਼ਮ" ਵਰਗੇ ਅਨੇਕਾਂ ਸ਼ਬਦ ਆਉਂਦੇ ਹਨ ਜਿਹੜੇ ਸਮਾਜ ਦਾ ਹੁਲੀਆ ਵਿਗਾੜ ਰਹੇ ਹਨ। ਅੱਤਵਾਦ ਦੌਰਾਨ ਪੰਜਾਬ ਜਿੱਥੇ ਖੂਨੀ ਹੋਲੀ ਵਿਚੋਂ ਦੀ ਲੰਘਿਆ ਉੱਥੇ ਵਿਦਿਅਕ ਅਦਾਰਿਆਂ ਵਿਚ ਨਕਲ ਖੁਲੇਆਮ ਹੋਣ ਕਰਕੇ ਮਾਨਸਿਕ ਕੰਗਾਲੀ ਦੀ ਜੂਨੇ ਵੀ ਪੈ ਗਿਆ ਹੈ। ਪਲੈਜ਼ਰਿਜ਼ਮ ਇਕ ਗੰਭੀਰ ਜੁਰਮ ਹੈ ਅਤੇ ਇਸ ਨਾਮੁਰਾਦ ਬਿਮਾਰੀ ਨੂੰ ਠੱਲ ਪਾਉਣ ਲਈ ਹਰ ਸ਼ਹਿਰੀ ਨੂੰ ਅੱਗੇ ਆਉਣਾ ਚਾਹੀਦਾ ਹੈ। ਸਾਹਿਤ ਵਿਚ ਵੀ ਪਲੈਜ਼ਰਿਜ਼ਮ ਦੀ ਖੁੱਲ ਕੇ ਵਰਤੋਂ ਹੋ ਰਹੀ ਹੈ। ਕਿਸੇ ਖਾਸ ਵਿਚਾਰ ਜਾਂ ਜੁਗਤ 'ਤੇ ਜੁਗਾੜਬੰਦੀ ਕਰਕੇ ਕਵਿਤਾ, ਕਹਾਣੀ ਜਾਂ ਨਾਵਲ ਲ਼ਿਖੇ ਜਾਂਦੇ ਹਨ। ਇਸੇ ਕਰਕੇ ਸਾਹਿਤ ਵਿਚ ਮੌਲਿਕ ਰਚਨਾਵਾਂ ਬਹੁੱਤ ਘੱਟ ਹੁੰਦੀਆਂ ਹਨ, ਜ਼ਿਆਦਾਤਰ ਦੁਹਰਾਅ ਹੀ ਹੁੰਦਾ ਹੈ।

ਸੰਪਾਦਕੀ ਬੋਰਡ — ਨਵਤੇਜ, ਦਲਬੀਰ ਸਾਂਗਿਆਣ, ਸੁਸ਼ੀਲ ਦੁਸਾਂਝ
ਸਲਾਹਕਾਰ ਬੋਰਡ — ਡਾ ਕਰਮਜੀਤ ਸਿੰਘ (ਕੁਰਕਸ਼ੇਤਰ)
ਪ੍ਰੋ ਰਾਕੇਸ਼ ਰਮਨ (ਲੁਧਿਆਣਾ)
ਸੁਲੱਖਣ ਸਰਹੱਦੀ (ਗੁਰਦਾਸਪੁਰ)
ਜਸਬੀਰ ਦਿਓਲ (ਐਡਮਿੰਟਨ)
ਜੈਸੀ ਸਿੰਘ (ਕੈਲਗਰੀ)

2nd Floor 3448 – 93 Street NW,
Edmonton T6E 6A4, Alberta (Canada)
Phone: 780 465 9118 Fax: 780 465 0661
e-mail: info@nawidunia.com

# ਜਨ ਲੋਕਪਾਲ ਬਿਲ ਖਰੜਾ ਕਮੇਟੀ ਵਿਚ ਪ੍ਰਤੀਨਿਧਤਾ ਦਾ ਸਵਾਲ

ਪ੍ਰੋ. ਰਾਕੇਸ਼ ਰਮਨ



raman.mlp@gmail.com

ਕੇਂਦਰ ਸਰਕਾਰ ਨੇ ਆਖਰ ਪ੍ਰਸਤਾਵਿਤ ਜਨ ਲੋਕਪਾਲ ਬਿਲ ਦਾ ਖਰੜਾ ਸਰਬ ਪਾਰਟੀ ਮੀਟਿੰਗ ਵਿਚ ਲਿਜਾਣ ਦਾ ਫੈਸਲਾ ਕਰ ਲਿਆ ਹੈ। ਜਨ ਲੋਕਪਾਲ ਬਿਲ ਖਰੜਾ ਕਮੇਟੀ ਵਿਚ ਜਿਸ ਤਰ੍ਹਾਂ ਦੀ ਕੁਕੜ ਖੇਹ ਉਡਾਈ ਜਾ ਰਹੀ ਸੀ ਉਸ ਦੇ ਮੱਦੇਨਜ਼ਰ ਇਹ ਫੈਸਲਾ ਉਚਿਤ ਹੀ ਜਾਪਦਾ ਹੈ। ਕਮੇਟੀ ਦੀ ਬਣਤਰ, ਇਸ ਦੀ ਕੰਮਕਾਜ ਕਰਨ ਦੀ ਸ਼ੈਲੀ ਅਤੇ ਇਸ ਦੇ ਮੈਂਬਰਾਂ ਦਾ ਵਿਹਾਰ ਹੀ ਕੁੱਝ ਅਜਿਹਾ ਹੈ ਕਿ ਸਰਵਸੰਮਤੀ ਨਾਲ ਤਾਂ ਕੀ ਬਹੁਸੰਮਤੀ ਨਾਲ ਵੀ ਇਸ ਤੋਂ ਕਿਸੇ ਸਾਰਥਕ ਸਿੱਟੇ 'ਤੇ ਪਹੁੰਚਣ ਦੀ ਆਸ ਨਹੀਂ ਕੀਤੀ ਜਾ ਸਕਦੀ। ਇਹ ਕਮੇਟੀ ਦੋ ਧਿਰਾਂ ਨੂੰ ਲੈ ਕੇ ਗਠਿਤ ਕੀਤੀ ਗਈ ਹੈ। ਇਕ ਸਰਕਾਰੀ ਧਿਰ ਹੈ, ਜਿਸ ਵਿਚ ਅਹਿਮ ਵਿਭਾਗਾਂ ਦੇ ਮੰਤਰੀ ਸ਼ਾਮਲ ਹਨ। ਜਮਹੂਰੀ ਢੰਗ ਨਾਲ ਚੁਣੀ ਹੋਈ ਸਰਕਾਰ ਦੇ ਪ੍ਰਤੀਨਿਧਾਂ ਦਾ ਇਸ ਕਮੇਟੀ ਵਿਚ ਹੋਣਾ ਕਾਫ਼ੀ ਢੁਕਵਾਂ ਤੇ ਤਰਕਸੰਗਤ ਵੀ ਹੈ। ਸਰਕਾਰੀ ਧਿਰ ਦੇ ਬਰਾਬਰ ਦੀ ਪ੍ਰਤੀਨਿਧਤਾ ਸਿਵਲ ਸੁਸਾਇਟੀ ਦੇ ਮੈਂਬਰਾਂ ਨੂੰ ਦਿਤੀ ਗਈ ਹੈ। ਨਿਰਸੰਦੇਹ, ਸਿਵਲ ਸੁਸਾਇਟੀ ਦੀ ਪ੍ਰਤੀਨਿਧਤਾ ਕਰਨ ਵਾਲੇ ਵਿਅਕਤੀ ਵੀ ਉੱਘੇ ਹਨ, ਪ੍ਰੰਤੂ ਇਹ ਲੋਕ ਉਹ ਸਮਾਜਿਕ ਰੁਤਬਾ ਬਿਲਕੁਲ ਨਹੀਂ ਰਖਦੇ ਕਿ ਨਿਰਵਿਵਾਦ ਰੂਪ ਵਿਚ, ਲੋਕਾਂ ਦੇ ਪੱਕੇ ਭਰੋਸੇ 'ਤੇ ਉਹ ਜੋ ਮਰਜ਼ੀ ਫੈਸਲਾ ਕਰ ਲੈਣ ਜਾਂ ਆਪਣੇ ਫ਼ੈਸਲੇ ਅਥਵਾ ਰਾਇ ਉਪਰ ਜ਼ਿੱਦ ਕਰਦੇ ਰਹਿਣ।




ਜਦੋਂ ਤੋਂ ਕਮੇਟੀ ਦਾ ਗਠਨ ਹੋਇਆ ਹੈ, ਕਮੇਟੀ ਦੇ ਦੋਵਾਂ ਹਿੱਸਿਆਂ ਨੇ ਅਲੱਖ ਅਲੱਗ ਰਣਨੀਤਕ ਲਾਈਨ ਅਖ਼ਤਿਆਰ ਕੀਤੀ ਹੋਈ ਹੈ। ਆਪੋ ਆਪਣੀ ਲਾਈਨ ਉਪਰ ਚਲਦਿਆਂ ਦੋਵਾਂ ਨੇ ਨਾ ਤਾਂ ਏਕਤਾ ਵਲ ਤੇ ਨਾ ਹੀ ਦਿਤੇ ਗਏ ਕਾਰਜ ਨੂੰ ਨੇਪਰੇ ਚੜ੍ਹਾਉਣ ਲਈ ਕੋਈ ਠੋਸ ਕਦਮ ਪੁੱਟਿਆ ਹੈ।

'ਜਨ ਲੋਕਪਾਲ ਬਿਲ ਖਰੜਾ ਕਮੇਟੀ' ਵਿਚ ਗੈਰ ਸਰਕਾਰੀ ਧਿਰ ਦੇ ਜਿਹੜੇ ਮੈਂਬਰ ਸਿਵਲ ਸੁਸਾਇਟੀ ਦੀ ਤਰਫ਼ੋਂ ਹਨ ਉਨ੍ਹਾਂ ਵਿਚੋਂ ਪ੍ਰਮੁੱਖ ਅੰਨਾ ਹਜ਼ਾਰੇ ਹੈ। ਇਸ ਕੋਲ ਦੇਸ਼ ਦੀ ਆਜ਼ਾਦੀ ਦੇ ਚੌਂਹਟ ਸਾਲਾ ਇਤਿਹਾਸ ਵਿਚ ਮਹਾਰਾਸ਼ਟਰ ਸਰਕਾਰ ਦੇ ਛੇ ਮੰਤਰੀਆਂ ਨੂੰ ਇਸ ਮੁੱਦੇ 'ਤੇ ਝੁਕਾਉਣ ਦਾ ਪ੍ਰਮਾਣ ਪੱਤਰ ਹੈ। ਗਾਂਧੀਵਾਦੀ ਅਖਵਾਉਂਦਾ ਅੰਨਾ ਹਜ਼ਾਰੇ ਲਗਭਗ ਹਰ ਗੱਲ ਧਮਕੀ ਭਰੇ ਲਹਿਜੇ ਵਿਚ ਕਰਦਾ ਹੈ। ਇਸ ਤੋਂ ਇਲਾਵਾ ਸ਼ਾਤੀ ਭੂਸ਼ਨ ਅਤੇ ਪ੍ਰਸ਼ਾਂਤ ਭੂਸ਼ਨ ਪਿਉ ਪੁੱਤਰ ਵਕੀਲ ਜੋੜੀ ਖਰੜਾ ਕਮੇਟੀ ਦੀ ਮੈਂਬਰ ਹੈ। ਦੋਵੇਂ ਧਨ ਕੁਬੇਰ ਹਨ। ਉਂਜ ਵੀ ਦੋਵੇਂ ਹਾਈ ਫਾਈ ਪੇਸ਼ਵਾਰ ਵਕੀਲ ਹਨ। ਅਜਿਹੇ ਵਕੀਲ ਜਿਨ੍ਹਾਂ ਦੀਆਂ ਫੀਸਾਂ ਦਾ ਬਹੁਤ ਭਾਰੀ ਹੁੰਦੀਆਂ ਹੀ ਹਨ ਨਾਲ ਹੀ ਇਨ੍ਹਾਂ ਦੇ ਰੁਝੇਵੇਂ ਵੀ ਇੰਨੇ ਜ਼ਿਆਦਾ ਹੁੰਦੇ ਹਨ ਕਿ ਜੀਵਨ ਭਰ ਇਨ੍ਹਾਂ ਕੋਲ ਲੋਕ ਭਲਾਈ ਜਾਂ ਸਮਾਜ ਸੇਵਾ ਲਈ ਕੋਈ ਵਿਹਲ ਤੇ ਏਜੰਡਾ ਨਹੀਂ ਹੁੰਦਾ। ਕਮੇਟੀ ਤੋਂ ਬਾਹਰ ਸਿਵਲ ਸੁਸਾਇਟੀ ਦੇ ਮੈਂਬਰ ਜੋ ਅੰਨਾ ਹਜ਼ਾਰੇ ਦੇ ਇਰਦ ਗਿਰਦ ਦਿਖਾਈ ਦਿੰਦੇ ਹਨ ਉਨ੍ਹਾਂ ਵਿਚੋਂ ਇਕ ਸਾਬਕਾ ਪੁਲਿਸ ਅਧਿਕਾਰੀ ਕਿਰਨ ਬੇਦੀ ਹੈ, ਜਿਸ ਬਾਰੇ ਮਸ਼ਹੂਰ ਹੈ ਕਿ ਉਹ ਟ੍ਰੈਫ਼ਿਕ ਨੇਮਾਂ ਦਾ ਪਾਲਣ ਬੜੀ ਸਖ਼ਤੀ ਨਾਲ ਕਰਵਾਉਂਦੀ ਰਹੀ ਹੈ। ਇਸ ਤੋਂ ਇਲਾਵਾ ਸਮਾਜ ਸੇਵਾ ਜਾਂ ਨਾਗਰਿਕ ਸਮਾਜ ਸਿਰਜਣ ਦਾ ਕੋਈ ਉਪਰਾਲਾ ਉਸ ਦੇ ਨਾਮ ਵੀ ਦਰਜ ਨਹੀਂ ਹੈ।

ਜਦੋਂ ਤੋਂ ਜਨ ਲੋਕਪਾਲ ਬਿਲ ਦੇ ਖਰੜੇ ਦੀ ਤਿਆਰੀ ਦਾ ਵਰਤਮਾਨ ਅਧਿਆਇ ਆਰੰਭ ਹੋਇਆ ਹੈ, ਉਦੋਂ ਤੋਂ ਹੀ ਇਲੈਕਟ੍ਰੋਨਿਕ ਮੀਡੀਆ ਦੇ ਜ਼ੋਰਦਾਰ ਪ੍ਰਚਾਰ ਕਾਰਨ ਸਿਵਲ ਸੁਸਾਇਟੀ ਦਾ ਨਾਂ ਕੁੱਝ ਕੁੱਝ ਲੋਕਾਂ ਦੀ ਜ਼ੁਬਾਨ ਉਪਰ ਆਇਆ ਹੈ। ਇਸ ਸੁਸਾਇਟੀ ਦੀਆਂ ਹੇਠਲੇ ਜਨਤਕ ਪੱਧਰ ਦੀਆਂ ਕੋਈ ਇਕਾਈਆਂ ਵੀ ਨਹੀਂ ਹਨ, ਕਿਸੇ ਆਦਰਸ਼ ਸਿਵਲ ਸੁਸਾਇਟੀ ਦੀ ਉਸਾਰੀ ਲਈ ਜਨ ਜਾਗ੍ਰਿਤੀ ਮੁਹਿੰਮ ਚਲਾਉਂਦਿਆਂ ਵੀ ਸਿਵਲ ਸੁਸਾਇਟੀ ਦੇ ਆਗੂਆਂ, ਪ੍ਰਤੀਨਿਧਾਂ ਨੂੰ ਦੇਖਿਆ ਸੁਣਿਆਂ ਨਹੀਂ ਗਿਆ। ਜ਼ਾਹਿਰ ਹੈ ਕਿ ਇਹ ਸੁਸਾਇਟੀ ਜਿਥੇ ਆਕਾਰ ਵਿਚ ਬਹੁਤ ਛੋਟੀ ਹੈ ਉਥੇ ਪ੍ਰਭਾਵ ਪੱਖੋਂ ਵੀ ਇਸ ਦੀ ਕੋਈ ਜ਼ਿਕਰਯੋਗ ਹੈਸੀਅਤ ਨਹੀਂ ਹੈ। ਹੈਰਾਨੀ ਦੀ ਗੱਲ ਹੈ ਫਿਰ ਵੀ ਇਸ ਸੁਸਾਇਟੀ ਨੂੰ ਜਨ ਲੋਕਪਾਲ ਬਿਲ ਖਰੜਾ ਕਮੇਟੀ ਵਿਚ ਪ੍ਰਤੀਨਿਧਤਾ ਮਿਲੀ ਹੈ ਤੇ ਪ੍ਰਤੀਨਿਧਤਾ ਵੀ ਸਰਕਾਰ ਦੇ ਬਰਾਬਰ ਦੀ। ਜਦੋਂ ਜਨ ਲੋਕਪਾਲ ਖਰੜਾ ਤਿਆਰ ਕਰਨ ਵਾਲੀ ਕਮੇਟੀ ਦਾ ਗਠਨ ਕੀਤਾ ਗਿਆ, ਉਸ ਸਮੇਂ ਉਤਰ ਪ੍ਰਦੇਸ਼ ਦੀ ਮੁੱਖ ਮੰਤਰੀ ਨੇ ਇਸ ਦੀ ਬਣਤਰ ਉਪਰ ਇਤਰਾਜ਼ ਉਠਾਇਆ ਸੀ। ਮਾਇਆਵਤੀ ਨੇ ਉਸ ਸਮੇਂ ਜੋ ਕਿਹਾ ਸੀ, ਉਸ ਨੂੰ ਗੌਲਿਆ ਨਹੀਂ ਸੀ ਗਿਆ, ਹੋ ਸਕਦਾ ਹੈ ਉਸ ਦੇ ਬਿਆਨ ਨੂੰ ਰਾਜਨੀਤੀ ਜਾਂ ਪਾਰਟੀ ਹਿੱਤਾਂ ਤੋਂ ਪ੍ਰੇਰਿਤ ਸਮਝਿਆ ਗਿਆ ਹੋਵੇ ਪਰ ਜੋ ਗੱਲ ਮਾਇਆਵਤੀ ਨੇ ਕਹੀ ਸੀ ਉਹ ਸੁੱਟ ਪਾਉਣ ਵਾਲੀ ਨਹੀਂ ਸਗੋਂ ਵਡੇਰੇ ਸੰਦਰਭ ਵਿਚ ਵਿਚਾਰਨ ਵਾਲੀ ਸੀ। ਮਾਇਆਵਤੀ ਨੇ ਕਿਹਾ ਸੀ ਕਿ ਖਰੜਾ ਕਮੇਟੀ ਵਿਚ ਦਲਿਤਾਂ ਨੂੰ ਪ੍ਰਤੀਨਿਧਤਾ ਨਹੀਂ ਮਿਲੀ। ਮਾਇਆਵਤੀ ਦਾ ਇਹ ਬਿਆਨ 'ਦਲਿਤਾਂ' ਦੀ ਨਿਸਬਤਨ 'ਪ੍ਰਤੀਨਿਧਤਾ' ਦੇ ਸਵਾਲ ਨੂੰ ਵਧੇਰੇ ਫੋਕਸ ਕਰਦਾ ਹੈ। 'ਜਨ ਲੋਕਪਾਲ ਖਰੜਾ ਕਮੇਟੀ' ਬੜੀ ਅਹਿਮੀਅਤ ਰਖਦੀ ਹੋਣ ਦੇ ਬਾਵਜੂਦ ਇਸ ਵਿਚ ਨਾ ਰਾਜਾਂ ਦੀ ਕੋਈ ਪ੍ਰਤੀਨਿਧਤਾ ਹੈ, ਨਾ ਹੀ ਟਰੇਡ ਯੂਨੀਅਨ, ਵੱਖ ਵੱਖ ਸਿਆਸੀ ਪਾਰਟੀਆਂ, ਸਮਾਜ ਭਲਾਈ ਸੰਗਠਨਾਂ, ਸੰਵਿਧਾਨਿਕ ਮਾਹਿਰਾਂ, ਸਮਾਜ ਵਿਗਿਆਨੀਆਂ, ਅਰਥਸ਼ਾਸਤਰੀਆਂ ਤੇ ਬੁੱਧੀਜੀਵੀਆਂ ਦੀ ਹੀ ਕੋਈ ਪ੍ਰਤੀਨਿਧਤਾ ਹੈ। ਸਪੱਸ਼ਟ ਹੈ ਕਿ ਅਜਿਹੀ ਸੀਮਤ ਤੇ ਡੰਮੀ ਕਿਸਮ ਦੀ ਪ੍ਰਤੀਨਿਧਤਾ ਵਾਲੀ ਕਮੇਟੀ ਕਿਸੇ ਅਸਰਦਾਇਕ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਦਾ ਖਰੜਾ ਤਿਆਰ ਨਹੀਂ ਕਰ ਸਕਦੀ। ਸਿਵਲ ਸੁਸਾਇਟੀ ਦੇ ਮੈਂਬਰਾਂ ਦਾ ਵਤੀਰਾ ਕਮੇਟੀ ਦੇ ਅੰਦਰ ਵੀ ਤੇ ਬਹਾਰ ਵੀ ਬਹਿਸ ਦੀ ਥਾਂ ਜ਼ਿੱਦੀ ਵਿਰੋਧ ਵਾਲਾ ਹੈ। ਇਸ ਦਾ ਪ੍ਰਮੁੱਖ ਆਗੂ ਸਿਵਲ ਸੁਸਾਇਟੀ ਵਲੋਂ ਪੇਸ਼ ਹੋ ਕੇ ਵੀ ਸਿਵਲੀਅਨ ਲਹਿਜ਼ੇ 'ਚ ਘੱਟ ਤੇ ਮਿਲਟਰੀ ਲਹਿਜ਼ੇ ਵਿਚ ਵਧੇਰੇ ਗੱਲ ਕਰਦਾ ਹੈ।

ਪ੍ਰਧਾਨ ਮੰਤਰੀ ਦੇ ਅਹੁਦੇ ਅਤੇ ਨਿਆਂ ਪਾਲਿਕਾ ਨੂੰ ਜਨ ਲੋਕਪਾਲ ਬਿਲ ਦੇ ਦਾਇਰੇ ਵਿਚ ਲਿਆਉਣ ਦੇ ਮਾਮਲੇ ਬੜੇ ਸੰਵੇਦਨਸ਼ੀਲ ਹਨ। ਸਰਕਾਰੀ ਧਿਰ ਕੁਝ ਦਲੀਲਾਂ ਸਹਿਤ ਇਨ੍ਹਾਂ ਦੋਵਾਂ ਨੂੰ ਪ੍ਰਸਤਾਵਿਤ ਬਿਲ ਤੋਂ ਬਾਹਰ ਰਖਣਾ ਚਾਹੁੰਦੀ ਹੈ। ਕੋਈ ਵਜ੍ਹਾ ਨਹੀਂ ਕਿ ਸਿਰਫ਼ ਇਸ ਨੁਕਤੇ 'ਤੇ ਖਰੜਾ ਤਿਆਰੀ ਦੇ ਕੰਮ ਨੂੰ ਰੋਕ ਦਿਤਾ ਜਾਵੇ ਤੇ ਅੰਨਾ ਹਜ਼ਾਰੇ ਧਮਕੀਆਂ 'ਤੇ ਉਤਰ ਆਵੇ। ਚਾਹੀਦਾ ਸਗੋਂ ਇਹ ਹੈ ਕਿ ਇਸ ਨੁਕਤੇ ਉਪਰ ਕਿਸੇ ਵਿਸ਼ਾਲ ਕਮੇਟੀ ਦੇ ਗਠਨ ਦਾ ਸੁਝਾਅ ਦਿਤਾ ਜਾਵੇ ਜਾਂ ਫਿਰ ਇਹ ਵੀ ਹੋ ਸਕਦਾ ਹੈ ਕਿ ਬਾਕੀ ਖਰੜੇ ਨੂੰ ਅੰਤਮ ਰੂਪ ਦੇ ਕੇ ਵਿਵਾਦ ਵਾਲੇ ਨੁਕਤੇ 'ਤੇ ਦੋਵਾਂ ਧਿਰਾਂ ਦੀਆਂ ਟਿੱਪਣੀਆਂ ਸਮੇਤ ਖਰੜਾ ਅੱਗੇ ਤੋਰ ਦਿੱਤਾ ਜਾਵੇ। ਸਿਵਲ ਸੁਸਾਇਟੀ ਦੇ ਆਪੂੰ ਬਣੇ ਪ੍ਰਤੀਨਿਧਾਂ ਨੂੰ ਵੀ ਪਤਾ ਹੀ ਹੈ ਕਿ ਖਰੜਾ ਆਖ਼ਰ ਖਰੜਾ ਹੀ ਹੈ। ਇਹ ਇੰਨ ਬਿੰਨ ਕਾਨੂੰਨ ਨਹੀਂ ਬਣ ਜਾਣਾ ਹੁੰਦਾ। ਖਰੜੇ ਨੇ ਕਈ ਪੜਾਵਾਂ 'ਚੋਂ ਗੁਜ਼ਰਦਿਆਂ ਆਖ਼ਰ ਨੂੰ ਦੇਸ਼ ਦੀ ਸੰਸਦ ਵਿਚ ਬਹਿਸ ਉਪਰੰਤ ਕਿਸ ਸ਼ਕਲ ਵਿਚ ਕਾਨੂੰਨ ਬਣਨਾ ਹੈ, ਇਸ ਬਾਰੇ ਅਜੇ ਕੁੱਝ ਨਹੀਂ ਕਿਹਾ ਜਾ ਸਕਦਾ। ਜੋ ਕੰਮ ਕਮੇਟੀ 'ਚ ਹੋ ਰਿਹਾ ਹੈ, ਉਹ ਕੰਮ ਦੇਸ਼ ਦੀ ਚੁਣੀ ਹੋਈ ਸੰਸਦ ਨੂੰ ਕਰਨ ਦੇਣਾ ਚਾਹੀਦਾ ਹੈ। ਖਰੜਾ ਕਮੇਟੀ ਨੂੰ ਆਪਣਾ ਕੰਮ ਖਰੜਾ ਉਲੀਕਣ ਤਕ ਸੀਮਤ ਰਖਣਾ ਚਾਹੀਦਾ ਹੈ, ਪ੍ਰੰਤੂ ਖਰੜਾ ਕਮੇਟੀ ਵਿਚ ਤਾਂ ਇਸ ਸਮੇਂ ਜੰਮ ਕੇ ਰਾਜਨੀਤੀ ਹੋ ਰਹੀ ਹੈ, ਜਿਸ ਤੋਂ ਲੋਕ ਲਗਾਤਾਰ ਨਿਰਾਸ਼ ਹੋ ਰਹੇ ਜਾਪਦੇ ਹਨ।

ਦਰਅਸਲ, ਸਿਵਲ ਸੁਸਾਇਟੀ ਦੇ ਲੋਕ ਸਹੀ ਅਰਥਾਂ ਵਿਚ ਲੋਕ ਨੁਮਾਇੰਦੇ ਨਹੀਂ ਹਨ। ਇਸੇ ਲਈ ਬੜੀ ਛੇਤੀ ਉਤੇਜਿਤ ਹੋ ਜਾਂਦੇ ਹਨ। ਅਸਲੀ ਲੋਕ ਨੁਮਾਇੰਦੇ ਆਤਮ ਵਿਸ਼ਵਾਸ ਨਾਲ ਭਰਪੂਰ ਸੰਤੁਲਿਤ ਸ਼ਖ਼ਸੀਅਤ ਵਾਲੇ ਹੁੰਦੇ ਹਨ ਤੇ ਉਸ ਪ੍ਰਚਾਰ ਦਾ ਸ਼ੋਰ ਸ਼ਰਾਬਾ ਨਹੀਂ ਕਰਦੇ, ਜਿਸ ਤਰ੍ਹਾਂ ਦਾ ਕਰਦੇ ਇਹ ਅਕਸਰ ਦਿਖਾਈ ਦਿੰਦੇ ਹਨ। ਇਹ ਮੀਡੀਆ ਮੁਖੀ ਲੋਕ ਹਨ ਤੇ ਸੰਘ ਪਰਿਵਾਰ ਲਈ ਲੁਕਵੀਂ ਸਿਆਸੀ ਖੇਡ ਖੇਡ ਰਹੇ ਹਨ। ਇਸ ਕਮੇਟੀ ਨੂੰ ਮੁਨਾਸਿਬ ਗੈਰ ਸਰਕਾਰੀ ਪ੍ਰਤੀਨਿਧਤਾ ਨਹੀਂ ਮਿਲੀ, ਇਸ ਕਰ ਕੇ ਆਪਣੇ ਜ਼ਿੰਮੇ ਲਿਆ ਕਾਰਜ ਇਹ ਸ਼ਾਇਦ ਹੀ ਪੂਰਾ ਕਰ ਸਕੇ।

ਮੋਬਾਇਲ : 98785-31166

ਖੁਲ੍ਹੀ ਖਿੜਕੀ

## ਜ਼ਮੀਨ 'ਤੇ ਭੁੱਖ ਵਿਚਾਲੇ ਫ਼ਾਸਲਾ

ਸੈਂਸੈਕਸ ਦੀ ਛਾਲ ਅਤੇ ਉਦਯੋਗਿਕ ਉਤਪਾਦਨ ਦੇ ਅੰਕੜਿਆਂ ਦੇ ਕਮਾਲ ਦੇ ਬਾਵਜੂਦ ਭਾਰਤ ਵਿਚ ਖੇਤੀ ਵਾਲੀ ਜ਼ਮੀਨ ਅਤੇ ਭੁੱਖ ਦੀ ਸਮੱਸਿਆ ਗੰਭੀਰ ਹੁੰਦੀ ਜਾ ਰਹੀ ਹੈ। ਜ਼ਮੀਨਾਂ ਨੂੰ ਕਬਜ਼ੇ 'ਚ ਕਰਨਾ ਡਾਂਗਾਂ ਅਤੇ ਗੋਲੀਆਂ ਦੇ ਜ਼ੋਰ 'ਤੇ ਵੀ ਸੰਭਵ ਨਹੀਂ ਹੋ ਪਾ ਰਿਹਾ। ਜ਼ਮੀਨ ਅਕੁਆਇਰ ਕਾਨੂੰਨ ਨੂੰ ਬਦਲਣ ਦੀ ਮੰਗ ਨਾ ਸਿਰਫ ਉਠੀ ਹੈ ਸਗੋਂ ਕੁੱਝ ਸੂਬਾਈ ਸਰਕਾਰਾਂ ਨੇ ਵਕਤ ਦੀ ਨਬਜ਼ ਨੂੰ ਪਛਾਣਦਿਆਂ ਇਸ ਦਿਸ਼ਾ ਵਿਚ ਬਦਲਾਅ ਕਰਨੇ ਵੀ ਸ਼ੁਰੂ ਕਰ ਦਿਤੇ ਹਨ। ਕਿਸਾਨ ਸੜਕਾਂ 'ਤੇ ਉਤਰਨ ਲੱਗੇ ਹਨ। ਉਹ ਹੁਣ ਕਿਸੇ ਵੀ ਕੀਮਤ 'ਤੇ ਆਪਣੀ ਜ਼ਮੀਨ ਛੱਡਣ ਨੂੰ ਤਿਆਰ ਨਹੀਂ ਹਨ। ਦਰਅਸਲ ਵਿਕਾਸ ਦੇ ਨਾਂ 'ਤੇ ਜਿਸ ਤਰ੍ਹਾਂ ਜਲ, ਜ਼ਮੀਨ ਅਤੇ ਜੰਗਲ ਨੂੰ ਨਿਗਲਿਆ ਜਾ ਰਿਹਾ ਹੈ, ਉਸ ਨਾਲ ਜੀਵਨ ਉਪਰ ਹੀ ਸੰਕਟ ਖੜਾ ਹੋ ਗਿਆ ਹੈ।

ਅਸੀਂ ਚੀਨ ਨਾਲ ਮੁਕਾਬਲਾ ਕਰਨ ਦੀ ਗੱਲ ਤਾਂ ਕਰਦੇ ਹਾਂ ਪਰ ਸਿਖਦੇ ਕੁੱਝ ਨਹੀਂ। ਅਸੀਂ ਕਦੇ ਵੀ ਵਿਚਾਰ ਨਹੀਂ ਕੀਤਾ ਕਿ ਸਾਡੇ ਤੋਂ ਜ਼ਿਆਦਾ ਆਬਾਦੀ ਹੋਣ ਦੇ ਬਾਵਜੂਦ ਪਿਛਲੇ ਵਰ੍ਹਿਆਂ 'ਚ ਚੀਨ ਨੇ ਕਿੰਨਾ ਵਿਕਾਸ ਕੀਤਾ ਹੈ। ਸੋ ਖੇਤੀ ਦੇ ਸੁੰਗੜਦੇ ਜਾ ਰਹੇ ਰਕਬੇ ਨੂੰ ਬਚਾਉਣ ਲਈ ਸਖ਼ਤ ਉਪਾਅ ਕਰਨ ਦੀ ਤੁਰੰਤ ਜ਼ਰੂਰਤ ਹੈ।

**ਸੁਭਾਸ਼ ਚੰਦਰ ਕੁਸ਼ਵਾਹਾ**

# ਸਿੱਖਿਆ ਵਿਚ ਨਿਵੇਸ਼ ਦੀ ਅਸਫਲਤਾ ਐਲਬਰਟਾ ਦਾ ਖੁਝਿਆ ਮੌਕਾ ਹੈ

**ਐਡਨ ਮਰਫ਼ੀ**

ਪਿਛਲੇ ਦਿਨੀਂ ਜਾਰੀ ਹੋਏ ਬਜਟ ਨੇ ਭੇਤ ਖੋਲ੍ਹਿਆ ਕਿ ਆਉਂਦੇ ਦੂਜੇ ਸਾਲ ਲਈ ਵਿਸ਼ਵ ਵਿਦਿਆਲਿਆ ਅਤੇ ਕਾਲਜਾਂ ਨੂੰ ਵਧੇ ਹੋਏ ਫ਼ੰਡ ਨਹੀਂ ਮਿਲਣਗੇ, ਜਿਹੜੇ ਸਿੱਕੇ ਦੇ ਪਾਸਾਰ ਅਤੇ ਵਧੇਰੇ ਦਾਖ਼ਲਿਆਂ ਲਈ ਵਧਾਏ ਜਾਂਦੇ ਹਨ। ਫ਼ੰਡਾਂ ਵਿਚ 1.2 ਪ੍ਰਤੀਸ਼ਤ ਦਾ ਵਾਧਾ ਇਨ੍ਹਾਂ ਕਾਰਨਾਂ ਨੂੰ ਵਿਚਾਰਦਿਆਂ ਕਟੌਤੀ ਅਧੀਨ ਆ ਗਿਆ ਹੈ ਅਤੇ ਇਸ ਵਿਚ ਆਨਲਾਈਨ 'ਤੇ ਆ ਰਹੀਆਂ ਨਵੀਆਂ ਇਮਾਰਤਾਂ ਦੀ ਕੀਮਤ ਵੀ ਸ਼ਾਮਲ ਹੈ। ਵਿਦਿਆਰਥੀਆਂ ਨੂੰ ਇਕ ਵਾਰ ਫਿਰ ਘਾਟੇ ਦੀ ਪੂਰਤੀ ਲਈ ਮਨਾਇਆ ਜਾਵੇਗਾ। ਸਰਕਾਰ ਵਿਸ਼ਵ ਵਿਦਿਆਲਿਆ ਫ਼ੰਡ ਦੀ ਕਟੌਤੀ ਦੇ ਪੱਖ ਵਿਚ ਦਲੀਲਾਂ ਉਸ ਘਾਟੇ ਨੂੰ ਘਟਾਉਣ ਲਈ ਦਿੰਦੀ ਹੈ, ਜਿਹੜਾ ਅਲਬਰਟਾ ਦੇ ਭਵਿੱਖ ਨੂੰ ਲਾਭ ਪਹੁੰਚਾਉਣ ਵਾਲਾ ਹੈ। ਅਸਲ ਵਿਚ ਇਹ ਫ਼ੈਸਲੇ ਬਦਲ ਰਹੀ ਵਿਸ਼ਵ ਆਰਥਿਕਤਾ ਵਿਚ ਸੂਬੇ ਦੇ ਉਪਰ ਉਠਣ ਤੇ ਮੁਕਾਬਲਾ ਕਰਨ ਦੀ ਯੋਗਤਾ ਨੂੰ ਸੱਟ ਮਾਰਦੇ ਹਨ।

ਐਲਬਰਟਾ ਯੂਨੀਵਰਸਿਟੀ ਨੂੰ ਅਗਲੇ ਬਜਟ ਵਿਚ 60 ਮਿਲੀਅਨ ਡਾਲਰ ਘੱਟ ਮਿਲਣਗੇ। ਪਿਛਲੇ ਸਾਲ ਜਦੋਂ ਇਸ ਨੇ ਫ਼ੰਡਾਂ ਵਿਚ ਛੇ ਫ਼ੀਸਦੀ ਵਾਧੇ ਦੀ ਉਮੀਦ ਕੀਤੀ ਤਾਂ ਕੋਈ ਵੀ ਵਾਧਾ ਨਾ ਕੀਤਾ ਗਿਆ। ਪ੍ਰਸ਼ਾਸਨ ਨੇ ਦਲੀਲ ਦਿਤੀ ਕਿ ਬਹੁਤ ਸਾਰੇ ਵਿਭਾਗਾਂ ਤੇ ਟਿਊਸ਼ਨ ਦਾ ਪੱਧਰ ਢੁਕਵਾਂ ਨਹੀਂ ਹੈ ਜਦੋਂ ਕਿ ਇਨ੍ਹਾਂ ਦਾ ਵਾਧਾ 2006 ਦੇ ਸਿੱਕੇ ਦੇ ਪਾਸਾਰ ਨਾਲ ਜੋੜ ਦਿਤਾ ਗਿਆ ਸੀ। ਉਨ੍ਹਾਂ ਨੇ ਇਸ ਦੇ ਹੱਲ ਲਈ 'ਮੰਡੀ ਸੋਧਾਂ' ਦਾ ਸੁਝਾਅ ਦਿਤਾ, ਜਿਸ ਕਾਰਨ ਕਈ ਵਿਭਾਗਾਂ ਵਿਚ ਟਿਊਸ਼ਨ ਫ਼ੀਸ ਹਜ਼ਾਰਾਂ ਡਾਲਰ ਵਧ ਗਈ। ਉਚੇਰੀ ਸਿਖਿਆ ਅਤੇ ਤਕਨਾਲੌਜੀ ਮੰਤਰਾਲੇ ਨੇ ਕੇਵਲ ਥੋੜ੍ਹੇ ਪੈਮਾਨੇ 'ਤੇ 'ਕਾਮਨ ਸਟੂਡੈਂਟ ਸਪੇਸ, ਸਸਟੈਨੇਬਿਲਟੀ ਐਂਡ ਸਰਵਿਸ ਫ਼ੀਸ' ਕਾਨੂੰਨਾਂ ਨੂੰ ਪਾਸੇ ਕਰ ਕੇ ਲਾਗੂ ਕਰਨ ਤੋਂ ਨਾ ਰੋਕਿਆ। ਪ੍ਰਤੀ ਸਾਲ 145 ਡਾਲਰ ਦੀ ਫ਼ੀਸ (225 ਡਾਲਰ ਤੋਂ ਘਟਾ ਕੇ ਕੀਤੀ ਹੋਈ) ਇਕ ਮਿਸਾਲ ਹੈ ਕਿ ਕਿਉਂ ਸੰਸਥਾਵਾਂ ਨੂੰ ਸਥਾਈ ਫ਼ੰਡਾਂ ਦੀ ਉਮੀਦ ਲਈ ਯੋਗ ਹੋਣ ਦੀ ਲੋੜ ਪਈ ਅਤੇ ਕਿਉਂ ਕਾਨੂੰਨ ਪਾਸ ਕਰਨ ਦੀ ਲੋੜ ਪਈ ਅਤੇ ਵਿਦਿਆਰਥੀਆਂ ਦੇ ਸਿਰੋਂ ਬੋਝ ਘਟਾਉਣ ਦੇ ਬੰਦੋਬਸਤ ਕਰਨੇ ਪਏ। ਇਕ ਹੋਰ ਕੀਮਤ ਬਚਾਉ ਢੰਗ ਵਜੋਂ ਯੂਨੀਵਰਸਿਟੀ ਸਟਾਫ਼ ਨੂੰ ਫ਼ਰਲੋ ਦੇ ਦਿਨਾਂ ਦੀ ਤਨਖ਼ਾਹ ਕੱਟ ਕੇ ਤਨਖ਼ਾਹ ਵਾਧਾ ਆਪਸੀ ਗੱਲਬਾਤ ਰਾਹੀਂ ਤੈਅ ਕਰ ਕੇ ਦਿਤਾ ਗਿਆ।



ਕੇਵਲ ਕੀਮਤਾਂ ਹੀ ਨਹੀਂ ਵਧ ਰਹੀਆਂ ਸਗੋਂ ਉਨ੍ਹਾਂ ਨਾਲ ਨਜਿੱਠਣ ਲਈ ਢੰਗ ਤਰੀਕੇ ਵੀ ਅਲੋਪ ਹੋ ਰਹੇ ਹਨ। ਸਾਲ 2009-10 ਦੀਆਂ ਗ੍ਰਾਂਟਾਂ ਅਤੇ ਵਜ਼ੀਫ਼ਿਆਂ ਉਪਰ ਕੀਤੀ ਗਈ 54 ਲੱਖ ਡਾਲਰ ਦੀ ਕਟੌਤੀ ਇਸ ਸਾਲ ਬਹਾਲ ਨਹੀਂ ਕੀਤੀ ਗਈ। ਵਿਦਿਆਰਥੀ ਕਰਜ਼ਾ ਇਕ ਹੋਰ ਪ੍ਰਭਾਵਤ ਹੋਇਆ ਖੇਤਰ ਹੈ ਕਿਉਂਕਿ ਸਰਕਾਰ ਨੇ 'ਪ੍ਰੋਗਰਾਮ ਦੇ ਮੁਕੰਮਲ' ਹੋਣ ਉਪਰ ਕਰਜ਼ਾ ਰਾਹਤ ਨੂੰ ਨਿਰਭਰ ਬਣਾ ਦਿਤਾ ਹੈ। 33 ਲੱਖ ਡਾਲਰ ਦੀ ਬੱਚਤ ਜਿਹੜੀ ਇਸ ਤੋਂ ਹੋਈ, ਕਿਸੇ ਦੂਸਰੇ ਢੰਗ ਨਾਲ ਵਿਦਿਆਰਥੀਆਂ ਦੀ ਵਿਤੀ ਸਹਾਇਤਾ ਵਿਚ ਤਬਦੀਲ ਨਹੀਂ ਕੀਤੀ ਗਈ, ਸਗੋਂ ਪ੍ਰਬੰਧ ਵਿਚੋਂ ਹੀ ਹਟਾ ਲਈ ਗਈ। ਅਲਬਰਟਾ ਅਜਿਹੀਆਂ ਕਟੌਤੀਆਂ ਨਾਲ ਇਕ ਮਜ਼ਬੂਤ, ਵਿਸ਼ਵ ਮੁਕਾਬਲੇ ਦਾ ਵਿਦਿਅਕ ਪ੍ਰਬੰਧ ਨਹੀਂ ਸਿਰਜ ਸਕਦਾ।

ਤੇਜ਼ ਤਰੱਕੀ ਦੇ ਸਾਲਾਂ ਦੌਰਾਨ ਦੀਆਂ ਬੱਚਤਾਂ ਉਸ ਖ਼ੁਸ਼ਹਾਲੀ ਨੂੰ ਪ੍ਰਤੀਬਿੰਬਤ ਨਹੀਂ ਕਰਦੀਆਂ। 2009, ਉਹ ਸਾਲ ਹੈ ਜਦੋਂ ਮਾੜੀ ਆਰਥਕ ਪ੍ਰਸਥਿਤੀ ਨੂੰ ਹਰ ਤਰ੍ਹਾਂ ਦੀਆਂ ਕਟੌਤੀਆਂ ਲਈ ਦੋਸ਼ ਦਿਤਾ ਗਿਆ ਸੀ, ਇਹ ਆਇਲਸੈਂਡਜ਼ ਅਪਰੇਟਰਾਂ ਲਈ ਰਿਕਾਰਡ ਮੁਨਾਫ਼ੇ ਕਮਾਉਣ ਦਾ ਸਾਲ ਸੀ। ਜਦ ਸਾਡੀਆਂ ਸੰਸਥਾਵਾਂ ਦੇ ਫ਼ੰਡ ਮੰਡੀ ਜਿਣਸਾਂ ਦੇ ਰਹਿਮੋ ਕਰਮ 'ਤੇ ਹੀ ਰਹਿ ਗਏ ਹਨ। ਸਪੱਸ਼ਟ ਹੈ ਕਿ ਸਾਡੀਆਂ ਤਰਜੀਹਾਂ ਨੂੰ, ਅਲਬਰਟਾ ਦੀ ਚੰਗੇਰੀ ਆਰਥਕ ਸਥਿਤੀ ਬਰਕਰਾਰ ਰੱਖਣ ਲਈ, ਮੁੜ ਤੋਂ ਘੜਨ ਦੀ ਲੋੜ ਹੈ।

ਐਲਬਰਟਾ ਦੀ ਪੋਸਟ ਸੈਕੰਡਰੀ ਹਿੱਸੇਦਾਰੀ ਦਰ ਦੇਸ਼ ਵਿਚ ਸਭ ਤੋਂ ਘੱਟ ਹੈ। ਵਿੱਤੀ ਸਹਾਇਤਾ ਵਿਚ ਕਟੌਤੀਆਂ ਕਾਰਨ, ਮਜ਼ਦੂਰੀ ਦੇ ਉਚੀ ਅਦਾਇਗੀ ਵਾਲੇ ਊਰਜਾ ਖੇਤਰ ਦੇ ਕੰਮ ਬਹੁਤੇ ਅਲਬਰਟਾ ਵਾਸੀਆਂ ਨੂੰ ਆਕਰਸ਼ਤ ਕਰਦੇ ਦਿਖਾਈ ਦਿੰਦੇ ਹਨ। ਯੋਗਤਾ ਪ੍ਰਾਪਤ, ਪ੍ਰਤਿਭਾਸ਼ਾਲੀ ਸਮਰੱਥ ਵਿਦਿਆਰਥੀ ਕਰਜ਼ਾਈ ਤੇ ਡਾਵਾਂਡੋਲ ਹੋ ਰਹੇ ਹਨ ਕਿਉਂਕਿ ਸਸਤੀ ਹੋ ਰਹੀ ਗਿਆਨ ਸਨਅਤ ਵਿਚ ਉਨ੍ਹਾਂ ਦੇ ਰੁਜ਼ਗਾਰ ਮੌਕੇ ਥੋੜ੍ਹ ਚਿਰੇ ਵਿਤੀ ਲਾਭਾਂ ਤੋਂ ਕੁਰਬਾਨ ਕਰ ਦਿੱਤੇ ਗਏ ਹਨ। ਸਮੁੱਚੇ ਤੌਰ 'ਤੇ ਸੂਬੇ ਦੀ ਸਥਿਤੀ ਇਹ ਹੈ :ਲੰਮੇ ਸਮੇਂ ਦੀ ਕਦਰ ਤੇ ਖੁਸ਼ਹਾਲੀ ਦੀ ਥਾਂ ਥੋੜ੍ਹ ਚਿਰੇ ਲਾਭ 'ਤੇ ਜ਼ੋਰ ਦੇਣਾ।

ਊਰਜਾ ਉਤਪਾਦਨ, ਤਕਨੀਕੀ ਮੁਹਾਰਤ ਅਤੇ ਡਾਕਟਰੀ ਇਲਾਜ ਦੇ ਮੁੱਦਿਆਂ ਵਿਚ ਸਿਰਜਣਾਤਮਿਕ, ਵਿਸ਼ਵ ਪੱਧਰ ਦੀਆਂ ਤੇ ਵਿਹਾਰਕ ਅੰਤਰ-ਦ੍ਰਿਸ਼ਟੀਆਂ ਹਾਸਲ ਕਰਨ ਲਈ ਇਹ ਜ਼ਰੂਰੀ ਹੈ ਕਿ ਖੋਜ, ਸਿਖਿਆ ਤੇ ਅਧਿਆਪਨ ਦੀ ਭਰੋਸੇ ਅਤੇ ਜਨਤਕ ਫ਼ੰਡਾਂ ਨਾਲ ਪਿੱਠ ਪੂਰੀ ਜਾਵੇ। ਨਵੇਂ ਹੱਲਾਂ ਦੀ ਹਮੇਸ਼ਾਂ ਮੰਗ ਰਹੇਗੀ ਪਰ ਨਿਵੇਸ਼ ਲਈ ਫ਼ੰਡ ਰਾਤੋ-ਰਾਤ ਪੈਦਾ ਕੀਤੇ ਜਾਣ ਦੀ ਉਮੀਦ ਨਹੀਂ ਕੀਤੀ ਜਾ ਸਕਦੀ। ਸਾਨੂੰ ਅਲਬਰਟਾ ਵਿਚ ਅਜਿਹਾ ਸਭਿਆਚਾਰ ਪੈਦਾ ਕਰਨ ਦੀ ਲੋੜ ਹੈ ਜਿਹੜਾ ਆਲੋਚਨਾਤਮਿਕ ਸੋਚ ਅਤੇ ਸਹਿਯੋਗ ਨੂੰ ਅੱਗੇ ਵਧਾਉਣ ਵਾਲਾ ਹੋਵੇ।

ਇਨ੍ਹਾਂ ਚੀਜ਼ਾਂ ਨੂੰ ਸਿਖਿਆ ਪ੍ਰਬੰਧ ਰਾਹੀਂ ਹੁਲਾਰਾ ਮਿਲਦਾ ਹੈ।

ਐਲਬਰਟਾ ਸਰਕਾਰ ਲਈ ਜ਼ਰੂਰੀ ਹੈ ਕਿ ਉਹ ਅਜਿਹੇ ਗਿਆਨ ਨੂੰ ਉਤਸ਼ਾਹਿਤ ਕਰਨ ਦਾ ਪ੍ਰਦਰਸ਼ਨ ਕਰੇ ਜਿਹੜਾ ਮਜ਼ਬੂਤ ਅਰਥਚਾਰੇ ਅਤੇ ਭਵਿੱਖ ਦੇ ਸਮਾਜ ਉਪਰ ਕੇਂਦਰਿਤ ਹੋਵੇ, ਨਿਵੇਸ਼ ਜਾਮ ਕਰਨ ਨਾਲ ਅਜਿਹਾ ਨਹੀਂ ਹੁੰਦਾ। ਟਿਕਾਊ ਲਾਭ ਸਿੱਧੇ ਇਸ ਤਰ੍ਹਾਂ ਦੀਆਂ ਤਰਜੀਹਾਂ ਰਾਹੀਂ ਹਾਸਲ ਹੋ ਸਕਦੇ ਹਨ, ਜਿਵੇਂ ਡਾਕਟਰੀ ਇਲਾਜ ਦਾ ਵਿਕਾਸ ਜਿਹੜਾ ਸੇਵਾ ਵਿਚ ਸੁਧਾਰ ਲਿਆ ਸਕਦਾ ਹੈ ਅਤੇ ਸੂਬੇ ਦੇ ਸਭ ਤੋਂ ਮਹਿੰਗੇ ਸੈਕਟਰ ਵਿਚ ਕੀਮਤਾਂ ਨੂੰ ਘਟਾ ਸਕਦਾ ਹੈ। ਉਚੇਰੀ ਆਮਦਨ ਜਿਹੜੀ ਆਮ ਕਰ ਕੇ ਯੂਨੀਵਰਸਿਟੀ ਸਿਖਿਆ ਨਾਲ ਜੁੜਦੀ ਹੈ, ਦਾ ਅਰਥ ਜ਼ਿਆਦਾ ਟੈਕਸ ਉਗਰਾਹੀ ਵੀ ਹੈ। ਸੀ.ਡੀ. ਹੋਵ ਇੰਸਟੀਚਿਊਟ, ਇਕ ਬਹੁਤ ਸਨਮਾਨ ਯੋਗ ਥਿੰਕ ਟੈਂਕ, ਦੀ ਖੋਜ ਹੈ ਕਿ ਇਕ ਅੰਡਰ ਗ੍ਰੈਜੂਏਟ ਡਿਗਰੀ ਉਪਰ ਜਨਤਕ ਆਮਦਨ 9 ਪ੍ਰਤੀਸ਼ਤ ਹੈ, ਇਹ ਕਿਸੇ ਵੀ ਹੋਰ ਮਾਰਕੀਟ ਨਿਵੇਸ਼ ਨਾਲੋਂ ਕਿਤੇ ਜ਼ਿਆਦਾ ਹੈ। ਇਸ ਤੋਂ ਵੀ ਵੱਧ, ਪੋਸਟ ਸੈਕੰਡਰੀ ਗ੍ਰੈਜੂਏਟਸ ਜਿਹੜੇ ਸਿਹਤ ਪ੍ਰਬੰਧ ਵਲੋਂ ਜਾਂ ਸਮਾਜਕ ਸੁਰੱਖਿਆ ਤਾਣੇ-ਬਾਣੇ ਤੋਂ ਵੀ ਵਾਹਵਾ ਥੁੜ੍ਹੇ ਰਹਿੰਦੇ ਹਨ, ਉਸ ਨਾਲੋਂ ਕਿਤੇ ਵੱਧ ਯੋਗਦਾਨ ਪਾਉਂਦੇ, ਜਿੰਨਾ ਉਨ੍ਹਾਂ ਵਲੋਂ ਇਸਤੇਮਾਲ ਕੀਤਾ ਜਾਂਦਾ ਹੈ। ਅੰਤ ਵਿਚ, ਵਿਕਾਸ ਹੁਲਾਰੇ ਦੇ ਕਾਲ ਵਿਚ ਸਾਡਾ ਆਰਥਕ ਵਾਧਾ ਕੁਸ਼ਲ ਕਿਰਤ ਦੀ ਕਮੀ ਕਾਰਨ ਸਾਡੇ ਟੈਕਸ ਢਾਂਚੇ ਅਤੇ ਰਾਇਲਟੀਆਂ ਦੀਆਂ ਦਰਾਂ ਨਾਲੋਂ ਬਹੁਤ ਸੀਮਤ ਹੋ ਗਿਆ ਹੈ।

ਜੇਕਰ ਬਜਟ ਦਾ ਇਹੋ ਰੁਝਾਨ ਜਾਰੀ ਰਹਿੰਦਾ ਹੈ ਤਾਂ ਇਹ ਬਹੁਤ ਸਾਰੇ ਯੋਗਤਾ ਪ੍ਰਾਪਤ ਵਿਦਿਆਰਥੀਆਂ ਲਈ ਅਸਹਿ ਹੋ ਸਕਦਾ ਹੈ। ਗ੍ਰੈਜੂਏਟ ਉਨ੍ਹਾਂ ਥਾਵਾਂ 'ਤੇ ਰੁਜ਼ਗਾਰ ਦੀ ਇੱਛਾ ਅਧੀਨ ਐਲਬਰਟਾ ਛੱਡ ਦੇਣਗੇ ਜਿਹੜੇ ਅਕਾਦਮਿਕ ਕੰਮ 'ਤੇ ਜ਼ੋਰ ਦਿੰਦੇ ਹਨ। ਸਾਡੀਆਂ ਯੂਨੀਵਰਸਿਟੀਆਂ ਨੂੰ ਦੁਨੀਆਂ ਦੇ ਵਧੀਆ ਖੋਜਾਰਥੀਆਂ, ਅਧਿਆਪਕਾਂ ਤੇ ਨਵਸਿਰਜਕਾਂ ਨੂੰ ਆਕਰਸ਼ਿਤ, ਵਿਕਸਿਤ ਅਤੇ ਰੋਕ ਰੱਖਣ ਵਿਚ ਔਖ ਪੇਸ਼ ਆਵੇਗੀ। ਜੇਕਰ ਸੂਬਾਈ ਸਰਕਾਰ ਨੇ ਨਿਵੇਸ਼ ਦੇ ਮਾਮਲੇ ਵਿਚ ਥੋੜ੍ਹ ਚਿਰੇ ਆਰਥਿਕ ਫ਼ੈਸਲਿਆਂ ਨੂੰ ਤਰਜੀਹ ਦੇਣੀ ਜਾਰੀ ਰੱਖੀ ਤਾਂ ਸਾਡੇ ਕੋਲ ਦਿਖਾਉਣ ਲਈ ਤਾਂ ਵਾਧੂ ਹੋਵੇਗਾ ਪਰ ਬੜੀ ਭਾਰੀ ਕੀਮਤ ਤਾਰ ਕੇ।

# ਸਿਰਫ ਭਾਰਤ ਵਿਚ...

ਮੇਰਾ ਮਿੱਤਰ 14 ਵਰ੍ਹਿਆਂ ਬਾਅਦ ਪੱਛਮ ਦੀ ਦੁਨੀਆ ਤੋਂ ਮਹੀਨੇ ਕੁ ਲਈ 'ਆਪਣੇ ਮੁਲਕ' 'ਚ ਸੈਰ ਸਪਾਟਾ ਕਰਨ ਆਇਆ ਹੋਇਆ ਸੀ। ਟੈਕਸੀ ਵਿਚ ਇਕੱਠਿਆਂ ਸਫਰ ਦੌਰਾਨ ਗੱਲਾਂ ਗੱਲਾਂ 'ਚ ਮੈਂ ਪੁੱਛਿਆ, ''ਕਿਵੇਂ ਰਿਹਾ ਬਈ ਤੇਰਾ 14 ਸਾਲਾਂ ਦਾ ਬਨਵਾਸ?'' ਉਸ ਨੇ ਜਵਾਬ ਦਿਤਾ, ''ਸੱਚੀ ਗੱਲ ਇਹ ਹੈ ਕਿ ਮੈਂ ਬਨਵਾਸ ਕੱਟ ਕੇ ਨਹੀਂ ਆਇਆ ਸਗੋਂ ਇਥੇ ਇਕ ਮਹੀਨੇ ਦੀ ਛੁੱਟੀ ਮੈਨੂੰ ਬਨਵਾਸ ਲੱਗ ਰਹੀ ਹੈ। ਕੁੱਝ ਨਹੀਂ ਬਦਲਿਆ ਇਥੇ ਜਦਕਿ ਪੱਛਮ ਵਿਚ ਮੇਰੇ ਦੇਖਦੇ ਦੇਖਦੇ......।'' ਉਹ ਗੱਲਾਂ ਕਰ ਹੀ ਰਿਹਾ ਸੀ ਕਿ ਅਸੀਂ ਜਿਸ ਟੈਕਸੀ ਵਿਚ ਸਵਾਰ ਸਾਂ ਉਸ ਦਾ ਪਹੀਆ ਜ਼ਮੀਨ 'ਚ ਧੱਸ ਗਿਆ। ਅਸੀਂ ਹੇਠਾਂ ਉਤਰ ਕੇ ਦੇਖਿਆ ਕਿ ਟੈਲੀਫੋਨ ਵਾਲਿਆਂ ਨੇ ਇਹ ਜਗ੍ਹਾ ਪੁੱਟੀ ਹੋਈ ਸੀ। ਮੇਰਾ ਮਿੱਤਰ ਬੌਖਲਾ ਗਿਆ। ਕਹਿਣ ਲੱਗਾ, ''ਇਹ ਬੇਹੂਦਗੀ ਸਿਰਫ ਭਾਰਤ ਵਿਚ ਹੀ ਹੋ ਸਕਦੀ ਹੈ। ਅਨਪੜ੍ਹ ਮੁਲਕ, ਮੂਰਖ ਲੋਕ। ਜਿਹੜਾ ਕੰਮ ਇੰਜੀਨੀਅਰ ਨੂੰ ਕਰਨਾ ਚਾਹੀਦਾ ਹੈ, ਉਹ ਇਥੇ ਮਜ਼ਦੂਰ ਕਰਦੇ ਹਨ। ਚਲੋ ਕੋਈ ਹੋਰ ਟੈਕਸੀ ਲਈਏ।'' ਤਦੇ ਸਾਡੇ ਟੈਕਸੀ ਡਰਾਇਵਰ ਨੇ ਪੰਜ ਚਾਰ ਲੋਕਾਂ ਦੀ ਮਦਦ ਨਾਲ ਆਪਣੀ ਟੈਕਸੀ ਨੂੰ ਟੋਏ ਵਿਚੋਂ ਕੱਢ ਲਿਆ ਤੇ ਟੈਕਸੀ ਦਾ ਦਰਵਾਜ਼ਾ ਖੋਲ੍ਹ ਕੇ ਕਿਹਾ, ''ਆਉ ਸਰ ਬੈਠੋ।'' ਅਸੀਂ ਦੋਵੇਂ ਟੈਕਸੀ 'ਚ ਬੈਠ ਗਏ ਤੇ ਅਚਾਨਕ ਮੇਰਾ ਮਿੱਤਰ ਬੜੇ ਮਾਣ ਭਰੇ ਅੰਦਾਜ਼ 'ਚ ਬੋਲਿਆ, ''ਇਹ ਚਮਤਕਾਰ ਵੀ ਸਿਰਫ਼ ਭਾਰਤ ਵਿਚ ਹੀ ਹੋ ਸਕਦਾ ਹੈ ਯਾਰ।''

**ਰਮੇਸ਼ ਬੱਤਰਾ**

ਧੁਖ਼ਦਾ ਕਾਲਮ

# 'ਬਣੋ ਸੂਰਜ ਜਾਂ ਜੁਗਨੂੰ ਹੀ ਬਣੋ, ਚੀਰੋ ਹਨੇਰਾ'

**ਸੁਸ਼ੀਲ ਦੁਸਾਂਝ**

'ਮੁਹੱਬਤ ਦੇ ਅਰਥ
ਬਹੁਤ ਵਸੀਹ ਨੇ
ਮੈਂ ਮੁਹੱਬਤ ਕਰਦਾਂ ਹਾਂ
ਜ਼ਿੰਦਗੀ ਨੂੰ
ਮੇਰੇ ਲਈ ਮੁਹੱਬਤ 'ਜ਼ਿੰਦਗੀ' ਹੈ
ਤੇ ਜ਼ਿੰਦਗੀ 'ਮੁਹੱਬਤ' ਹੈ।'

ਜ਼ਿੰਦਗੀ ਪ੍ਰਤੀ ਬੇਇੰਤਹਾ ਮੁਹੱਬਤ ਦਾ ਇਜ਼ਹਾਰ ਕਰਦੀਆਂ ਇਹ ਕਾਵਿ -ਸਤਰਾਂ ਅਜੀਤ ਸਿੰਘ ਦਿਉਲ ਦੀਆਂ ਹਨ। ਅਜੀਤ ਸਿੰਘ ਦਿਉਲ ਫਿਲਮ ਸਟਾਰ ਧਰਮਿੰਦਰ ਦੇ ਨਿੱਕੇ ਭਰਾ ਹਨ। ਮੁੰਬਈ ਵਿਚ ਫਿਲਮਾਂ ਦੇ ਚਕਾਚੌਂਧ ਮਹੌਲ ਵਿਚ ਵਿਚਰਦਿਆਂ ਵੀ ਅਜੀਤ ਸਿੰਘ ਦਿਉਲ ਦਾ ਜ਼ਿੰਦਗੀ ਅਤੇ ਮੁਹੱਬਤ ਪ੍ਰਤੀ ਨਜ਼ਰੀਆਂ ਜੇ ਨਹੀਂ ਬਦਲਿਆ ਤਾਂ ਇਹਦਾ ਕਾਰਨ ਉਹ ਸਮਾਜਕ ਜੀਵਨ ਹੈ ਜਿਹੜਾ ਸੱਚੀਆਂ -ਸੁੱਚੀਆਂ ਅਤੇ ਮਾਨਵੀ ਕਦਰਾਂ ਕੀਮਤਾਂ ਦੀ ਬੁਨਿਆਦ ਉਪਰ ਉਸਰਿਆ ਹੋਇਆ ਸੀ। ਪਰ ਅੱਜ ਸਭ ਕੁਝ ਖਿਲਰ -ਪੱਤਰ ਰਿਹਾ ਹੈ। ਅੱਜ ਜ਼ਿੰਦਗੀ ਦੇ ਹੱਥਾਂ ਵਿਚੋਂ ਮੁਹੱਬਤ ਕਿਰਦੀ ਜਾ ਰਹੀ ਹੈ ਅਤੇ ਜ਼ਿੰਦਗੀ ਪ੍ਰਤੀ ਵਧ ਰਹੀ ਬੇਮੁਖਤਾ ਨੇ ਕੱਲ ਤੱਕ ਹੱਸਦੇ ਖੇਡਦੇ ਵਿਹੜਿਆਂ ਵਿਚ ਗਮਾਂ ਦੀਆਂ ਦਰੀਆਂ ਵਿਛਾ ਦਿੱਤੀਆਂ ਹਨ। ਸ਼ਾਇਰ ਲੇਖਕ ਤਾਂ ਅੱਜ ਵੀ ਜ਼ਿੰਦਗੀ ਦੀਆਂ ਬਾਤਾਂ ਹੀ ਪਾਉਂਦੇ ਹਨ ਪਰ ਅਸਲੀਅਤ ਵਿਚ ਜ਼ਿੰਦਗੀ ਪ੍ਰਤੀ ਉਪਰਾਮਤਾ ਦਾ ਮਾਹੌਲ ਕਿਉ ਬਣਦਾ ਜਾ ਰਿਹਾ ਹੈ?

ਚੰਡੀਗੜ ਵਿਚ ਹੀ ਪਿਛਲੇ ਹਫ਼ਤੇ 4 ਜਣਿਆਂ ਨੇ ਖ਼ੁਦਕੁਸ਼ੀ ਕੀਤੀ ਹੈ। ਚੰਡੀਗੜ ਵਰਗੇ ਆਧੁਨਿਕ ਅਤੇ ਜਾਗਰੂਕ ਸ਼ਹਿਰ ਦੇ ਨਾਲ ਹੀ ਜੇਕਰ ਆਪਣੇ ਪੂਰੇ ਮੁਲਕ ਦੀ ਗੱਲ ਵੀ ਕਰਨੀ ਹੋਵੇ ਤਾਂ ਹਰ ਸਾਲ ਭਾਰਤ ਵਿਚ ਔਸਤਨ ਸਵਾ ਲੱਖ ਲੋਕ ਆਪਣੀ ਮਰਜ਼ੀ ਨਾਲ ਆਪਣੀ ਜੀਵਨ-ਜੋਤ ਨੂੰ ਬੁਝਾ ਲੈਂਦੇ ਹਨ। ਇਸ ਤੋਂ ਬਿਨਾ 4 ਲੱਖ ਲੋਕ ਉਹ ਹਨ ਜਿਹੜੇ ਖ਼ੁਦਕੁਸ਼ੀ ਕਰਨ ਦੀ ਕੋਸ਼ਿਸ਼ ਕਰਦੇ ਹਨ ਪਰ ਬਚਾ ਲਏ ਜਾਂਦੇ ਹਨ। ਇਕ ਹੋਰ ਹੈਰਾਨੀਜਨਕ ਤੱਥ ਇਹ ਹੈ ਕਿ ਲਗਪਗ ਸੌ ਫੀਸਦੀ ਸਾਖਰਤਾ ਦਾ ਟੀਚਾ ਹਾਸਲ ਕਰਨ ਵਾਲਾ ਭਾਰਤ ਦਾ ਇਕੋ-ਇਕ ਸੂਬਾ ਕੇਰਲ ਖ਼ੁਦਕੁਸ਼ੀਆਂ ਵਿਚ ਸਭ ਤੋਂ ਅੱਗੇ ਹੈ। ਕੇਰਲ ਵਿਚ ਹਰ ਪੰਦਰਾਂ ਮਿਨਟ ਬਾਅਦ ਕੋਈ ਨਾ ਕੋਈ ਵਿਅਕਤੀ ਖ਼ੁਦਕੁਸ਼ੀ ਕਰਨ ਦੀ ਕੋਸ਼ਿਸ਼ ਕਰਦਾ ਹੈ। ਇਸੇ ਲਈ ਕੇਰਲ ਨੂੰ ਦੇਸ਼ ਵਿਚ 'ਖ਼ੁਦਕੁਸ਼ੀਆਂ ਦੀ ਰਾਜਧਾਨੀ' ਕਿਹਾ ਜਾਣ ਲੱਗਾ ਹੈ। ਦੇਸ਼ ਵਿਚ ਖ਼ੁਦਕੁਸ਼ੀ ਦਾ ਕੌਮੀ ਔਸਤ ਇਕ ਲੱਖ ਦੀ ਆਬਾਦੀ 'ਤੇ 11 ਹੈ ਜਦਕਿ ਕੇਰਲ ਵਿਚ ਇਹ ਔਸਤ 30 ਹੈ। ਭਾਰਤ ਵਿਚ ਖ਼ੁਦਕੁਸ਼ੀਆਂ ਦੇ ਰੁਝਾਨ ਵਿਚ ਅਚਾਨਕ ਆਈ ਇਹ ਤੇਜ਼ੀ ਜਿੱਥੇ ਭੈਅ-ਭੀਤ ਕਰਨ ਵਾਲੀ ਹੈ ਉੱਥੇ ਹੁਕਮਰਾਨਾਂ ਅਤੇ ਸਮਾਜ ਵਿਗਿਆਨੀਆਂ ਲਈ ਇਕ ਵੱਡੀ ਚਣੌਤੀ ਵੀ ਹੈ। ਲੋੜ ਉਨ੍ਹਾਂ ਕਾਰਨਾਂ ਨੂੰ ਤਲਾਸ਼ਣ ਅਤੇ ਦੂਰ ਕਰਨ ਦੀ ਹੈ ਜਿਹੜੇ ਭਾਰਤੀ ਸਮਾਜ ਵਿਚ ਇਸ ਹੱਦ ਤੱਕ ਨਿਰਾਸ਼ਤਾ ਦਾ ਮਾਹੌਲ ਪੈਦਾ ਕਰ ਰਹੇ ਹਨ ਕਿ ਲੋਕ ਮੁਸ਼ਕਲਾਂ, ਦੁਸ਼ਵਾਰੀਆਂ ਦਾ ਮੁਕਾਬਲਾ ਕਰਨ ਦੀ ਥਾਂ ਖ਼ੁਦਕੁਸ਼ੀ ਵਰਗੇ ਸਿਰੇ ਦੇ ਕਦਮ ਤਕ ਚੁਕਣ ਵੱਲ ਵਧਦੇ ਜਾ ਰਹੇ ਹਨ।

ਆਮ ਤੋਰ 'ਤੇ ਮਨੋਵਿਗਿਆਨੀ ਜਿਨ੍ਹਾਂ ਕਾਰਨਾਂ ਨੂੰ ਖ਼ੁਦਕੁਸ਼ੀਆਂ ਦੇ ਇਸ ਰੁਝਾਨ ਲਈ ਜ਼ਿੰਮੇਵਾਰ ਮੰਨਦੇ ਹਨ ਉਨ੍ਹਾਂ ਵਿਚ ਪਰਿਵਾਰਕ ਕਲੇਸ਼, ਪੜ੍ਹਾਈ , ਕੰਮ-ਕਾਰ, ਕਾਰੋਬਾਰ ਵਿਚ ਨਾਕਾਮੀ, ਘਰੇਲੂ ਹਿੰਸਾ, ਕਰਜ਼ੇ ਦਾ ਭਾਰ,ਦਾਜ ਦਹੇਜ ਆਰਥਕ ਤੰਗੀਆਂ-ਤੁਰਸ਼ੀਆਂ, ਨਸ਼ੇ-ਪੱਤੇ ਅਤੇ ਆਤਮ ਵਿਸ਼ਵਾਸ਼ ਦੀ ਕਮੀ ਆਦਿ ਪ੍ਰਮੁੱਖ ਹਨ। ਬਿਨਾ ਸ਼ੱਕ ਇਹ ਵੱਡੀਆਂ ਸਮੱਸਿਆਵਾਂ ਹਨ ਅਤੇ ਪਿਛਲੇ 10 ਕੁ ਸਾਲਾਂ ਵਿਚ ਇਨ੍ਹਾਂ ਵਿਚ ਅੰਤਾਂ ਦਾ ਵਾਧਾ ਵੀ ਲਗਾਤਾਰ ਜਾਰੀ ਹੈ ਪਰ ਸੰਸਾਰ ਦਾ ਕੋਈ ਵੀ ਹਿੱਸਾ ਸਮੱਸਿਆਵਾਂ ਤੋਂ ਮੁਕਤ ਨਹੀਂ ਹੈ। ਤੰਗੀਆਂ -ਤੁਰਸ਼ੀਆਂ, ਮੁਸ਼ਕਲਾਂ, ਦੁਖ ਦਰਦ ਪੀੜਾਂ ਆਦਿ ਖੁਸ਼ੀਆਂ-ਖੇੜਿਆਂ ਦੇ ਨਾਲ -ਨਾਲ ਹੀ ਚਲਿਆ ਕਰਦੀਆਂ ਹਨ। ਹਾਂ ਇਹ ਠੀਕ ਹੈ ਮੌਜੂਦਾ ਦੌਰ ਵਿਚ ਮਨੁੱਖੀ ਜੀਵਨ ਵਿਚ ਦੁਖਾਂ ਦਰਦਾਂ ਅਤੇ ਮੁਸੀਬਤਾਂ ਦੇ ਪਹਾੜ ਨਿਰੰਤਰ ਦੂਣ-ਸਵਾਏ ਹੋ ਰਹੇ ਹਨ ਤੇ ਮਨ ਦੀ ਝੀਲ ਵਿਚ ਹਰ ਰੋਜ਼ ਨਵੇਂ ਰੇਗਿਸਤਾਨ ਉੱਗ ਰਹੇ ਹਨ। ਜੀਵਨ ਦੇ ਹਰ ਮੋੜ 'ਤੇ ਤਣਾਅ ਦਾ ਫਨੀਅਰ ਡੱਸਦਾ ਹੈ ਤੇ ਧੁੱਪ ਵੀ ਕਾਲੀ ਰਾਤ ਵਾਂਗ ਚੁੱਭਦੀ ਹੈ। ਪਰ ਖ਼ੁਦਕੁਸ਼ੀ ਤਾਂ ਇਨ੍ਹਾਂ ਪ੍ਰਸਥਿਤੀਆਂ ਤੋਂ ਹਾਰ ਜਾਣਾ ਹੈ, ਲੋੜ ਤਾਂ ਇਨ੍ਹਾਂ ਦਾ ਮੁਕਾਬਲਾ ਕਰਨ ਦੀ ਹੈ।

ਦਰਅਸਲ ਜਦੋਂ ਤੋਂ ਸੰਸਾਰੀਕਰਨ ਦੇ ਦੌਰ ਨੇ ਬੰਦੇ ਨੂੰ ਖੁੱਲ੍ਹੇ ਬਾਜ਼ਾਰ ਦੇ ਹਵਾਲੇ ਕੀਤਾ ਹੈ, ਉਦੋਂ ਤੋਂ ਹੀ ਮਨੁੱਖੀ ਮਨ ਦੇ ਆਲੇ-ਦੁਆਲੇ ਹਰ ਪਲ ਨਵੇਂ ਤੋਂ ਨਵੇਂ ਖ਼ਤਰੇ ਪੈਦਾ ਹੋ ਰਹੇ ਹਨ। ਵਿਸ਼ਵ ਸਿਹਤ ਸੰਗਠਨ ਦੀ ਤਾਜ਼ਾ ਰਿਪੋਰਟ ਮੁਤਾਬਕ ਸੰਸਾਰ ਵਿਚ ਇਕ ਅਰਬ ਦੇ ਕਰੀਬ ਲੋਕ ਕਿਸੇ ਨਾ ਕਿਸੇ ਮਾਨਸਿਕ ਬਿਮਾਰੀ ਦਾ ਸ਼ਿਕਾਰ ਹਨ ਤੇ ਇਹਦੇ ਵਿਚੋਂ 20 ਕਰੋੜ ਦੇ ਲਗਪਗ ਲੋਕ ਭਾਰਤ ਦੇ ਹਨ। ਜਰਾ ਸੋਚੋ ਜਿਸ ਮੁਲਕ ਦੀ ਕੁਲ ਆਬਾਦੀ ਦਾ ਲਗਪਗ 18 ਫੀਸਦੀ ਮਾਨਸਿਕ ਰੋਗੀ ਹੋਵੇ ਉਹ ਮੁਲਕ ਸੰਸਾਰ ਦੀਆਂ ਮਹਾਸ਼ਕਤੀਆਂ ਨਾਲ ਆਪਣਾ ਵਰ ਕਿਵੇਂ ਮੇਚ ਲਵੇਗਾ? ਅਗਲੀ ਹੈਰਾਨੀ ਤੇ ਪ੍ਰੇਸ਼ਾਨੀ ਵਾਲੀ ਗੱਲ ਇਹ ਹੈ ਕਿ ਆਪਣੇ ਮੁਲਕ ਵਿਚ ਮਾਨਸਿਕ ਰੋਗੀਆਂ ਦੇ ਇਲਾਜ ਲਈ ਨਾ ਤਾਂ ਲੋੜੀਦੇ ਹਸਪਤਾਲ ਹੀ ਹਨ ਤੇ ਨਾ ਹੀ ਡਾਕਟਰ। ਜਿਸ ਮੁਲਕ ਨੂੰ ਇਸ ਵਕਤ 32 ਹਜ਼ਾਰ ਮਾਹਿਰ ਮਾਨਸਿਕ ਰੋਗਾਂ ਦੇ ਡਾਕਟਰਾਂ ਦੀ ਤੁਰੰਤ ਜ਼ਰੂਰਤ ਹੈ, ਉੱਥੇ ਸਿਰਫ 3300 ਡਾਕਟਰ ਹਨ। ਉਪਰੋ ਸਿਤਮ ਇਹ ਹੈ ਕਿ ਮਾਨਸਿਕ ਰੋਗੀਆਂ ਨੂੰ ਅਸੀਂ ਬਿਨਾਂ ਕਿਸੇ ਲਗ-ਲਪੇਟ ਦੇ ਸਿੱਧੇ ਹੀ 'ਪਾਗਲਾਂ' ਦੇ ਖਾਨੇ ਵਿਚ ਵਗਾਹ ਮਾਰਦੇ ਹਾਂ। ਸਾਡੇ ਸਮਾਜ ਵਿਚ ਪਹਿਲਾਂ ਤਾਂ ਮਾਨਸਿਕ ਰੋਗੀ ਹੀ ਇਹ ਮੰਨਣ ਲਈ ਤਿਆਰ ਨਹੀਂ ਕਿ ਉਸਨੂੰ ਕੋਈ ਮਾਨਸਿਕ ਪ੍ਰੇਸ਼ਾਨੀ ਜਾਂ ਬਿਮਾਰੀ ਹੈ ਤੇ ਜੇ ਉਹ ਆਪਣੀ ਬਿਮਾਰੀ ਮੰਨ ਕੇ ਇਲਾਜ ਲਈ ਤੁਰ ਵੀ ਪੈਂਦਾ ਹੈ ਤਾਂ ਸਾਡਾ ਆਲਾ ਦੁਆਲਾ ਉਸ ਦੀ ਬਿਮਾਰੀ ਨੂੰ ਸਮਝਣ ਅਤੇ ਉਹਦੇ ਇਲਾਜ ਵਿਚ ਉਹਦੀ ਮਦਦ ਕਰਨ ਦੀ ਥਾਂ ਉਹਨੂੰ ਪਾਗਲ ਗਰਦਾਨ ਕੇ ਆਪਣੀ 'ਬੁੱਧੀਮਤਾ' ਦਾ ਖੁਲ੍ਹਾ ਪ੍ਰਗਟਾਵਾ ਕਰਨ ਵਿਚ ਹੀ ਆਪਣੀ ਸ਼ਾਨ ਸਮਝਦਾ ਹੈ। ਜ਼ਰੂਰਤ ਇਸ ਗੱਲ ਦੀ ਹੈ ਕਿ ਮਾਨਸਿਕ ਰੋਗਾਂ ਨੂੰ ਵੀ ਬਾਕੀ ਰੋਗਾਂ ਵਾਂਗ ਹੀ ਇਕ ਰੋਗ ਸਮਝਕੇ ਉਹਦੇ ਇਲਾਜ ਲਈ ਯਤਨ ਹੋਣ ਅਤੇ ਨੌਜਵਾਨਾਂ ਵਿਚ ਖਾਸ ਤੌਰ 'ਤੇ ਖਪਤ ਸੱਭਿਆਚਾਰ ਦੇ ਨਫ਼ੇ-ਨੁਕਸਾਨਾਂ ਬਾਰੇ ਜਾਗਰੂਕਤਾ ਲਿਆਉਣ ਦੇ ਉਪਰਾਲੇ ਕੀਤੇ ਜਾਣ ਤਾਂ ਹੀ ਇਕ ਬਿਮਾਰ ਮੁਲਕ ਵਿਚ ਤਬਦੀਲ ਹੁੰਦੇ ਅਤੇ ਖ਼ੁਦਕੁਸ਼ੀਆਂ ਵੱਲ ਵਧ ਰਹੇ ਮੁਲਕ ਨੂੰ ਬਚਾਇਆ ਜਾ ਸਕੇਗਾ। ਪਰ ਇਹ ਕੰਮ ਕਰੇ ਕੌਣ? ਮੁਲਕ ਵਿਚ ਭਾਰੂ ਸਿਆਸੀ ਧਿਰਾਂ ਨੂੰ ਤਾਂ ਇਹਦਾ ਕੋਈ ਫ਼ਿਕਰ ਨਹੀਂ ਕਿਉਂਕਿ ਉਨ੍ਹਾਂ ਦੀਆਂ ਸਿਆਸੀ ਲੋੜਾਂ ਇਕ ਬਿਮਾਰ ਅਤੇ ਬੇਬਸ ਸਮਾਜ ਹੀ ਪੂਰੀਆਂ ਕਰਦਾ ਹੈ। ਤਾਂ ਫਿਰ ਕੀ ਹੋਵੇ? ਇਥੇ ਲੋੜ ਉਨ੍ਹਾਂ ਧਿਰਾਂ ਦੀ ਨਿਸ਼ਾਨ ਦੇਹੀ ਕਰਨ ਦੀ ਹੈ ਜਿਹੜੀਆਂ ਅਮਲੀ ਰੂਪ ਵਿਚ ਇਕ ਚੰਗੇਰੇ ਅਤੇ ਨਰੋਏ ਸਮਾਜ ਦੀ ਸਿਰਜਣਾ ਦੇ ਇਤਿਹਾਸਕ ਕਾਰਜ ਵਿਚ ਗੰਭੀਰਤਾ ਨਾਲ ਜੁਟੀਆਂ ਹੋਈਆਂ ਹਨ। ਜਿੱਥੇ ਆਮ ਨੌਜਵਾਨਾਂ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਇਸ ਕਾਰਜ ਵਲ ਉਚੇਚਾ ਧਿਆਨ ਦੇਣਾ ਪਵੇਗਾ, ਉਥੇ ਇਨ੍ਹਾਂ ਧਿਰਾਂ ਨੂੰ ਵੀ ਆਪਣਾ ਘੇਰਾ ਵਿਸ਼ਾਲ ਕਰਨ ਦੇ ਨਵੇਂ ਤੌਰ ਤਰੀਕੇ ਸੋਚਣੇ ਪੈਣਗੇ। ਅਖੀਰ ਵਿਚ ਅਮਰੀਕਾ ਵਸੱਦੇ ਸ਼ਾਇਰ ਮਿੱਤਰ ਕੁਲਵਿੰਦਰ ਦੇ ਇਸ ਸ਼ਿਅਰ ਨਾਲ ਦਿਓ ਆਗਿਆ –

**'ਬਣੋ ਸੂਰਜ ਜਾਂ ਜੁਗਨੂੰ ਹੀ ਬਣੋ, ਚੀਰੋ ਹਨੇਰਾ**
**ਨਾ ਫੁਲਾਂ ਵਾਂਗ ਮੁਰਝਾਓ ਚਰਾਗ਼ਾਂ ਦਾ ਸਮਾਂ ਹੈ '**

□

# ਕੈਨੇਡਾ ਡਾਕ-ਹੜਤਾਲ ਕਿਉਂ ?

ਕਿਰਤਮੀਤ ਸਿੰਘ

ਕੈਨੇਡਾ ਵਿਚਲੀ ਹਾਰਪਰ ਸਰਕਾਰ ਨੇ ਜਿਥੇ ਸੰਸਦ ਵਿਚ 'ਕੰਮ 'ਤੇ ਪਰਤੋ' ਬਿੱਲ ਪਾਸ ਕਰਕੇ ਡਾਕ ਕਰਮਚਾਰੀਆਂ ਵਿਚ ਹੜਕੰਪ ਮਚਾ ਦਿੱਤਾ ਹੈ, ਉਥੇ ਹੀ ਇਸ ਔਖੀ ਘੜੀ ਨੂੰ ਨਜਿੱਠਣ ਲਈ ਕੈਨੇਡਾ ਯੂਨੀਅਨ ਆਫ ਪੋਸਟਲ ਵਰਕਰਜ਼ ਵਲੋਂ ਮਨੁੱਖੀ ਅਧਿਕਾਰ ਕਮਿਸ਼ਨ ਨੂੰ ਅਪੀਲ ਕਰਨ ਤੋਂ ਬਾਅਦ ਸਰਵ ਉਚ ਅਦਾਲਤ ਵਿਚ ਇਸ ਬਿੱਲ ਨੂੰ ਚੁਣੌਤੀ ਦੇਣ ਦਾ ਫੈਸਲਾ ਲਿਆ ਹੈ। ਆਪਣੇ ਅਧਿਕਾਰਾਂ 'ਤੇ ਵੱਜਦੇ ਡਾਕੇ ਨੂੰ ਵੇਖ ਕੇ ਆਮ ਆਦਮੀ ਤੋਂ ਲੈ ਕੇ ਡਾਕ ਯੂਨੀਅਨ ਤੱਕ ਸਰਕਾਰ ਦੇ ਇਸ ਫੈਸਲੇ 'ਤੇ ਹੈਰਾਨ ਹੈ।

### ਕੀ ਹੀ 'ਬੈਕ ਟੂ ਵਰਕ' (ਕੰਮ 'ਤੇ ਪਰਤੋ) ਬਿੱਲ?

ਹਾਰਪਰ ਸਰਕਾਰ ਨੇ ਸੰਸਦ ਵਿਚ 'ਕੰਮ 'ਤੇ ਪਰਤੋ' ਬਿੱਲ ਪਾਸ ਕਰਕੇ ਹਿਟਲਰੀ ਡੰਡੇ ਦਾ ਇਸਤੇਮਾਲ ਕੀਤਾ ਹੈ। ਇਸ ਬਿੱਲ ਅਨੁਸਾਰ ਜੇਕਰ ਕੈਨੇਡਾ ਡਾਕ ਕਰਮਚਾਰੀ ਹੜਤਾਲ 'ਤੇ ਜਾਂਦੇ ਹਨ ਤਾਂ ਯੂਨੀਅਨ ਦੇ ਪ੍ਰਧਾਨ ਤੇ ਮੀਤ ਪ੍ਰਧਾਨ ਨੂੰ ਪ੍ਰਤੀ ਦਿਨ 50 ਹਜ਼ਾਰ ਡਾਲਰ ਅਤੇ ਹੜਤਾਲੀ ਕਰਮਚਾਰੀਆਂ ਨੂੰ ਪ੍ਰਤੀ ਦਿਨ 1000 ਡਾਲਰ ਜੁਰਮਾਨੇ ਦੇ ਨਾਲ ਨਾਲ ਨੌਕਰੀ ਤੋਂ ਵੀ ਹੱਥ ਧੋਣਾ ਪਵੇਗਾ। ਇਸ ਦੇ ਨਾਲ ਹੀ ਸਰਕਾਰ ਆਉਣ ਵਾਲੇ ਸਮੇਂ ਵਿਚ ਯੂਨੀਅਨ ਅਤੇ ਸਰਕਾਰ ਵਿਚ ਪੁਲ ਦੀ ਤਰ੍ਹਾਂ ਕੰਮ ਕਰਨ ਲਈ ਇਕ ਵਿਚੋਲੇ ਦਾ ਪ੍ਰਬੰਧ ਕਰੇਗੀ ਪਰ ਇਹ ਵਿਚੋਲੇ ਸਰਕਾਰ ਅਤੇ ਯੂਨੀਅਨ ਵਿਚੋਂ ਕਿਸੇ ਇਕ ਦਾ ਪੱਖ ਹੀ ਲੈ ਸਕੇਗਾ। ਭਾਵ ਇਸ ਵਿਚੋਲੇ ਨੂੰ ਜਾਂ ਤਾਂ ਯੂਨੀਅਨ ਪੱਖੀ ਹੋਣਾ ਪਵੇਗਾ ਜਾਂ ਸਰਕਾਰ ਪੱਖੀ (ਕੀ ਇਹ ਸੰਭਵ ਹੈ ਕਿ ਸਰਕਾਰ ਵਲੋਂ ਨਾਮਜ਼ਦ ਵਿਅਕਤੀ ਯੂਨੀਅਨ ਦੇ ਹਿੱਤਾਂ ਦੀ ਗੱਲ ਕਰੇ?) ਇਹੀ ਨਹੀਂ ਹੜਤਾਲੀ ਕਰਮਚਾਰੀਆਂ ਦੇ ਸਾਰੇ ਲਾਭ/ਭੱਤੇ ਤੁਰੰਤ ਖ਼ਤਮ ਕਰਕੇ ਨੌਕਰੀ ਤੋਂ ਬਰਖ਼ਾਸਤ ਕਰ ਦਿੱਤਾ ਜਾਵੇਗਾ। ਇਹ ਬਿੱਲ ਕੇਵਲ ਤੇ ਕੇਵਲ ਮਨੁੱਖੀ ਅਧਿਕਾਰਾਂ 'ਤੇ ਡਾਕਾ ਸਿੱਧ ਹੈ।




### ਹੜਤਾਲ ਕਿਉਂ ਜ਼ਰੂਰੀ ਹੈ?

ਕਿਸੇ ਵੀ ਖੇਤਰ, ਵਿਭਾਗ ਆਦਿ ਵਿਚ ਕਰਮਚਾਰੀਆਂ ਵਲੋਂ ਕੀਤੀ ਗਈ ਹੜਤਾਲ ਨੂੰ ਲੈ ਕੇ ਆਮ ਆਦਮੀ ਵਿਚ ਇਕ ਖਾਸ ਧਾਰਨਾ ਬਣ ਚੁੱਕੀ ਹੈ ਕਿ ਕਰਮਚਾਰੀਆਂ ਵਲੋਂ ਹੜਤਾਲ ਕੇਵਲ ਉਜਰਤ/ਤਨਖ਼ਾਹ ਵਧਾਉਣ ਨੂੰ ਲੈ ਕੇ ਅਤੇ ਕੁਝ ਕੁ ਹੋਰ ਸਵੈ ਹਿੱਤਾਂ ਨੂੰ ਪੂਰਿਆਂ ਕਰਨ ਨੂੰ ਲੈ ਕੇ ਕੀਤੀ ਜਾਂਦੀ ਹੈ। ਜਦਕਿ ਮਨੁੱਖ ਦੀ ਤਰੱਕੀ ਦਾ ਇਤਿਹਾਸ ਉਸ ਦੀ ਜਦੋ-ਜਹਿਦ ਦਾ ਇਤਿਹਾਸ ਹੈ। ਮਨੁੱਖ ਜਦੋਂ ਸਮੂਹਕ ਤੌਰ 'ਤੇ ਯਤਨ ਕਰਦਾ ਹੈ ਤਾਂ ਕੁਦਰਤੀ ਆਫ਼ਤਾਂ ਨੂੰ ਵੀ ਮਾਤ ਪਾ ਦਿੰਦਾ ਹੈ। ਜਦ ਉਸ ਨੇ ਆਪਣੇ ਖੁੱਸੇ ਹੱਕ ਲੈਣੇ ਹੁੰਦੇ ਹਨ ਤਾਂ ਵੀ ਸਾਂਝੀ ਜਦੋ-ਜਹਿਦ ਕਰਦਾ ਹੈ। ਸਾਂਝੀ ਜਦੋ-ਜਹਿਦ ਤੋਂ ਭਾਵ ਯੂਨੀਅਨ/ਸੰਗਠਨ ਆਦਿ। ਮਾਲਕ-ਮਜ਼ਦੂਰ ਦਾ ਰਿਸ਼ਤਾ ਕੋਈ ਪਿਓ-ਪੁੱਤਰ ਵਾਲਾ ਰਿਸ਼ਤਾ ਨਹੀਂ ਹੈ ਬਲਕਿ ਇਹ ਵਿਰੋਧ ਦਾ ਰਿਸ਼ਤਾ ਹੈ। ਮਾਲਕ ਮਜ਼ਦੂਰ ਕੋਲੋਂ ਵੱਧ ਕੰਮ ਕਰਵਾ ਕੇ ਉਸ ਨੂੰ ਬਹੁਤ ਹੀ ਨਿਗੂਣੀ ਜਿਹੀ ਉਜਰਤ ਦੇਣਾ ਚਾਹੁੰਦਾ ਹੈ। ਜਦਕਿ ਮਜ਼ਦੂਰ ਆਪਣੀ ਮਿਹਨਤ ਦਾ ਮੁੱਲ ਮੰਗਦਾ ਹੈ, ਜਿਥੋਂ ਵਿਰੋਧ ਸ਼ੁਰੂ ਹੁੰਦਾ ਹੈ। ਮਜ਼ਦੂਰ ਸੰਗਠਨ ਬਣਾ ਕੇ ਗੱਲਬਾਤ ਦਾ ਹੱਕ ਆਪਣੇ ਆਗੂਆਂ ਨੂੰ ਦਿੰਦਾ ਹੈ ਤੇ ਆਗੂ ਬੜੀ ਹੀ ਹਲੀਮੀ, ਤਮੀਜ਼ ਤੇ ਸਲੀਕੇ ਨਾਲ ਮਾਲਕ ਨੂੰ ਮਜ਼ਦੂਰਾਂ ਦੀਆਂ ਮੰਗਾਂ ਪੇਸ਼ ਕਰਦੇ ਹਨ। ਪਰ ਕਈ ਵਾਰ ਮਾਲਕ ਗੱਲਬਾਤ ਦੇ ਮੇਜ 'ਤੇ ਬੈਠਣਾ ਪਸੰਦ ਨਹੀਂ ਕਰਦਾ, ਫਿਰ ਮਜ਼ਦੂਰ ਸਭ ਤੋਂ ਪਹਿਲਾਂ ਧਰਨੇ, ਜਲੂਸ, ਮੁਜ਼ਾਹਰੇ, ਰੈਲੀਆਂ, ਕਾਨਫਰੰਸਾਂ ਆਦਿ ਰਾਹੀਂ ਆਪਣੀ ਗੱਲ ਮਾਲਕ ਤੱਕ ਪਹੁੰਚਾਉਂਦਾ ਹੈ ਪਰ ਜਦ ਹਰ ਹੀਲਾ ਖ਼ਤਮ ਹੋ ਜਾਂਦਾ ਹੈ, ਸਾਰੇ ਰਾਹ ਬੰਦ ਹੋ ਜਾਂਦੇ ਹਨ ਤਦ ਅਖ਼ੀਰ 'ਹੜਤਾਲ' ਦੀ ਤਲਵਾਰ ਚੁੱਕਣੀ ਪੈਂਦੀ ਹੈ। ਮਜ਼ਦੂਰ ਇਨ੍ਹਾਂ ਜਥੇਬੰਦਕ ਅਮਲਾਂ ਰਾਹੀਂ ਲੋਕਾਂ ਦੀ ਕਚਹਿਰੀ ਵਿਚ ਜਾ ਕੇ ਆਪਣੇ ਮਾਲਕ ਕੋਲੋਂ ਹੱਕ-ਸੱਚ ਲਈ ਲੋਕਾਂ ਦਾ ਸਮਰਥਨ ਪ੍ਰਾਪਤ ਕਰਦਾ ਹੈ, ਜਦਕਿ ਅਜਿਹਾ ਕਰਦੇ ਸਮੇਂ ਉਹ ਸੱਚ ਦਾ ਪੱਲਾ ਕਦੇ ਨਹੀਂ ਛੱਡਦਾ। ਮਾਲਕ ਵੱਧ ਤੋਂ ਵੱਧ ਮੁਨਾਫ਼ਾ ਲੈਣ ਦੀ ਹਵਸ ਵਿਚ ਛਾਂਟੀਆਂ, ਤਾਲਾਬੰਦੀਆਂ, ਪੁਲੀਸ ਜਬਰ, ਸੰਸਦ ਵਿਚ ਬਿੱਲ, ਫੁੱਟ ਪਾਉਣ ਆਦਿ ਦਾ ਸਹਾਰਾ ਲੈਂਦਾ ਹੈ। ਜਦ ਮਾਲਕ ਦੇ ਇਹ ਸਾਰੇ ਯਤਨ ਅਸਫ਼ਲ ਰਹਿੰਦੇ ਹਨ ਤਾਂ ਜਾ ਕੇ ਉਹ ਮਜ਼ਦੂਰਾਂ ਦੀਆਂ ਮੰਗਾਂ ਪ੍ਰਵਾਨ ਕਰਦਾ ਹੈ। ਅੱਜ ਦੇ ਦਿਨਾਂ ਵਿਚ ਕਰਮਚਾਰੀਆਂ ਵਲੋਂ 8 ਘੰਟੇ ਕੰਮ, ਓਵਰ ਟਾਈਮ ਮਿਲਣਾ, ਪੈਨਸ਼ਨਾਂ, ਸਿਹਤ ਸਹੂਲਤਾਂ,ਮਹਿੰਗਾਈ ਦੇ ਨਾਲ-ਨਾਲ ਉਜਰਤ ਵਿਚ ਵਾਧਾ, ਡਾਕਟਰੀ ਸਹੂਲਤਾਂ, ਸਥਿਰ ਨੌਕਰੀਆਂ, ਨਵੀਂਆਂ ਭਰਤੀਆਂ ਆਦਿ ਮਜ਼ਦੂਰ ਸੰਗਠਨਾਂ ਦੇ ਜਦੋ-ਜਹਿਦ ਦਾ ਹੀ ਕਮਾਲ ਹੈ।

### ਵਿਭਾਗ ਦੀਆਂ ਹੜਤਾਲਾਂ

ਕੈਨੇਡਾ ਪੋਸਟ ਵਿਚ ਸੰਨ 1968 ਵਿਚ ਕਰੀਬ 14 ਹਜ਼ਾਰ ਕਰਮਚਾਰੀਆਂ ਨੇ ਕੰਮ ਦੀਆਂ ਮਾੜੀਆਂ ਹਾਲਤਾਂ ਅਤੇ ਉਜਰਤ ਵਧਾਉਣ ਨੂੰ ਲੈ ਕੇ ਹੜਤਾਲ ਵਿਚ ਭਾਗ ਲਿਆ। ਇਸੇ ਸਾਲ ਹੀ 3 ਹਫ਼ਤੇ ਲੰਮੀ ਹੜਤਾਲ ਵੀ ਹੋਈ, ਜਿਸ ਵਿਚ ਤਨਖ਼ਾਹ ਵਧਾਉਣ ਨੂੰ ਲੈ ਕੇ ਅਤੇ ਯੂਨੀਅਨ ਦੀਆਂ ਮੰਗਾਂ ਸਰਕਾਰ ਤੱਕ ਪਹੁੰਚਾਉਣ ਨੂੰ ਲੈ ਕੇ ਹੜਤਾਲ ਕੀਤੀ ਗਈ। ਇਸ ਦੌਰਾਨ ਸਰਕਾਰ ਵਲੋਂ ਕਾਮਿਆਂ ਦੀਆਂ ਮੰਗਾਂ ਨੂੰ ਅਮਲ ਵਿਚ ਲਿਆਉਣਾ ਪਿਆ। 1970 ਵਿਚ ਯੂਨੀਅਨ ਵਲੋਂ 8 ਘੰਟੇ ਮਗਰੋਂ ਡਾਕੀਆਂ ਦੀਆਂ 'ਓਵਰ ਟਾਈਮ' ਸ਼ਿਫ਼ਟਾਂ ਨੂੰ ਲਾਗੂ ਕਰਨਾ, ਛੁੱਟੀਆਂ ਦੀ ਉਜਰਤ ਅਤੇ ਪੂਰਾ ਸਮਾਂ ਕੰਮ ਕਰਨ ਵਾਲੇ ਕਰਮਚਾਰੀਆਂ ਦੀਆਂ ਨੌਕਰੀਆਂ ਨੂੰ ਸਥਾਈ ਰੱਖਣਾ ਮੰਗਾਂ ਨੂੰ ਲੈ ਕੇ ਪੜਾਅ ਵਾਰ ਹੜਤਾਲ ਕੀਤੀ। 1974 ਵਿਚ ਕੰਮ ਦੀ ਵੰਡ ਪੁਸਤਕ (ਮੈਨੂਅਲ) ਰਾਹੀਂ ਕਰਨ ਦੀ ਮੰਗ ਨੂੰ ਲੈ ਕੇ 2 ਹਫ਼ਤੇ ਦੀ ਹੜਤਾਲ ਕੀਤੀ ਗਈ। 1975 ਵਿਚ ਕੈਨੇਡਾ ਡਾਕ ਯੂਨੀਅਨ ਵਲੋਂ ਵਿਭਾਗ ਵਿਚ ਪੱਕੀਆਂ ਨੌਕਰੀਆਂ, ਦਰਜਾਬੰਦੀ, ਉਜਰਤ, ਪ੍ਰਤੀਯੋਗਿਕ ਪਵਿਰਤਨ ਆਦਿ ਨੂੰ ਲੈ ਕੇ 42 ਦਿਨਾਂ ਕੌਮੀ ਹੜਤਾਲ ਕੀਤੀ ਗਈ। 1978 ਵਿਚ ਜਦੋਂ ਫੈਡਰਲ ਸਰਕਾਰ ਨੇ ਕਰਮਚਾਰੀਆਂ ਦੀ ਇਕ ਦਿਨਾਂ ਹੜਤਾਲ ਮਗਰੋਂ ਸੰਸਦ ਵਿਚ 'ਕੰਮ 'ਤੇ ਪਰਤੋ' ਬਿੱਲ ਲਿਆਂਦਾ ਤਾਂ ਇਸ ਦੇ ਵਿਰੋਧ ਵਿਚ ਕਰਮਚਾਰੀਆਂ ਵਲੋਂ 10 ਦਿਨ ਲਗਾਤਾਰ ਹੜਤਾਲ ਕੀਤੀ ਗਈ। ਜਿਸ ਕਰਕੇ ਸਰਕਾਰ ਨੇ ਯੂਨੀਅਨ ਦੇ ਆਗੂਆਂ 'ਤੇ ਅਪਰਾਧਿਕ ਦੋਸ਼ ਲਾ ਦਿੱਤੇ ਗਏ। ਮਗਰੋਂ 1981 ਵਿਚ ਜੱਚਾ-ਬੱਚਾ ਦੇਖਭਾਲ ਛੁੱਟੀ, ਜੋ ਕਿ ਹੁਣ ਤੱਕ ਪੂਰੇ ਦੇਸ਼ ਵਿਚ ਕਿਸੇ ਵੀ ਮਹਿਕਮੇ ਵਿਚ ਲਾਗੂ ਨਹੀਂ ਸੀ, ਨੂੰ ਲੈ ਕੇ 42 ਦਿਨਾਂ ਲੰਮੀ ਹੜਤਾਲ ਕੀਤੀ। ਇਸ ਵਿਚ ਯੂਨੀਅਨ ਵਲੋਂ ਜਿੱਤ ਪ੍ਰਾਪਤ ਕਰਨ ਦੇ ਨਾਲ ਨਾਲ ਦਿਹਾੜੀ 'ਤੇ ਕੰਮ ਵਾਲੇ ਕਰਮਚਾਰੀਆਂ ਦੀ ਤਨਖ਼ਾਹ ਵਿਚ ਵੀ ਵਾਧਾ ਕਰਵਾਇਆ ਗਿਆ।

ਫਰਵਰੀ 1985 ਵਿਚ 80.3 ਫੀਸਦੀ ਯੂਨੀਅਨ ਮੈਂਬਰਾਂ ਨੇ ਹੜਤਾਲ ਕਰਨ ਦੇ ਹੱਕ ਵਿਚ ਆਪਣੀ ਵੋਟ ਪਾਈ, ਜਿਸ ਦਾ ਲਾਭ ਮਾਰਚ ਵਿਚ ਯੂਨੀਅਨ ਦੀ ਮੈਂਬਰਸ਼ਿਪ ਵਿਚ ਹੋਇਆ, ਜਿਸ ਵਿਚ 87.5 ਮੈਂਬਰਾਂ ਨੇ ਹਿੱਸਾ ਲਿਆ। 1987 ਵਿਚ ਹੋਈ 10 ਦਿਨਾਂ ਪੜਾਅਵਾਰ ਹੜਤਾਲ ਅਤੇ 5 ਦਿਨਾਂ ਕਲਮ ਛੋੜ ਹੜਤਾਲ ਰਾਹੀਂ ਸਰਕਾਰ ਨੂੰ ਕੰਮ 'ਤੇ ਪਰਤੋ ਬਿੱਲ ਵਿਚ ਸੋਧ ਕਰਨੀ ਪਈ। 1991 ਵਿਚ ਹੋਈ ਹੜਤਾਲ ਦੌਰਾਨ ਸਰਕਾਰ ਨਾਲ ਹੋਈ ਪਹਿਲੀ ਗੱਲਬਾਤ ਵਿਚ ਸਰਕਾਰ ਨੇ ਹੜਤਾਲ ਨੂੰ ਅਧਿਕਾਰਤ ਕਰਨ ਦੀ ਗੱਲ ਸਿਰੇ ਤੋਂ ਨਕਾਰ ਦਿੱਤੀ।

### ਇਸ ਵਾਰ ਦੀ ਹੜਤਾਲ

14 ਜੂਨ 2011 ਨੂੰ ਸ਼ੁਰੂ ਹੋਈ ਹੜਤਾਲ 27 ਜੂਨ ਨੂੰ ਹਾਰਪਰ ਸਰਕਾਰ ਵਲੋਂ ਸੰਸਦ ਵਿਚ 'ਕੰਮ 'ਤੇ ਪਰਤੋ' ਬਿੱਲ ਲਿਆ ਕੇ ਕਰਮਚਾਰੀਆਂ ਦੀ ਬਿਨਾਂ ਕੋਈ ਗੱਲ ਸੁਣੇ ਜ਼ਬਰਦਸਤੀ ਹੜਤਾਲ ਨੂੰ ਖ਼ਤਮ ਕੀਤਾ ਗਿਆ। ਕੈਨੇਡਾ ਦੀ ਇਕੋ-ਇਕ ਸਰਕਾਰੀ ਅਦਾਰੇ (ਪਬਲਿਕ ਸਰਵਿਸ) ਕੈਨੇਡਾ ਡਾਕ ਵਿਭਾਗ, ਜਿਸ ਨੇ ਪਿਛਲੇ 16 ਸਾਲਾਂ ਵਿਚ ਲਗਭਗ 106 ਬਿਲੀਅਨ ਦਾ ਲਾਭ ਕਮਾਇਆ। ਇਹੀ ਨਹੀਂ 2009-10 ਦੇ ਮੰਦੀ ਦੇ ਦੌਰ ਵਿਚ ਵੀ 281 ਮਿਲੀਅਨ ਦੇ ਲਗਭਗ ਲਾਭ ਕਮਾਇਆ, ਨੂੰ ਨਿੱਜੀ ਹੱਥਾਂ ਵਿਚ ਦੇਣ ਦੀਆਂ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ।

ਕੈਨੇਡਾ ਯੂਨੀਅਨ ਆਫ ਪੋਸਟਲ ਵਰਕਰਜ਼ ਵਲੋਂ ਇਸ ਵਾਰ 'ਸੇਮ ਵਰਕ ਸੇਮ ਪੇਅ' ਓਵਰ ਟਾਈਮ ਨੂੰ 'ਜ਼ਬਰਦਸਤੀ ਕਰਾਉਣਾ' ਬੰਦ ਕਰਨਾ, ਪੁਰਾਣੀ ਪੋਸਟ ਨੂੰ ਖ਼ਤਮ ਨਾ ਕਰਕੇ ਨਵੀਂ ਭਰਤੀ ਕਰਨੀ, ਸਿਹਤ ਤੇ ਸੁਰੱਖਿਆ ਨੂੰ ਯਕੀਨੀ ਬਣਾਉਣਾ, ਕੈਨੇਡਾ ਡਾਕ ਵਿਭਾਗ ਦੀ ਪੈਨਸ਼ਨ ਲਾਗੂ ਕਰਨਾ, ਕੰਮ ਦੀ ਵੰਡ, ਪੁਰਾਣੀਆਂ ਮਸ਼ੀਨਾਂ ਦੀ ਜਗ੍ਹਾ ਨਵੀਂਆਂ ਮਸ਼ੀਨਾਂ ਲਾਉਣਾ, ਸੱਟ ਲੱਗਣ ਦੇ ਬਾਅਦ (ਸਰਕਾਰ ਵਲੋਂ 75 ਫੀਸਦੀ) ਪੂਰੀ ਸੌ ਫੀਸਦੀ ਤਨਖ਼ਾਹ ਦੇਣੀ, ਬਿਮਾਰ ਹੋਣ ਦੌਰਾਨ ਛੁੱਟੀ 7 ਦਿਨ ਦੀ ਕਰਨ ਦੇ ਫੈਸਲੇ ਨੂੰ ਪਹਿਲਾਂ ਵਾਂਗ 3 ਹਫ਼ਤੇ ਦੀ ਰੱਖਣਾ, ਗੱਲਬਾਤ ਲਈ ਕਮੇਟੀ ਬਣਾਉਣਾ, ਹੜਤਾਲ ਦੌਰਾਨ ਬੰਦ ਕੀਤੇ ਜਾਂਦੇ ਲਾਭਾਂ ਨੂੰ ਜਾਰੀ ਰੱਖਣਾ, ਕੱਚੇ ਕਾਮਿਆਂ ਨੂੰ ਪੱਕੇ ਕਰਨਾ, 78 ਫੀਸਦੀ ਕਰਮਚਾਰੀਆਂ ਨੂੰ ਪੱਕੇ ਕਰਨਾ, ਨਵੇਂ ਭਰਤੀ ਕੀਤੇ ਜਾਂਦੇ ਕਰਮਚਾਰੀਆਂ ਨੂੰ ਪਹਿਲਾਂ ਭਰਤੀ ਕਰਮਚਾਰੀਆਂ ਦੇ ਬਰਾਬਰ ਦੀ ਤਨਖ਼ਾਹ ਦੇਣਾ ਆਦਿ ਸ਼ਾਮਲ ਹੈ। ਪਰ ਇਨ੍ਹਾਂ ਸਭ ਹੱਕੀ ਮੰਗਾਂ ਨੂੰ ਸਰਕਾਰ ਨੇ ਸਿਰੇ ਤੋਂ ਹੀ ਨਕਾਰ ਕੇ ਕਰਮਚਾਰੀਆਂ ਨੂੰ 'ਕੰਮ 'ਤੇ ਪਰਤੋ' ਬਿੱਲ ਰਾਹੀਂ ਹਿਟਲਰੀ ਡੰਡੇ ਦਾ ਇਸਤੇਮਾਲ ਕੀਤਾ ਹੈ ਜੋ ਕਿ ਜਮਹੂਰੀ ਹੱਕਾਂ 'ਤੇ ਸਿੱਧਾ ਸਿੱਧਾ ਡਾਕਾ ਹੈ।

ਇਸੇ ਤਰ੍ਹਾਂ ਜੇਕਰ ਅਸੀਂ 'ਸੇਮ ਵਰਕ ਸੇਮ ਪੇਅ' ਦੀ ਗੱਲ ਕਰੀਏ ਤਾਂ ਇਸ ਦਾ ਮਤਲਬ ਹੈ ਕਿ ਨਵੇਂ ਭਰਤੀ ਹੋਣ ਵਾਲੇ ਕਰਮਚਾਰੀ ਨੂੰ 25 ਡਾਲਰ ਪ੍ਰਤੀ ਘੰਟਾ ਦੀ ਬਜਾਏ 18 ਡਾਲਰ ਪ੍ਰਤੀ ਘੰਟਾ ਹੀ ਪ੍ਰਾਪਤ ਹੋਣਗੇ, ਜਿਸ ਦਾ ਅਰਥ ਹੈ ਕਿ ਉਸ ਨੂੰ 25 ਡਾਲਰ ਤੱਕ ਆਉਣ ਲਈ ਲਗਭਗ 7 ਸਾਲ ਦਾ ਇੰਤਜ਼ਾਰ ਕਰਨਾ ਪਵੇਗਾ, ਜੋ ਕਿ ਹਰਗਿਜ਼ ਵੀ ਉਚਿਤ ਨਹੀਂ ਹੈ। ਇਸ ਤੋਂ ਇਲਾਵਾ ਯੂਨੀਅਨ 78 ਫੀਸਦੀ ਕਰਮਚਾਰੀਆਂ ਨੂੰ ਰੈਗੂਲਰ ਕਰਨ ਦੀ ਮੰਗ ਕਰ ਰਹੀ ਹੈ ਜਦਕਿ ਸਰਕਾਰ 75 ਫੀਸਦੀ 'ਤੇ ਅੜੀ ਹੋਈ ਹੈ, ਜਿਸ ਦਾ ਅਰਥ ਇਕੋ ਝਟਕੇ ਵਿੱਚ 1800 ਫੁੱਲ ਟਾਈਮ ਕਾਮਿਆਂ ਦੀਆਂ ਪੋਸਟਾਂ ਨੂੰ ਖ਼ਤਮ ਕਰਨਾ ਹੈ।

ਜੇਕਰ ਮੰਨ ਲਿਆ ਜਾਵੇ ਕਿ ਪਹਿਲਾ ਦਰਜਾ ਡਾਕ ਨੂੰ ਪਿਛਲੇ 5 ਸਾਲਾਂ ਵਿਚ 7 ਫੀਸਦੀ ਘਾਟਾ ਖਾਣਾ ਪਿਆ ਪਰ ਇਸ ਦੇ ਉਲਟ ਇਸ਼ਤਿਹਾਰੀ ਡਾਕ ਪਾਰਸਲਾਂ ਵਿਚ 20 ਫੀਸਦੀ ਦਾ ਵਾਧਾ ਹੋਇਆ ਹੈ। ਬਜਾਏ ਇਸ ਦੇ ਕਿ ਸਰਕਾਰ ਇਸ ਵਾਧੇ ਦਾ ਲਾਭ ਕਰਮਚਾਰੀਆਂ ਦੀ ਹੋਰ ਭਰਤੀ ਕਰਕੇ ਕਰਦੀ, ਸਰਕਾਰ ਵਲੋਂ 14 ਫੀਸਦੀ ਡਾਕੀਆਂ 'ਤੇ ਆਰਾ ਚਲਾ ਦਿੱਤਾ ਗਿਆ। ਇਹੀ ਨਹੀਂ ਸਰਕਾਰ ਵੱਲੋਂ ਹੁਣ ਵਿਭਾਗੀ ਪੈਨਸ਼ਨ ਨੂੰ ਵੀ ਖ਼ਤਮ ਕਰਕੇ ਸਰਕਾਰ ਦੀ ਬੁਢਾਪਾ ਪੈਨਸ਼ਨ ਵਾਂਗ ਹੀ ਕੀਤਾ ਜਾ ਰਿਹਾ ਹੈ, ਜਦਕਿ ਪਹਿਲਾਂ ਡਾਕ ਵਿਭਾਗ ਵਲੋਂ ਆਪਣੇ ਕਰਮਚਾਰੀਆਂ ਨੂੰ ਸਰਕਾਰ ਦੀ ਬੁਢਾਪਾ ਪੈਨਸ਼ਨ ਨਾਲੋਂ ਵੱਖਰੀ ਵਿਭਾਗੀ ਪੈਨਸ਼ਨ ਦਿੱਤੀ ਜਾਂਦੀ ਸੀ। ਇਸ ਸਾਰੀ ਚਰਚਾ ਤੋਂ ਸਿੱਧ ਹੁੰਦਾ ਹੈ ਕਿ ਜੇਕਰ ਕਰਮਚਾਰੀਆਂ ਦੀਆਂ ਹੱਕੀ ਮੰਗਾਂ ਨੂੰ ਸਰਕਾਰ ਵਲੋਂ ਹਿਟਲਰ ਨਿਯਮ ਤਹਿਤ ਹੀ ਦਬਾਇਆ ਜਾਂਦਾ ਰਿਹਾ ਤਾਂ ਉਹ ਦਿਨ ਦੂਰ ਨਹੀਂ ਜਦੋਂ ਸਰਕਾਰ ਵਿਰੁੱਧ ਹਰ ਆਮ ਆਦਮੀ ਵੀ ਬਗ਼ਾਵਤ ਦਾ ਝੰਡਾ ਚੁੱਕਣ ਲਈ ਤਿਆਰ ਹੋਵੇਗਾ।

**ਮੋਬਾਇਲ : 780-200-5328**

## ਸਟੈਨਲੀ ਕੱਪ ਦੌਰਾਨ ਹੋਏ ਦੰਗਿਆਂ 'ਚ ਮੀਡੀਆ ਦੀ ਭੂਮਿਕਾ 'ਤੇ ਸਵਾਲ

ਵੈਨਕੂਵਰ, (ਨਦਬ) : ਇਹ ਕੋਈ ਯੋਜਨਾਬੱਧ ਤਜਰਬਾ ਨਹੀਂ ਸੀ ਪਰ ਸਟੈਨਲੀ ਕੱਪ ਦੌਰਾਨ 17 ਸਾਲ ਪਹਿਲਾਂ ਅਤੇ ਇਸ ਸਾਲ ਹੋਏ ਦੰਗਿਆਂ ਨੇ ਭੀੜ ਦੇ ਵਤੀਰੇ, ਪੁਲਿਸ ਦੀ ਰਣਨੀਤੀ ਅਤੇ ਲੋਕਾਂ ਦੇ ਹੁੰਗਾਰੇ ਸਬੰਧੀ ਸਮਾਜਕ ਮੀਡੀਆ ਦੀ ਭੂਮਿਕਾ ਦਾ ਅਧਿਐਨ ਕਰਨ ਵਿਚ ਵੱਡਾ ਰੋਲ ਅਦਾ ਕੀਤਾ। ਹਜ਼ਾਰਾਂ ਟਵੀਟਸ, ਤਸਵੀਰਾਂ ਅਤੇ ਵੀਡੀਓ ਤੋਂ ਇਲਾਵਾ ਟੈਲੀਵਿਜ਼ਨ ਕਵਰੇਜ ਦੌਰਾਨ ਲੋਕਾਂ ਨੇ 2011 ਦੇ ਦੰਗਿਆਂ ਦਾ ਸੱਚ ਅੱਖੀਂ ਵੇਖਿਆ ਜਦਕਿ 1994 ਵਿਚ ਪੁਲਿਸ ਨੇ ਦੰਗਿਆਂ ਸਬੰਧੀ ਵੀਡੀਓ ਦੇ ਪ੍ਰਸਾਰਨ 'ਤੇ ਰੋਕ ਲਗਾ ਦਿਤੀ ਸੀ। ਇਸ ਸਾਲ ਵੈਨਕੂਵਰ ਪੁਲਿਸ ਵਿਭਾਗ ਨੇ ਖ਼ੁਦ ਦੰਗਿਆਂ ਨਾਲ ਸਬੰਧਤ ਤਸਵੀਰਾਂ ਅਤੇ ਵੀਡੀਓ ਵੈਬਸਾਈਟ 'ਤੇ ਪਾਈਆਂ ਤਾਂ ਜੋ ਦੋਸ਼ੀਆਂ ਦੀ ਪਛਾਣ ਕੀਤੀ ਜਾ ਸਕੇ। ਯੂਨੀਵਰਸਿਟੀ ਆਫ਼ ਬ੍ਰਿਟਿਸ਼ ਕੋਲੰਬੀਆਂ ਦੇ ਸਮਾਜ ਵਿਗਿਆਨ ਦੇ ਸਹਾਇਕ ਪ੍ਰੋਫ਼ੈਸਰ ਕ੍ਰਿਸਟੋਫ਼ਰ ਸ਼ਨਾਈਡਰ ਨੇ ਕਿਹਾ ਕਿ ਮੀਡੀਆ ਨੇ ਭੀੜ ਨੂੰ ਮਾਨਸਿਕ ਤੌਰ 'ਤੇ ਭੜਕਾਇਆ, ਜਿਸ ਨਾਲ ਦੰਗੇ ਹੋਏ। ਮੀਡੀਆ ਵਲੋਂ ਤਸਵੀਰਾਂ ਖਿੱਚਣ ਅਤੇ ਇਨ੍ਹਾਂ ਦਾ ਪ੍ਰਸਾਰਨ ਕਰਨ ਦੀ ਆਦਤ ਨੇ ਦੰਗਿਆਂ ਨੂੰ ਹਵਾ ਦਿਤੀ।




ਜਿਉਂ ਹੀ ਹਾਲਾਤ ਆਮ ਵਾਂਗ ਹੋਣ ਲੱਗੇ। ਫੇਸਬੁੱਕ ਸਮੂਹਾਂ ਨੇ ਲੁੱਟਮਾਰ ਕਰਨ ਵਾਲਿਆਂ ਦੀ ਪਛਾਣ ਲਈ ਮੁਹਿੰਮ ਅਰੰਭ ਦਿਤੀ। ਪੁਲਿਸ ਨੇ ਲੋਕਾਂ ਵਲੋਂ ਖਿੱਚੀ ਵੀਡੀਓ ਨੂੰ ਵੈਬਸਾਈਟ 'ਤੇ ਪਾ ਕੇ ਦੋਸ਼ੀਆਂ ਦੀ ਪਛਾਣ ਦੀ ਕੋਸ਼ਿਸ਼ ਕੀਤੀ। ਪ੍ਰੋ. ਸ਼ਨਾਈਡਰ ਨੇ ਕਿਹਾ ਕਿ ਪੁਲਿਸ ਨੂੰ ਭਵਿੱਖ ਵਿਚ ਅਜਿਹੇ ਦੰਗੇ ਰੋਕਣ ਲਈ ਹੁਣੇ ਤੋਂ ਰਣਨੀਤੀ ਬਣਾਉਣੀ ਹੋਵੇਗੀ। ਪੁਲਿਸ ਵਲੋਂ ਸਮੇਂ ਸਿਰ ਕੀਤੀ ਕਾਰਵਾਈ ਨਾਲ 2010 ਦੀਆਂ ਉਲੰਪਿਕ ਖੇਡਾਂ ਦੌਰਾਨ ਹਾਸਲ ਹੋਏ ਹਾਂ-ਪੱਖੀ ਨਤੀਜੇ ਨੂੰ ਦੁਹਰਾਇਆ ਜਾ ਸਕਦਾ ਹੈ ਅਤੇ 1994 ਵਰਗੀਆਂ ਕੌੜੀਆਂ ਯਾਦਾਂ ਮੁੜ ਲੋਕਾਂ ਦੇ ਜ਼ਹਿਨ ਵਿਚ ਨਹੀਂ ਆਉਣਗੀਆਂ। ਐਮਿਲੀ ਕਾਰ ਯੂਨੀਵਰਸਿਟੀ ਦੇ ਮੀਡੀਆ ਸੈਂਟਰ ਦੀ ਡਾਇਰੈਕਟਰ ਅਲੈਗਜ਼ੈਂਡਰ ਸੈਮੂਅਲ ਨੇ ਅਪਣੇ ਬਲਾਗ ਵਿਚ ਸ਼ਹਿਰੀਆਂ ਦੀ ਨਿਗਰਾਨੀ ਦੇ ਖਤਰਿਆਂ ਬਾਰੇ ਚਿਤਾਵਨੀ ਦਿਤੀ। ਉਨ੍ਹਾਂ ਕਿਹਾ ਕਿ ਸਰਕਾਰੀ ਮੁਖਬਰਾਂ ਵਲੋਂ ਟਵਿਟਰ ਜਾਂ ਫੇਸਬੁੱਕ ਦੇ ਅਕਾਊਂਟਸ 'ਤੇ ਨਜ਼ਰ ਰੱਖਣ ਨਾਲ ਸਰਕਾਰ ਵਿਰੋਧੀ ਲਹਿਰ ਪੈਦਾ ਹੋਵੇਗੀ।

# 'ਦਿਲ ਦਰਿਆ ਸਮੁੰਦਰੋਂ ਡੂੰਘੇ' ਨੇ ਦਰਸ਼ਕਾਂ ਦੇ ਦਿਲ ਜਿੱਤੇ



ਕੈਲਗਰੀ, (ਹਰਬੰਸ ਬੁੱਟਰ) : ਸੰਦਲ ਪ੍ਰੋਡਕਸ਼ਨ ਕੈਲਗਰੀ ਦੀ ਪੇਸ਼ਕਸ ਅਤੇ ਹਰਪਾਲ ਸਿੰਘ ਦੀ ਨਿਰਦੇਸਨਾਂ ਹੇਠ ਤਿਆਰ ਹੋਈ ਪਰਵਾਸੀ ਪੰਜਾਬੀਆਂ ਦੀ ਕਹਾਣੀ ਨੂੰ ਬਿਆਨ ਕਰਦੀ ਫਿਲਮ 'ਦਿਲ ਦਰਿਆ ਸਮੁੰਦਰੋਂ ਡੂੰਘੇ' ਸ਼ੁੱਕਰਵਾਰ 24 ਜੂਨ ਨੂੰ ਮੂਵੀਡੋਮ ਸਿਨੇਮਾ ਵਿੱਚ ਰਿਲੀਜ਼ ਕੀਤੀ ਗਈ। ਹਰਬੰਸ ਬੱਟਰ ਨੇ ਆਏ ਸਾਰੇ ਦਰਸਕਾਂ ਨੂੰ ਸੰਦਲ ਪ੍ਰੋਡਕਸਨ ਵੱਲੋਂ 'ਜੀ ਆਇਆਂ ਨੂੰ' ਕਿਹਾ। ਪੰਜਾਬੀ ਲਿਖਾਰੀ ਸਭਾ ਕੈਲਗਰੀ ਦੇ ਪ੍ਰਧਾਨ ਗੁਰਬਚਨ ਬਰਾੜ ਅਤੇ ਕੈਲਗਰੀ ਨਿਵਾਸੀ ਰਕਸ਼ ਜੋਸੀ ਨੇ ਰੀਬਨ ਕੱਟ ਕੇ ਰਸਮੀਂ ਸੁਰੂਆਤ ਕੀਤੀ। ਦਰਸਕਾਂ ਦੀ ਭੀੜ ਖਿੱਚਣ ਵਿੱਚ ਕਾਮਯਾਬ ਰਹੀ ਫਿਲਮ ਦੇਖਕੇ ਜਦੋਂ ਦਰਸਕ ਬਾਹਰ ਆ ਰਹੇ ਸਨ ਤਾਂ ਅੱਖਾਂ ਵਿੱਚ ਹੰਝੂ, ਫਿਲਮ ਦੀ ਕਹਾਣੀ ਵਿਚਲਾ ਸਸਪੈਂਸ ਅਤੇ ਪਰਮਜੀਤ ਸੰਦਲ ਦੇ ਇਸ ਉਪਰਾਲੇ ਲਈ ਸ਼ਾਬਾਸ਼ ਵਰਗੀਆਂ ਗੱਲਾਂ ਦਰਸਕਾਂ ਦੀ ਜ਼ੁਬਾਨ ਉੱਤੇ ਸਨ। ਫਿਲਮ ਦੇ ਡਾਇਲਾਗ ਸਾਰੇ ਪਰਦੇਸੀਆਂ ਉੱਪਰ ਠੱਗ ਲਾੜਿਆਂ ਦੀ ਲੱਗੀ ਹੋਈ ਮੋਹਰ ਨੂੰ ਉਤਾਰਦੇ ਹੋਏ,ਮਤਰੇਈ ਮਾਂ ਨੂੰ ਲੂਣਾਂ ਦਾ ਦਰਜ਼ਾ ਦੇਣ ਵਾਲੇ ਸਮਾਜ ਨੂੰ ਚੁਨੌਤੀ ਦਿੰਦੇ ਹੋਏ ਰਾਜਨੀਤਕ ਅਤੇ ਅਖੌਤੀ ਸੰਤਾਂ ਦੇ ਪਾਖੰਡਵਾਦ ਦਾ ਪਰਦਾ ਉਤਾਰਨ ਵਿੱਚ ਕਾਮਯਾਬ ਹੋਏ ਹਨ। ਜਜ਼ਬਾਤੀ ਹੋਏ ਦਰਸਕਾਂ ਦੀਆਂ ਵਧਾਈਆਂ ਕਬੂਲਦੇ ਹੋਏ ਫਿਲਮ ਦੇ ਪ੍ਰੋਡਿਊਸਰ ਪਰਮਜੀਤ ਸੰਦਲ ਨੇ ਭਵਿੱਖ ਵਿੱਚ ਇਸ ਤੋਂ ਵੀ ਵਧੀਆ ਫਿਲਮਾਂ ਬਣਾਉਣ ਦਾ ਵਾਅਦਾ ਨਾਲ ਕੀਤਾ।

# ਭਾਰਤ ਜਾਣ ਸਮੇਂ ਰੱਖੋ ਸਿਹਤ ਦਾ ਧਿਆਨ



ਮਾਰੀਐਲਾ ਰੋਬਲੈਟੋ

ਭਾਰਤ ਇਕ ਅਦਭੁੱਤ ਸਥਾਨ ਹੈ। ਭਾਰਤੀ ਖਾਣੇ ਦਾ ਸਵਾਦ, ਦਿਲ ਟੁੰਬਵਾਂ ਸੱਭਿਆਚਾਰ ਅਤੇ ਇਥੋਂ ਦੇ ਲੋਕਾਂ ਵਲੋਂ ਕੀਤੀ ਜਾਂਦੀ ਆਓ ਭਗਤ ਹਰੇਕ ਦਾ ਦਿਲ ਮੋਹ ਲੈਂਦੀ ਹੈ। ਫਿਰ ਵੀ ਸਿਹਤ ਸਬੰਧੀ ਕਈ ਖਤਰਿਆਂ ਪ੍ਰਤੀ ਜਾਗਰੂਕ ਹੋਣ ਦੀ ਲੋੜ ਹੈ। ਕਹਾਵਤ ਹੈ ਕਿ ਜੇ ਤੁਸੀਂ ਭਾਰਤ ਤੋਂ ਹੋ ਤਾਂ ਹਰ ਬਿਮਾਰੀ ਤੋਂ ਸੁਰੱਖਿਅਤ ਹੋ, ਇਹ ਗੱਲ ਕੁੱਝ ਬੀਮਾਰੀਆਂ ਦੇ ਮਾਮਲੇ ਵਿਚ ਤਾਂ ਸੱਚ ਹੈ ਪਰ ਸਾਰੀਆਂ ਦੇ ਮਾਮਲੇ ਵਿਚ ਨਹੀਂ। ਅਹਿਮ ਗੱਲ ਇਹ ਹੈ ਕਿ ਭਾਰਤੀ ਲੋਕਾਂ ਵਿਚ ਬਿਮਾਰੀਆਂ ਨਾਲ ਲੜਨ ਦੀ ਕੁਦਰਤੀ ਤਾਕਤ ਪੈਦਾ ਹੋ ਗਈ ਹੈ। ਜਦੋਂ ਤੁਸੀਂ ਦੇਸ਼ ਛੱਡ ਦਿੰਦੇ ਹੋ ਤਾਂ ਕੁੱਝ ਖਾਸ ਕਿਸਮ ਦੀਆਂ ਬਿਮਾਰੀਆਂ ਤੁਹਾਨੂੰ ਤੰਗ ਕਰਦੀਆਂ ਹਨ ਅਤੇ ਤੁਸੀਂ ਦਵਾਈਆਂ ਤੋਂ ਬਗੈਰ ਇਨ੍ਹਾਂ ਤੋਂ ਬਚਕੇ ਨਹੀਂ ਰਹਿ ਸਕਦੇ। ਉਦਾਹਰਨ ਵਜੋਂ ਜੇ ਤੁਸੀਂ ਭਾਰਤ ਵਿਚ ਜੰਮੇ ਪਲੇ ਹੋ ਤਾਂ ਹੈਪੀਟਾਈਟਸ ਏ (ਪੀਲੀਆ) ਹੋਣ ਦਾ ਖਤਰਾ ਕਾਫ਼ੀ ਜ਼ਿਆਦਾ ਰਹਿੰਦਾ ਹੈ। ਤੁਹਾਡੇ ਡਾਕਟਰ ਵਲੋਂ ਕੀਤਾ ਗਿਆ ਸਧਾਰਨ ਖ਼ੂਨ ਦਾ ਟੈਸਟ ਇਸ ਬਿਮਾਰੀ ਬਾਰੇ ਦਸ ਦਿੰਦਾ ਹੈ। ਇਹ ਬਿਮਾਰੀ ਤੁਹਾਡੇ ਸਰੀਰ ਵਿਚ ਹੋਰਨਾਂ ਬਿਮਾਰੀਆਂ ਨਾਲ ਲੜਨ ਦੀ ਤਾਕਤ ਪੈਦਾ ਕਰ ਦਿੰਦੀ ਹੈ ਅਤੇ ਤੁਸੀਂ ਪੂਰੀ ਜ਼ਿੰਦਗੀ ਇਨ੍ਹਾਂ ਦਾ ਸ਼ਿਕਾਰ ਨਹੀਂ ਹੁੰਦੇ ਪਰ ਜੇ ਤੁਸੀਂ ਕਦੇ ਹੈਪੀਟਾਈਟਸ ਏ ਕਾਰਨ ਬਿਮਾਰ ਨਹੀਂ ਹੋਏ ਤਾਂ ਤੁਹਾਨੂੰ ਵਿਦੇਸ਼ ਜਾਣ ਤੋਂ ਪਹਿਲਾਂ ਟੀਕਾਕਰਨ ਕਰਵਾਉਣਾ ਪਵੇਗਾ। ਜੇ ਤੁਸੀ ਭਾਰਤ ਵਿਚ ਟਾਈਫੈਡ ਦੇ ਸ਼ਿਕਾਰ ਹੋ ਚੁੱਕੇ ਹੋ ਤਾਂ ਤੁਸੀਂ ਜੀਵਾਣੂਆਂ ਦੇ ਲਾਗ ਨਾਲ ਹੋਣ ਵਾਲੀਆਂ ਹੋਰਨਾਂ ਬਿਮਾਰੀਆਂ ਤੋਂ ਪ੍ਰਭਾਵਤ ਹੋ ਸਕਦੇ ਹੋ, ਚਾਹੇ ਤੁਸੀਂ ਸਾਰੀ ਉਮਰ ਵਿਦੇਸ਼ ਵਿਚ ਰਹੋ ਜਾਂ ਵਾਪਸ ਭਾਰਤ ਵਿਚ ਜਾ ਕੇ। ਇਹ ਬਿਮਾਰੀ ਕੈਨੇਡਾ ਵਿਚ ਬਹੁਤ ਘੱਟ ਪਾਈ ਜਾਂਦੀ ਹੈ ਅਤੇ ਇਥੋਂ ਭਾਰਤ ਜਾਣ ਵਾਲੇ ਲੋਕਾਂ ਨੂੰ ਟੀਕਾਕਰਨ ਕਰਵਾਉਣਾ ਚਾਹੀਦਾ ਹੈ। ਬੈਕਟੀਰੀਆ ਨਾਲ ਹੋਣ ਵਾਲੀ ਇਨਫੈਕਸ਼ਨ ਦਾ ਸਭ ਤੋਂ ਵੱਧ ਖ਼ਤਰਾ ਰੇੜੀਆਂ ਵਾਲਿਆਂ ਤੋਂ ਚੀਜ਼ਾਂ ਲੈ ਕੇ ਖਾਣ, ਸਾਫ਼ ਸਫ਼ਾਈ ਦਾ ਪ੍ਰਬੰਧ ਨਾ ਹੋਣ ਅਤੇ ਬਾਜ਼ਾਰਾਂ ਵਿਚ ਖੁੱਲ੍ਹੀਆਂ ਖਾਣ-ਪੀਣ ਵਾਲੀਆਂ ਚੀਜ਼ਾਂ ਤੋਂ ਹੁੰਦਾ ਹੈ। ਹੋਟਲਾਂ ਜਾਂ ਪੱਬਾਂ ਵਿਚ ਇਸ ਬਿਮਾਰੀ ਦਾ ਖ਼ਤਰਾ ਜ਼ਿਆਦਾ ਨਹੀਂ ਹੁੰਦਾ। ਭਾਰਤ, ਪਾਕਿਸਤਾਨ, ਸ੍ਰੀਲੰਕਾ ਅਤੇ ਬੰਗਲਾਦੇਸ਼ ਵਿਚ ਸਭ ਤੋਂ ਜ਼ਿਆਦਾ ਟਾਈਫੈਡ ਦੇ ਮਾਮਲੇ ਪਾਏ ਜਾਂਦੇ ਹਨ। ਬੱਚਿਆਂ ਤੋਂ ਲੈ ਕੇ ਬਜ਼ੁਰਗਾਂ ਵਿਚ ਕਿਸੇ ਵੀ ਉਮਰ ਵਿਚ ਟਾਈਫੈਡ ਹੋ ਸਕਦਾ ਹੈ। ਇਸ ਦੀ ਦਵਾਈ ਵੀ 100 ਫੀ ਸਦੀ ਕਾਰਗਰ ਸਾਬਤ ਨਹੀਂ ਹੁੰਦੀ।



ਭੋਜਨ ਅਤੇ ਪਾਣੀ ਸਬੰਧੀ ਚੌਕਸੀ ਰੱਖਣੀ ਜ਼ਰੂਰੀ ਹੈ ਜਿਵੇਂ ਕਿ : ਆਪਣੇ ਹੱਥ ਚੰਗੀ ਤਰ੍ਹਾਂ ਧੋਵੋ, ਖਾਸ ਤੌਰ 'ਤੇ ਖਾਣ ਤੋਂ ਪਹਿਲਾਂ ਅਤੇ ਪਖਾਨਾ ਜਾਣ ਤੋਂ ਬਾਅਦ। ਇਹ ਯਕੀਨੀ ਬਣਾਓ ਤੇ ਹੱਥ ਸਾਫ਼ ਕਰਨ ਵਾਲਾ ਤੌਲੀਆ ਜਾਂ ਕੱਪੜਾ ਵੀ ਸਾਫ ਹੋਵੇ। ਭੋਜਨ ਤੋਂ ਹੋਣ ਵਾਲੇ ਖਤਰੇ ਤੋਂ ਬਚਣ ਲਈ ਇਸ ਨੂੰ ਚੰਗੀ ਤਰ੍ਹਾਂ ਪਕਾ ਕੇ ਖਾਓ। ਸਿਰਫ਼ ਬੋਤਲ ਬੰਦ ਪੀਣ ਵਾਲੇ ਉਤਪਾਦ ਹੀ ਵਰਤੋ ਜਾਂ ਉਬਲਿਆ ਹੋਇਆ ਪਾਣੀ ਵਰਤੋ। ਇਹ ਵੀ ਯਕੀਨੀ ਬਣਾਓ ਕੇ ਪਾਣੀ ਵਾਲੀ ਬੋਤਲ ਜੋ ਤੁਸੀਂ ਖ਼ਰੀਦ ਰਹੇ ਹੋ, ਦੀ ਸੀਲ ਨਾ ਟੁੱਟੀ ਹੋਵੇ। ਕੈਨ ਵਿਚੋਂ ਪੀਣ ਲਈ ਸਟਰਾਅ ਦੀ ਵਰਤੋਂ ਕਰੋ ਅਤੇ ਆਈਸ ਕਿਊਬਸ ਤੋਂ ਪ੍ਰਹੇਜ਼ ਕਰੋ। ਜੇ ਭਾਂਡੇ ਧੋਤੇ ਹੋਏ ਹਨ ਪਰ ਸੁੱਕੇ ਨਹੀਂ ਤਾਂ ਵੀ ਬਿਮਾਰੀ ਦਾ ਕਾਰਨ ਬਣ ਸਕਦੇ ਹਨ। ਇਹ ਕੁੱਝ ਗੱਲਾਂ ਭਾਰਤ ਜਾਂ ਕਿਸੇ ਗ਼ੈਰ ਉਦਯੋਗਿਕ ਜਾਂ ਵਿਕਾਸਸ਼ੀਲ ਦੇਸ਼ ਵਿਚ ਜਾਣ ਵੇਲੇ ਧਿਆਨ ਵਿਚ ਰੱਖੋ। ਸਫ਼ਰ ਦੌਰਾਨ ਸਿਹਤ ਦਾ ਧਿਆਨ ਰਖਣਾ ਜ਼ਰੂਰੀ ਹੈ ਤਾਂ ਹੀ ਛੁੱਟੀਆਂ ਦਾ ਆਨੰਦ ਮਾਣਿਆ ਜਾ ਸਕਦਾ ਹੈ। ਬੱਚੇ ਜਾਂ ਬਜ਼ੁਰਗ ਜੋ ਲੰਮਾ ਸਮਾਂ ਬਿਮਾਰ ਰਹੇ ਹੋਣ, ਨੂੰ ਵਧੇਰੇ ਚੌਕਸੀ ਰੱਖਣ ਦੀ ਲੋੜ ਹੈ। ਭਾਰਤ ਦੇ ਦੋ ਹਫ਼ਤੇ ਦੇ ਸਫ਼ਰ ਦੌਰਾਨ 30 ਤੋਂ 50 ਫ਼ੀ ਸਦੀ ਲੋਕਾਂ ਨੂੰ ਪੇਚਸ਼ ਹੋਣ ਦਾ ਖਤਰਾ ਰਹਿੰਦਾ ਹੈ, ਜਿਸ ਕਰ ਕੇ ਪਹਿਲਾਂ ਤੋਂ ਦਵਾਈਆਂ ਲੈਣੀਆਂ ਜ਼ਰੂਰੀ ਹਨ।




# ਆਤਮ ਹੱਤਿਆ ਜਾਂ ਸਾਜ਼ਿਸ਼



ਸੁਰਜੀਤ ਗੱਗ

ਜਦੋਂ ਹਿਰਨ ਨੂੰ ਯਕੀਨ ਹੋ ਗਿਆ ਕਿ ਬਚਣ ਦਾ ਕੋਈ ਰਾਹ ਨਹੀਂ ਹੈ ਤਾਂ ਉਸ ਨੇ ਬਘਿਆੜ ਨੂੰ ਬੇਨਤੀ ਕੀਤੀ ਕਿ ਤੂੰ ਮੈਨੂੰ ਖਾ ਤਾਂ ਲੈਣਾ ਹੀ ਹੈ, ਪਰ ਮੈਨੂੰ ਮੇਰੀ ਆਖ਼ਰੀ ਇੱਛਾ ਪੂਰੀ ਕਰ ਲੈਣ ਦੇ। ਬਾਘ ਦੇ ਹਾਂ ਕਹਿਣ 'ਤੇ ਉਸ ਨੇ ਓਥੇ ਆਪਣੇ ਪੰਜਿਆਂ ਨਾਲ ਮਿੱਟੀ ਖਿਡਾਉਣੀ ਸ਼ੁਰੂ ਕਰ ਦਿੱਤੀ ਅਤੇ ਫਿਰ ਬਾਘ ਨੂੰ ਕਿਹਾ ਕਿ ਹੁਣ ਤੂੰ ਮੈਨੂੰ ਆਰਾਮ ਨਾਲ ਖਾ ਸਕਦਾ ਏਂ। ਬਾਘ ਨੇ ਕਿਹਾ ਕਿ ਮੈਂ ਤੈਨੂੰ ਖਾ ਤਾਂ ਜਾਣਾ ਹੀ ਹੈ, ਪਰ ਤੂੰ ਆਹ ਮਿੱਟੀ ਕਾਹਦੇ ਵਾਸਤੇ ਖਿਡਾਈ ਹੈ? ਤਾਂ ਹਿਰਣ ਦਾ ਜਵਾਬ ਹੈਰਾਨ ਕਰਨ ਵਾਲਾ ਸੀ। ਉਸ ਨੇ ਕਿਹਾ ਕਿ ਮੈਨੂੰ ਪਤਾ ਹੈ ਕਿ ਮੌਤ ਯਕੀਨੀ ਹੈ, ਅਤੇ ਮੈਂ ਤੇਰੇ ਨਾਲ ਮੁਕਾਬਲਾ ਕਰਨ ਜੋਗਾ ਵੀ ਨਹੀਂ। ਪਰ ਜਦੋਂ ਵੀ ਕੋਈ ਏਸ ਰਸਤਿਓਂ ਲੰਘੇਗਾ ਤਾਂ ਏਥੇ ਡਿੱਗਿਆ ਖ਼ੂਨ ਅਤੇ ਖਿੰਡੀ ਹੋਈ ਮਿੱਟੀ ਵੇਖ ਕੇ ਇਹੋ ਸਮਝੇਗਾ ਕਿ ਮਰਨ ਵਾਲਾ ਡਰਪੋਕ ਨਹੀਂ ਸੀ, ਉਹ ਪੂਰੀ ਬਹਾਦਰੀ ਨਾਲ ਲੜਦਾ ਹੋਇਆ, ਮੁਕਾਬਲਾ ਕਰਦੇ ਹੋਏ ਮਰਿਆ ਹੈ।

ਆਤਮਹੱਤਿਆ ਸਿਰਫ਼ ਕਰਜ਼ਾਈ ਕਿਸਾਨੀ ਹੀ ਨਹੀਂ ਕਰ ਰਹੀ। ਗਰੀਬ, ਮਜ਼ਦੂਰ ਵੀ ਆਤਮਹੱਤਿਆ ਨੂੰ ਆਖ਼ਰੀ ਬਦਲ ਵਜੋਂ ਚੁਣ ਰਹੇ ਹਨ। ਪੰਜਾਬ ਅਤੇ ਵਿਦਰਭ ਦੇ ਇਲਾਕੇ ਵਿੱਚ ਬੇਸ਼ੱਕ ਕਿਰਸਾਨੀ ਦੇ ਕਰਜ਼ਿਆਂ ਕਾਰਨ ਹੀ ਬਹੁਤੀਆਂ ਆਤਮ ਹੱਤਿਆਵਾਂ ਹੋਈਆਂ ਹਨ। ਪਰ ਕਿਸੇ ਨਾ ਕਿਸੇ ਤਰ੍ਹਾਂ ਇਸ ਦਾ ਕਾਰਨ ਗੁਰਬਤ ਵੀ ਹੈ। ਜੇ ਕਰ ਡੂੰਘਾਈ ਨਾਲ ਵਿਚਾਰ ਕੀਤਾ ਜਾਵੇ ਤਾਂ ਜਿਸ ਮੌਤ ਨੂੰ ਅਸੀਂ ਆਤਮਹੱਤਿਆ ਕਹਿ ਜਾਂ ਸਮਝ ਰਹੇ ਹਾਂ, ਉਹ ਅਸਲ ਵਿੱਚ ਹੱਤਿਆ ਹੈ। ਬੱਸ ਹੱਤਿਆਰੇ ਨੂੰ ਪਹਿਚਾਨਣ ਦੀ ਲੋੜ ਹੈ।



ਅਸੀਂ ਹਾਲਾਤ ਨਾਲ ਲੜਨ ਤੋਂ ਅਤੇ ਨਿਜ਼ਾਮ ਬਦਲਣ ਤੋਂ ਹਮੇਸ਼ਾ ਪਾਸਾ ਹੀ ਵੱਟਦੇ ਰਹੇ ਹਾਂ, ਜਾਂ ਵਾਰ-ਵਾਰ ਅਗਵਾ ਹੁੰਦੇ ਰਹੇ ਹਾਂ। ਸਾਡੇ ਪੱਲੇ ਹਮੇਸ਼ਾ ਨਮੋਸ਼ੀ ਹੀ ਪੈਂਦੀ ਰਹੀ ਹੈ। ਉਂਝ ਆਤਮਹੱਤਿਆ ਵੀ ਸੌਖੀ ਨਹੀਂ ਹੋ ਜਾਂਦੀ, ਖ਼ਾਸਕਰ ਗੁਰਬਤ ਕਾਰਨ। ਕੁੱਝ ਲੋਕ ਗੁੱਸੇ ਵਿੱਚ ਕਿਸੇ ਨਾਲ ਝਗੜ ਕੇ ਜਾਂ ਪਿਆਰ ਵਿੱਚ ਅਸਫ਼ਲ ਰਹਿਣ ਕਾਰਨ ਵੀ ਅਜਿਹਾ ਕਦਮ ਚੁੱਕ ਲੈਂਦੇ ਹਨ, ਜਿਸ ਨੂੰ ਹੋਛਾਪਣ ਜਾਂ ਜਲਦਬਾਜ਼ੀ ਵਿੱਚ ਚੁੱਕਿਆ ਗਿਆ ਗਲਤ ਕਦਮ ਹੀ ਕਿਹਾ ਜਾ ਸਕਦਾ ਹੈ। ਇਸ ਦੇ ਬਦਲ ਵਜੋਂ ਹੋਰ ਵੀ ਬਥੇਰੇ ਰਾਹ ਖੁੱਲ੍ਹੇ ਹੁੰਦੇ ਹਨ। ਅਜਿਹੇ ਮਾਮਲਿਆਂ ਵਿੱਚ ਆਤਮਹੱਤਿਆ ਆਖ਼ਰੀ ਰਾਹ ਨਹੀਂ ਰਹਿ ਜਾਂਦਾ। ਪਰ ਗੁਰਬਤ ਮਾਰਿਆ ਬੰਦਾ ਪੈਰ-ਪੈਰ 'ਤੇ ਮਰਦਾ ਹੈ। ਸਿਰਫ਼ ਜਿਊਣ ਲਈ, ਜਿਉਂਦਾ ਰਹਿਣ ਲਈ ਜਦੋਂ ਤੱਕ ਉਹ ਮਰ ਨਹੀਂ ਜਾਂਦਾ ਓਦੋਂ ਤੱਕ ਉਹ ਮੌਤ ਨਾਲ ਲੜ ਰਿਹਾ ਹੁੰਦਾ ਹੈ। ਖ਼ਾਸਕਰ ਗੁਰੂਆਂ, ਪੀਰਾਂ-ਪੈਗੰਬਰਾਂ, ਗਾਂਧੀਆਂ ਅਤੇ ਦੇਸ਼ਭਗਤਾਂ ਦੀਆਂ ਬਾਤਾਂ ਪਾਉਣ ਵਾਲੇ "ਮਹਾਨ ਦੇਸ" ਵਿੱਚ ਅਜਿਹਾ ਹੀ ਹੁੰਦਾ ਹੈ।

ਆਪਣੇ ਆਪ ਨੂੰ, ਜ਼ਿੰਦਗੀ ਨੂੰ, ਆਪਣੇ ਘਰ-ਪਰਿਵਾਰ, ਆਲ਼ੇ-ਦੁਆਲ਼ੇ ਨੂੰ ਪਿਆਰ ਕਰਨ ਵਾਲੇ ਵਿਅਕਤੀ ਵਿੱਚ ਕਦੇ ਆਤਮਹੱਤਿਆ ਦਾ ਖ਼ਿਆਲ ਵੀ ਨਹੀਂ ਆ ਸਕਦਾ। ਗੁਰਬਤ 'ਚੋਂ ਨਿਕਲਣ ਲਈ ਕਰਜ਼ੇ ਵਜੋਂ ਸਹੇੜੀ ਜਲਾਲਤ ਅਤੇ ਕੰਗਾਲੀ ਤੋਂ ਖਹਿੜਾ ਛੁਡਾਉਣ ਲਈ ਹਰ ਹੀਲਾ ਕਰਨ ਤੋਂ ਬਾਅਦ ਜਦੋਂ ਕੁੱਝ ਨਹੀਂ ਸੌਰਦਾ ਤਾਂ ਹੀ ਵਿਅਕਤੀ ਆਤਮਘਾਤੀ ਕਦਮ ਚੁੱਕਣ ਲਈ ਮਜ਼ਬੂਰ ਹੁੰਦਾ ਹੈ।

ਜਦੋਂ ਜਿਊਣ ਦਾ ਕੋਈ ਚੱਜ ਨਹੀਂ ਰਹਿੰਦਾ ਜਾਂ ਨੁਕਸਾਨ ਹੋਣਾ ਸ਼ੁਰੂ ਹੋ ਜਾਂਦਾ ਹੈ, ਉਦੋਂ ਮਨ ਆਤਮਹੱਤਿਆ ਜਿਹੇ ਵਿਚਾਰਾਂ ਨਾਲ ਭਰ ਜਾਂਦਾ ਹੈ। ਉਂਝ ਵੀ ਆਤਮਹੱਤਿਆ ਕਰਨ ਲਈ ਉਹ ਹੀ ਮਜ਼ਬੂਰ ਹੁੰਦਾ ਹੈ, ਜਿਸਦੇ ਜਿਊਣਯੋਗ ਹਾਲਾਤ ਨਹੀਂ ਰਹਿ ਜਾਂਦੇ ਜਾਂ ਰਹਿਣ ਨਹੀਂ ਦਿੱਤੇ ਜਾਂਦੇ।

2009 ਜਾਂ 2010 ਦੇ ਮਈ ਮਹੀਨੇ ਵਿੱਚ ਸਿਰਫ਼ ਇੱਕ ਮਹੀਨੇ ਵਿੱਚ ਕਰਜ਼ੇ ਦੀ ਦਲਦਲ ਵਿੱਚ ਫਸੇ 22 ਕਿਸਾਨਾਂ ਨੂੰ ਆਤਮਹੱਤਿਆ ਲਈ ਮਜ਼ਬੂਰ ਹੋਣਾ ਪਿਆ, ਉਹ ਵੀ ਸਿਰਫ਼ ਪੰਜਾਬ ਵਿੱਚ, ਇੱਕ ਖ਼ਾਸ ਖਿੱਤੇ ਵਿੱਚ ਹੀ। ਇਹ ਵੀ ਸਿਰਫ਼ ਅਖ਼ਬਾਰ ਵਿੱਚੋਂ ਜੋ ਪੜ੍ਹਨ ਨੂੰ ਮਿਲੀਆਂ ਹਨ ਉਹ ਖ਼ਬਰਾਂ ਹੀ ਹਨ। ਇੰਝ ਵੀ ਕਿਹਾ ਜਾ ਸਕਦਾ ਹੈ ਕਿ ਹਰ ਰੋਜ਼ ਇੱਕ ਕਿਸਾਨ ਖ਼ੁਦਕੁਸ਼ੀ ਕਰਦਾ ਰਿਹਾ ਹੈ ।

ਇੱਕ ਚੰਗੇ-ਭਲੇ, ਵੱਸਦੇ-ਰਸਦੇ ਪਰਿਵਾਰ ਵਿੱਚ ਖ਼ੁਦਕੁਸ਼ੀ ਲਈ ਹਾਲਾਤ ਕਿਵੇਂ ਪੈਦਾ ਹੋ ਜਾਂਦੇ ਹਨ? ਵਿਚਾਰਨ ਵਾਲੀ ਗੱਲ ਹੈ। ਭਾਰਤ ਵਿੱਚ ਹਰੀ ਕਰਾਂਤੀ 70ਵੇਂ ਦਹਾਕੇ ਵਿੱਚ ਆਈ ਸੀ। ਉਸ ਤੋਂ ਪਹਿਲਾਂ ਫ਼ਸਲਾਂ ਕੁਦਰਤ ਦੀ ਮਿਹਰ ਨਾਲ ਹੀ ਹੁੰਦੀਆਂ ਸਨ। ਹਰੀ ਕਰਾਂਤੀ ਦੌਰਾਨ ਖੇਤੀ ਦਾ ਮਸ਼ੀਨੀਕਰਨ ਵੀ ਹੋਇਆ ਹੈ ਅਤੇ ਵਿਗਿਆਨੀਕਰਨ ਵੀ ਹੋਇਆ ਹੈ। ਖਾਦਾਂ-ਸਪਰੇਆਂ, ਟਰੈਕਟਰਾਂ, ਸਬਮਰਸੀਬਲਾਂ ਦੀ ਸਹਾਇਤਾ ਨਾਲ ਫ਼ਸਲਾਂ ਕੁਦਰਤ ਦੀ ਮਿਹਰ ਨਾ ਰਹਿ ਕੇ ਤਕਨੀਕ ਦੀ ਕਮਾਈ ਹੋ ਗਈਆਂ। ਬੇਸ਼ੱਕ ਬਹੁਤੀ ਵਾਰ ਖੇਤੀ 'ਤੇ ਅਜੇ ਵੀ ਕੁਦਰਤ ਦੀ ਕਰੋਪੀ ਹੋ ਜਾਂਦੀ ਹੈ ਪਰ ਵਸੀਲੇ ਕੁਦਰਤ ਨੂੰ ਮਾਤ ਪਾਉਣ ਲਈ ਯਤਨਸ਼ੀਲ ਹਨ।

70ਵੇਂ ਦਹਾਕੇ ਸਮੇਂ ਕਿਰਸਾਨੀ ਗਰੀਬ ਸੀ, ਪਰ ਕਰਜ਼ਾਈ ਨਹੀਂ ਸੀ। ਆਪਣੇ-ਆਪਣੇ ਬਲ਼ਦ, ਗੱਡੀਆਂ ਹੋਰ ਸਾਧਨ ਬਹੁਤਿਆਂ ਕੋਲ ਹੁੰਦੇ ਸੀ। ਮੰਗ ਕੇ ਵੀ ਸਰ ਜਾਂਦਾ ਸੀ। ਮਸ਼ੀਨੀਕਰਣ ਕਾਰਨ ਰਫ਼ਤਾਰ ਵਧੀ ਹੈ। ਦਿਨਾਂ ਦਾ ਕੰਮ ਮਿੰਟਾਂ ਵਿੱਚ ਹੋਣ ਲੱਗ ਪਿਆ ਹੈ। ਪਰ ਟਰੈਕਟਰਾਂ ਨੂੰ ਪੱਠੇ ਪਾ ਕੇ ਨਹੀਂ ਚਲਾਇਆ ਜਾ ਸਕਦਾ। ਸਬਮਰਸੀਬਲਾਂ ਨੂੰ ਟਿੰਡਾਂ ਨਹੀਂ ਸਮਝਿਆ ਜਾ ਸਕਦਾ। ਇਸ ਦੇ ਲਈ ਪੈਟਰੋਲ ਪੰਪ 'ਤੇ ਜਾਣਾ ਪੈਂਦਾ ਹੈ। ਟਰੈਕਟਰ ਚੱਲਦਾ ਰੱਖਣ ਲਈ ਤੇਲ ਪਵਾਉਣਾ ਪੈਂਦਾ ਹੈ ਤੇ ਇਹ ਤੇਲ ਕੋਹਲੂ ਤੋਂ ਨਹੀਂ ਮਿਲ ਜਾਂਦਾ ਕਿ ਇਸ ਦੇ ਭਾਅ ਵਿੱਚ ਲਿਹਾਜ਼ਦਾਰੀ ਵਰਤੀ ਜਾਵੇ। ਨਾ ਹੀ ਸਪਰੇਆਂ, ਖਾਦਾਂ ਕੋਈ ਪਿੰਡ ਵਿੱਚ ਤਿਆਰ ਕਰ ਸਕਦਾ ਹੈ। ਕਿਸਾਨ ਨੂੰ ਸਿਰਫ਼ ਅੰਗਰੇਜ਼ੀ ਰਾਜ ਵੇਲੇ ਦਾ ਕਾਮਾ ਹੀ ਸਮਝਿਆ ਗਿਆ ਹੈ। ਡੀਜ਼ਲ ਚਾਹੇ ਕਿਸੇ ਵੀ ਕੀਮਤ ਤੇ ਮਿਲੇ, ਉਸ ਨੂੰ ਲੈਣਾ ਪੈਂਦਾ ਹੈ। ਖਾਦਾਂ-ਸਪਰੇਆਂ ਵੀ ਮੂੰਹ ਮੰਗੀ ਕੀਮਤ ਤੇ ਹੀ ਮਿਲਦੀਆਂ ਹਨ। ਪਰ ਛੇ ਮਹੀਨੇ ਸਣੇ ਟੱਬਰ ਹੱਡ ਰਗੜਾਉਣ ਤੋਂ ਬਾਅਦ ਜਦੋਂ ਫ਼ਸਲ ਪੱਲੇ ਪੈਂਦੀ ਹੈ ਤਾਂ ਉਸ ਦਾ ਮੁੱਲ ਨਿਰਧਾਰਤ ਕਰਨ ਦਾ ਸਮਾਂ ਹੁੰਦਾ ਹੈ। ਖਾਦਾਂ, ਡੀਜ਼ਲਾਂ, ਮਨੁੱਖੀ ਮਿਹਨਤ, ਜ਼ਮੀਨ ਦਾ ਮਾਲੀਆ, ਜ਼ਮੀਨ ਦਾ ਕਿਰਾਇਆ ਅਤੇ ਕਿਰਸਾਨ ਦੀ ਬੱਚਤ ਕੱਢਣ ਤੋਂ ਬਾਅਦ ਫ਼ਸਲ ਦਾ ਮੁੱਲ ਨਿਰਧਾਰਤ ਕੀਤਾ ਜਾਣਾ ਚਾਹੀਦਾ ਹੈ। ਪਰ ਇੰਝ ਹੁੰਦਾ ਨਹੀਂ ਜਿਸ ਕਾਰਨ ਕਿਰਸਾਨੀ ਥੱਲੇ ਲੱਗਦੀ ਹੈ।

ਜਦੋਂ ਡੀਜ਼ਲ ਵਾਲੇ ਡੀਜ਼ਲ ਮੂੰਹ ਮੰਗੀ ਕੀਮਤ ਤੇ ਵੇਚਦੇ ਹਨ, ਖਾਦਾਂ ਵਾਲੇ ਖਾਦਾਂ ਮੂੰਹ ਮੰਗੀ ਕੀਮਤ 'ਤੇ ਵੇਚਦੇ ਹਨ, ਟਰੈਕਟਰਾਂ ਵਾਲੇ ਟਰੈਕਟਰ ਮੂੰਹ ਮੰਗੀ ਕੀਮਤ 'ਤੇ ਵੇਚਦੇ ਹਨ ਤਾਂ ਫਿਰ ਕਿਰਸਾਨ ਨੂੰ ਫ਼ਸਲਾਂ ਦੀ ਮੂੰਹ ਮੰਗੀ ਕੀਮਤ ਕਿਉਂ ਨਹੀਂ ਮਿਲ ਸਕਦੀ।

ਇਹ ਵੀ ਗੱਲ ਵਿਚਾਰਨਯੋਗ ਹੈ ਕਿ ਕਿਰਸਾਨੀ ਦੇ ਸਿਰ ਤੇ ਟਰੈਕਟਰਾਂ ਵੇਚਣ ਵਾਲੇ ਇੱਕ ਫੈਕਟਰੀ ਤੋਂ ਦਸ-ਦਸ ਫੈਕਟਰੀਆਂ ਤੱਕ ਪਹੁੰਚ ਗਏ ਹਨ, ਖਾਦਾਂ ਵੇਚਣ ਵਾਲੇ ਵੀ ਸਮੇਤ ਡੀਲਰਾਂ ਦੇ ਲਗਾਤਾਰ ਚੜ੍ਹਦੀ ਕਲਾ ਵਿੱਚ ਹਨ। ਪੈਟਰੋਲ ਪੰਪ ਵੀ ਚਿਪਸਾਂ ਨਾਲ ਚਮਕੇ ਪਏ ਹਨ, ਇਸ ਸਭ ਦਾ ਆਧਾਰ ਕੀ ਹੈ? ਸਾਫ਼ ਜ਼ਾਹਿਰ ਹੈ ਕਿ ਜੋ ਮੁਨਾਫ਼ਾ ਕਿਰਸਾਨੀ ਨੂੰ ਮਿਲਣਾ ਚਾਹੀਦਾ ਸੀ ਉਹ ਇਹ ਖਾਦਾਂ, ਡੀਜ਼ਲਾਂ ਵਾਲੀਆਂ ਬਹੁਕੌਮੀ ਕੰਪਨੀਆਂ ਲੈ ਗਈਆਂ ਹਨ ਅਤੇ ਅਨਪੜ੍ਹ ਹੋਣ ਕਾਰਨ ਜਾਂ ਸਾਜਿਸ਼ ਵਜੋਂ ਅਨਪੜ੍ਹ ਰੱਖੇ ਜਾਣ ਕਾਰਨ ਕਿਸਾਨ ਆਪਣੀਆਂ ਫ਼ਸਲਾਂ ਦਾ ਖਰਚਾ ਵੀ ਪੂਰਾ ਨਹੀਂ ਕਰ ਸਕੇ। ਨਤੀਜੇ ਵਜੋਂ ਉਨ੍ਹਾਂ ਦੀ ਆਰਥਿਕਤਾ ਡਾਵਾਂਡੋਲ ਹੋਣ ਲੱਗ ਪਈ। ਆਏ ਗਏ ਨੂੰ ਮੱਲੋ-ਜ਼ੋਰੀ ਦੁੱਧ ਦਾ ਕੰਗਣੀ ਵਾਲਾ ਗਲਾਸ ਭਰ ਕੇ ਪਿਲਾਉਣ ਵਾਲੇ ਲੱਸੀ ਤੋਂ ਵੀ ਆਹਰੀ ਹੋ ਗਏ। ਦਾੜ੍ਹੀ ਨਾਲੋਂ ਮੁੱਛਾਂ ਵਧਦੀਆਂ ਵੇਖ ਜਦੋਂ ਇੱਕੋ-ਇੱਕ ਰੋਜ਼ਗਾਰ ਖੇਤੀ ਅਤੇ ਜੱਦੀ-ਪੁਸ਼ਤੀ ਜਮੀਨਾਂ ਹੱਥੋਂ ਖਿਸਕਣ ਦਾ ਡਰ ਸਤਾਉਣ ਲੱਗਾ ਤਾਂ ਇਸ ਡਰ ਵਿੱਚੋਂ ਵੀ ਲਾਹਾ ਖੱਟਣ ਲਈ ਉਹੀ ਟਰੈਕਟਰਾਂ, ਡੀਜ਼ਲਾਂ ਅਤੇ ਖਾਦਾਂ ਵਾਲੇ, ਆੜ੍ਹਤੀਆਂ ਅਤੇ ਬੈਂਕਾਂ ਦੇ ਰੂਪ ਵਿੱਚ ਕਿਰਸਾਨਾਂ ਦੀ ਰਹਿੰਦੀ ਖੱਲ ਵੀ ਲਾਹੁਣ ਆ ਗਏ। ਇੰਝ ਵੀ ਕਿਹਾ ਜਾ ਸਕਦਾ ਹੈ ਕਿ ਭੇੜੀਏ ਬੱਕਰੀ ਦੀ ਖੱਲ ਪਾ ਕੇ ਮੇਮਣੇ ਦੇ ਹਮਦਰਦ ਬਣਨ ਦਾ ਭਰਮ ਪੈਦਾ ਕਰਨ ਵਿੱਚ ਸਫ਼ਲ ਹੋ ਗਏ। ਪੂਦਨਾ ਬਣ ਕੇ ਬਾਲ ਕ੍ਰਿਸ਼ਨ ਨੂੰ ਜ਼ਹਿਰੀਲਾ ਦੁੱਧ ਪਿਆਉਣ ਵਿੱਚ ਸਫ਼ਲ ਹੋ ਗਏ।

ਕਿਸਾਨਾਂ ਨੂੰ ਸਬਜ਼ਬਾਗ ਇਹ ਵਿਖਾਏ ਗਏ ਕਿ "ਸਾਡੇ ਕੋਲੋਂ ਬਹੁਤ ਥੋੜ੍ਹੇ ਵਿਆਜ ਤੇ ਰਕਮ ਲਵੋ ਅਤੇ ਆਪਣੇ ਖੇਤਾਂ ਵਿੱਚ ਦੱਬ ਕੇ ਵਾਹੀ ਕਰੋ। ਅਸੀਂ ਤੁਹਾਡੀ ਹਰ ਸਮੇਂ ਮਦਦ (ਲੁੱਟ) ਲਈ ਤਿਆਰ ਹਾਂ। ਹੁਣ ਤੁਸੀਂ ਆਪਣੇ ਧੀਆਂ ਪੁੱਤਾਂ ਦੇ ਵਿਆਹਾਂ-ਕਰ੍ਹੇਵਿਆਂ ਤੇ ਖੁੱਲਾ ਖਰਚਾ ਕਰੋ, ਪੈਸੇ ਜਿੰਨੇ ਚਾਹੀਦੇ ਐ ਸਾਥੋਂ ਲੈ ਜਾਓ। ਜਦੋਂ ਸੋਨੇ ਵਰਗੀ ਫ਼ਸਲ ਤੁਹਾਡੇ ਕੋਠਿਆਂ ਵਿੱਚ ਆਏਗੀ ਤਾਂ ਉਸ ਵਿੱਚੋਂ ਇਹ ਮਾਮੂਲੀ ਜਿਹੀ ਰਕਮ ਸਮੇਤ ਵਿਆਜ ਵਾਪਸ ਕਰਕੇ ਖੁਸ਼ਹਾਲੀ ਦਾ ਆਨੰਦ ਮਾਣੋ।" ਅਤੇ ਨਾਲ ਦੀ ਨਾਲ ਇਨ੍ਹਾਂ ਹਿਤੈਸ਼ੀ ਲੁਟੇਰਿਆਂ ਨੇ ਖਾਦਾਂ, ਡੀਜ਼ਲਾਂ ਦੇ ਰੇਟ ਵੀ ਵਧਾ ਦਿੱਤੇ। ਕਿਸਾਨ ਦੀ ਜੇਬ ਵਿੱਚ ਪੈਸੇ (ਮੌਤ) ਸੀ। ਉਸ ਨੂੰ ਇਹ ਵਧੇ ਹੋਏ ਰੇਟ ਵੀ ਨਿਗੂਣੇ ਜਾਪੇ। ਪਰ ਜਦੋਂ ਫ਼ਸਲ ਪੱਲੇ ਪਈ ਤਾਂ ਉਸ ਨੇ ਖਾਣ ਜੋਗੀ ਰੱਖ ਕੇ ਵੇਚਣੀ ਕਿੱਥੇ ਸੀ? ਸਰਕਾਰ ਵਿੱਚ ਵੀ ਤਾਂ ਇਹੋ ਕੰਪਨੀਆਂ ਦੇ ਨੁਮਾਇੰਦੇ ਬੈਠੇ ਹੁੰਦੇ ਹਨ। ਜਦੋਂ ਮੂੰਹ ਮੰਗੀ ਕੀਮਤ ਨਾ ਮਿਲੀ ਤਾਂ ਸੰਭਾਲ ਨਾ ਹੋਣ ਕਾਰਨ ਖਰਾਬ ਹੋ ਜਾਣ ਦੇ ਡਰੋਂ ਅਤੇ ਬੈਂਕਾਂ ਦੇ ਨਿੱਤ ਵਧ ਰਹੇ ਵਿਆਜ ਦੇ ਡਰੋਂ ਅਪਣੇ ਖ਼ੂਨ-ਪਸੀਨੇ ਦੀ ਕਮਾਈ ਇਹ ਫ਼ਸਲ ਉਨ੍ਹਾਂ ਨੂੰ ਹੀ ਉਨ੍ਹਾਂ ਦੇ ਹੀ ਮਿੱਥੇ ਹੋਏ ਭਾਅ 'ਤੇ ਚੁਕਾਉਣੀ ਪਈ, ਜਿਨ੍ਹਾਂ ਨੇ ਇਸ ਨੂੰ ਹੜੱਪਣ ਲਈ ਇਹ ਸਾਰਾ ਤਾਣਾ-ਬਾਣਾ ਬੁਣਿਆ ਸੀ। ਮਗਰੋਂ ਇਹ ਤਾਣੀ ਸੁਲਝਣ ਦੀ ਬਜਾਏ ਉਲਝਦੀ ਹੀ ਗਈ ਹੈ। ਸਿਰਫ਼ ਉਲਝਦੀ ਹੀ ਨਹੀਂ ਗਈ, ਜਿੱਥੇ ਸੁਲਝਣ ਦਾ ਖਤਰਾ ਪੈਦਾ ਹੋਇਆ, ਓਥੇ ਦਾਅ ਲਾ ਕੇ ਉਲਝਾਈ ਗਈ ਅਤੇ ਕਿਰਸਾਨ ਕਰਜ਼ੇ ਦੀ ਦਲਦਲ ਵਿੱਚ ਹੁਣ ਤੱਕ ਫਸਦਾ ਹੀ ਚਲਾ ਗਿਆ। ਏਨਾ ਕੁ ਪੜ੍ਹ ਕੇ ਏਨੀ ਸਮਝ ਸੋਖਿਆਂ ਹੀ ਆ ਜਾਂਦੀ ਹੈ ਕਿ ਏਸ ਦਲਦਲ ਵਿੱਚੋਂ ਨਿਕਲਣ ਦਾ, ਏਸ ਜ਼ਲਾਲਤ ਵਿੱਚੋਂ ਨਿਕਲਣ ਦਾ ਕਿਹੜਾ ਰਾਹ ਬਚਦਾ ਹੈ?

ਜਦੋਂ ਆਤਮਹੱਤਿਆ ਹੀ ਇੱਕੋ-ਇੱਕ ਰਾਹ ਰਹਿ ਜਾਂਦਾ ਹੈ ਤਾਂ ਕੀ ਹੁਣ ਵੀ ਇਹ ਕਿਸਾਨ ਵੀਰ ਏਸੇ ਭਰਮ ਵਿੱਚ ਰਹਿਣਗੇ ਕਿ ਇਹ ਆਤਮਹੱਤਿਆ ਹੀ ਹੈ? ਇਨ੍ਹਾਂ ਹੱਤਿਆਵਾਂ ਦਾ ਮੁੱਢ ਤਾਂ ਉਦੋਂ ਹੀ ਬੱਝ ਗਿਆ ਸੀ ਜਦੋਂ ਅਸੀਂ ਅਪਣਾ ਸਵੈਮਾਣ ਗੁਆ ਕੇ ਇਨ੍ਹਾਂ ਅੰਗਰੇਜ਼ੀ ਤਰਜ਼ ਦੀਆਂ ਕੰਪਨੀਆਂ ਦੇ ਅਧੀਨ ਹੋ ਗਏ ਸੀ। ਇਹ ਆਤਮਹੱਤਿਆ ਨਹੀਂ ਹੱਤਿਆ ਹੈ। ਹੱਤਿਆਰੇ ਤਰੱਕੀਆਂ ਕਰ ਰਹੇ ਹਨ। ਕਿਰਸਾਨ ਪੀੜ੍ਹੀ-ਦਰ-ਪੀੜ੍ਹੀ ਕਰਜ਼ਾਈ ਹੁੰਦੇ ਜਾ ਰਹੇ ਹਨ। ਜ਼ਮੀਨਾਂ ਗਹਿਣੇ ਪਈਆਂ ਹਨ। ਪਹਿਲਾਂ ਰੋਟੀ ਤਾਂ ਖਾ ਲੈਂਦੇ ਸਨ, ਹੁਣ ਰੋਟੀ ਤੋਂ ਵੀ ਔਖੇ ਹੋ ਗਏ ਹਨ। ਇਨ੍ਹਾਂ ਨੂੰ ਦਾਤਾ (ਅੰਨ-ਦਾਤਾ) ਆਖ਼ ਕੇ ਭਿਖਾਰੀ ਅਖਵਾਉਣ ਵਾਲੇ ਇਨ੍ਹਾਂ ਦੇ ਸਿਰਾਂ 'ਤੇ ਐਸ਼ ਕਰ ਰਹੇ ਹਨ। ਦਾਤਿਆਂ ਤੋਂ ਭਿਖਾਰੀ ਬਣਾ ਕੇ ਠੁੱਡੇ ਮਾਰੇ ਜਾ ਰਹੇ ਹਨ।

"ਆਹ ਨਾਲ ਦੇ ਪਿੰਡ ਮੱਝ ਵਿਕਾਊ ਹੈ, ਓਧਰ ਆਇਆ ਸੀ, ਸੋਚਿਆ ਹੁਣ ਏਧਰ ਆਇਆ ਹਾਂ ਤਾਂ ਕੁੜਮਾਂ ਦੀ ਸੁੱਖ-ਸਾਂਦ ਪਤਾ ਕਰਦਾ ਜਾਵਾਂ।" ਬਹਾਨਾ ਮੱਝ ਦਾ ਹੁੰਦਾ ਸੀ ਤੇ ਕਾਰਨ ਧੀ ਦੀ ਸੁੱਖ-ਸਾਂਦ ਪਤਾ ਕਰਨਾ ਕਿ ਧੀ ਸਹੁਰੇ ਘਰ ਸੁੱਖੀਂ ਵਸਦੀ ਹੋਵੇ ਤੇ ਨਾਲੇ ਚਾਰ ਛਿੱਲੜ ਵੀ ਫੜਾ ਆਉਣੇ। ਪਰ ਅੱਜ ਉਹੀ ਪਿਓ ਜੋ ਪਿੰਡ ਦੀ ਕੁੜੀ ਨੂੰ ਵੀ ਧੀ ਦਾ ਦਰਜਾ ਦਿੰਦਾ ਸੀ, ਅਪਣੀ ਸਕੀ ਧੀ ਨੂੰ ਵੀ ਸੱਤ ਸਮੁੰਦਰ ਪਾਰ ਭੇਜਣ ਲਈ ਮਜ਼ਬੂਰ ਹੈ। ਇਹ ਸ਼ੰਕਾ ਪੈਦਾ ਹੁੰਦੇ ਹੋਏ ਵੀ ਕਿ ਓਥੇ ਉਸ ਚੰਦਰੀ ਦਾ ਭਵਿੱਖ ਦਾਅ ਤੇ ਲੱਗਾ ਹੈ। ਤਾਂ ਅਜਿਹਾ ਕਰਨ ਲਈ ਜੋ ਕਿ ਇੱਕ ਜੂਆ ਹੀ ਹੈ, ਕਿਰਸਾਨ ਨੂੰ ਕੌਣ ਮਜ਼ਬੂਰ ਕਰ ਰਿਹਾ ਹੈ। ਕਿਸੇ ਹੱਦ ਤੱਕ ਏਸ ਦਾ ਕਾਰਨ ਸਵਾਰਥ ਹੋ ਸਕਦਾ ਹੈ ਪਰ ਕੋਈ ਵੀ ਭਾਰਤੀ ਅਜੇ ਤੱਕ ਏਨਾ ਸਵਾਰਥੀ ਨਹੀਂ ਹੋਇਆ ਕਿ ਆਪਣੀ ਲਾਡਾਂ ਨਾਲ ਪਾਲ਼ੀ ਔਲਾਦ ਦਾ ਸੌਦਾ ਕਰਨ ਲੱਗ ਜਾਵੇ।

ਇਹ ਸਾਫ਼ ਹੋ ਚੁੱਕਾ ਹੈ ਕਿ ਇਸ ਦਲਦਲ ਵਿੱਚੋਂ ਨਿਕਲਣ ਦਾ ਕੋਈ ਵੀ ਰਾਹ ਨਹੀਂ ਬਚਦਾ। ਜੇ ਪੂੰਜੀਪਤੀਆਂ ਦੀ ਕਠਪੁਤਲੀ ਸਰਕਾਰ ਕੋਈ ਵਿਚਾਲ਼ੇ ਦਾ ਰਾਹ ਦੱਸਦੀ ਵੀ ਹੈ ਤਾਂ ਉਹ ਰਾਹ ਵੀ ਹਨ੍ਹੇਰੀ ਗਲੀ ਵੱਲ ਹੀ ਜਾਂਦਾ ਹੈ। ਆਸਮਾਨ ਤੋਂ ਡਿੱਗ ਕੇ ਖ਼ਜੂਰ ਤੇ ਅਟਕਣ ਵਾਲੀ ਸਥਿਤੀ ਹੀ ਪੈਦਾ ਹੁੰਦੀ ਹੈ। ਜਦੋਂ ਕੋਈ ਰਾਹ ਹੀ ਨਹੀਂ ਰਹਿ ਜਾਂਦਾ, ਸਿਰਫ਼ ਆਤਮਹੱਤਿਆ ਹੀ ਇੱਕੋ-ਇੱਕ ਰਾਹ ਦਿਸਦਾ ਹੈ ਤਾਂ ਕਿਉਂ ਨਾ ਓਸ ਹਿਰਣ ਤੋਂ ਸਿੱਖਿਆ ਲੈ ਲਈ ਜਾਵੇ ਕਿ ਕੱਲ੍ਹ ਨੂੰ ਕੋਈ ਇਹ ਨਾ ਆਖੇ ਕਿ ਫਲਾਣਾ ਬਿਨਾ ਮੁਕਾਬਲਾ ਕੀਤਿਆਂ ਹੀ ਮਰ ਗਿਆ। ਚੁੱਪ-ਚਾਪ ਮੋਟਰ 'ਤੇ ਜਾ ਕੇ ਸਲਫਾਸ ਨਿਗਲ ਲੈਣ ਨਾਲ ਜਾਂ ਕਿੱਕਰ ਗਲ ਰੱਸਾ ਪਾ ਲੈਣ ਨਾਲੋਂ ਕਿਤੇ ਚੰਗਾ ਹੈ ਕਿ ਆਖਰੀ ਵਾਰ ਮਰਨ ਤੋਂ ਪਹਿਲਾਂ ਜ਼ਿੰਦਗੀ ਨੂੰ ਚੰਗੀ ਤਰਾਂ ਸਮਝ ਲਿਆ ਜਾਵੇ। ਆਤਮਹੱਤਿਆ ਕਰਨ ਨਾਲ ਜੇ ਮਸਲਾ ਹੱਲ ਹੁੰਦਾ ਜਾਪੇ ਤਾਂ ਆਤਮਹੱਤਿਆ ਜਰੂਰ ਕਰਨੀ ਚਾਹੀਦੀ ਹੈ ਬਸ਼ਰਤੇ ਮਸਲਾ ਹੱਲ ਹੋ ਜਾਵੇ।

ਪੰਜਾਬੀਆਂ ਬਾਰੇ ਇਹ ਕਹਾਣ ਮਸ਼ਹੂਰ ਹੈ ਕਿ "ਮੈਂ 'ਕੱਲ੍ਹਾ ਨ੍ਹੀਂ ਮਰਦਾ, ਇੱਕ-ਦੋ ਨੂੰ ਮਾਰ ਕੇ ਮਰਾਂਗਾ।" ਏਥੇ ਕਿਸੇ ਨੂੰ ਮਾਰਨ ਦੀ ਗੱਲ ਨਹੀਂ ਹੈ। ਪਰ ਜਦੋਂ ਮਰਨਾ ਹੀ ਹੈ ਤਾਂ ਕਾਇਰਾਂ ਵਾਲੀ ਮੌਤ ਕਿਉਂ ਮਰਿਆ ਜਾਵੇ। ਕਿਉਂ ਨਾ ਬਹਾਦਰਾਂ ਵਾਂਗ ਮੈਦਾਨ ਵਿੱਚ ਲੜਦੇ ਹੋਏ ਸ਼ਹੀਦ ਹੋਇਆ ਜਾਵੇ, ਤਾਂ ਕਿ ਆਉਣ ਵਾਲੀਆਂ ਪੀੜ੍ਹੀਆਂ ਵੀ ਯਾਦ ਰੱਖਣ ਕਿ ਫਲਾਣਾ ਸਿਹੁੰ ਅਜਾਈਂ ਨਹੀਂ ਮਰਿਆ।

ਮਾਨਸਿਕ ਤੋਰ ਤੇ ਅਪਣੇ ਆਪ ਨੂੰ ਤਕੜੇ ਕਰੋ, ਅਗਾਂਹਵਧੂ ਬਣੋ, ਮਗਰਲੱਗ ਨਾ ਬਣੋ। ਆਪਣੀਆਂ ਸ਼ਰਤਾਂ ਤੇ ਜਿਊਣਾ ਸਿੱਖੋ। ਜੇ ਤੁਹਾਡੀਆਂ ਜ਼ਮੀਨਾਂ ਗਹਿਣੇ ਪਈਆਂ ਹਨ, ਖੁੱਸ ਜਾਣ ਦਾ ਡਰ ਹੈ ਤਾਂ ਇਹ ਡਰ ਮਨ ਵਿੱਚੋਂ ਕੱਢ ਦਿਓ। ਆਪਣੀਆਂ ਜ਼ਮੀਨਾਂ ਛੁਡਾਉਣ ਤੱਕ ਹੀ ਨਾ ਜਾਓ, ਬਲਕਿ ਜਿਨ੍ਹਾਂ ਦੀਆਂ ਜ਼ਮੀਨਾਂ ਏਸ ਨਿਜ਼ਾਮ ਨੇ ਹਥ੍ਹਿਆ ਲਈਆਂ ਹਨ, ਉਨ੍ਹਾਂ ਨੂੰ ਵੀ ਛੁਡਾਉਣ ਲਈ ਮਰਨ ਤੱਕ ਜਾਓ। ਲੁਧਿਆਣੇ ਵਾਲੇ ਤਹਿਸੀਲਦਾਰ ਦਾ ਹਸ਼ਰ ਵੇਖਕੇ ਪਿੱਛੇ ਨਾ ਹਟੋ ਸਗੋਂ ਅੱਗੇ ਵਧੋ ਕਿ ਤੁਹਾਡੇ ਸਿਰਾਂ ਤੇ ਮੌਤ ਮੰਡਰਾ ਰਹੀ ਹੈ। ਤੁਹਾਡੇ ਆਤਮਹੱਤਿਆ ਦੇ ਖਿਆਲ ਨਾਲ ਕੁੱਝ ਵੀ ਨਹੀਂ ਬਦਲਣ ਲੱਗਾ। ਪਰ ਜਿਉਂਦੇ ਰਹਿਣ ਦੀ ਇੱਛਾ ਬਹੁਤ ਕੁੱਝ ਬਦਲ ਸਕਦੀ ਹੈ, ਤਖ਼ਤੇ ਪਲਟ ਸਕਦੀ ਹੈ।

ਆਤਮਹੱਤਿਆ ਦਾ ਸ਼ਾਬਦਿਕ ਅਰਥ ਹੈ ਆਤਮਾ ਦੀ ਹੱਤਿਆ, ਭਾਵ ਜ਼ਮੀਰ ਦੀ ਹੱਤਿਆ। ਜਿਹੜੇ ਆਤਮਾ ਦੀ ਹੱਤਿਆ ਕਰ ਚੁੱਕੇ ਹਨ ਉਹ ਤਾਂ ਏਸ ਧਰਤੀ 'ਤੇ ਸਵਰਗ ਮਾਣ ਰਹੇ ਹਨ। ਪਰਾਏ ਹੱਕ 'ਤੇ ਕੁੰਡਲੀ ਮਾਰ ਕੇ ਬੈਠੇ ਹਨ। ਉਨ੍ਹਾਂ ਦੀ ਆਤਮਾ ਝਿੰਜੋੜਨ ਦੀ ਲੋੜ ਹੈ। ਉਨ੍ਹਾਂ ਦੀਆਂ ਸਵਿੱਸ ਬੈਂਕਾਂ ਤੇ ਕਬਜ਼ੇ ਕਰਨ ਦੀ ਲੋੜ ਹੈ। ਸਰਕਾਰੀ ਖਰਚਿਆਂ ਤੇ ਅਮਰੀਕਾ ਦੇ ਝੂਟੇ ਉਹ ਤੁਹਾਡੇ ਸਿਰਾਂ ਤੇ ਲੈਂਦੇ ਹਨ। ਇਹ ਸਮਝਣ ਦੀ ਲੋੜ ਹੈ। ਉਨ੍ਹਾਂ ਨੇ ਤੁਹਾਡੀਆਂ ਜ਼ਮੀਨਾਂ ਤੇ ਕਬਜ਼ਾ ਕਰਨ ਲਈ ਮਨਘੜਤ ਨੀਤੀਆਂ ਨੂੰ ਕਾਨੂੰਨ ਦਾ ਨਾਂ ਦਿੱਤਾ ਹੈ। ਤੁਹਾਨੂੰ ਇਨ੍ਹਾਂ ਨੀਤੀਆਂ ਦੀ ਸਮਝ ਨਹੀਂ, ਤੁਹਾਨੂੰ ਇਹ ਕਬਜ਼ੇ ਲੋਕ ਸ਼ਕਤੀ ਨਾਲ ਹੀ ਕਰਨੇ ਹੋਣਗੇ। ਸਲਫਾਸਾਂ ਖਾਣ ਨਾਲੋਂ "ਕਲੰਗਰੇਜ਼ਾਂ" ਦੀਆਂ ਲਾਠੀਆਂ ਖਾ ਲੈਣੀਆਂ ਕਿਤੇ ਵੱਧ ਅਰਥ ਰੱਖਦੀਆਂ ਹਨ। ਲਾਠੀ ਦੀ ਕੋਈ ਤਾਂ ਸੱਟ ਟਿਕਾਣੇ ਤੇ ਲੱਗੇਗੀ ਜੋ ਤੁਹਾਨੂੰ ਬਦਲਾ ਲੈਣ ਲਈ ਉਕਸਾਏਗੀ। ਗ਼ਲ ਰੱਸਾ ਹੀ ਪਾਉਣਾ ਹੈ ਤਾਂ ਕਿਉਂ ਨਾ ਓਸ ਸਾਂਡ ਦੇ ਗ਼ਲ ਵਿੱਚ ਪਾਇਆ ਜਾਵੇ ਜੋ ਬੇਕਾਬੂ ਹੋ ਕੇ ਭੂਤਰਿਆ ਫਿਰਦਾ ਹੈ। ਕੀ ਹੋਇਆ ਜੇ ਉਹ ਦੋ-ਚਾਰ ਜਣਿਆਂ ਨੂੰ ਝਟਕਾ ਦਏਗਾ। ਪਰ ਉਸ ਨੂੰ ਕਾਬੂ ਕਰਨ ਲਈ ਏਨੀ ਕੁ ਕੁਰਬਾਨੀ ਦੇਣੀ ਅਜਾਈਂ ਨਹੀਂ ਜਾਣ ਲੱਗੀ। ਅੰਗਰੇਜ਼ਾਂ ਨੇ ਵੀ ਸੋਨੇ ਦੀ ਚਿੜੀ ਨੂੰ ਇੰਝ ਹੀ ਲੁੱਟਿਆ ਸੀ।

ਮੋਬਾਇਲ : 9463389628

# ਭਾਰਤ ਵਿਚ ਦਲਿਤਾਂ ਦੀ ਹਾਲਤ ਅਜੇ ਵੀ ਪੱਥਰ ਯੁੱਗ ਵਰਗੀ

## ਵਿਦਵਾਨਾਂ, ਪੱਤਰਕਾਰਾਂ, ਸਮਾਜ ਸ਼ਾਤਰੀਆਂ ਵਲੋਂ ਬਣਾਈ ਟੀਮ ਨੇ ਕੀਤਾ 11 ਰਾਜਾਂ 'ਤੇ ਸਰਵੇਖਣ, ਗੁਰਦਵਾਰਿਆਂ ਵਿੱਚ ਵੀ ਲੰਗਰ ਛਕਣ ਲਈ ਵੱਖਰੀਆਂ ਲਾਈਨਾਂ ਅੱਜ ਵੀ ਲਗਦੀਆਂ ਹਨ, ਹਰੇਕ ਸੂਬੇ ਵਿੱਚ ਹੋ ਰਿਹੈ ਗੈਰ ਕਾਨੂੰਨੀ ਵਰਤਾਰਾ ਪਰ ਕਾਨੂੰਨ ਨੂੰ ਲਾਗੂ ਕਰਨ ਵਾਲੇ ਸੁਤੇ ਕਿਉਂ?







**ਗੁਰਨਾਮ ਸਿੰਘ ਅਕੀਦਾ**

ਭਾਰਤ ਵਿੱਚ ਅਜੇ ਵੀ ਦਲਿਤਾਂ ਦੀ ਹਾਲਤ ਪੱਥਰ ਯੁੱਗ ਵਰਗੀ ਹੀ ਹੈ। ਇਹ ਉਦੋਂ ਸਪੱਸ਼ਟ ਹੋ ਜਾਂਦਾ ਹੈ ਜਦੋਂ ਕੁੱਝ ਸੰਸਥਾਵਾਂ ਵਲੋਂ ਕੀਤੇ ਗਏ ਸਰਵੇਖਣ 'ਤੇ ਨਜ਼ਰ ਮਾਰੀਏ। ਭਾਰਤ ਦੇ ਕਰੀਬ ਹਰ ਸੂਬੇ ਨੂੰ ਛੂਆ-ਛਾਤ ਦੀ ਬਿਮਾਰੀ ਨੇ ਘੇਰ ਰੱਖਿਆ ਹੈ।ਅਜੇ ਵੀ ਇਸ ਤੋਂ ਪਿਛਾ ਛੁਡਾਉਣਾ ਖਾਲਾ ਜੀ ਦਾ ਵਾੜਾ ਨਹੀਂ ਹੈ। ਇਥੇ ਘੱਟ ਗਿਣਤੀ ਤੋਂ ਲੈ ਕੇ ਦਲਿਤਾਂ ਤਕ ਇਹ ਹਾਲ ਹੈ ਕਿ ਉਸ ਨੂੰ ਤ੍ਰਿਸਕਾਰ ਭਰੀਆਂ ਨਜ਼ਰਾਂ ਨਾਲ ਵੇਖਿਆ ਜਾਂਦਾ ਹੈ। ਇਸ ਦਾ ਪ੍ਰਗਟਾਵਾ ਪਿਛਲੇ ਸਾਲ ਭਾਰਤ ਦੇ ਗਿਆਰਾਂ ਸੂਬਿਆਂ ਦੇ ਸਰਵੇਖਣ ਰਾਹੀਂ ਕੀਤਾ ਗਿਆ ਹੈ। ਇਹ ਸ਼ਾਇਦ ਪਹਿਲਾ ਸਰਵੇਖਣ ਹੈ ਜੋ ਆਜ਼ਾਦੀ ਤੋਂ ਬਾਅਦ ਰਾਸ਼ਟਰੀ ਪੱਧਰ 'ਤੇ ਕੀਤਾ ਗਿਆ ਹੈ। ਸਰਵੇਖਣ ਟੀਮ ਵਿੱਚ ਪੱਤਰਕਾਰ, ਵਿਦਵਾਨ ਤੇ ਸਮਾਜ ਸ਼ਾਸਤਰੀ ਸ਼ਾਮਲ ਹੋਏ। ਘਣਸ਼ਿਆਮ ਸ਼ਾਹ, ਸੁਖਾਦਿਓ ਥੋਰਾਟ, ਸਤੀਸ਼ ਦੇਸ਼ ਪਾਂਡੇ, ਅਨੀਤਾ ਬਾਵਿਸਕਾਰ ਅਤੇ ਵਿਦਿਆ ਭੂਸ਼ਨ ਰਾਵਤ ਨੇ ਸਰਵੇਖਣ ਕੀਤਾ ਜਿਸ ਦੇ ਸਨਸਨੀਖੇਜ਼ ਤੱਥ ਸਾਹਮਣੇ ਆਏ।

ਸਰਵੇਖਣ ਰਿਪੋਰਟ ਅਨੁਸਾਰ ਭਾਰਤ ਦੇ ਕਈ ਸੂਬਿਆਂ ਵਿੱਚ 27.6 ਫੀਸਦੀ ਦਲਿਤਾਂ ਨੂੰ ਪੁਲਿਸ ਸਟੇਸ਼ਨਾਂ ਵਿੱਚ ਦਾਖ਼ਲ ਹੋਣ ਦੀ ਮਨਾਹੀ ਹੈ, 23.5 ਫੀਸਦੀ ਨੂੰ ਰਾਸ਼ਨ ਦੀਆਂ ਦੁਕਾਨਾਂ ਵਿਚ ਪ੍ਰਵੇਸ਼ ਨਹੀਂ ਹੋਣ ਦਿੱਤਾ ਜਾਂਦਾ। 33 ਫੀਸਦੀ ਸਰਕਾਰੀ ਸਿਹਤ ਕਰਮਚਾਰੀ ਦਲਿਤਾਂ ਦੇ ਘਰਾਂ ਵਿਚ ਦਾਖ਼ਲ ਨਹੀਂ ਹੁੰਦੇ, 23.5 ਫੀਸਦੀ ਦਲਿਤਾਂ ਦੇ ਘਰਾਂ ਵਿੱਚ ਡਾਕੀਏ ਡਾਕ ਵੰਡਣ ਨਹੀਂ ਜਾਂਦੇ। 29.6 ਦਲਿਤਾਂ ਨੂੰ ਪੰਚਾਇਤੀ ਦਫ਼ਤਰਾਂ ਵਿੱਚ ਅੱਡ ਬਿਠਾਇਆ ਜਾਂਦਾ ਹੈ ਅਤੇ 30.8 ਫੀਸਦੀ ਨੂੰ ਕੋਆਪ੍ਰੇਟਿਵ ਸੁਸਾਇਟੀਆਂ ਦੇ ਦਫਤਰਾਂ ਵਿੱਚ ਵੀ ਵੜਨ ਨਹੀਂ ਦਿੱਤਾ ਜਾਂਦਾ। 14.4 ਫੀਸਦੀ ਦਲਿਤਾਂ ਨੂੰ ਪੰਚਾਇਤ ਘਰਾਂ ਵਿੱਚ ਦਾਖ਼ਲ ਹੋਣ ਤੋਂ ਰੋਕਿਆ ਜਾਂਦਾ ਹੈ। ਸਰਵੇਖਣ 'ਚ ਸ਼ਾਮਲ ਕੁੱਲ ਪਿੰਡਾਂ ਵਿੱਚੋਂ 12 ਫੀਸਦੀ ਅਜਿਹੇ ਹਨ, ਜਿਥੇ ਦਲਿਤਾਂ ਨੂੰ ਪੋਲਿੰਗ ਬੂਥਾਂ ਵਿੱਚ ਉਨ੍ਹਾਂ ਨੂੰ ਵੱਖਰੀ ਲਾਈਨ 'ਚ ਖੜੇ ਹੋ ਕੇ ਵੋਟ ਪਾਉਣ ਦੀ ਆਗਿਆ ਹੈ। 10 ਤੋਂ 12 ਫੀਸਦੀ ਦਲਿਤਾਂ ਨੂੰ ਪਿੰਡਾਂ ਵਿਚ ਸੋਹਣੇ ਫਬਦੇ ਕੱਪੜੇ ਜਾਂ ਧੁੱਪ ਤੋਂ ਬਚਾਅ ਵਾਲੀ ਐਨਕ ਲਗਾਉਣ ਦੀ ਮਨਾਹੀ ਹੈ। ਕਈਆਂ ਪਿੰਡਾਂ ਵਿਚ ਉਹ ਸਾਈਕਲ ਨਹੀਂ ਚਲਾ ਸਕਦੇ, ਆਪਣੀਆਂ ਛੱਤਰੀਆਂ ਤਾਣ ਕੇ ਨਹੀਂ ਲੰਘ ਸਕਦੇ, ਜਨਤਕ/ਆਮ ਰਸਤਿਆਂ ਉਤੇ ਚੱਪਲ ਪਹਿਨ ਕੇ ਨਹੀਂ ਚਲ ਸਕਦੇ ਅਤੇ ਨੰਗੇ ਸਿਰ ਨਹੀਂ ਘੁੰਮ ਫਿਰ ਸਕਦੇ ਅਤੇ ਕਈ ਪਿੰਡਾਂ ਵਿਚ ਅਜੇ ਵੀ ਉਨ੍ਹਾਂ ਨੂੰ ਸਿਰ ਨੀਵਾਂ ਕਰ ਕੇ ਚੱਲਣਾ ਪੈਂਦਾ ਹੈ।

ਰਿਪੋਰਟ ਅਨੁਸਾਰ ਜਿਥੇ ਦਲਿਤਾਂ ਨੇ ਬਰਾਬਰੀ ਸਿਧਾਤਾਂ ਆਧਾਰਤ ਧਰਮਾਂ ਵਿੱਚ ਧਰਮ-ਪਰਿਵਰਤਣ ਕੀਤਾ ਹੈ, ਉਨ੍ਹਾਂ ਵਿੱਚ ਵੀ ਅਜਿਹੀਆਂ ਪਾਬੰਦੀਆਂ ਚਾਲੂ ਹਨ, ਹਾਲਾਂਕਿ ਨਾ ਹੀ ਕਾਨੂੰਨ ਅਤੇ ਨਾ ਹੀ ਅਜਿਹੇ ਧਰਮ ਇਸ ਦੀ ਇਜਾਜ਼ਤ ਦਿੰਦੇ ਹਨ। ਉਦਾਹਰਣ ਵਜੋਂ ਪੰਜਾਬ ਵਿੱਚ 51 ਪਿੰਡਾਂ ਦਾ ਸਰਵੇਖਣ ਦਰਸਾਉਂਦਾ ਹੈ ਕਿ 41 ਪਿੰਡਾਂ ਵਿਚ ਦਲਿਤਾਂ ਦੇ ਗੁਰਦੁਆਰੇ ਵੱਖ ਵੱਖ ਹਨ, ਜਿਨ੍ਹਾਂ ਗੁਰਦੁਆਰਿਆਂ ਉਤੇ ਜੱਟ ਸਿੱਖਾਂ ਦਾ ਕੰਟਰੋਲ ਹੈ ਤੇ ਦਲਿਤ ਵੀ ਜਿਨ੍ਹਾਂ ਦੇ ਦਰਸ਼ਨ ਕਰਦੇ ਹਨ, ਉਨ੍ਹਾਂ ਵਿੱਚ ਵੀ ਦਲਿਤਾਂ ਨੂੰ ਲੰਗਰ ਵੱਖਰੀ ਲਾਈਨ 'ਚ ਬੈਠ ਕੇ ਛੱਕਣਾ ਪੈਂਦਾ ਹੈ। ਕਈ ਲੰਗਰ ਖਾਨਿਆਂ ਵਿੱਚ ਸਿੱਖ ਦਲਿਤ ਔਰਤਾਂ ਨੂੰ ਲੰਗਰ ਤਿਆਰ ਕਰਨ ਦੇ ਕਾਰਜ 'ਚ ਸ਼ਾਮਲ ਨਹੀਂ ਕੀਤਾ ਜਾਂਦਾ। ਮਹਾਂਰਾਸ਼ਟਰ ਵਿੱਚ ਨਵ-ਬੋਧੀਆਂ ਨੂੰ ਵੀ ਹਿੰਦੂ ਮੰਦਰਾਂ 'ਚ ਪ੍ਰਵੇਸ਼ ਦੀ ਮਨਾਹੀ ਹੈ। ਕੇਰਲ ਦੇ ਚਰਚ ਘਰਾਂ ਵਿੱਚ ਵੀ ਈਸਾਈ ਬਣੇ ਦਲਿਤਾਂ ਉਤੇ ਕਈ ਕਿਸਮ ਦੀਆਂ ਪਾਬੰਦੀਆਂ ਹਨ। ਇਸੇ ਤਰ੍ਹਾਂ ਦੀ ਸਥਿਤੀ ਆਂਧਰਾ ਪ੍ਰਦੇਸ਼ ਦੇ ਚਰਚ ਘਰਾਂ 'ਚ ਵੀ ਹੈ।

ਅੰਬੇਦਕਰ ਨੇ ਵਾਰ ਵਾਰ ਇਹ ਕਿਹਾ ਕਿ ਜਾਤ-ਵਿਵਸਥਾ ਤੇ ਛੂਆ ਛਾਤ ਆਰਥਿਕ ਖੇਤਰ ਨੂੰ ਬੁਰੀ ਤਰ੍ਹਾਂ ਪ੍ਰਭਾਵਤ ਕਰਦੀਆਂ ਹਨ। ਇਸ ਦੀ ਪ੍ਰੋੜਤਾ ਇਸ ਸਰਵੇਖਣ ਰਾਹੀਂ ਅੱਜ 21ਵੀਂ ਸਦੀ ਵਿੱਚ ਵੀ ਹੋ ਰਹੀ ਹੈ। ਰਿਪੋਰਟ ਅਨੁਸਾਰ ਲੇਬਰ ਮਾਰਕੀਟ ਵਿੱਚ ਵੀ ਦਲਿਤਾਂ ਵਿਰੁਧ ਵਿਤਕਰਾ ਹੁੰਦਾ ਹੈ। ਬੰਧੂਆਂ ਮਜ਼ਦੂਰੀ ਅਤੇ ਖੇਤੀ ਮਜ਼ਦੂਰੀ ਦਾ ਕੰਮ ਤਾਂ ਸਦੀਆਂ ਤੋਂ ਦਲਿਤਾਂ ਉਤੇ ਲੱਦਿਆ ਜਾਂਦਾ ਹੀ ਰਿਹਾ ਹੈ ਪਰ ਸਰਵੇਖਣ ਨੇ ਇੱਕ ਹੋਰ ਤੱਥ ਸਾਹਮਣੇ ਲਿਆਂਦਾ ਹੈ ਕਿ ਜਿਸ ਸਮੇਂ ਖੇਤਾਂ ਵਿੱਚ ਕੰਮ ਕਾਰ ਘੱਟ ਜਾਂਦਾ ਹੈ, ਉਦੋਂ ਦਲਿਤ ਖੇਤ ਮਜ਼ੂਦਰਾਂ ਦੇ ਮੁਕਾਬਲੇ ਗ਼ੈਰ ਦਲਿਤ ਮਜ਼ਦੂਰਾਂ ਨੂੰ ਤਰਜੀਹ ਦਿੱਤੀ ਜਾਂਦੀ ਹੈ। 25 ਫੀਸਦੀ ਪਿੰਡਾਂ ਵਿਚ ਦਲਿਤ ਮਜ਼ਦੂਰਾਂ ਨੂੰ ਦੂਸਰੇ ਮਜ਼ਦੂਰਾਂ ਤੋਂ ਘੱਟ ਉਜਰਤ ਦਿੱਤੀ ਜਾਂਦੀ ਹੈ। ਇਸ ਦੇ ਉਲਟ ਉਨ੍ਹਾਂ ਤੋਂ ਕੰਮ ਵੀ ਵਧੇਰੇ ਸਮੇਂ ਲਈ ਲਿਆ ਜਾਂਦਾ ਹੈ ਅਤੇ ਉਜਰਤ ਵੀ ਦੇਰ ਨਾਲ ਦਿੱਤੀ ਜਾਂਦੀ ਹੈ। ਅਪ ਸ਼ਬਦ ਤਾਂ ਉਨ੍ਹਾਂ ਖ਼ਿਲਾਫ ਆਮ ਹੀ ਬੋਲੇ ਜਾਂਦੇ ਹਨ। ਅਜਿਹਾ ਵਰਤਾਰਾ ਬਿਹਾਰ ਆਦਿ ਰਾਜਾਂ ਵਿਚ ਹੀ ਨਹੀਂ ਪੰਜਾਬ ਵਰਗੇ ਉਨਤੀ ਕਰ ਚੁੱਕੇ ਰਾਜ ਵਿਚ ਵੀ ਵਾਪਰਦਾ ਹੈ। 37 ਫੀਸਦੀ ਦਿਹਾੜੀਦਾਰ ਕਾਮਿਆਂ ਨੂੰ ਦਿਹਾੜੀ ਦੀ ਰਕਮ ਦੂਰੋਂ ਹੀ ਅਦਾ ਕੀਤੀ ਜਾਂਦੀ ਹੈ ਭਾਵ ਕਿ ਇਹ ਖਿਆਲ ਰੱਖਿਆ ਜਾਂਦਾ ਹੈ ਕਿ ਦਲਿਤ ਮਜ਼ਦੂਰ ਦੇ ਹੱਥ ਨੂੰ ਮਾਲਕ ਦਾ ਹੱਥ ਛੂਹ ਨਾ ਜਾਵੇ। ਜਿਨ੍ਹਾਂ ਰਾਜਾਂ ਵਿਚ ਪ੍ਰੋਲੇਤਾਰੀ ਏਕਤਾ ਦੀ ਗੱਲ ਕੀਤੀ ਜਾਂਦੀ ਹੈ, ਇਹ ਵਰਤਾਰਾ ਉਥੇ ਵੀ ਪ੍ਰਚਲਤ ਹੈ।ਸਰਵੇਖਣ ਦੌਰਾਨ ਇਹ ਆਮ ਦੇਖਿਆ ਗਿਆ ਕਿ ਉਨ੍ਹਾਂ ਨੂੰ ਆਪਣੇ ਖੇਤਾਂ ਨੂੰ ਪਾਣੀ ਲਾਉਣ ਲਈ ਪਾਣੀ ਸਪਲਾਈ ਨਹੀਂ ਦਿਤੀ ਜਾਂਦੀ। ਅਜਿਹਾ ਇਕ ਤਿਹਾਈ ਪਿੰਡਾਂ ਵਿਚ ਵਾਪਰਦਾ ਹੈ। 21 ਫੀਸਦੀ ਪਿੰਡਾਂ ਵਿਚ ਦਲਿਤ ਕਿਸਾਨ/ਮਜ਼ਦੂਰ ਚਰਾਂਦਾ 'ਚ ਆਪਣੇ ਪਸ਼ੂ ਨਹੀਂ ਚਾਰ ਸਕਦੇ ਤੇ ਜਦੋਂ-ਜਦੋਂ ਦਲਿਤਾਂ ਨੇ ਇਨ੍ਹਾਂ ਪਾਬੰਦੀਆਂ ਵਿਰੁਧ ਆਵਾਜ਼ ਉਠਾਉਣ ਦਾ ਯਤਨ ਕੀਤਾ ਹੈ ਜਾਂ ਉਨ੍ਹਾਂ ਨੂੰ ਸਰਕਾਰੀ ਜ਼ਮੀਨ ਦੀ ਅਲਾਟਮੈਂਟ ਹੋਈ ਹੈ ਜਾਂ ਸਰਕਾਰ ਨੇ ਘਰ ਬਣਾ ਕੇ ਦਿੱਤੇ ਹਨ ਤਾਂ ਗ਼ੈਰ ਦਲਿਤਾਂ ਵਲੋਂ ਉਨ੍ਹਾਂ ਦਾ ਸਖ਼ਤ ਵਿਰੋਧ ਹੋਇਆ ਹੈ। 35 ਫੀਸਦੀ ਖਪਤ ਮਾਰਕੀਟਾਂ ਵਿਚ ਦਲਿਤਾਂ ਨੂੰ ਆਪਣੀ ਫਸਲ ਵੇਚਣ ਤੋਂ ਰੋਕਿਆ ਜਾਂਦਾ ਹੈ ਅਤੇ ਮਜਬੂਰ ਕੀਤਾ ਜਾਂਦਾ ਹੈ ਕਿ ਉਹ ਆਪਣੀ ਫਸਲ ਲੋਕਲ ਮੰਡੀਆਂ 'ਚ ਹੀ ਵੇਚਣ। 47 ਫੀਸਦੀ ਪਿੰਡਾਂ ਵਿਚ ਦਲਿਤਾਂ ਲਈ ਕੋਆਪ੍ਰੇਟਿਵ ਸੁਸਾਇਟੀਆਂ ਜਾਂ ਪ੍ਰਾਈਵੇਟ ਦੋਧੀਆਂ ਕੋਲ ਦੁੱਧ ਵੇਚਣ ਦੀ ਮਨਾਹੀ ਹੈ। 73 ਫੀਸਦੀ ਪਿੰਡਾਂ ਵਿਚ ਦਲਿਤਾਂ ਨੂੰ ਗ਼ੈਰ-ਦਲਿਤਾਂ (ਉੱਚ ਜਾਤੀ) ਦੇ ਘਰਾਂ ਵਿਚ ਪ੍ਰਵੇਸ਼ ਕਰਨ ਦੀ ਸਖ਼ਤ ਮਨਾਹੀ ਹੈ ਅਤੇ 70 ਫੀਸਦੀ ਪਿੰਡਾਂ ਵਿਚ ਦਲਿਤ ਅਤੇ ਗ਼ੈਰ-ਦਲਿਤ ਇਕੱਠੇ ਬੈਠ ਕੇ ਖਾਣਾ ਨਹੀਂ ਖਾਂਦੇ। ਸਮਾਜ ਦੇ ਹਰੇਕ ਖੇਤਰ ਅਤੇ ਹਰੇਕ ਪੱਧਰ ਉਤੇ ਦਲਿਤਾਂ ਪ੍ਰਤੀ ਵਿਤਕਰੇ ਭਰਪੂਰ ਵਾਤਾਵਰਣ ਦੇਖਣ ਤੇ ਮਹਿਸੂਸ ਕਰਨ ਨੂੰ ਮਿਲਦਾ ਹੈ। ਇਸ ਤੋਂ ਸਪੱਸ਼ਟ ਹੈ ਕਿ ਛੂਆ-ਛੂਤ ਅਜੇ ਸ਼ਾਬਦਿਕ ਅਰਥਾਂ 'ਚ ਵੀ ਕਾਇਮ ਹੈ ਤਾਂ ਵਿਚਾਰਕ ਸ਼ਬਦਾਂ ਵਿਚ ਤਾਂ ਪੂਰਨ ਰੂਪ 'ਚ ਭਾਰਤੀ ਮਾਨਸਿਕਤਾ ਨੂੰ ਪ੍ਰਭਾਵਤ ਕਰੇਗੀ ਹੀ, ਤੇ ਕਰ ਵੀ ਰਹੀ ਹੈ।





ਕੀ ਤੁਹਾਡੀ ਕਾਰ ਦੀ ਚਾਬੀ ਅੰਦਰ ਰਹਿ ਗਈ ਹੈ?

ਕੰਮ ਤੇ ਜਾਣ ਦੀ ਜਲਦੀ ਹੈ ?

ਕਾਰ ਲਾਕ ਹੋ ਗਈ ਹੈ ?

We also provide Boost for your Vehicles.

ਤਾਂ ਘਬਰਾਉ ਨਾ.....

ਕਾਰ ਲਾਕ ਹੁੰਦਿਆਂ ਹੀ

ਗੁਰਪ੍ਰੀਤ ਸੋਹਲ ਨੂੰ

Fully licence # W005464

780 935 2990 ਤੇ ਫ਼ੋਨ ਘੁਮਾਉ

K.P. ACCOUNTING & TAX SERVICES

135 Millbourne Road East Lee Ridge Plaza, Edmonton, AB T6K1P6

SAVE YOUR TAX

- INDIVIDUAL TAX RETURNS
- INCORPORATION OF COMPANIES
- PAYROLL, T4 SLIPS
- CORPORATE TAX RETURNS
- TAX RETURNS FOR SELF EMPLOYED
- SMALL BUSINESS SETUP & BOOKKEEPING
- ACCOUNTING & G.S.T. RETURNS
- FINANCIAL STATEMENTS



KAPIL SHARMA

FOR FAST REFUND USE E-FILES

ਇਨਕਮ ਟੈਕਸ ਦੇ ਪੇਪਰ ਭਰਾਉਣ ਲਈ

ਆਪਣੇ ਭਾਈਚਾਰੇ ਦੇ ਜਾਣੇ-ਪਛਾਣੇ ਅਕਾਊਂਟੈਂਟ

ਕਪਿਲ ਸ਼ਰਮਾ ਨਾਲ ਸੰਪਰਕ ਕਰੋ

780-469-2677

FAX : 780-469-2026

# ਦੁਨੀਆ ਵਿਨਾਸ਼ ਦੀ ਰਾਹ 'ਤੇ



"ਸੰਨ 2020, ਜਨਵਰੀ ਦਾ ਮਹੀਨਾ-ਦਿੱਲੀ ਦਾ ਤਾਪਮਾਨ 35 ਡਿਗਰੀ ਸੈਂਟੀਗ੍ਰੇਡ। ਦਿੱਲੀ 'ਚ ਸਰਦੀ ਦੀ ਰੁੱਤ ਖ਼ਤਮ ਹੋ ਗਈ।''

ਇਹ ਕੋਈ ਸੜਕ ਕਿਨਾਰੇ ਬੈਠੇ ਪੰਡਿਤ ਦੀ ਭਵਿੱਖਬਾਣੀ ਨਹੀਂ ਹੈ। ਇਹ ਉਨ੍ਹਾਂ ਸਫੈਦ ਕੋਟ ਵਾਲੇ ਸਾਇੰਸਦਾਨਾਂ ਦੀ ਪੰਜ ਸਾਲਾਂ ਦੀ ਖੋਜ ਅਤੇ ਇਕ ਲੱਖ ਤੋਂ ਵਧੇਰੇ ਵਿਗਿਆਨੀਆਂ ਦੇ ਪੇਪਰਾਂ ਦੇ ਅਧਿਐਨ ਦਾ ਨਤੀਜਾ ਹੈ। ਇਨ੍ਹਾਂ ਵਿਗਿਆਨੀਆਂ ਵਲੋਂ ਪੇਸ਼ ਕੀਤੀ ਰਿਪੋਰਟ ਧਰਤੀ ਦੀ ਅਜਿੱਤਤਾ ਨੂੰ ਖ਼ਤਮ ਕਰਦੀ ਹੈ। ਇਸ ਰਿਪੋਰਟ ਨੇ ਇਹ ਸਾਬਤ ਕਰ ਦਿੱਤਾ ਹੈ ਕਿ ਧਰਤੀ ਨੂੰ ਵੀ ਪ੍ਰਦੂਸ਼ਣ ਅਤੇ ਵਧਦੇ ਤਾਪਮਾਨ ਨੇ ਹਰਾ ਦਿੱਤਾ ਹੈ।

ਅਜਿਹੀਆਂ ਗੈਸਾਂ ਜਿਵੇਂ ਕਿ ਕਾਰਬਨ ਡਾਇਆਕਸਾਈਡ, ਮੀਥੇਨ ਤੇ ਨਿਟਰਸ ਆਕਸਾਈਡ, ਜੋ ਕਿ ਮਨੁੱਖੀ ਸਰੀਰ 'ਤੇ ਬਹੁਤ ਬੁਰਾ ਅਸਰ ਪਾਉਂਦੀਆਂ ਹਨ, ਦੀ ਵਧ ਰਹੀ ਮਾਤਰਾ ਚਿੰਤਾ ਦਾ ਵਿਸ਼ਾ ਬਣ ਰਹੀ ਹੈ। ਇਹ ਗੈਸਾਂ ਆਪਣੀ ਧਰਤੀ ਦੇ ਆਲੇ-ਦੁਆਲੇ ਇਕ ਪਰਤ ਬਣਾਉਂਦੀਆਂ ਹਨ। ਇਹ ਪਰਤ ਸੂਰਜ ਵਲੋਂ ਇਨਫਰਾ ਰੈਡ ਕਿਰਨਾਂ ਨੂੰ ਵਾਪਸ ਜਾਣ ਤੋਂ ਰੋਕਦੀ ਹੈ ਅਤੇ ਧਰਤੀ ਦਾ ਤਾਪਮਾਨ ਸੰਤੁਲਿਤ ਰੱਖਦੀ ਹੈ। ਪਰ ਪਿਛਲੇ 50 ਸਾਲਾਂ ਵਿਚ ਇਨ੍ਹਾਂ ਗੈਸਾਂ ਦੀ ਮਤਾਰਾ ਵਿਚ ਹੋਏ ਵਾਧੇ ਕਾਰਨ ਧਰਤੀ ਦਾ ਤਾਪਮਾਨ ਕਈ ਗੁਣਾਂ ਵਧ ਗਿਆ ਹੈ। ਰਿਪੋਰਟ ਅਨੁਸਾਰ ਪਿਛਲੀ ਇਕ ਸਦੀ ਵਿਚ 0.74 ਡਿਗਰੀ ਸੈਂਟੀਗ੍ਰੇਡ ਧਰਤੀ ਦੇ ਤਾਪਮਾਨ ਵਿਚ ਔਸਤਨ ਵਾਧਾ ਹੋਇਆ ਹੈ। ਪਿਛਲੇ 150 ਸਾਲਾਂ ਵਿਚ 1995 ਤੋਂ ਹੁਣ ਤਕ ਦੇ 11 ਸਾਲ ਸਭ ਤੋਂ ਵੱਧ ਗਰਮੀ ਵਾਲੇ ਸਾਲ ਸਨ। ਇਸ ਤੋਂ ਬੁਰੀ ਗੱਲ, ਦੱਖਣੀ ਧਰੁਵ 'ਤੇ ਤਾਪਮਾਨ ਦੁੱਗਣੀ ਤੇਜ਼ੀ ਨਾਲ ਤਪ ਰਿਹਾ ਹੈ। ਇਹ ਵੀ ਹੋ ਸਕਦਾ ਹੈ ਕਿ ਇਸ ਵਧਦੇ ਤਾਪਮਾਨ ਕਾਰਨ ਗ੍ਰੀਨਲੈਂਡ ਖੇਤਰ ਦਾ ਬਰਫੀਲਾ ਭਾਗ ਪਿਘਲ ਜਾਵੇ। ਗ੍ਰੀਨਲੈਂਡ ਦੀ ਇਸ ਬਰਫ ਦੇ ਪਿਘਲਣ ਨਾਲ ਸਮੁੰਦਰ ਦਾ ਪੱਧਰ ਬਹੁਤ ਵਧ ਜਾਵੇਗਾ। ਭਾਰਤ ਦਾ ਬੰਦਰਗਾਹੀ ਸ਼ਹਿਰ ਜਿਵੇਂ ਕਿ ਮੁੰਬਈ ਇਸ ਕਾਰਨ ਪਾਣੀ ਦੀ ਲਪੇਟ ਵਿਚ ਆ ਜਾਵੇਗਾ। ਮੁੰਬਈ ਵਰਗੇ ਸ਼ਹਿਰ ਦੀਆਂ ਸੜਕਾਂ ਅਤੇ ਇਮਾਰਤਾਂ ਵਿਚ ਪਾਣੀ ਭਰ ਜਾਵੇਗਾ, ਜਿਸ ਕਾਰਨ ਲੱਖਾਂ ਲੋਕ ਪ੍ਰਭਾਵਿਤ ਹੋਣਗੇ।

ਤਾਪਮਾਨ ਦੇ ਵਾਧੇ ਕਾਰਨ ਬਰਫ ਖੁਰ ਰਹੀ ਹੈ, ਇਸ ਪਿਘਲਦੀ ਬਰਫ ਨਾਲ ਪਾਣੀ ਦੇ ਪੱਧਰ ਵਿਚ ਵਾਧਾ ਹੋ ਰਿਹਾ ਹੈ। ਇਹ ਪਾਣੀ ਦੇ ਵਧਦੇ ਪੱਧਰ ਕਾਰਨ ਟਾਪੂ ਦੇਸ਼ ਜਿਵੇਂ ਕਿ ਮਾਲਡੀਵੀਜ਼ ਜਾਂ ਤੱਟਵਰਤੀ ਦੇਸ਼ ਬੰਗਲਾਦੇਸ਼ ਵਿਚ ਖ਼ਤਰੇ ਦੀ ਘੰਟੀ ਵਜ ਰਹੀ ਹੈ। ਜੇ ਧਰਤੀ ਦਾ ਤਾਪਮਾਨ ਇਸੇ ਤਰ੍ਹਾਂ ਵਧਦਾ ਰਿਹਾ ਤਾਂ ਧਰਤੀ ਉਪਰੋਂ ਪ੍ਰਸਥਿਤੀ ਸੰਤੁਲਨ ਵਿਗੜ ਜਾਵੇਗਾ ਜਿਸ ਕਾਰਨ ਕਿੰਨੀਆਂ ਪੌਦਿਆਂ ਦੀਆਂ ਪ੍ਰਜਾਤੀਆਂ ਖ਼ਤਮ ਹੋ ਜਾਣਗੀਆਂ। ਸਮੁੰਦਰ ਦੇ ਵਧਦੇ ਤਾਪਮਾਨ ਕਾਰਨ ਸਮੁੰਦਰੀ ਜੀਵਨ 'ਤੇ ਮਾੜਾ ਅਸਰ ਪੈ ਰਿਹਾ ਹੈ। ਇਸ ਵਧਦੇ ਤਾਪਮਾਨ ਨਾਲ ਸਮੁੰਦਰੀ ਜੀਵਾਂ ਦੀਆਂ ਪ੍ਰਜਾਤੀਆਂ ਵੀ ਖ਼ਤਮ ਹੋ ਰਹੀਆਂ ਹਨ।

ਮੰਦਭਾਗੀ ਭਾਰਤ ਅਜਿਹਾ ਮੁਲਕ ਹੈ ਜਿਸ 'ਤੇ ਧਰਤੀ ਦੇ ਵਧ ਰਹੇ ਤਾਪਮਾਨ ਦਾ ਸੱਭ ਤੋਂ ਵੱਧ ਮਾੜਾ ਅਸਰ ਪਵੇਗਾ। ਇਸ ਦਾ ਅਸਰ ਵੇਖਣ ਨੂੰ ਮਿਲ ਰਿਹਾ ਹੈ। ਭਾਰਤ ਦੇ ਉਤਰ ਪੱਛਮੀ ਖੇਤਰ ਵਿਚ ਮੀਂਹ ਦਾ ਵਧ ਰਿਹਾ ਪ੍ਰਕੋਪ ਵਿਗਿਆਨੀਆਂ ਨੇ ਰਿਕਾਰਡ ਕੀਤਾ ਹੈ। ਤਟਵਰਤੀ ਖੇਤਰਾਂ ਵਿਚ ਮੀਂਹ ਵਿਚ ਘਾਟ ਆ ਰਹੀ ਹੈ। ਖ਼ਤਰਨਾਕ ਹੜ੍ਹ ਵਾਰ ਵਾਰ ਅਤੇ ਵਧੇਰੇ ਜ਼ੋਰ ਨਾਲ ਆ ਰਹੇ ਹਨ। ਜੁਲਾਈ 25 ਅਤੇ 26, 2005 ਨੂੰ ਇਕੱਲੇ ਮੁੰਬਈ ਵਿਖੇ 944 ਮਿ.ਮੀ. ਮੀਂਹ ਪਿਆ। ਇਸ ਕਾਰਨ ਹਜ਼ਾਰ ਤੋਂ ਵੱਧ ਲੋਕਾਂ ਦੀ ਮੌਤ ਅਤੇ 1700 ਕਰੋੜ ਤੋਂ ਵੱਧ ਦੀ ਸੰਪਤੀ ਦਾ ਨੁਕਸਾਨ ਹੋਇਆ। ਪਿਛਲੇ ਸਾਲ ਬਾਰਮੇਰ, ਸੂਰਤ ਅਤੇ ਸ੍ਰੀਨਗਰ ਤਕ ਵੀ ਹੜ੍ਹਾਂ ਦੀ ਮਾਰ ਹੇਠ ਆਏ। ਵਧ ਰਿਹਾ ਤਾਪਮਾਨ ਸਿਰਫ਼ ਹੜ੍ਹ ਹੀ ਨਹੀਂ ਸੋਕਾ ਵੀ ਲੈ ਕੇ ਆ ਰਿਹਾ ਹੈ। ਸੰਨ 2000 ਤੋਂ 2002 ਤਕ ਇਕੱਲੇ ਉੜੀਸਾ ਵਿਚ ਸੋਕੇ ਕਾਰਨ ਇਕ ਕਰੋੜ ਤੋਂ ਵੱਧ ਲੋਕ ਪ੍ਰਭਾਵਿਤ ਹੋਏ। ਬੰਗਾਲ ਦੀ ਖਾੜੀ ਅਤੇ ਅਰਬੀਅਨ ਮਹਾਸਾਗਰ ਤੇ ਚੱਕਰਵਾਤ ਦੇ ਬਣਨ ਵਿਚ ਘਾਟਾ ਆਇਆ ਹੈ। ਇਸ ਕਾਰਨ ਹੜ੍ਹਾਂ ਦੇ ਆਉਣ ਵਿਚ ਵਾਧਾ ਹੋਇਆ ਹੈ।

ਇਹ ਸਭ ਕੁੱਝ ਉਸ ਪਾਸੇ ਇਸ਼ਾਰਾ ਕਰਦਾ ਹੈ ਕਿ ਜੇ ਤਾਪਮਾਨ ਇਸੇ ਤਰ੍ਹਾਂ ਵਧਦਾ ਰਿਹਾ ਤਾਂ ਭਾਰਤ ਨੂੰ ਕੁਝ ਨੁਕਸਾਨ ਝੱਲਣੇ ਪੈ ਸਕਦੇ ਹਨ। ਸੰਯੁਕਤ ਰਾਸ਼ਟਰ ਦੀ ਰਿਪੋਰਟ ਮੁਤਾਬਕ ਹਿਮਾਲਿਆ 'ਤੇ ਜੰਮੀ ਬਰਫ਼ ਨਾਲ ਜੇ ਇਸੇ ਤਰ੍ਹਾਂ ਤਾਪਮਾਨ ਵਿਚ ਵਾਧਾ ਹੁੰਦਾ ਰਿਹਾ, ਸੰਨ 2035 ਤਕ ਬਿਲਕੁਲ ਪਿਘਲ ਜਾਵੇਗੀ। ਜੇ ਅਜਿਹਾ ਹੋਇਆ ਤਾਂ ਇਸ ਦਾ ਸਭ ਤੋਂ ਮਾੜਾ ਅਸਰ ਭਾਰਤ ਦੇ ਲੋਕਾਂ 'ਤੇ ਪਵੇਗਾ। ਭਾਰਤ ਦੀਆਂ ਮੁੱਖ ਨਦੀਆਂ ਗੰਗਾ ਜਮੁਨਾ ਆਪਣਾ ਪਾਣੀ ਹਿਮਾਲਿਆ ਦੀ ਬਰਫ਼ ਤੋਂ ਲੈਂਦੀਆਂ ਹਨ। ਜੇ ਇਸ ਤਰ੍ਹਾਂ ਹੋਇਆ ਤਾਂ ਸ਼ੁਰੂ ਸ਼ੁਰੂ 'ਚ ਤਾਂ ਪਾਣੀ ਬਹੁਤ ਵਧ ਜਾਵੇਗਾ। ਕੁਝ ਚਿਰ ਬਾਅਦ, ਸਾਰੇ ਦਾ ਸਾਰਾ ਖੇਤਰ ਪਾਣੀ ਲਈ ਤਰਸ ਜਾਵੇਗਾ ਤੇ ਕੁੱਝ ਸਮੇਂ ਬਾਅਦ ਧਰਤੀ ਹੇਠਲਾ ਪਾਣੀ ਬਿਲਕੁਲ ਖ਼ਤਮ ਹੋ ਜਾਵੇਗਾ। ਇਹ ਅਨੁਮਾਨ ਲਗਾਇਆ ਜਾ ਰਿਹਾ ਹੈ ਕਿ ਪ੍ਰਤੀ ਵਿਅਕਤੀ ਪਾਣੀ ਜੋ ਸਾਲਾਨਾ ਹਰੇਕ ਆਦਮੀ ਨੂੰ ਉਪਲੱਬਧ ਹੈ, ਅੱਜ ਦੀ ਤਾਰੀਖ਼ ਵਿਚ 1820 ਵਰਗ ਮੀਟਰ ਹੈ, 2050 ਵਿਚ ਘੱਟ ਕੇ 140 ਵਰਗ ਮੀਟਰ ਰਹਿ ਜਾਵੇਗਾ। ਇਥੇ ਇਹ ਗੱਲ ਵਰਣਨਯੋਗ ਹੈ ਕਿ ਹਰੇਕ ਮਨੁੱਖ ਨੂੰ ਜਿਊਣ ਲਈ ਘੱਟੋ ਘੱਟ 1000 ਵਰਗ ਮੀਟਰ ਪਾਣੀ ਦੀ ਸਾਲਾਨਾ ਲੋੜ ਹੁੰਦੀ ਹੈ।

ਪਾਣੀ ਦੀ ਇਸ ਤੰਗੀ ਦਾ ਅਸਰ 50 ਕਰੋੜ ਤੋਂ ਵਧ ਲੋਕਾਂ 'ਤੇ ਪਵੇਗਾ। ਦੇਸ਼ ਦੀ ਅੱਧੀ ਜਨਤਾ ਇਸ ਦੀ ਮਾਰ ਹੇਠਾਂ ਆਵੇਗੀ। ਫਸਲਾਂ ਨੂੰ ਪਾਣੀ ਦੀ ਲੋੜ ਪੈਂਦੀ ਹੈ। ਫਸਲਾਂ ਦੀ ਉਪਜ 'ਤੇ ਵੀ ਬਹੁਤ ਫਰਕ ਪਵੇਗਾ। ਤੀਹ ਫ਼ੀਸਦੀ ਤਕ ਫਸਲਾਂ ਦੀ ਉਪਜ ਵਿਚ ਘਾਟਾ ਪਵੇਗਾ। ਜੇ 0.5 ਡਿਗਰੀ ਸੈਂਟੀਗ੍ਰੇਡ ਤਾਪਮਾਨ ਵਿਚ ਵਾਧਾ ਹੋਇਆ ਤਾਂ ਇਸ ਨਾਲ ਕਣਕ ਦੀ ਉਪਜ ਵਿਚ 0.45 ਟਨ ਪ੍ਰਤੀ ਹੈਕਟਰ ਦੀ ਘਾਟ ਆਵੇਗੀ।

ਇਸ ਦੇ ਨਾਲ ਨਾਲ ਨੀਵੇਂ ਖੇਤਰਾਂ ਵਿਚ ਰਹਿੰਦੇ ਤੇ ਤੱਟਵਰਤੀ ਖੇਤਰਾਂ ਵਿਚ ਰਹਿੰਦੇ ਲੋਕਾਂ 'ਤੇ ਵੀ ਅਸਰ ਪਵੇਗਾ। ਇਸ ਸਦੀ ਦੇ ਅੰਤ ਤਕ 40 ਸੈ.ਮੀ. ਪਾਣੀ ਦਾ ਪੱਧਰ ਵਧੇਗਾ, ਜਿਸ ਕਾਰਨ ਪੰਜ ਕਰੋੜ ਤੋਂ ਵੱਧ ਭਾਰਤੀ ਇਸ ਵਧ ਰਹੇ ਸਮੁੰਦਰੀ ਪੱਧਰ ਨਾਲ ਬੇਘਰ ਹੋ ਜਾਣਗੇ। ਜੇ ਤਾਪਮਾਨ ਵਿਚ 1.5 ਤੋਂ 2.5 ਡਿਗਰੀ ਸੈਂਟੀਗ੍ਰੇਡ ਦਾ ਵਾਧਾ ਹੋਇਆ, ਇਸ ਨਾਲ ਬਹੁਤ ਮਾੜਾ ਅਸਰ ਪਵੇਗਾ। ਐਧੇ ਤੋਂ ਜ਼ਿਆਦਾ ਜੰਗਲ ਖ਼ਤਮ ਹੋ ਜਾਣਗੇ। ਇਸ ਦੇ ਨਾਲ 25 ਫੀਸਦੀ ਦਰਖ਼ਤ, ਪੌਦੇ ਦੀਆਂ ਕਿਸਮਾਂ ਅਤੇ ਜਾਨਵਰਾਂ ਦੀਆਂ ਪ੍ਰਜਾਤੀਆਂ ਖ਼ਤਮ ਹੋ ਜਾਣਗੀਆਂ। ਦੁਨੀਆ ਭਰ ਵਿੱਚ ਡੇਂਗੂ ਅਤੇ ਡਾਇਰੀਆ ਬਿਮਾਰੀਆਂ ਜ਼ੋਰ ਫੜ ਲੈਣਗੀਆਂ।

ਦੁਨੀਆ ਦੇ ਵਧ ਰਹੇ ਤਾਪਮਾਨ ਦਾ ਪ੍ਰਕੋਪ ਇਕੱਲਾ ਭਾਰਤ ਕਿਉਂ ਝੱਲੇ? ਇਕੱਲੇ ਅਮਰੀਕਾ ਵਿਚ ਦੋ ਤਿਹਾਈ ਅਜਿਹੀਆਂ ਗੈਸਾਂ ਨਿਕਲਦੀਆਂ ਹਨ, ਜੋ ਦੁਨੀਆਂ ਦਾ ਤਾਪਮਾਨ ਵਧਾਉਣ ਵਿਚ ਸਹਾਇਕ ਹੁੰਦੀਆਂ ਹਨ। 1992 ਵਿਚ ਹੋਈ ਕਾਨਫ਼ਰੰਸ ਵਿਚ ਵਿਕਸਿਤ ਦੇਸ਼ਾਂ ਵਲੋਂ ਫੈਲਾਏ ਜਾ ਰਹੇ ਪ੍ਰਦੂਸ਼ਣ 'ਤੇ ਰੋਕ ਲਗਾਉਣ ਬਾਰੇ ਸਵਾਲ ਉਠਾਇਆ ਗਿਆ। ਭਾਵੇਂ ਭਾਰਤ ਦਾ ਪੱਛਮੀ ਦੇਸ਼ਾਂ ਵੱਲ ਉਂਗਲ ਚੁੱਕਣਾ ਜਾਇਜ਼ ਹੈ ਪਰ ਭਾਰਤ ਨੂੰ ਵੀ ਆਪਣੇ ਉਪਰ ਕੁੱਝ ਰੋਕ ਲਾਉਣੀ ਪਵੇਗੀ। ਭਾਰਤ ਦੀ ਕੋਲੇ ਦੀ ਖਪਤ ਬਹੁਤ ਜ਼ਿਆਦਾ ਹੈ। ਇਸ ਪਾਸੇ ਭਾਰਤ ਨੂੰ ਕੁੱਝ ਨਾ ਕੁੱਝ ਕਦਮ ਚੁੱਕਣੇ ਪੈਣਗੇ। ਬਿਜਲੀ ਬਣਾਉਣ ਅਤੇ ਲੋਕਾਂ ਤਕ ਪਹੁੰਚਾਉਣ ਲਈ ਪਾਣੀ ਦੇ ਸਰੋਤਾਂ ਦਾ ਇਸਤੇਮਾਲ ਕਰਨ ਦੀ ਲੋੜ ਹੈ। ਸਰਕਾਰ ਨੂੰ ਵੀ ਚਾਹੀਦਾ ਹੈ ਕਿ ਹੜ੍ਹ ਅਤੇ ਸੋਕੇ ਦੀ ਰੋਕ ਲਈ ਕਾਰਗਰ ਕਦਮ ਚੁੱਕੇ ਜਾਣ। ਜਿਵੇਂ ਸਾਬਕਾ ਅਮਰੀਕੀ ਉਪ ਰਾਸ਼ਟਰਪਤੀ ਅਲ ਗਰ ਆਖਦੇ ਹਨ, "ਧਰਤੀ ਸਾਡਾ ਇਕਲੌਤਾ ਘਰ ਹੈ, ਇਸ ਨੂੰ ਬਚਾਉਣਾ ਸਾਡਾ ਫਰਜ਼ ਹੀ ਨਹੀਂ ਧਰਮ ਹੈ।'' ਕਿਤੇ ਇਹ ਨਾ ਹੋ ਜਾਵੇ ਕਿ ਸਾਡਾ ਹਾਲ ਵੀ ਸਿੰਧੂ ਘਾਟੀ ਸਭਿਅਤਾ ਵਾਲਾ ਹੋ ਜਾਵੇ। ਇਸ ਤੋਂ ਪਹਿਲਾਂ ਉਠੋ ਤੇ ਧਰਤੀ ਨੂੰ ਬਚਾਓ।

**(ਨਵੀਂ ਦੁਨੀਆ ਬਿਊਰੋ)**

## ਕੁਝ ਕਦਮ ਜੋ ਫ਼ਰਕ ਪਾ ਸਕਦੇ ਹਨ

ਧਰਤੀ ਨੂੰ ਬਚਾਉਣ ਵਾਸਤੇ ਆਮ ਲੋਕ ਵੀ ਕੁੱਝ ਕਦਮ ਚੁੱਕ ਸਕਦੇ ਹਨ। ਹੇਠ ਲਿਖੇ ਕੁਝ ਸੁਝਾਅ ਇਕ ਆਮ ਇਨਸਾਨ ਧਿਆਨ ਵਿਚ ਰੱਖ ਸਕਦਾ ਹੈ।

1. ਆਪਣੇ ਘਰ ਬਲਬਾਂ ਦੀ ਜਗ੍ਹਾ ਫਲੋਰਸੈਂਟ ਲੈਂਪਾਂ ਦਾ ਇਸਤੇਮਾਲ ਕਰੋ। ਇਹ ਬਲਬਾਂ ਨਾਲੋਂ 1/4 ਬਿਜਲੀ ਦੀ ਖਪਤ ਕਰਦੇ ਹਨ ਅਤੇ ਵਧ ਦੇਰ ਤਕ ਚਲਦੇ ਹਨ।
2. ਸੂਰਜ ਦੀਆਂ ਕਿਰਨਾਂ ਨਾਲ ਚਲਣ ਵਾਲੀਆਂ ਵਸਤੂਆਂ ਦਾ ਇਸਤੇਮਾਲ ਕਰੋ।
3. ਆਪਣੇ ਚੌਗਿਰਦੇ ਵਿਚ ਦਰਖ਼ਤ, ਬੇਲ-ਬੂਟੇ ਅਤੇ ਘਾਹ ਉਗਾਓ।
4. ਜਦੋਂ ਲੋੜ ਨਾ ਹੋਵੇ ਕੰਪਿਊਟਰ ਬੰਦ ਕਰ ਦਿਉ। ਇਕ ਕੰਪਿਊਟਰ ਤਿੰਨ 60 ਵਾਟ ਦੇ ਬਲਬਾਂ ਦੀ ਬਿਜਲੀ ਖਾਂਦਾ ਹੈ।
5. ਰਾਤ ਨੂੰ ਸੌਣ ਵੇਲੇ ਸਾਰੇ ਘਰ ਦੀਆਂ ਬੱਤੀਆਂ ਬੰਦ ਕਰ ਦਿਓ।
6. ਪਾਣੀ ਦੀ ਬੱਚਤ ਕਰੋ। ਪਾਣੀ ਦੇਣ ਲਈ ਸਪਿੰਕਲਰਾਂ ਦਾ ਇਸਤੇਮਾਲ ਕਰੋ।
7. ਆਪਣੇ ਵਾਹਨ ਦੇ ਟਾਇਰਾਂ ਦੀ ਹਵਾ ਸਹੀ ਰੱਖੋ। ਇਸ ਨਾਲ ਤੇਲ ਦੀ ਖਪਤ ਘਟਦੀ ਹੈ।
8. ਅਜਿਹੀਆਂ ਚੀਜ਼ਾਂ ਦੀ ਵਰਤੋਂ ਕਰੋ ਜੋ ਬਿਜਲੀ ਘੱਟ ਲੈਂਦੀਆਂ ਹੋਣ। ਪੱਖੇ, ਫਰਿੱਜ, ਏ.ਸੀ. ਵੇਖ ਕੇ ਖਰੀਦੋ।
9. ਐਮਰਜੈਂਸੀ ਲਈ ਹਮੇਸ਼ਾ ਤਿਆਰ ਰਹੋ। ਡੇਂਗੂ ਅਤੇ ਡਾਇਰੀਆ ਵਰਗੀ ਬਿਮਾਰੀ ਲਈ ਤਿਆਰ ਰਹੋ।
10. ਅਜਿਹੇ ਵਾਹਨ ਖਰੀਦੋ ਜੋ ਤੇਲ ਦੀ ਖਪਤ ਘੱਟ ਕਰਦੇ ਹੋਣ।
11. ਜਿਥੋਂ ਤਕ ਸੰਭਵ ਹੋਵੇ ਵਾਹਨਾਂ ਦਾ ਇਸਤੇਮਾਲ ਨਾ ਕਰੋ। ਜਿਵੇਂ ਜੇ ਤੁਸੀਂ ਨੇੜੇ ਜਾਣਾ ਹੈ ਤਾਂ ਪੈਦਲ ਜਾਓ।
12. ਯਾਤਰਾ 'ਤੇ ਜਾਣਾ ਘੱਟ ਕਰੋ। ਜੇ ਕੰਮ ਫੋਨ ਜਾਂ ਈ-ਮੇਲ ਰਾਹੀਂ ਹੋ ਜਾਂਦਾ ਹੈ ਤਾਂ ਯਾਤਰਾ 'ਤੇ ਨਾ ਜਾਓ।
13. ਨਹਾਉਣ ਤੋਂ ਬਾਅਦ ਗੀਜ਼ਰ ਬੰਦ ਕਰ ਦਿਉ। ਗੀਜ਼ਰ ਸਿਰਫ਼ ਨਹਾਉਣ ਦੇ ਸਮੇਂ ਹੀ ਚਲਾਓ।
14. ਜਿੰਨੀਆਂ ਚੀਜ਼ਾਂ ਦੀ ਜ਼ਰੂਰਤ ਹੋਵੇ ਉਨੀਆਂ ਹੀ ਖਰੀਦੋ, ਵਾਧੂ ਦੀ ਖਰੀਦ ਨਾ ਕਰੋ।
15. ਜਦੋਂ ਤੁਸੀਂ ਸਾਬਣ ਲਗਾ ਰਹੇ ਹੋਵੋ ਉਸ ਸਮੇਂ ਟੂਟੀ ਬੰਦ ਰੱਖੋ।
16. ਇਕ ਵਾਰ ਲਈ ਹੋਈ ਚੀਜ਼ ਦੀ ਵਰਤੋਂ ਵਾਰ ਵਾਰ ਕਰੋ।
17. ਹਵਾ ਨਾਲ ਚਲਦੀਆਂ ਚੀਜ਼ਾਂ ਦੀ ਵਰਤੋਂ ਜ਼ਿਆਦਾ ਕਰੋ।
18. ਪਲਾਸਟਿਕ ਦੇ ਬੈਗਾਂ ਦੀ ਵਰਤੋਂ ਬੰਦ ਕਰੋ। ਜਦੋਂ ਤੁਸੀਂ ਖਰੀਦਦਾਰੀ ਕਰਨ ਜਾ ਰਹੇ ਹੋ ਤਾਂ ਆਪਣਾ ਥੈਲਾ ਨਾਲ ਲੈ ਕੇ ਜਾਓ।
19. ਵੱਧ ਤੋਂ ਵੱਧ ਸਰਕਾਰੀ ਵਾਹਨਾਂ ਦਾ ਇਸਤੇਮਾਲ ਕਰੋ। ਜਿਥੋਂ ਤਕ ਹੋ ਸਕੇ ਨਿੱਜੀ ਵਾਹਨਾਂ ਦਾ ਇਸਤੇਮਾਲ ਘਟਾਓ।
20. ਕਾਗਜ਼ ਦਾ ਇਸਤੇਮਾਲ ਘਟਾਓ। ਫੋਨ ਦੀ ਵਰਤੋਂ ਜ਼ਿਆਦਾ ਕਰੋ।
21. ਬਿਜਲੀ ਦੇ ਅਜਿਹੇ ਸਾਮਾਨ ਦੀ ਵਰਤੋਂ ਕਰੋ ਜੋ ਘੱਟ ਤੋਂ ਘੱਟ ਬਿਜਲੀ ਦੀ ਖਪਤ ਕਰਦੇ ਹੋਣ। ਇਸ ਤਰ੍ਹਾਂ ਬਿਜਲੀ ਦੀ ਬਚਤ ਕਰ ਕੇ ਦੇਸ਼ ਨੂੰ ਬਚਾਓ।
22. ਜ਼ਿਆਦਾ ਤੋਂ ਜ਼ਿਆਦਾ ਰੁੱਖ ਲਗਾਓ।
23. ਬਾਇਓ-ਡੀਜ਼ਲ ਅਤੇ ਐਥਨੋਲ ਵਰਗੇ ਪਦਾਰਥਾਂ ਦੀ ਵਰਤੋਂ ਵੱਧ ਕਰੋ।
24. ਦਵਾਈਆਂ ਦੀਆਂ ਕੀਮਤਾਂ ਵਿਚ ਘਾਟਾ। ਇਸ ਤਰ੍ਹਾਂ ਕਰ ਕੇ ਵੱਧ ਤੋਂ ਵੱਧ ਲੋਕਾਂ ਤਕ ਦਵਾਈਆਂ ਪਹੁੰਚਾਉਣ ਦੀ ਸਹੂਲਤ।
25. ਦੂਜਿਆਂ ਨੂੰ ਬੱਚਤ ਕਰਨ ਦੇ ਤਰੀਕੇ ਸਿਖਾਓ।




Anuj Gupta
AMP, B.Com.
Associate Broker

Alberta Mortgage Centre

Best Rates, Choice of Lenders, Mortgage for Purchase, Construction, Renewal, Refinance
Rental or Commercial Property Good or Bad credit, New Immigrant or Self Employed

For FREE Consultation, please call
(780)479-2222

# 78, 4003-98 Street, Edmonton, AB www.albertamortgagecentre.com

CAAMP ACCHA · AXIOM Mortgage Partners · AMBA · BBB Accredited Business · think MORTGAGE think AMP™



Krishna(KK)Gupta, AMP
"Experienced, Knowledgeable, Committed"
Serving the Community Since 1999

# ਤਸਵੀਰਾਂ ਦੀ ਜ਼ੁਬਾਨੀ



ਪੰਜਾਬੀ ਹੈਰੀਟੇਜ ਫਾਊਂਡੇਸ਼ਨ ਵਲੋਂ ਲਗਾਏ ਗਏ ਪੰਜਾਬੀ ਫੋਕ ਕੈਂਪ ਦੇ ਉਦਘਾਟਨ ਸਮੇਂ ਪ੍ਰਬੰਧਕ ਬੱਚਿਆਂ ਨਾਲ ਗੱਲਬਾਤ ਕਰਦੇ ਹੋਏ।



ਗੁਰਦਵਾਰਾ ਰਾਮਗੜ੍ਹੀਆ ਐਡਮਿੰਟਨ ਦੀ 25ਵੀਂ ਵਰ੍ਹੇਗੰਢ ਮੌਕੇ ਐਮ.ਐਲ.ਏ. ਨਰੇਸ਼ ਭਾਰਦਵਾਜ, ਪੀਟਰ ਸੰਧੂ, ਸਿਹਤ ਮੰਤਰੀ ਜੀਨ ਜਵੈਸਕੀ ਅਤੇ ਪ੍ਰਬੰਧਕ ਦਿਖਾਈ ਦੇ ਰਹੇ ਹਨ



ਸ਼ੇਰੇ ਪੰਜਾਬ ਸਪੋਰਟਸ ਕਲੱਬ ਵਲੋਂ ਕਰਵਾਏ ਗਏ ਕਬੱਡੀ ਮੁਕਾਬਲਿਆਂ ਵਿਚ ਜੇਤੂ ਟੀਮ ਪ੍ਰਬੰਧਕਾਂ ਕੋਲੋਂ ਇਨਾਮ ਹਾਸਲ ਕਰਦੀ ਹੋਈ।



ਐਮ.ਐਲ.ਏ ਨਰੇਸ਼ ਭਾਰਦਵਾਜ ਵਲੋਂ ਕੀਤੇ ਗਏ ਬਾਰਬੀ ਕਿਉ ਦੌਰਾਨ ਪੰਜਾਬੀ ਭਾਈਚਾਰਾ ਅਤੇ ਐਮ.ਐਲ.ਏ. ਪੀਟਰ ਸੰਧੂ ਉਨ੍ਹਾਂ ਨਾਲ ਦਿਖਾਈ ਦੇ ਰਹੇ ਹਨ



ਸ਼ਹੀਦ ਭਗਤ ਸਿੰਘ ਸੌਕਰ ਟੂਰਨਾਮੈਂਟ ਦੀ ਆਖਰੀ ਰਿਹਰਸਲ ਮੌਕੇ ਹਾਜ਼ਰ ਇਕ ਟੀਮ ਦੇ ਬੱਚੇ ਆਪਣੇ ਕੋਚਾਂ ਨਾਲ।



ਮਿਲਵੁਡ ਕਲਚਰਲ ਸੁਸਾਇਟੀ ਆਫ਼ ਰਿਟਾਇਰਡ ਐਂਡ ਸੈਮੀਰਿਟਾਇਰਡ ਵਲੋਂ ਮਨਾਏ ਗਏ ਕੈਨੇਡਾ ਦਿਵਸ ਦਾ ਦ੍ਰਿਸ਼।



ਕੈਨੇਡਾ ਦਿਵਸ ਮੌਕੇ ਮਿਲਵੁਡਜ਼ ਵਿਖੇ ਹੋਏ ਸਮਾਗਮ ਦੀਆਂ ਝਲਕੀਆਂ।



ਪ੍ਰੋਗਰੈਸਿਵ ਪੀਪਲਜ਼ ਫਾਊਂਡੇਸ਼ਨ ਆਫ ਐਡਮਿੰਟਨ ਦੇ ਅਹੁਦੇਦਾਰ ਇਕ ਮਿਲਣੀ ਦੌਰਾਨ ਲੇਖਕ ਡਾ. ਸਰਿੰਦਰ ਧੰਜਲ ਨੂੰ 'ਭਗਤ ਸਿੰਘ ਟੂਡੇ' ਨਾਂ ਦੀ ਕਿਤਾਬ ਭੇਂਟ ਕਰਦੇ ਹੋਏ।




ਲਾਤੀਨੋ ਕੈਨੇਡੀਅਨ ਚੈਂਬਰ ਆਫ਼ ਕਮਰਸ ਦੇ ਸਮਾਗਮ ਦੌਰਾਨ ਐਟਲਸ ਇਮਿਊਨਾਈਜ਼ੇਸ਼ਨ ਦੀ ਪ੍ਰਧਾਨ ਮਾਰੀਐਲਾ ਰੋਬਲੈਟੋ, ਲਾਤੀਨੋ ਕੈਨੇਡੀਅਨ ਚੈਂਬਰ ਦੀ ਸਕੱਤਰ ਕੈਥਰੀਨਾ, ਖਜ਼ਾਨਚੀ ਪੈਡਰੋ, ਪ੍ਰਧਾਨ ਮੈਕਸ ਅਤੇ ਹੋਰ।




ਐਮ.ਐਲ.ਏ. ਕਾਰਲ ਬਨੀਟੋ ਵਲੋਂ ਰੱਖੇ ਗਏ ਰਾਤਰੀ ਭੋਜਨ ਸਮੇਂ ਪੀ.ਸੀ. ਪਾਰਟੀ ਦੀ ਸੂਬਾਈ ਲੀਡਰਸ਼ਿਪ ਦੀ ਦੌੜ 'ਚ ਸ਼ਾਮਲ ਗੈਰੀ ਮਾਰ ਲੋਕਾਂ ਦੇ ਸਵਾਲਾਂ ਦਾ ਜਵਾਬ ਦਿੰਦੇ ਹੋਏ।


GILL HOME INSPECTION LTD.

COMMERCIAL & RESIDENTIAL

Registered Home Inspector **Kulvir Gill**

GHI

OAHI Ontario Association of Certified Home Inspectors

ਗਰੇਟਰ ਟਰਾਂਟੋ ਦੇ ਏਰੀਏ ਵਿਚ ਘਰਾਂ ਦੀ ਇਨਸਪੈਕਸ਼ਨ ਲਈ ਫੋਨ ਕਰੋ

HELPING YOU TO MAKE INFORMED DECISIONS

Cell: 416 839 3436 ▲ Ph: 905 479 5807

# ਜ਼ਿੰਦਗੀ ਬੜੀ ਬੇਵਫ਼ਾ ਹੈ, ਇਸਦਾ ਇਕ ਪਲ ਦਾ ਵੀ ਭਰੋਸਾ ਨਾ ਕਰੋ ।

Secure Your Future

**JeevanBima Inc**

ਸਾਡੇ ਨਾਲ ਕੰਮ ਕਰਨ ਲਈ ਜਾਂ ਆਪਣੇ ਸ਼ਹਿਰ ਵਿੱਚ ਦਫ਼ਤਰ ਖੋਲ੍ਹਣ ਲਈ ਸੰਪਰਕ ਕਰੋ

## ਜ਼ਰਾ ਸੋਚੋ ! !

| Age ਉਮਰ | Per Month Rate / ਪ੍ਰਤੀ ਮਹੀਨਾ ਰੇਟ | | | |
|---|---|---|---|---|
| | 100,000 | 250,000 | 500,000 | 1,000,000 |
| 25 | 11.34 | 18.23 | 29.70 | 52.65 |
| 35 | 11.70 | 19.70 | 31.50 | 56.65 |
| 45 | 16.20 | 30.38 | 54.00 | 101.25 |
| 55 | 30.60 | 66.38 | 126.00 | 245.25 |
| 65 | 67.68 | 159.08 | 311.40 | 616.05 |

ਕੀ ਤੁਸੀਂ ਉਪਰੋਕਤ ਲਿਖੇ ਰੇਟਾਂ ਨਾਲੋਂ ਜ਼ਿਆਦਾ ਪੇਮੈਂਟ ਦੇ ਰਹੇ ਹੋ ?

- ✦ ਕੀ ਤੁਸੀਂ ਹਾਲ ਹੀ ਵਿਚ ਘਰ ਖ਼ਰੀਦਿਆ ਹੈ ? ✦ ਕੀ ਤੁਹਾਡੇ ਘਰ ਉੱਪਰ ਮੌਰਗੇਜ਼ ਹੈ ?
- ✦ ਕੀ ਤੁਸੀਂ ਬੈਂਕ ਤੋਂ ਮੌਰਗੇਜ਼ ਇੰਸ਼ੋਰੈਂਸ ਲਈ ਹੈ ਅਤੇ ਬੈਂਕ ਨਾਲੋਂ ਸਸਤੀ ਮੌਰਗੇਜ਼ ਇੰਸ਼ੋਰੈਂਸ ਲੈਣੀ ਚਾਹੁੰਦੇ ਹੋ ?
- ✦ ਕੀ ਤੁਸੀਂ ਘਰ ਦੇ ਮੁਖੀ ਹੋ ?
- ✦ ਕੀ ਤੁਹਾਡੇ ਬੱਚੇ ਅਜੇ ਛੋਟੇ ਹਨ ਅਤੇ ਉਨ੍ਹਾਂ ਦੀ ਦੇਖ-ਭਾਲ ਦੀ ਜ਼ਿੰਮੇਵਾਰੀ ਤੁਹਾਡੇ ਉੱਪਰ ਹੈ ?
- ✦ ਕੀ ਤੁਹਾਡੀ ਲਾਈਫ਼ ਇੰਸ਼ੋਰੈਂਸ ਵੀ ਰਿਨਿਊ ਹੋਣ ਵਾਲੀ ਹੈ ?

ਜੇਕਰ, ਉੱਪਰ ਲਿਖੇ ਕਿਸੇ ਵੀ ਸਵਾਲ ਦਾ ਜਵਾਬ ਹਾਂ ਵਿੱਚ ਹੈ ਤਾਂ ਤੁਹਾਨੂੰ ਦੇਰ ਨਹੀਂ ਕਰਨੀ ਚਾਹੀਦੀ। ਮੁਫ਼ਤ ਸਲਾਹ ਅਤੇ ਵਧੀਆ ਰੇਟ ਲਈ ਅੱਜ ਹੀ ਜੀਵਨ ਬੀਮਾ ਇੰਕ. ਦੇ ਨੇੜਲੇ ਦਫ਼ਤਰ ਨਾਲ ਸੰਪਰਕ ਕਰੋ।

ਅਸੀਂ ਹਾਰਟ ਅਟੈਕ, ਕੈਂਸਰ, ਸਟ੍ਰੋਕ ਵਰਗੀਆਂ 20 ਤੋਂ ਵੱਧ ਨਾ-ਮੁਰਾਦ ਬੀਮਾਰੀਆਂ ਲਈ ਇੰਸ਼ੋਰੈਂਸ ਵੀ ਕਰਦੇ ਹਾਂ । ਜੇ ਤੁਹਾਨੂੰ ਇਨ੍ਹਾਂ ਬੀਮਾਰੀਆਂ ਵਿੱਚੋਂ ਕੋਈ ਬੀਮਾਰੀ ਨਾਂ ਹੋਵੇ ਤਾਂ ਅਖ਼ੀਰ ਵਿਚ ਤੁਹਾਡੇ ਪੈਸੇ ਵਾਪਿਸ ਮਿਲ ਸਕਦੇ ਹਨ ।



**Jessie Singh**
(C.A.I.B)

- ✦ Life Insurance
- ✦ Mortgage Insurance
- ✦ Disability Insurance
- ✦ Critical Illness Insurance
- ✦ Longterm Care Insurance
- ✦ Travel Insurance
- ✦ Health Plans



**Jasvir Deol**

*For All Insurance Needs Book Appointment Today.*

**Calgary**

Bus: (403) 717 - 0666
Cell: (403) 830 - 7007

**Edmonton**

Bus: (780) 465 - 6900
Cell: (780) 906 - 4497

MILLBOURNE ROAD
MEDICAL CLINIC
WALK-INS WELCOME
FAMILY PHYSICIANS



Dr. V.K. Thapar (M.D., CCFP)* By Appointments Only
Dr. B.S. Jassar (M.D., Ph.D, CCFP)* Cell: 780 918 0516
Dr. S. Bananda (M.D.)

Ph: 780 462 4229
Fax: 780 462 3315
131 Millbourne Road East, Lee Ridge Plaza Edmonton, AB T6K 1P6
* Professional Corporation

WESTFORK Interiors
Specializing in Cabinets & Counter tops
Kitchen & Vanities, Custom Cabinets, Staining & Spraying Doors
Endless Options
- On site full custom designing and manufacturing.
- Consultation for Kitchens, Bathrooms, Offices, Dens, Storage etc.
- Quality installation and delivery.
- One Location - Multiple Considerations
- Complete Range of Counter tops including laminate.

Custom Cabinetry
Exceptional Quality Customised Solutions
Premium Construction at Competitive Price.
ਕੈਬਨਿਟ ਅਤੇ ਕਾਊਂਟਰ ਟੌਪ ਬਣਾਉਣ ਦੇ ਮਾਹਿਰ
ਆਪਣੇ ਦਫਤਰ, ਘਰ, ਰਸੋਈ ਦੀ ਵਧੀਆ ਦਿੱਖ, ਉੱਤਮ ਕੁਆਲਟੀ, ਚੰਗੀ ਕਾਰੀਗਰੀ
ਅਤੇ ਵਾਜਬ ਮੁੱਲ ਦੇ ਸੁਮੇਲ ਵਾਸਤੇ ਹਮੇਸ਼ਾ ਯਾਦ ਰੱਖੋ ਵੈਸਟਫੋਰਕ ਇੰਟੀਰੀਅਰਜ਼



Westfork Interiors, 8307 Argyll Road, Edmonton T6C 4B2
Tel: 780-490-4983
Fax: 780-490-4982
www.westforkinteriors.com
info@westforkinteriors.com
Gurmail Matharu : 780-990-9349
Ranjit Matharu : 780-907-9889



Passport Phots
by:
Kanwal Lyall
All types of Immigration, Passport, PIO, Citizenship Photos
Phone: 780-952-8017 lyallstudio@gmail.com

Auto Shine Detailing
Interior Shampooing ✦ Power Polishing ✦ Engine Cleaning ✦ Fabric Guard ✦ Tar Ramoval



DAVE VIRK
Ph: 780 485 1253
Cell: 780 902 3727
Fax: 780 485 1353
autoshinedetailing@gmail.com
5424-36 Street, Edmonton, Alberta T6B 3P3

SAVE ON DOOR KNOBS & HANDLES!
Austin Door Lock and Handle Set ONLY $49.99
Villa Passage Knob ONLY $13.99
Taymor TRANSITIONAL
2 Piece Deadbolt ONLY $19.99
Globe Knob ONLY $9.99

ALEXANDRIA Moulding
MOULDING SPECIALS!
#5010 — 1 3/16" x 4 3/16" MDF Primed $1.20 /linear foot
#412 — 5/8" x 4 1/4" MDF Primed $0.60 /linear foot
#411 — 11/16" x 3" MDF Primed $0.49 /linear foot
#3140 — 5/8" x 3 1/4" MDF Primed $0.29 /linear foot
#357 — 2 1/8" x 7/16" MDF Primed $0.19 /linear foot

SAVE ON BATHROOM FIXTURES!
4 Piece Bath Set: Infinity and Corona Models
Taymor MODERN
ONLY $24.99
Robe Hook
Towel Bar
Towel Ring
Paper Holder
Concealed Surface Mount, Lifetime warranty, mounting hardware & installation instructions included. Available in a variety of finishes.

Fancy Doors & Mouldings
JELD-WEN WINDOWS & DOORS
Masonite
ALEXANDRIA Moulding
Show Specials!

French Doors Paris
Double "Paris" Doors ONLY $400.99
Single "Paris" Door ONLY $200.99
Interior Door Bostonian
6-Panel Pre-Hung 18" x 36" ONLY $55.99
Exterior Door
ONLY $149.99 6-Panel Steel Door with Brick Moulding Pre-Hung (32" or 36") with 4.5" jamb
Creston ONLY $169.99 Slab
Pantry ONLY $99.99 Slab
Exterior Wood Doors
A - D103H
B - 1530
C - TDM10H
ONLY $5500.00
Exterior Fibreglass Door
ONLY $299.00
Parlaiment Pre-Hung 32" or 36"

Interior & Exterior, Prehung Units, Locks & Hardware, French Doors, Bi-Folds, Mouldings & Accessories
Commercial Doors & Hardware, Custom Railing Supplied & Installed
Come visit our new, remodeled showroom!
Alberta Location: 9129 - 35 Avenue, Edmonton, AB T6E 5Y1
Ph: 780-432-7700
Fax: 780-432-7710 www.fancydoors.net
Limited time offer. Expires April 30, 2011

# ਭੈਣਾਂ ਛਮ ਛਮ ਰੋਂਦੀ ਨੂੰ ਛੱਡ ਆਇਆ

## ਲੋਕ-ਗੀਤਾਂ ਦੇ ਨਾਲ ਨਾਲ



ਡਾ. ਕਰਮਜੀਤ ਸਿੰਘ
ਮੋਬਾ : 099927-32006

ਛਿੱਨੋ ਨਾਲ ਇਹ ਮੇਰੀ ਦੂਸਰੀ ਬੈਠਕ ਸੀ। ਛਿੱਨੋ, ਜਿਸ ਨੂੰ ਦੇਖ ਕੇ ਕੋਈ ਨਹੀਂ ਕਹਿ ਸਕਦਾ ਕਿ ਉਸ ਅੰਦਰ ਕਲਾਸੀਕਲ ਗੀਤਾਂ ਦਾ ਖ਼ਜ਼ਾਨਾ ਹੈ। ਦਰਮਿਆਨੇ ਕੱਦ ਦੀ, ਸਾਰੇ ਚਿਹਰੇ 'ਤੇ ਸ਼ਾਹੀਆਂ, ਕਾਲਾ ਰੰਗ, ਅਗਲਾ ਟੁੱਟਾ ਦੰਦ ਤੇ ਖਿਲਰਿਆ ਸਿਰ। ਸਲਵਾਰ ਦਾ ਇਕ ਪਹੁੰਚਾ ਹਮੇਸ਼ਾ ਉਪਰ ਟੰਗਿਆ। ਨੰਗੇ ਪੈਰ। ਫਟਦੀ ਆਵਾਜ਼। ਅਜਿਹੇ ਵਿਅਕਤੀ ਨੂੰ ਦੇਖ ਕੇ, ਲੋਕ ਗੀਤਾਂ ਦੀ ਕਲਪਨਾ ਨਹੀਂ ਕੀਤੀ ਜਾ ਸਕਦੀ। ਪਰ ਛਿੱਨੋ (ਪ੍ਰਸਿੰਨੀ ਉਸ ਨੂੰ ਕਦੇ ਕਿਸੇ ਨੇ ਨਹੀਂ ਸੱਦਿਆ) ਨੂੰ ਮੈਂ ਗਿੱਧੇ ਵਿਚ ਧਮੱਚੜਾ ਪਾਉਂਦੀ ਨੂੰ ਦੇਖਿਆ ਸੀ। ਵਿਆਹਾਂ ਤੇ ਗਾਉਣ ਵਿਚ ਗੜਕਦਿਆਂ ਵੇਖਿਆ ਸੀ, ਇਸ ਲਈ ਮੈਂ ਉਸ ਤੋਂ ਗੀਤ ਰਿਕਾਰਡ ਕਰਵਾਉਣੇ ਚਾਹੁੰਦਾ ਸਾਂ।

ਵਿਹੜੇ ਵਿਚੋਂ ਉਹ ਮੇਰੀ ਭਾਬੀ ਲੱਗਦੀ ਸੀ। ਸਾਡੇ ਘਰ ਦੇ ਸਾਹਮਣੇ ਉਸ ਦਾ ਘਰ ਸੀ ਪਰ ਸਾਡੇ ਘਰਦਿਆਂ ਨੇ ਸਿੱਖੀ ਧਰਮ ਵਿਚ ਪ੍ਰਵੇਸ਼ ਕਰ ਲਿਆ ਸੀ, ਇਸ ਲਈ ਕੁੱਝ ਅੰਤਰ ਵੀ ਰਹਿੰਦਾ ਸੀ। ਕਈ ਤਰ੍ਹਾਂ ਦੀਆਂ ਈਰਖਾਵਾਂ ਵੀ ਘਰਾਂ ਵਿਚ ਪਾੜ ਦਾ ਕਾਰਨ ਸਨ ਪਰ ਮੈਂ ਛਿੱਨੋ ਨੂੰ ਕਦੇ ਵੀ ਬੁਲਾਉਣਾ ਨਹੀਂ ਛੱਡਿਆ। ਇਸੇ ਕਾਰਨ ਮੈਂ ਪਹਿਲੀ ਬੈਠਕ ਵਿਚ ਉਸ ਪਾਸੋਂ 'ਚੁਣ ਚੁਣ ਮੋਤੀ ਦਾਲ ਰਿਅਨਾ ਨੀ ਮੈਂ...ਤੇ ਸ਼ਿਵ ਪਾਰਬਤੀ ਨਾਲ ਸਬੰਧਤ ਕਈ ਨਾਯਾਬ ਗੀਤ ਸੁਣੇ ਸਨ। ਸਾਡੇ ਘਰ ਵਿਚ ਕੋਈ ਸਮਾਗਮ ਸੀ ਛੋਟਾ-ਮੋਟਾ। ਮੈਂ ਉਸ ਵਿਚ ਆਈਆਂ ਔਰਤਾਂ ਤੋਂ ਕੁੱਝ ਗੀਤ ਸੁਣੇ। ਮੈਂ ਦੇਖਿਆ ਛਿਨੋ ਭਾਬੀ ਸਾਡੇ ਘਰ ਨਹੀਂ ਸੀ ਆਈ ਪਰ ਉਹ ਬਾਹਰ ਵੀ ਕਿਤੇ ਨਹੀਂ ਸੀ ਗਈ।

ਮੈਂ ਮੌਕਾ ਤਾੜ ਕੇ ਟੇਪ ਰਿਕਾਰਡ ਨਾਲ ਲੈ ਉਸ ਕੋਲ ਜਾ ਬੈਠਾ। ਇਧਰ-ਉਧਰ ਦੀ ਮਾਰ ਕੇ ਮੈਂ ਅਸਲੀ ਮਕਸਦ ਵੱਲ ਆਇਆ। ਉਹ ਕਿਹੜਾ ਅਣਜਾਣ ਸੀ। ''ਮੈਨੂੰ ਪਤਾ! ਆਹ ਤੇਰੀ ਟੇਪ ਹੀ ਦਸਦੀ ਆ। ਪਹਿਲਾਂ ਤੂੰ ਘਰੋਂ ਭਰਵਾ ਲਏ, ਹੁਣ ਮੇਰੇ ਮਗਰ ਆ ਲੱਗਾ। ਮੈਨੂੰ ਤਾਂ ਜਿੰਨੇ ਆਉਂਦੇ ਸੀ, ਪਿਛਲੀ ਬਾਰ ਸੁਣਾ ਦਿੱਤੇ ਸੀ। ਧਰਮ ਨਾਲ, ਹੁਣ ਨਹੀਂ ਮੈਨੂੰ ਕੋਈ ਵੀ ਆਉਂਦਾ। ਮੈਂ ਵੀ ਜ਼ਿੱਦ ਫੜ ਲਈ, 'ਭਾਬੀ, ਹਾਂ ਮੈਨੂੰ ਪਤੈ ਨਹੀਂ ਆਉਂਦਾ, ਇਸੇ ਲਈ ਤਾਂ ਆਇਆ ਹਾਂ ਤੇਰੇ ਕੋਲ' ਉਹ ਮੁਸਕਰਾਈ, 'ਕਰਮ ਸਿਆਂ ਲਗਦਾ ਤੂੰ ਹਟਣਾ ਨਹੀਂ', 'ਬਿਲਕੁਲ ਨਹੀਂ', 'ਮੈਨੂੰ ਸੋਚਣਾ ਪਊ'। ਜਦੋਂ ਦਾ ਮੈਂ ਕਾਲਜ ਵਿਚ ਪੜ੍ਹਨ ਲੱਗਾ ਸਾਂ ਤੇ ਅਖੰਡ ਪਾਠਾਂ ਵਿਚ ਹਿੱਸਾ ਲੈਣ ਲੱਗਾ ਸਾਂ। ਮੇਰਾ ਰੁਤਬਾ ਵੱਧ ਗਿਆ ਸੀ। ਹੁਣ ਮੈਂ 'ਕਰਮੇ' ਤੋਂ ਕਰਮਜੀਤ ਹੋ ਗਿਆ ਸੀ। ਜਦੋਂ ਮੈਂ ਗੀਤ ਇਕੱਠੇ ਕਰਨ ਲੱਗਾ ਸੀ, ਉਦੋਂ ਤੋਂ ਸਾਰੇ ਮੇਰੀ ਟੇਪ ਨੂੰ ਪਹਿਚਾਣਦੇ ਹਨ। ਜਦੋਂ ਜਲੰਧਰ ਰੇਡੀਓ ਤੋਂ 'ਦੁਆਬੇ ਦਾ ਸਭਿਆਚਾਰ' ਪ੍ਰੋਗਰਾਮ ਆਇਆ ਤਾਂ ਸਾਰੇ ਵਿਹੜੇ ਨੇ ਚਾਅ ਨਾਲ ਸੁਣਿਆ। ਸਾਰਿਆਂ ਨੇ ਆਪਣੇ ਆਪਣੇ ਗੀਤ ਉਸ ਵਿਚੋਂ ਲੱਭ ਲਏ ਸਨ। ਛਿੱਨੋ ਨੇ ਵੀ। ਉਸ ਨੇ ਤਿੰਨ ਗੀਤਾਂ ਬਾਰੇ ਪੁੱਛਿਆ ਕਿ ਉਹ ਮੇਰੇ ਕੋਲ ਟੇਪ ਹਨ? ਮੈਂ ਹਾਂ ਵਿਚ ਜਵਾਬ ਦਿੱਤਾ। 'ਲੈ ਆਹ ਨਹੀਂ ਹੋਣਾ ਤੇਰੇ ਕੋਲ' ਕਹਿ ਕੇ ਇਕ ਗੀਤ ਦੀਆਂ ਕੁੱਝ ਪੰਗਤੀਆਂ ਬੋਲੀਆਂ। ਸੱਚਮੁਚ ਹੀ ਇਹ ਮੈਂ ਪਹਿਲਾਂ ਨਹੀਂ ਸੀ ਸੁਣਿਆ। ਮੈਂ ਟੇਪ ਰਿਕਾਰਡਰ ਤਿਆਰ ਕਰ ਲਿਆ ਤੇ ਉਸ ਨੇ ਗਲਾ ਸਾਫ਼ ਕੀਤਾ। ਛਿੱਨੋ ਦੀ ਫਟੀ ਹੋਈ ਆਵਾਜ਼ ਗੀਤ ਗਾਉਂਦੇ ਸਮੇਂ ਬਹੁਤ ਅਖਰਦੀ ਨਹੀਂ ਸੀ। ਉਸ ਥੋੜ੍ਹੀ ਹੇਕ ਲਾਈ।

ਥੱਲੇ ਸੀ ਘੋੜਾ, ਪੈਰ ਸੀ ਜੋੜਾ ਹੋ...
ਲੋਕਾਂ ਭਾਣੇ ਠਾਣੇਦਾਰ ਆਇਆ।

ਹੋ ਦੀ ਹੇਕ ਦੋਹਰੀ ਤਿਹਰੀ ਸੀ। ਠਾਣੇਦਾਰ ਦਾ ਆਉਣਾ ਕੋਈ ਛੋਟੀ ਗੱਲ ਨਹੀਂ। ਪਰ ਇਹ ਠਾਣੇਦਾਰ ਹੈ ਕੌਣ? ਸ਼ੁਰੂ ਦੀਆਂ ਪੰਗਤੀਆਂ ਹੀ ਗੀਤ ਦੇ ਲੰਬੇ ਹੋਣ ਦੀ ਸੂਚਨਾ ਦਿੰਦੀਆਂ ਸਨ। ਹੁਣ ਛਿੱਨੋ ਨੂੰ ਰੁਕਣ ਦੀ ਕੋਈ ਲੋੜ ਨਹੀਂ ਸੀ।

ਰਾਹੀ ਵੀ ਡਰ ਗਏ, ਘਾਹੀ ਵੀ ਡਰ ਗਏ ਹੋ...
ਲੋਕ ਕਹਿੰਦੇ ਠਾਣੇਦਾਰ ਆਇਆ।
ਨਾ ਡਰੋ ਰਾਹੀਓ, ਨਾ ਡਰੋ ਘਾਹੀਓ ਹੋ....
ਭੈਣਾਂ ਪਰਦੇਸਣਾਂ ਦਾ ਵੀਰਾ ਆਇਆ।

ਭੈਣ ਨੇ ਆਪ ਹੀ ਗੰਢ ਨੂੰ ਖੋਲ੍ਹ ਦਿੱਤਾ ਕਿ ਉਸ ਦਾ ਠਾਣੇਦਾਰ ਵੀਰ ਆਇਆ ਹੈ। ਪਰਦੇਸਣ ਭੈਣ ਨੂੰ ਮਿਲਣ, ਭਰਾ ਮਿਲਣ ਦੀ ਖੁਸ਼ੀ ਦਾ ਅੰਦਾਜ਼ਾ ਹੀ ਲਾਇਆ ਜਾ ਸਕਦਾ। ਭੈਣ ਹੁਣ ਕੀ ਕਰੇਗੀ?

ਡਠ ਜਾਈਂ ਮੰਜੜਿਆ, ਬਿਸ ਜਾਮੀ ਬਿਸਤਰਿਆ ਹੋ...
ਭੈਣਾਂ ਪਰਦੇਸਣਾਂ ਦਾ, ਵੀਰ ਆਇਆ।
ਨਾ ਡਠੀਂ ਮੰਜੜਿਆ, ਨਾ ਬਿਸ਼ੀਂ ਬਿਸਤਰਿਆ ਹੋ...
ਜਾਂਦੇ ਪ੍ਰਾਹੁਣੇ ਨੂੰ ਜਾਣ ਦਈਏ,
ਦੂਰ ਵਸੇਂਦੇ ਨੂੰ ਜਾਣ ਦਈਏ।



ਭਰਾ ਠਾਣੇਦਾਰ ਹੋਵੇਗਾ ਆਪਣੇ ਘਰ। ਹੁਣ ਉਹ ਭੈਣ ਦੇ ਡਾਢੇ ਘਰ ਵਿੱਚ ਸੀ। ਭੈਣ ਨੇ ਮੰਜਾ ਡਾਹ ਕੇ ਬਿਸਤਰਾ ਵਿਛਾਉਣਾ ਚਾਹਿਆ, ਉਸ ਤੋਂ ਵੀ ਉਸ ਨੂੰ ਇਨਕਾਰ ਕਰ ਦਿੱਤਾ ਗਿਆ। ਇਨਕਾਰ ਕਰਨ ਵਾਲੀ ਧਿਰ ਦਾ ਨਾਂ ਨਹੀਂ ਲਿਆ ਗਿਆ, ਪਰ ਇਹ ਧਿਰ ਕੌਣ ਹੋ ਸਕਦੀ ਹੈ? ਇਸ ਦਾ ਅੰਦਾਜ਼ਾ ਲਗਾਇਆ ਜਾ ਸਕਦਾ ਸੀ। ਮੇਰੇ ਮਨ ਵਿੱਚ ਸੀ ਕਿ ਇਹ ਸੱਸ ਹੀ ਰੋਕ ਸਕਦੀ ਹੈ। ਜਿਸ ਬਾਰੇ ਬੋਲੀ ਹੈ, 'ਮੇਰੇ ਵੀਰ ਨੂੰ ਸੁੱਕੀ ਖੰਡ ਪਾਈ, ਸੱਸੇ ਤੇਰੀ ਮੱਝ ਮਰ ਜਾਏ।' ਪਰ ਇਥੇ ਤਾਂ ਆਉਂਦਿਆਂ ਹੀ ਵਿਰੋਧ ਸੀ। ਛਿੱਨੋ ਗੀਤ ਵਿੱਚ ਖੁੱਭ ਚੁੱਕੀ ਸੀ। ਗੱਲ੍ਹਾਂ 'ਤੇ ਹੱਥ ਰੱਖੀ ਉਹ ਇਕ ਟੱਕ ਟੇਪ ਵੱਲ ਵੇਖੀ ਜਾ ਰਹੀ ਸੀ ਤੇ ਗਾਉਣ ਵਿਚ ਮਗਨ ਸੀ।

ਝੱਲ ਲਈਂ ਕੱਟੜਾ ਮਿਲ ਪਈਂ ਮੱਝੀਏ ਹੋ....
ਵੀਰੇ ਨੂੰ ਦੁੱਧ ਪਲਾਏ ਲਈਏ।
ਨਾ ਝੱਲੀਂ ਕੱਟੜਾ, ਨਾ ਮਿਲੀਂ ਮਝੜੀਏ ਹੋ...
ਜਾਂਦੇ ਪ੍ਰਾਹੁਣੇ ਨੂੰ ਜਾਣ ਦਈਏ।
ਦੂਰ ਵਸੇਂਦੇ ਨੂੰ ਜਾਣ ਦਈਏ।

ਲੱਗਦਾ ਹੈ ਸ਼ੁਰੂ ਤੋਂ ਹੀ ਸਮਝੌਤੇ ਦੀ ਕੋਈ ਗੁੰਜਾਇਸ਼ ਨਹੀਂ।

ਤਪ ਪਈਂ ਤਵਿਆ ਬਲ ਪਈਂ ਅੱਗੜੀਏ ਹੋ...
ਵੀਰੇ ਨੂੰ ਭੋਜਨ ਸ਼ਕਾਏ ਦਈਏ।
ਨਾ ਬਲੀਂ ਅੱਗੜੀਏ, ਨਾ ਤਪੀਂ ਤਵੜਿਆ ਹੋ...।
ਜਾਂਦੇ ਪ੍ਰਾਹੁਣੇ ਨੂੰ ਜਾਣ ਦਈਏ।
ਦੂਰ ਵਸੇਂਦੇ ਨੂੰ ਜਾਣ ਦਈਏ।

ਠਾਣੇਦਾਰੀ ਦਾ ਸਾਰਾ ਜਲੌਅ ਖਤਮ ਹੈ, ਭੈਣ ਦੇ ਸਹੁਰਿਆਂ ਸਾਹਵੇਂ। ਉਹ ਤਾਂ ਗੀਤ ਵਿਚ ਹਾਜ਼ਰ ਹੋ ਕੇ ਵੀ ਹਾਜ਼ਰ ਨਹੀਂ। ਉਸ ਦੇ ਆਉਣ ਦੀ ਸੂਚਨਾ ਵੀ ਭੈਣ ਨੇ ਹੀ ਦਿੱਤੀ ਹੈ। ਤੀਜੀ ਧਿਰ ਨਾਲ ਗੱਲਬਾਤ ਸਮੇਂ ਵੀ ਉਸ ਦੀ ਚੁੱਪ ਗੈਰਹਾਜ਼ਰ ਵਰਗੀ ਹੈ। ਲੱਗਦਾ ਹੈ ਛਿੱਨੋ ਗੀਤ ਪੂਰਾ ਕਰ ਕੇ ਹਟੇਗੀ। ਪਹਿਲਾਂ ਵੀ ਉਹ ਗੀਤ ਨੂੰ ਪੂਰਾ ਕਰ ਕੇ ਹੀ ਹਟਦੀ ਸੀ।

ਵਿਹੜੇ ਜੋ ਵੜਦੇ ਨੂੰ ਬਾਬਲ ਪੁੱਛਦਾ ਹੋ....
ਧੀਏ ਰਾਣੀ ਕਿੱਥੇ ਛੱਡ ਆਇਆਂ।

ਬੜੇ ਨਾਟਕੀ ਢੰਗ ਨਾਲ ਸੀਨ ਬਦਲ ਗਿਆ ਸੀ। ਹੁਣ 'ਠਾਣੇਦਾਰ' ਵੀਰ ਨੂੰ ਵਾਪਸ ਆ ਕੇ ਮਾਪਿਆਂ ਨਾਲ ਵਾਹ ਪੈਣਾ ਸੀ। ਸਹੁਰੇਂ ਘਰੀਂ ਤਾਂ ਉਹ ਗੈਰ ਹਾਜ਼ਰ ਵਾਂਗ ਚੁੱਪ ਸੀ। ਪਰ ਹੁਣ ਤਾਂ ਉਸ ਨੂੰ ਕੁੱਝ ਨਾ ਕੁੱਝ ਕਹਿਣਾ ਹੀ ਪੈਣਾ ਸੀ। ਇਹ ਗੀਤ ਸਉਣ ਦਾ ਜਾਂ ਤੀਆਂ ਦਾ ਗੀਤ ਹੈ। ਇਹ ਤਿਉਹਾਰ ਭੈਣਾਂ ਦਾ ਤਿਉਹਾਰ ਹੋਣ ਕਾਰਨ, ਇਸ ਨਾਲ ਜੁੜੀਆਂ ਬੋਲੀਆਂ ਤਾਂ ਭਾਵੇਂ ਉਤਸ਼ਾਹ ਵਾਲੀਆਂ ਹਨ, ਪਰ ਲੰਬੇ ਗੀਤਾਂ ਵਿਚ ਦੂਹਰਾ ਦੁਖਾਂਤ ਮਿਲਦਾ ਹੈ। ਜੇ ਭੈਣਾਂ ਨੂੰ ਮਾਪਿਆਂ ਘਰੋਂ ਕੁੱਝ ਨਹੀਂ ਆਉਂਦਾ ਤਾਂ ਉਹ ਮਾਨਸਿਕ ਸੰਤਾਪ ਭੋਗਦੀਆਂ ਹਨ ਕਿਉਂਕਿ ਉਹਦੇ ਵਰਗੀਆਂ ਹੋਰਨਾਂ ਨੂੰ, ਮਾਪਿਆਂ ਤੋਂ ਤਿਉਹਾਰ ਤੇ ਹੋਰ ਸਮੱਗਰੀ ਆਉਂਦੀ ਹੈ। ਸਹੁਰਿਆਂ ਦੀਆਂ ਤੱਤੀਆਂ ਵੱਖ ਸੁਣਨੀਆਂ ਪੈਂਦੀਆਂ ਹਨ। ਜੇ ਸਹੁਰੇ ਕੁੜੀ ਨੂੰ ਮਾਪਿਆਂ ਦੇ ਨਹੀਂ ਜਾਣ ਦਿੰਦੇ ਤਾਂ ਮਾਪਿਆਂ ਨੂੰ ਮਾਨਸਿਕ ਕਲੇਸ਼ ਸਹਿਣਾ ਪੈਂਦਾ ਹੈ। ਖੁਸ਼ੀ ਦੇ ਤਿਉਹਾਰ 'ਤੇ ਅਜਿਹਾ ਹੋਣਾ ਸੁਭਾਵਿਕ ਹੈ। ਇਹ ਗੀਤ ਦੂਸਰੀ ਤਰ੍ਹਾਂ ਦਾ ਕਲੇਸ਼ ਸਿਰਜ ਰਿਹਾ ਸੀ। ਕਮਾਲ ਇਹ ਸੀ ਕਿ 'ਵਿਛੋੜੇ' ਸ਼ਬਦ ਦਾ ਕਿਤੇ ਜ਼ਿਕਰ ਨਹੀਂ ਸੀ, ਪਰ ਦੁਖਾਂਤ ਫਿਰ ਵੀ ਸਿਰਜਿਆ ਜਾ ਰਿਹਾ ਸੀ। ਅਜਿਹੀ ਨਾਟਕੀਅਤਾ ਦਾ ਵਲ ਤਾਂ ਅਜੇ ਅਸੀਂ ਲੋਕ-ਸਹਿਤ ਤੋਂ ਸਿੱਖਣਾ ਹੈ। ਛਿੱਨੋ ਹਰ ਵੇਰਵਾ ਦਈ ਜਾ ਰਹੀ ਸੀ, ਜੋ ਦੁਖਾਂਤ ਨੂੰ ਸਿਰਜ ਰਿਹਾ ਸੀ।

ਹੇਠ ਸੀ ਰੇਤੀ ਉਤੇ ਬਰੇਤੀ ਹੋ...
ਛਮ ਛਮ ਰੋਂਦੀ ਨੂੰ ਛੱਡ ਆਇਆ।
ਵਿਹੜੇ ਜੋ ਵੜਦੇ ਨੂੰ ਮਾਈ ਜੋ ਪੁੱਛਦੀ ਹੋ...
ਧੀਓ ਰਾਣੀ ਕਿੱਥੇ ਛੱਡ ਆਇਆ।
ਹੇਠਾਂ ਸੀ ਰੇਤੀ, ਵਿਚ ਸੀ ਮਰੂਆ ਹੋ...
ਨਰਮਾ ਚੁਗੇਂਦੀ ਨੂੰ ਛੱਡ ਆਇਆ।

ਭਰਾ ਦੇ ਜਵਾਬਾਂ ਵਿਚੋਂ ਭੈਣ ਦੀ ਸਹੁਰੇ ਘਰ ਦੀ ਸਥਿਤੀ ਸਪੱਸ਼ਟ ਹੋਣ ਲਗਦੀ ਹੈ। ਭੈਣ ਰੇਤੀ ਬਰੇਤੀ ਵਿਚ ਲੱਥ ਪੱਥ, ਖੇਤਾਂ ਵਿੱਚ ਨਰਮਾ ਚੁਗਦੀ। ਜਿਸ ਨੂੰ ਕੰਮ ਤੋਂ ਫੁਰਸਤ ਨਹੀਂ। ਫਿਰ ਉਸ ਨੂੰ ਕਿਵੇਂ ਭੇਜਿਆ ਜਾਂਦਾ ਪੇਕੇ ਘਰ। ਪਰ ਤਿਉਹਾਰ 'ਤੇ ਵੀ ਨਾ ਭੇਜਣਾ ਮਾਨਸਿਕ ਦੁਖ ਉਪਜਾਉਂਦਾ ਹੈ। ਗੀਤ ਅਗਾਂਹ ਵਧ ਰਿਹਾ ਸੀ।

ਰੋਟੀ ਤਾਂ ਖਾਂਦੇ ਨੂੰ ਭਾਬੋ ਜੋ ਪੁੱਛਦੀ ਹੋ...
ਨਣਦੇ ਰਾਣੀ ਕਿੱਥੇ ਛੱਡ ਆਇਆ।
ਹੇਠਾਂ ਸੀ ਪੀੜ੍ਹਾ, ਉਤੇ ਸੀ ਲੀੜ ਹੋ...
ਕਸੀਦਾ ਕਢੇਂਦੀ ਨੂੰ ਛੱਡ ਆਇਆ।
ਚੜ੍ਹ ਚੁਬਾਰੇ ਵੀਰਾ ਜੋ ਪੁੱਛਦਾ ਹੋ....
ਭੈਣਾਂ ਰਾਣੀ ਕਿੱਥੇ ਛੱਡ ਆਇਆ।
ਨਾ ਕੋਈ ਗੱਲ ਤੇ ਨਾ ਕੋਈ ਬਾਤ ਹੋ....
ਛਮ ਛਮ ਰੋਂਦੀਂ ਨੂੰ ਛੱਡ ਆਇਆ।

ਇਥੇ ਆ ਕੇ ਭਰਾ ਨੇ ਭਰਾ ਨਾਲ ਦੁੱਖ ਫੋਲਿਆ ਬਈ ਉਸ ਦੀ ਤਾਂ ਭੈਣ ਨਾਲ ਗੱਲਬਾਤ ਵੀ ਨਹੀਂ ਹੋਈ। ਉਹ ਰੋਂਦੀ ਰਹੀ, ਸਹੁਰਿਆਂ ਉਸ ਨੂੰ ਭਰਾ ਦੀ ਖਾਤਰ ਤਕ ਨਹੀਂ ਕਰਨ ਦਿੱਤੀ ਤੇ ਉਸ ਨੂੰ ਖਾਲੀ ਹੱਥ ਵਾਪਸ ਆਉਣਾ ਪਿਆ।

ਛਿੱਨੋ ਇਕ ਦਮ ਚੁੱਪ ਹੋ ਗਈ। ਵਿਹੜੇ ਤੋਂ ਡੇਢ ਫੁੱਟ ਨੀਵਾਂ ਅੰਦਰ। ਜੁਲੀਆਂ, ਗਧੁਲੀਆਂ ਨਾਲ ਭਰਿਆ ਅੰਦਰ ਜਿਸ ਵਿਚ ਹੁੱਕਾ, ਇਕ ਮੰਜਾ ਤੇ ਹੋਰ ਨਿਕ ਸੁੱਕ ਪਿਆ ਸੀ- ਵਿਚ ਵੀ ਕੁਝ ਪਲਾਂ ਲਈ ਚੁੱਪ ਚਾਂ ਛਾ ਗਈ। ਛਿੱਨੋ ਨੇ ਮੈਲੇ ਜਹੇ ਪੱਲੇ ਨਾਲ ਚਿਹਰੇ ਦਾ ਪਸੀਨਾ ਪੂੰਝਿਆ ਤੇ ਉਦਾਸ ਜਿਹੀ ਹੋ ਗਈ। ਹੌਲੀ ਹੌਲੀ ਮੈਂ ਗੱਲ ਹੋਰ ਪਾਸੇ ਪਾ ਕੇ ਹੋਰ ਗੀਤ ਸੁਣਨ ਲੱਗ ਪਿਆ, ਪਰ ਛਿੱਨੋ ਦਾ ਗੀਤ ਖਤਮ ਹੋਣ ਤੋਂ ਬਾਅਦ ਵਾਲਾ ਚਿਹਰਾ ਮੈਂ ਅੱਜ ਤਕ ਨਹੀਂ ਭੁੱਲ ਸਕਿਆ।

ਪੰਜਾਬੀ ਲੋਕ ਗੀਤ ਅਸੀਂ ਬਥੇਰੇ ਇਕੱਠੇ ਕੀਤੇ ਹਨ ਪਰ ਅਜੇ ਅਸੀਂ ਇਨ੍ਹਾਂ ਦੇ ਰੂਪਾਂ ਨੂੰ ਕੋਈ ਵਿਵਸਥਿਤ ਢੰਗ ਨਾਲ ਵੰਡ ਨਹੀਂ ਸਕੇ। ਤੀਆਂ ਦੇ ਗੀਤਾਂ ਨੂੰ ਡੂੰਘਾਈ ਤਕ ਵਿਚਾਰਨ 'ਤੇ ਸਾਡੇ ਕੋਲ ਇਨ੍ਹਾਂ ਦੇ ਕਈ ਦੁਖਾਂਤਕ ਸੁਖਾਂਤਕ ਪੱਖ ਸਾਡੇ ਸਾਹਮਣੇ ਆਉਣਗੇ।

## ਸੋਮਦੱਤ ਦਿਲਗੀਰ ਦੀਆਂ ਦੋ ਗ਼ਜ਼ਲਾਂ

ਇਨ੍ਹਾਂ ਅੰਦਰ ਵੀ ਹੁਣ ਜਜ਼ਬਾਤ ਪੈਦਾ ਹੋਣ ਲੱਗੇ ਨੇ।
ਮੇਰੇ ਗਲ਼ ਲੱਗਕੇ ਮੇਰੇ ਪਿੰਡ ਦੇ ਪੱਥਰ ਰੋਣ ਲੱਗੇ ਨੇ।

ਕਰਿਸ਼ਮੇ ਕਿਸ ਤਰ੍ਹਾਂ ਦੇ ਗਾਇਕੀ ਵਿਚ ਹੋਣ ਲੱਗੇ ਨੇ,
ਸੁਬ੍ਹਾ ਦੇ ਰਾਗ ਰਾਤਾਂ ਨੂੰ ਗਵੱਈਏ ਛੋਹ੍ਣ ਲੱਗੇ ਨੇ।

ਜ਼ਮੀਂ ਵਾਂਗੂੰ ਜ਼ਮੀਰਾਂ ਦੇ ਵੀ ਸੌਦੇ ਹੋਣ ਲੱਗੇ ਨੇ,
ਤੇ ਲੋਕੀਂ ਰਿਸ਼ਤਿਆਂ ਨੂੰ ਬੋਝ ਵਾਂਗੂੰ ਢੋਣ ਲੱਗੇ ਨੇ।

ਕਦੇ ਬੂਹਾ, ਕਦੇ ਕੰਧਾਂ ਤੇ ਫਿਰ ਸ਼ੀਸ਼ਾ ਤੇ ਹੁਣ ਬਿਸਤਰ,
ਇਹ ਤੈਨੂੰ ਯਾਦ ਕਰਕੇ ਵਾਰੋ-ਵਾਰੀ ਰੋਣ ਲੱਗੇ ਨੇ।

ਮੇਰੇ ਰੱਬਾ ! ਨਦੀ ਸੁੱਕੀ ਨੂੰ ਪਾਣੀ ਬਖ਼ਸ਼ ਦੇ ਹੁਣ ਤਾਂ,
ਮੁਸਾਫ਼ਰ ਰੇਤਿਆਂ ਦੇ ਨਾਲ ਚਿਹਰੇ ਧੋਣ ਲੱਗੇ ਨੇ।

ਜਿਨ੍ਹਾਂ ਅੰਦਰ ਕਦੇ ਪਾਣੀ ਦਾ ਇਕ ਤੁਪਕਾ ਨਹੀਂ ਟਿਕਿਆ,
ਤਿੜਕ ਕੇ ਸ਼ੀਸ਼ਿਆਂ ਹੱਥੋਂ ਉਹ ਪੱਥਰ ਚੋਣ ਲੱਗੇ ਨੇ।

ਮੇਰੀ ਕੰਢੀ ਦੇ ਲੋਕੀ ਵੀ ਨੇ ਕਰਦੇ ਕੀ ਪਏ ਵੇਖੋ,
ਗ਼ਲੀ ਵਿਚ ਫਿਰ ਰਿਹਾ ਚਾਨਣ ਇਹ ਬੂਹੇ ਢੋਣ ਲੱਗੇ ਨੇ।



ਪੰਜਾਬੀ ਗ਼ਜ਼ਲ ਵਿਚ ਜਿਹੜੇ ਅਸਲੋਂ ਨਵੇਂ ਸ਼ਾਇਰ ਆ ਰਹੇ ਹਨ, ਉਨ੍ਹਾਂ ਵਿਚੋਂ ਮੋਹਰੀ ਨਾਂ ਹੈ ਸੋਮਦੱਤ ਦਿਲਗੀਰ ਦਾ। ਇਕਹਿਰੇ ਬਦਨ ਪਰ ਮਜ਼ਬੂਤ ਜ਼ਿਹਨ ਦਾ ਮਾਲਕ ਸੋਮਦੱਤ ਆਪਣੀ ਗ਼ਜ਼ਲ ਵਿਚ ਬਿਲਕੁਲ ਤਾਜ਼ਾ ਖਿਆਲ ਅਤੇ ਮੌਲਿਕ ਅੰਦਾਜ਼ ਲੈ ਕੇ ਆਇਆ ਹੈ। ਰੇਤ 'ਚ ਦਰਿਆ ਅਤੇ ਦਰਿਆ ਵਿਚ ਰੇਗਿਸਤਾਨ ਦੇਖ ਸਕਣ ਦੀ ਉਹਦੀ ਤੀਖਣ ਨਜ਼ਰ ਲੋਕਾਈ ਨੂੰ ਲੁਕਵੇਂ ਖਤਰਿਆਂ ਤੋਂ ਵੀ ਚੌਕਸ ਕਰਨ ਵਿਚ ਸਮਰਥ ਜਾਪਦੀ ਹੈ। ਪੰਜਾਬੀ ਗ਼ਜ਼ਲ ਨੂੰ ਇਸ ਨੌਜਵਾਨ ਤੋਂ ਵੱਡੀਆਂ ਆਸਾਂ ਹਨ।

-------

ਫ਼ਕੀਰੀ ਕਿਸ ਤਰ੍ਹਾਂ ਝਲਕੇ, ਇਨ੍ਹਾਂ ਦੇ ਬਾਣਿਆਂ ਵਿੱਚੋਂ।
ਘਰਾਂ ਦੀ ਮਹਿਕ ਆਉਂਦੀ ਹੈ, ਇਨ੍ਹਾਂ ਦੇ ਡੇਰਿਆਂ ਵਿੱਚੋਂ।

ਭੁਲਾ ਚੁੱਕੇ ਹੋ ਮੈਨੂੰ ਹੁਣ ਤੁਸੀਂ ਜੇ ਧੜਕਣਾਂ ਵਿੱਚੋਂ।
ਤਾਂ ਫਿਰ ਕਿਉਂ ਗ਼ਮ ਝਲਕਦਾ ਹੈ ਤੁਹਾਡੇ ਹਾਸਿਆਂ ਵਿੱਚੋਂ?

ਕਿਤੇ ਪੱਗਾਂ, ਕਿਤੇ ਜਪੁਜੀ, ਕਿਤੇ ਰੁਲ਼ਦੇ ਨੇ ਪੰਜ ਕੱਕੇ,
ਖ਼ਰੇ ਕੀ-ਕੀ ਅਜੇ ਮਿਲਣਾ ਘਰਾਂ ਦੇ ਖੂੰਜਿਆਂ ਵਿੱਚੋਂ।

## ਸੁਖ਼ਨ-ਸਾਜ਼



ਸੁਲੱਖਣ ਸਰਹੱਦੀ
94174-84337

ਹਨ੍ਹੇਰੀ ਫਿਰਕਿਆਂ ਦੀ ਢਾਹ ਗਈ ਮੰਦਰ ਸਣੇ ਮਸਜਿਦ,
ਮਿਲੇ ਗਲਵੱਕੜੀ, ਗੀਤਾ-ਕੁਰਾਨ ਮਲਬਿਆਂ ਵਿੱਚੋਂ।

ਕਰੋਗੇ ਕਿਸ ਤਰ੍ਹਾਂ ਦੱਸੋ, ਹਿਫ਼ਾਜ਼ਤ ਰੋਸ਼ਨੀ ਦੀ ਹੁਣ,
ਚੁਰਾਕੇ ਤੇਲ ਲੈ ਜਾਂਦੇ ਨੇ, ਲੋਕੀਂ ਦੀਵਿਆਂ ਵਿੱਚੋਂ।

ਬੜੇ ਸ਼ਾਤਰ ਇਹ ਲੋਕੀਂ ਨੇ, ਫਸਾਕੇ ਸਿੰਗ ਤੇਰੇ-ਮੇਰੇ,
ਤੇ ਹੁਣ ਖ਼ੁਦ ਵੇਖਦੇ ਨੇ ਵੇਖ ਲੈ ਦਰਵਾਜ਼ਿਆਂ ਵਿੱਚੋਂ।

ਕਿਤੇ ਸੰਦੂਕ, ਚਰਖੇ, ਪੱਖੀਆਂ ਨਜ਼ਰੀਂ ਨਹੀਂ ਆਉਂਦੇ,
ਬੜਾ ਕੁਝ ਗੁੰਮ ਗਿਆ ਯਾਰੋ ਮੇਰੇ ਪਿੰਡ ਦੇ ਘਰਾਂ ਵਿੱਚੋਂ,

ਅਕਸ ਆਪਣੇ ਨੂੰ ਮਿਲਣੇ ਦੀ, ਮਸੀਂ ਫ਼ੁਰਸਤ ਮਿਲੀ ਮੈਨੂੰ
ਤੂੰ ਹਟ ਜਾ ਸ਼ੀਸ਼ਿਆ ਪਾਸੇ, ਚਿਰਾਂ ਦੇ ਵਿਛੜਿਆਂ ਵਿੱਚੋਂ।

# ਮਾਤ ਲੋਕ ਦੇ ਪਾਤਰਾਂ ਦਾ ਚਾਹਤ ਤੋਂ ਚਰਿੱਤਰ ਤਕ ਦਾ ਸਫ਼ਰ

ਪ੍ਰੋ. ਰਾਕੇਸ਼ ਰਮਨ

ਪੰਜਾਬੀ ਸਾਹਿਤਕ ਖੇਤਰ ਵਿਚ ਮਿਆਰੀ ਆਲੋਚਨਾ ਅਤੇ ਮੌਲਿਕ ਸਾਹਿਤ ਸਿਰਜਣਾ ਨਾਲ ਇਕਸਮਾਨ ਰੂਪ ਵਿਚ ਪ੍ਰਭਾਵਿਤ ਕਰਨ ਵਾਲੇ ਲੇਖਕ ਵਿਰਲੇ ਟਾਵੇਂ ਹੀ ਹੋਏ ਹਨ। ਆਲੋਚਕ ਜੇਕਰ ਕਿਤੇ ਮੌਲਿਕ ਸਾਹਿਤ ਸਿਰਜਣਾ ਦੇ ਪਿੜ ਵਿਚ ਉਤਰਦਾ ਦਿਖਾਈ ਵੀ ਦਿੰਦਾ ਹੈ ਤਾਂ ਉਸ ਦੀ ਚੋਣ ਆਮ ਕਰਕੇ ਕਵਿਤਾ ਹੀ ਹੁੰਦੀ ਹੈ। ਕਵਿਤਾ ਸ਼ਾਇਦ ਆਲੋਚਕ ਦੇ ਅਮੂਰਤ ਪ੍ਰਤੀਮਾਨਕ ਚਿੰਤਨ ਨਾਲ ਵਧੇਰੇ ਮੇਲ ਖਾਂਦਾ ਤੇ ਇਕਸੁਰ ਰੂਪਾਕਾਰ ਹੈ। ਇਸ ਕਰਕੇ ਸਾਡੇ ਕੋਲ ਕਵੀ ਚਿੰਤਕ ਤਾਂ ਨਿਸ-ਬਤਨ ਕਾਫ਼ੀ ਹਨ, ਜਦਕਿ ਆਲੋਚਕਾਂ ਵਿਚੋਂ ਇਕ ਸਫ਼ਲ ਗਲਪਕਾਰ ਜਾਂ ਬਿਰਤਾਂਤਕਾਰ ਵਜੋਂ ਸੰਤ ਸਿੰਘ ਸੇਖੋਂ ਤੋਂ ਬਾਅਦ ਜਸਵਿੰਦਰ ਸਿੰਘ ਦਾ ਨਾਮ ਉਭਰ ਕੇ ਸਾਹਮਣੇ ਆਇਆ ਹੈ। ਇਕ ਪ੍ਰਬੁੱਧ ਸਾਹਿਤ ਤੇ ਸਭਿਆਚਾਰ ਚਿੰਤਕ ਵਜੋਂ ਨਾਮਣਾ ਖੱਟ ਚੁੱਕੇ ਜਸਵਿੰਦਰ ਸਿੰਘ ਨੇ ਦੋ ਚਰਚਿਤ ਕਹਾਣੀ ਸੰਗ੍ਰਹਿ 'ਖੂਹ ਖਾਤੇ' (1996) ਅਤੇ 'ਘਰ ਦੇ ਜੀਅ' (2004) ਪ੍ਰਕਾਸ਼ਤ ਕਰਵਾ ਕੇ ਆਪਣੀ ਗਲਪ ਪ੍ਰਤਿਭਾ ਦਾ ਪਰੀਚੈ ਦਿੱਤਾ ਹੈ। ਇਹ ਕਹਾਣੀ ਸੰਗ੍ਰਹਿ ਜਿਥੇ ਜਸਵਿੰਦਰ ਸਿੰਘ ਦੀ ਅਨੂਠੀ ਕਥਾ ਸ਼ੈਲੀ ਦੀ ਮਿਸਾਲ ਪੇਸ਼ ਕਰਦੇ ਹਨ, ਉਥੇ ਉਸ ਦੀ ਸਿਰਜਣਾਤਮਿਕ ਗਲਪ ਦ੍ਰਿਸ਼ਟੀ ਅਤੇ ਪੜਚੋਲਵੀਂ ਪਰ ਉਸਾਰੂ ਜੀਵਨ ਦ੍ਰਿਸ਼ਟੀ ਨੂੰ ਵੀ ਪ੍ਰਮਾਣਿਤ ਕਰਦੇ ਹਨ। ਆਪਣੇ ਪਲੇਠੇ ਨਾਵਲ 'ਮਾਤ ਲੋਕ' ਰਾਹੀਂ ਉਸ ਨੂੰ ਗਲਪਕਾਰ ਦੀ ਭੂਮਿਕਾ ਵਿਚ ਪੰਜਾਬੀ ਸਾਹਿਤਕ ਖੇਤਰ ਵਿਚ ਨਾ ਕੇਵਲ ਵਧੇਰੇ ਵਿਸਥਾਰ ਮਿਲਣ ਦੀ ਸੰਭਾਵਨਾ ਪੈਦਾ ਹੋਈ ਹੈ, ਸਗੋਂ 'ਮਾਤ ਲੋਕ' ਨਾਵਲ ਦੀ ਪੂਰਬਲੀ ਪ੍ਰੰਪਰਾ ਵਿਚ ਕਾਫ਼ੀ ਹੱਲਚਲ ਪੈਦਾ ਕਰਨ ਦੀ ਸੰਭਾਵਨਾ ਲੈ ਕੇ ਵੀ ਆਇਆ ਹੈ।

'ਮਾਤ ਲੋਕ' ਦਾਰਸ਼ਨਿਕ ਅੰਤਰ-ਦ੍ਰਿਸ਼ਟੀ ਨਾਲ ਸਿਰਜਿਆ ਗਿਆ ਪੰਜਾਬ ਦੇ ਸਮਕਾਲੀਨ ਜੀਵਨ ਯਥਾਰਥ ਦਾ ਮਹਾਂਕਾਵਿ ਹੈ। ਇਸ ਵਿਚ ਪੰਜਾਬ ਦੇ ਬੀਤੇ ਕੁੱਝ ਦਹਾਕਿਆਂ ਦੇ ਸਮਾਜਿਕ, ਰਾਜਸੀ, ਆਰਥਿਕ ਤੇ ਸਭਿਆਚਾਰਕ ਜੀਵਨ ਦੀਆਂ ਕਈ ਧਾਰਾਵਾਂ ਕਿਤੇ ਸਮਵਿੱਥ ਚਲਦੀਆਂ, ਕਿਤੇ ਇਕ ਦੂਜੀ ਨੂੰ ਛੂੰਹਦੀਆਂ ਕਿਤੇ ਆਪਸ ਵਿਚ ਉਲਝਦੀਆਂ ਤੇ ਕਿਤੇ ਕੱਟਦੀਆਂ ਦਿਖਾਈ ਦਿੰਦੀਆਂ ਹਨ। ਇਸ ਕਰਕੇ ਨਾਵਲ ਵਿਚ ਪੇਸ਼ ਜੀਵਨ ਯਥਾਰਥ ਨਿਖੜਵੇਂ ਅਤੇ ਸੰਸ਼ਲਿਸਟ ਦੋਵਾਂ ਰੂਪਾਂ ਵਿਚ ਹੀ ਉਜਾਗਰ ਹੋਇਆ ਹੈ। ਨਾਵਲ ਦੇ ਅੰਤਰ 'ਤੇ ਪਹੁੰਚ ਕੇ ਤਾਂ ਜੀਵਨ ਦੇ ਵਿਭਿੰਨ ਪੱਖਾਂ ਦਾ ਨਿਖੇੜਾ ਲਗਭਗ ਸੰਪੂਰਨਤਾ ਹੀ ਗ੍ਰਹਿਣ ਕਰ ਲੈਂਦਾ ਹੈ। ਨਾਵਲਕਾਰ ਖ਼ੁਦ ਚਿੰਤਕ ਵੀ ਹੋਵੇ ਤਾਂ ਨਾਵਲ ਨੂੰ ਵੱਖਰੀ ਵਿਆਖਿਆ ਜਾਂ ਵਿਸ਼ਲੇਸ਼ਣ ਦੀ ਲੋੜ ਵੀ ਨਹੀਂ ਰਹਿੰਦੀ। ਨਾਵਲ ਦਾ ਅੰਤਰ 'ਅੰਤ ਨਾ ਹੋਣ' ਦੇ ਬਾਵਜੂਦ ਪਾਠਕ ਨੂੰ ਕਿਸੇ ਖ਼ਲਾਅ ਵਿਚ ਲਟਕਦਾ ਨਹੀਂ ਛੱਡ ਦਿੰਦਾ। ਨਾਵਲ ਦਾ ਕਮਾਲ ਇਸ ਗੱਲ ਵਿਚ ਹੈ ਕਿ ਨਾਵਲ ਦਾ ਪਾਠ ਤਾਂ ਸਮਾਪਤ ਹੋ ਜਾਂਦਾ ਹੈ ਪਰ ਪਾਠਕ ਦੇ ਮਨ-ਮਸਤਕ ਵਿਚ ਤਰਕ ਵਿਤਰਕ ਦਾ ਵਿਚਾਰ ਪ੍ਰਵਾਹ ਜਾਰੀ ਰਹਿੰਦਾ ਹੈ। ਇਹ ਖੁਲ੍ਹੇ ਅੰਤ ਵਾਲਾ ਨਾਵਲ ਹਰਗਿਜ਼ ਨਹੀਂ ਹੈ, ਸਗੋਂ ਇਸ ਦੇ ਕਈ ਸਾਰੇ ਅੰਤ ਸੰਭਵ ਹਨ ਤੇ ਹਰੇਕ ਅੰਤਰ ਦੇ ਆਪਣੇ ਤਰਕ-ਵਿਤਰਕ ਹਨ।

ਨਾਵਲ ਦੇ 'ਪ੍ਰਵੇਸ਼' ਅਧਿਆਇ ਵਿਚ ਹੀ ਨਾਵਲਕਾਰ ਨਾਵਲ ਦੀ ਆਂਤਰਿਕ ਸੰਰਚਨਾ ਦਾ ਦਾਰਸ਼ਨਿਕ ਆਧਾਰ ਸਪੱਸ਼ਟ ਕਰ ਦਿੰਦਾ ਹੈ। ਇਹ ਆਧਾਰ ਹੈ, ਚਾਹਤ ਜਾਂ ਕਾਮਨਾ ਦਾ। ਸਮੁੱਚਾ 'ਮਾਤ ਲੋਕ' ਇਸੇ ਕਾਮਨਾ ਦੀ ਅਜਬ ਲੀਲਾ ਹੈ। 'ਵੰਨ-ਸੁਵੰਨੀਆਂ ਕਾਮਨਾਵਾਂ ਦੀ ਜਨਮਭੂਮੀ, ਕਰਮਭੂਮੀ, ਰਣਭੂਮੀ ਹੈ ਇਹ 'ਮਾਤ ਲੋਕ' (ਪੰਨਾ 16) ਨਾਵਲ ਦੇ ਸਮੁੱਚੇ ਕਥਾਨਕ ਵਿਚ ਅੱਗੋਂ, 'ਕਾਮਨਾਵਾਂ ਦੇ ਭੇੜ, ਪੂਰਤੀ-ਅਪੂਰਤੀ 'ਚੋਂ ਪੈਦਾ ਹੋਇਆ ਨਿਆਰਾ ਪ੍ਰਪੰਚ ਫੈਲਿਆ ਹੋਇਆ ਹੈ ਅਤੇ ਇਹ ਸਭ ਕੁੱਝ 'ਚੰਗਾ ਜਾਂ ਮਾੜਾ... ਬੰਦਾ-ਖੁਦ ਹੀ ਘਾੜਨਹਾਰਾ।' ਨਾਵਲਕਾਰ ਹਰ ਵਿਅਕਤੀ ਦੇ ਵਿਲੱਖਣ ਵਿਅਕਤੀਤਵ ਦੀ ਧਾਰਨਾ ਨੂੰ ਵੀ ਸਵੀਕਾਰ ਕਰ ਕੇ ਅੱਗੇ ਚਲਦਾ ਹੈ, 'ਹਰ ਬਸ਼ਰ ਏਸੇ ਲੀਲ੍ਹਾ ਦਾ ਜਾਣੇ ਅਣਜਾਣੇ ਨਿਆਰਾ ਅਦਾਕਾਰ ਏ।' (ਪੰਨਾ 16)

ਨਾਵਲਕਾਰ ਜਿਥੇ ਨਾਵਲ ਦੇ ਮੁੱਢ ਵਿਚ ਹੀ ਜਾਂ ਪ੍ਰਵੇਸ਼ ਮੌਕੇ ਹੀ ਸਪੱਸ਼ਟ ਕਰ ਦਿੰਦਾ ਹੈ ਕਿ ਇਸ ਨਾਵਲ ਦਾ ਮੂਲ ਸਰੋਕਾਰ ਕਾਮਨਾ ਜਾਂ ਚਾਹਤ ਹੈ, ਉਥੇ ਇਹ ਸੰਕੇਤ ਵੀ ਦੇ ਦਿੰਦਾ ਹੈ ਕਿ ਕਾਮਨਾ ਕੇਂਦਰਿਤ ਨਾਵਲ ਦਾ ਬਿਰਤਾਂਤ ਕਿਸ ਦਿਸ਼ਾ ਵਲ ਵਿਕਾਸ ਕਰੇਗਾ। ਨਾਵਲ ਦੇ ਆਰੰਭਲੇ ਕਾਂਡਾਂ ਵਿਚ ਪ੍ਰੀਤਮ ਪ੍ਰੇਮੀ ਅਤੇ ਮੁਖ਼ਤਾਰੋ, ਪਤੀ-ਪਤਨੀ ਦੀ, ਪ੍ਰੀਤਮ ਪ੍ਰੇਮੀ ਦੇ ਵਿਆਹ-ਬਾਹਰੇ ਪ੍ਰੇਮ ਸਬੰਧਾਂ ਕਰਕੇ ਉਲਝੀ ਹੋਈ ਪਰਿਵਾਰਕ ਸਥਿਤੀ ਬਿਆਨੀ ਗਈ ਹੈ। ਇਸ ਪਰਿਵਾਰਕ ਸਥਿਤੀ ਅਧੀਨ ਵਿਚਰ ਰਹੇ ਦੋਵੇਂ ਪਾਤਰ ਪਤੀ-ਪਤਨੀ ਭਾਵੇਂ ਤੋੜ ਵਿਛੋੜੇ ਦੀ ਹੱਦ ਤਕ ਤਾਂ ਨਹੀਂ ਜਾਂਦੇ, ਪਰ ਉਨ੍ਹਾਂ ਦੇ ਨਜ਼ਰੀਏ, ਸੋਚ ਤੇ ਵਿਵਹਾਰ ਵਿਚ ਕੋਈ ਗੁਣਾਤਮਿਕ ਤਬਦੀਲੀ ਆਉਣ ਦੇ ਅਸਰ ਵੀ ਦਿਖਾਈ ਨਹੀਂ ਦਿੰਦੇ। ਇਨ੍ਹਾਂ ਆਰੰਭਲੇ ਕਾਂਡਾਂ ਵਿਚ ਹੀ ਕਾਮਨਾ ਤੇ ਸੰਸਥਾ ਦਾ ਭੇੜ ਸਾਹਮਣੇ ਆਉਣ ਲਗਦਾ ਹੈ। ਕਾਮਨਾ ਪ੍ਰੀਤਮ ਪ੍ਰੇਮੀ ਦੇ ਵਿਆਹ-ਬਾਹਰੇ ਸਬੰਧਾਂ ਦੇ ਰੂਪ ਵਿਚ ਅਤੇ ਸੰਸਥਾ ਪਰਿਵਾਰ ਦੇ ਰੂਪ ਵਿਚ ਆਪਣੀ ਹੋਂਦ ਜਤਲਾਉਂਦੀ ਹੈ। ਦੋਵਾਂ ਵਿਚਕਾਰਲੇ ਤਣਾਉ ਨੂੰ ਅਸੀਂ ਢਿੱਲਾ ਪੈਂਦਾ ਤਾਂ ਜ਼ਰੂਰ ਦੇਖਦੇ ਹਾਂ, ਪਰ ਇਹ ਅੰਤਮ ਤੌਰ 'ਤੇ ਖ਼ਤਮ ਨਹੀਂ ਹੁੰਦਾ ਤੇ ਨਾਵਲ ਦੇ 'ਇਹ ਅੰਤ ਨਹੀਂ' ਤੋਂ ਪਹਿਲਾਂ ਵਾਲੇ ਕਾਂਡ ਤੱਕ ਬਰਾਬਰ ਬਣਿਆ ਰਹਿੰਦਾ ਹੈ। ਅਮੋੜ ਕਾਮਨਾ ਦੀ ਪ੍ਰਬਲਤਾ ਅਤੇ ਵਿਆਹ/ਪਰਿਵਾਰ ਸੰਸਥਾ ਦੀ ਕਠੋਰਤਾ ਦੇ ਵਿਚਕਾਰ ਜਾਂ ਤਾਂ ਮਨੁੱਖ ਖ਼ੁਦ ਨੂੰ ਨਪੀੜਿਆ ਜਾ ਰਿਹਾ ਅਨੁਭਵ ਕਰਦਾ ਹੈ ਜਾਂ ਫਿਰ ਇਸ ਨੂੰ ਮਜਬੂਰੀਵੱਸ ਸੁਰੱਖਿਅਤ ਕਵਚ ਵਾਂਗ ਵਰਤਣ ਦੇ ਯਤਨ 'ਚ ਰਹਿੰਦਾ ਹੈ। ਦੋਹਾਂ ਦੀ ਸਥਿਤੀਆਂ 'ਚ, ਜੇਕਰ ਗਹੁ ਨਾਲ ਵੇਖਿਆ ਜਾਵੇ ਤਾਂ ਉਹ ਆਪਣੇ ਮੂਲ ਮਾਨਵੀ ਆਪੇ ਤੋਂ ਵੰਚਿਤ ਹੋ ਜਾਂਦਾ ਹੈ। ਜਦੋਂ ਔਰਤ-ਮਰਦ ਇਕ ਵੇਰ ਵਿਆਹ ਬੰਧਨ ਵਿਚ ਬੱਝ ਜਾਂਦੇ ਹਨ ਤਾਂ ਫਿਰ ਸੰਸਥਾ ਆਪਣੇ ਰੰਗ ਵਿਖਾਉਣੇ ਸ਼ੁਰੂ ਕਰ ਦਿੰਦੀ ਹੈ, ਉਦੋਂ ਇਸ ਗੱਲ ਦਾ ਕੋਈ ਫ਼ਰਕ ਨਹੀਂ ਰਹਿੰਦਾ ਹੈ। ਵਿਆਹ ਪ੍ਰੇਮ-ਵਿਆਹ ਹੈ ਜਾਂ ਕੋਈ ਹੋਰ। ਯਕੀਨਨ ਇਸੇ ਕਰਕੇ ਪ੍ਰੀਤਮ ਪ੍ਰੇਮੀ-ਮੁਖਤਾਰੋ ਦੇ ਪਰਿਵਾਰਕ ਮਰਿਆਦਾ ਮੁਤਾਬਕ ਹੋਏ ਵਿਆਹ ਨਾਲ ਜੋ ਕੁੱਝ ਵਾਪਰਦਾ ਹੈ, ਉਹੀ ਕੁੱਝ ਬਲਦੇਵ-ਮਨਰਾਜ ਦੇ ਪਿਆਰ-ਵਿਆਹ ਦੇ ਮਾਮਲੇ ਵਿਚ ਵੀ ਵਾਪਰ ਜਾਂਦਾ ਹੈ।

ਕਾਮਨਾ/ਚਾਹਤ ਦੀ ਪੂਰਤੀ ਅਤੇ ਕਾਮਨਾ/ਚਾਹਤ ਦੀ ਆਜ਼ਾਦੀ ਮਾਤ ਲੋਕ ਦੇ ਅਤਿਅੰਤ ਅਹਿਮ ਨੁਕਤੇ ਹਨ। ਨਾਵਲ ਦੇ ਪ੍ਰਮੁੱਖ ਕਿਰਦਾਰਾਂ ਵਿਚੋਂ ਬਲਦੇਵ-ਮਨਰਾਜ, ਜੱਗਾ ਸਿੰਘ-ਬਲਰਾਜ ਥੋੜ੍ਹੇ ਬਹੁਤ ਵਿਰੋਧ ਦੇ ਬਾਵਜੂਦ ਪ੍ਰੇਮ ਵਿਆਹ ਕਰਵਾਉਣ ਵਿਚ ਸਫ਼ਲ ਹੋ ਜਾਂਦੇ ਹਨ ਤੇ ਇਸ ਤਰ੍ਹਾਂ ਇਕ ਖਾਸ ਹੱਦ ਤਕ ਉਨ੍ਹਾਂ ਦੀਆਂ ਮੁਢਲੀਆਂ ਕਾਮਨਾਵਾਂ ਦੀ ਪੂਰਤੀ ਹੋ ਜਾਂਦੀ ਹੈ। ਦਰਅਸਲ, ਸਮਾਜ ਦਾ




ਵਿਧੀ-ਵਿਧਾਨ ਪ੍ਰੇਮੀ ਵਿਆਹ ਦੇ ਮਾਮਲੇ ਵਿਚ ਕੁੱਝ ਮੋਕਲਾ ਹੋ ਗਿਆ ਹੈ, ਇਸ ਕਰ ਕੇ ਵਿਆਹ (ਮਰਜ਼ੀ ਦਾ) ਕਰਵਾਉਣ ਵਿਚ ਪੇਸ਼ ਆਉਣ ਵਾਲੀਆਂ ਦਿੱਕਤਾਂ ਪੂਰੀਆਂ ਨਹੀਂ ਤਾਂ ਕਾਫ਼ੀ ਹੱਦ ਤਕ ਜ਼ਰੂਰ ਘੱਟ ਗਈਆਂ ਹਨ, ਪਰ ਕਾਮਨਾਵਾਂ ਦੀ ਆਜ਼ਾਦ ਪੂਰਤੀ ਜਾਂ ਬੰਧਨ-ਮੁਕਤ ਪੂਰਤੀ ਦੀਆਂ ਸੰਭਾਵਨਾਵਾਂ ਸਾਕਾਰ ਨਹੀਂ ਹੋਈਆਂ, ਸਿੱਟੇ ਵਜੋਂ ਪ੍ਰੇਮ ਵਿਆਹ ਕਰਵਾਉਣ ਵਾਲਿਆਂ ਦਾ ਵੀ ਵਿਆਹ ਤੋਂ ਕੁੱਝ ਸਮਾਂ ਮਗਰੋਂ ਦਮ ਘੁੱਟਣ ਲਗਦਾ ਹੈ ਤੇ ਵਿਆਹ-ਬਾਹਰੇ ਸਬੰਧਾਂ ਲਈ ਮਾਨਸਿਕ ਜ਼ਮੀਨ ਤਿਆਰ ਹੋਣ ਲੱਗ ਪੈਂਦੀ ਹੈ। ਇਕ ਪਾਸੇ ਜੇਕਰ ਬਲਦੇਵ (ਨਾਟ-ਨਿਰਦੇਸ਼ਕ) ਆਪਣੀ ਪਤਨੀ ਮਨਰਾਜ ਤੋਂ ਉਕਤਾ ਕੇ ਵਿਆਹ ਦੀ ਸੰਸਥਾ ਤੋਂ ਬਾਗੀ ਹੋਣ ਦਾ ਰਾਹ ਅਖਤਿਆਰ ਕਰ ਲੈਂਦਾ ਹੈ ਤਾਂ ਪ੍ਰੇਮ ਵਿਆਹ ਕਰਵਾਉਣ ਵਾਲਾ ਦੂਜਾ ਮਰਦ ਜੱਗਾ ਸਿੰਘ, ਬਲਦੇਵ ਦਾ ਸਾਂਢੂ, ਵੀ ਪਹਿਲੇ (ਬਲਦੇਵ) ਨੂੰ ਬਾਗ਼ੀ ਹੋਣ ਤੋਂ ਰੋਕਦਾ-ਰੋਕਦਾ ਖ਼ੁਦ ਬਲਦੇਵ ਵਲੋਂ ਅਖਤਿਆਰ ਕੀਤੇ ਰਾਹ ਨੂੰ ਸਹੀ ਸਮਝਣ ਲੱਗ ਪੈਂਦਾ ਹੈ। ਜਦੋਂ ਉਹ ਆਪਣੀ ਪਤਨੀ ਨੂੰ ਬਲਦੇਵ ਦੇ ਵਿਵਹਾਰ 'ਤੇ ਪੁਨਰਵਿਚਾਰ ਕਰਨ ਦੀ ਸਲਾਹ ਦਿੰਦਾ ਹੋਇਆ ਆਖਦਾ ਹੈ ਕਿ ਘਰ ਦਾ ਕੀ ਹੈ, ਘਰ ਤਾਂ ਕੰਜਰ ਵੀ ਵਸਾ ਲੈਂਦੇ ਹਨ ਤਾਂ ਉਸ ਦਾ ਭਾਵ ਇਹੋ ਹੁੰਦਾ ਹੈ ਕਿ ਘਰ ਸੰਸਾਰ ਤੋਂ ਉਲੰਘਵੀਆਂ ਵੀ ਬੰਦੇ ਦੀਆਂ ਕਾਮਨਾਵਾਂ ਹੋ ਸਕਦੀਆ ਹਨ।

ਮਾਤ ਲੋਕ ਦੇ ਪ੍ਰਮੁੱਖ ਪਾਤਰਾਂ ਦੇ ਜੀਵਨ ਦੀ ਪ੍ਰਿਸ਼ਟ-ਭੂਮੀ 'ਤੇ ਕਾਮਨਾਵਾਂ ਦੇ ਭੇੜ ਦੀ ਗਹਿਗੱਚ ਰਣਭੂਮੀ ਬਣੀ ਰਹਿੰਦੀ ਹੈ। ਪੰਜਾਬ ਅਤਿਵਾਦ ਦੀ ਲਪੇਟ ਵਿਚ ਆਇਆ ਹੋਇਆ ਹੈ। ਕਿਰਸਾਨੀ ਵਿਚ ਉਭਾਰ/ਨਿਘਾਰ ਦੇ ਨਵੇਂ ਸਮੀਕਰਨ ਉਭਰ ਰਹੇ ਹਨ। ਸ਼ਹਿਰੀ ਮੱਧ ਸ਼੍ਰੇਣੀ ਦੀਆਂ ਨਿਚਲੀਆਂ ਪਰਤਾਂ ਆਰਥਿਕ ਥੁੜ੍ਹਾਂ ਭੰਨੀਆਂ ਦਿਖਾਈ ਦਿੰਦੀਆਂ ਹਨ ਤਾਂ ਉਪਰਲੀਆਂ ਪਰਤਾਂ ਵਿਚ ਭ੍ਰਿਸ਼ਟਾਚਾਰ ਦਾ ਵਿਆਪਕ ਪਾਸਾਰ ਹੋ ਰਿਹਾ ਹੈ। ਖ਼ੂਨ ਸ਼ਫੈਦ ਹੋ ਰਹੇ ਹਨ। ਨੌਜਵਾਨਾਂ ਵਿਚ ਆਪਣੇ ਭਵਿੱਖ ਨੂੰ ਲੈ ਕੇ ਚਿੰਤਾ, ਨਿਰਾਸ਼ਾ ਤੇ ਅਨਿਸ਼ਚਿਤਤਾ ਬਣੀ ਹੋਈ ਹੈ। ਲੇਖਕ ਕਾਮਨਾਵਾਂ ਦੀ ਲੀਲ੍ਹਾ ਨੂੰ ਵਿਸ਼ਾਲ ਚਿੱਤਰਪਟ 'ਤੇ ਕਿਸੇ ਕੰਧ-ਚਿੱਤਰਕਾਰ ਵਾਲੀ ਵਡੇਰੀ ਸਮਰੱਥਾ ਵਾਲੇ ਕਲਾਕਾਰ ਵਾਂਗ ਸਿਰਜਣ ਦੇ ਆਹਰ 'ਚ ਦਿਖਾਈ ਦਿੰਦਾ ਹੈ। ਜੀਵਨ ਦੇ ਜਿਨ੍ਹਾਂ ਦੋ ਖੇਤਰਾਂ ਵਿਚ ਉਸ ਨੇ ਭਰਪੂਰ ਜੀਵਨ ਜੀਵਿਆ ਹੈ (ਸਾਹਿਤਕ-ਬੌਧਿਕ, ਕਿਰਸਾਨੀ) ਉਨ੍ਹਾਂ ਦੀ ਪੇਸ਼ਕਾਰੀ ਜਿਥੇ ਅਕਾਰ ਪੱਖੋਂ ਵਿਸਤ੍ਰਿਤ ਹੈ, ਅੁਥੇ ਨੁਹਾਰ ਪਖੋਂ ਜੀਵੰਤ ਵੀ ਹੈ। ਦੂਜੇ ਕਿਸੇ ਖੇਤਰ ਦੀ ਗੱਲ ਉਹ ਛੇਤੀ ਹੀ ਨਿਬੇੜ ਦਿੰਦਾ ਹੈ। ਮਸਲਨ, ਹਿੰਦੂ ਪਰਿਵਾਰ 'ਚ ਬਜ਼ੁਰਗਾਂ ਦੇ ਵਿਚਰਨ ਦਾ ਨਾਵਲਕਾਰ ਨੂੰ ਵਧੇਰੇ ਅਨੁਭਵ ਨਾ ਹੋਣ ਕਾਰਨ ਨਾਵਲ ਦੇ ਮੁੱਖ ਪਾਤਰ ਬਲਦੇਵ ਕੁਮਾਰ ਸ਼ਰਮਾ ਦੇ ਮਾਤਾ-ਪਿਤਾ ਬੜੀ ਕਾਹਲੀ ਨਾਲ ਹੀ ਇਸ ਦੁਨੀਆਂ ਤੋਂ ਵਿਦਾ ਕਰ ਦਿੱਤੇ ਜਾਂਦੇ ਹਨ।

'ਮਾਤ ਲੋਕ' ਦੇ ਅਤਲੇ ਕਾਂਡਾ 'ਚ ਆ ਕੇ ਨਾਵਲ ਦੀ ਕਹਾਣੀ ਲਗਭਗ ਵਿਸ਼ਰਾਮ ਦੀ ਅਵਸਥਾ ਵਿਚ ਆ ਜਾਂਦੀ ਹੈ, ਕਹਾਣੀ ਠਹਿਰ ਜਾਂਦੀ ਹੈ ਪਰ ਨਾਵਲ ਦਾ ਅਸਲ ਮਹੱਤਵ ਉਘੜਨ ਲਗਦਾ ਹੈ। ਦਰਅਸਲ, ਨਾਵਲ ਦੇ ਇਹੋ ਉਹ ਕਾਂਡ ਹਨ, ਜਿਨ੍ਹਾਂ ਸਦਕਾ ਇਹ ਨਾਵਲ ਜਸਵਿੰਦਰ ਸਿੰਘ ਦਾ ਸ਼ਾਹਕਾਰ ਹੋ ਨਿੱਬੜਿਆ ਹੈ। ਏਥੇ ਅੱਪੜ ਕੇ ਨਾਵਲ ਦੇ ਹਰ ਪਾਤਰ ਦੀ ਚਾਹਤ ਉਸ ਦੇ ਇਕ ਅਰਥਪੂਰਣ ਚਰਿੱਤਰ ਵਿਚ ਢਲ ਆਉਂਦੀ ਹੈ। ਬਲਦੇਵ, ਮਨਰਾਜ, ਜੱਗਾ, ਬਲਰਾਜ, ਹੇਮਾ ਇਥੋਂ ਤਕ ਸ਼ਿਵ ਨਾਥ ਵਰਗੇ ਨਗੂਣੇ ਜਾਪਦੇ ਪਾਤਰ ਦਾ ਬਿੱਬ ਵੀ ਪਾਠਕ ਲਈ ਅਲੋਕਾਰ ਮਹੱਤਵ ਵਾਲਾ ਬਣ ਜਾਂਦਾ ਹੈ। ਬਲਦੇਵ, ਜਿਹੜਾ ਕਿ ਨਾਵਲ ਦੇ ਅੰਤਲੇ ਭਾਗ ਤੋਂ ਪਹਿਲਾਂ, ਅਯਾਸ਼ ਕਲਾਕਾਰ ਲਫ਼ੰਗੇ ਵਾਂਗ ਵਿਕਸਿਤ ਹੋ ਰਿਹਾ ਪ੍ਰਤੀਤ ਹੁੰਦਾ ਹੈ ਤੇ ਜਿਸ ਬਾਰੇ ਜਾਪਦਾ ਕਿ ਇਸ ਨੇ ਛਲ ਕਪਟ ਰਾਹੀਂ ਬੰਧਨ ਮੁਕਤ ਕਾਮ ਤ੍ਰਿਪਤੀ ਨੂੰ ਹੀ ਆਪਣਾ ਲਕਸ਼ ਬਣਾ ਲਿਆ ਹੈ ਤੇ ਜਿਹੜਾ ਅਕਾਰਨ ਹੀ ਆਪਦੀ ਦੇਵੀ ਵਰਗੀ ਸੱਚੀ ਸੁੱਚੀ ਪਤਨੀ ਮਨਰਾਜ ਨਾਲ ਧ੍ਰੋਹ ਕਮਾ ਰਿਹਾ ਹੈ, ਬਲਵਾਨ ਚਰਿੱਤਰ ਦੇ ਧਾਰੀ ਵਜੋਂ ਉਭਰ ਕੇ ਆਉਂਦਾ ਹੈ। ਉਸ ਦੇ ਚਰਿ-ੱਤਰ ਦੀ ਮਜ਼ਬੂਤੀ ਦਾ ਰਾਜ਼ ਰੋਜ਼-ਮਰਾ ਦੇ ਮਾਤ ਲੋਕੀ ਜੀਵਨ ਵਿਰੁਧ ਉਸ ਦਾ ਵਿਦਰੋਹ ਹੈ। ਉਹ ਮਾਤ ਲੋਕੀ ਵਰਤਾਰਿਆਂ ਦੇ ਕੋਹਲੂ ਗੇੜ ਵਿਚ ਪਏ ਹੋਏ, ਬੁੱਸੇ ਹੋਏ ਜੀਵਨ ਤੋਂ ਅੱਗੇ ਕਿਸੇ ਤਾਜ਼ਗੀ ਵਲ ਵਧਣ ਦੀ ਤਾਂਘ ਰੱਖਦਾ ਹੈ ਤੇ ਹੇਮਾ ਕਿਸੇ ਹੱਦ ਤਕ ਇਸੇ ਤਾਜ਼ਗੀ ਦੀ ਹੀ ਪ੍ਰਤੀਕ ਹੈ। ਜੀਵਨ ਦੀ ਤਾਜ਼ਗੀ ਦੀ ਤੀਬਰ ਅਭਿਲਾਸ਼ਾ ਦੇ ਤਹਿਤ ਬਲਦੇਵ ਤੇ ਹੇਮਾ ਜੇਕਰ ਕਾਮ-ਵਿਹਾਰ ਵਿਚ ਗਲਤਾਨ ਰਹਿਣ ਦੇ ਬਾਵਜੂਦ ਚਰਿੱਤਰ ਦੀ ਬੁਲੰਦੀ ਨੂੰ ਛੂਹਣ ਲਗਦੇ ਹਨ ਤਾਂ ਇਹ ਮਹਿਜ਼ ਇਤਫ਼ਾਕ ਨਹੀਂ ਹੈ। ਇਸ ਦਾ ਭੇਤ ਨਾਵਲਕਾਰ ਦੀ ਉਸ ਅੰਤਰ-ਦ੍ਰਿਸ਼ਟੀ ਵਿਚ ਪਿਆ ਹੈ ਜਿਸ ਰਾਹੀਂ ਜੀਵਨ ਕਿਸੇ ਇਕ ਜ਼ਾਵੀਏ, ਮਿਸਾਲ ਵਜੋਂ ਇਖਲਾਕੀ, ਤੋਂ ਹੀ ਸਾਰਥਿਕਤਾ ਨਹੀਂ ਰੱਖਦਾ। ਹੋਰ ਵੀ ਅਨੇਕਾਂ ਕੋਨਾਂ ਤੋਂ ਜੀਵਨ ਦੀ ਮੁਲਵਾਨ ਵਿਆਖਿਆ ਤੇ ਇਸ ਨੂੰ ਭੋਗਣ/ਜਿਉਣ/ਸਿਰਜਣ ਦੀ ਅਨੂਠੀ ਸ਼ੈਲੀ ਸੰਭਵ ਹੈ। ਬਲਦੇਵ ਦੇ 'ਕਾਮ-ਵਿਹਾਰ' ਵਿਚੋਂ ਵੀ ਇਕ ਅਦਭੁਤ ਮੌਲਿਕ ਨਾਟਕ ਦੀ (ਬਦਲੇਵ ਦੁਆਰਾ) ਸਿਰ-ਜਣਾ ਹੋ ਜਾਂਦੀ ਹੈ ਜਦਕਿ ਉਸ ਦੇ ਸਾਂਢੂ ਪ੍ਰੋ. ਜੱਗਾ ਸਿੰਘ ਦੇ ਸਫ਼ਲ 'ਕਾਰ-ਵਿਹਾਰ' ਵਿਚੋਂ ਵੀ ਕੇਵਲ ਇਹੋ ਸਿੱਟਾ ਨਿਕਲਦਾ ਹੈ ਕਿ ਘਰ ਗ੍ਰਹਿਸਥੀ ਦੇ ਮਾਮਲਿਆਂ ਵਿਚ ਤਾਂ ਕੋਈ ਵੀ ਸਫ਼ਲ ਹੋ ਸਕਦਾ ਹੈ।

ਬਲਦੇਵ-ਹੇਮਾ ਪ੍ਰੇਮ ਪ੍ਰਸੰਗ 'ਮਾਤ ਲੋਕ' ਦਾ ਥੀਮਿਕ ਧੁਰਾ ਹੈ। ਬਲਦੇਵ-ਹੇਮਾ ਪ੍ਰੇਮ ਸਬੰਧ ਵਿਆਹ ਬਾਹਰੇ ਹਨ, ਵਿਆਹ ਵਿਚ ਤਬਦੀਲ ਹੋਣ ਦੇ ਯਤਨਾਂ ਦੇ ਬਾਵਜੂਦ ਨਾਵਲ ਦੇ ਅੰਤ ਤਕ ਵਿਆਹ-ਬਾਹਾਰੇ ਹੀ ਬਣੇ ਰਹਿੰਦੇ ਹਨ, ਜੇਕਰ ਅਜਿਹਾ ਨਾ ਹੁੰਦਾ ਤਾਂ ਇਹ ਸਬੰਧ ਬਲਦੇਵ-ਮਨਰਾਜ ਪ੍ਰੇਮ ਸਬੰਧ ਤੋਂ ਵਖਰਾ ਨਹੀਂ ਸੀ ਹੋਣਾ ਅਤੇ ਇਹ ਵੀ ਵਿਆਹ ਵਰਗੀ ਸੰਸਥਾ ਦੀ ਭੇਟ ਚੜ੍ਹ ਜਾਣਾ ਸੀ। ਆਰੰਭ ਵਿਚ ਇਉਂ ਪ੍ਰਤੀਤ ਹੁੰਦਾ ਹੈ ਕਿ ਹੇਮਾ ਦੇ ਚਰਿੱਤਰ ਦਾ ਵਿਕਾਸ ਕਿਸੇ ਚਰਿੱਤਰਹੀਣ ਔਰਤ ਦੇ ਬਿੰਬ ਦੀਆਂ ਸੀਮਾਵਾਂ ਵਿਚ ਹੀ ਹੋ ਰਿਹਾ ਹੈ। ਉਹ ਬਲਦੇਵ ਪਾਸੋਂ ਕਈ ਤਰ੍ਹਾਂ ਦੀਆਂ ਗਰਜ਼ਾਂ ਦੀ ਪੂਰਤੀ ਕਰਨ ਵਾਲੀ ਖੁਦਗਰਜ਼ ਅੱਲੜ ਲੜਕੀ ਹੀ ਪ੍ਰਤੀਤ ਹੁੰਦੀ ਹੈ ਪਰ ਜਿਸ ਤਰ੍ਹਾਂ ਦਾ ਉਸ ਦਾ ਲਗਾਉ ਆਪਣੇ ਤੋਂ ਵੀਹ ਵਰ੍ਹੇ ਉਮਰੋਂ ਵੱਡੇ ਬਲਦੇਵ ਪ੍ਰਤੀ ਬਣਦਾ ਹੈ ਤੇ ਜਿੰਨੀ ਵਫ਼ਾ ਉਹ ਉਸ ਨਾਲ ਪਾਲਦੀ ਹੈ, ਉਸ ਤੋਂ ਉਸ ਦੇ ਚਰਿੱਤਰ ਨੂੰ ਵੀ ਵਿਸ਼ੇਸ਼ ਅਰਥ ਪ੍ਰਾਪਤ ਹੁੰਦੇ ਹਨ। ਬਲਦੇਵ ਨੂੰ ਲਿਖੇ ਉਸ ਦੇ ਪੱਤਰਾਂ 'ਚੋਂ ਜਿਹੜੀ ਬਹਿਬਲਤਾ ਤੇ ਖ਼ੂਬਸੂਰਤੀ ਝਲਕਦੀ ਹੈ, ਉਹ ਆਪਣੀ ਮਿਸਾਲ ਆਪ ਹੈ। ਹੇਮਾ ਦੇ ਚਰਿੱਤਰ ਦੀ ਇਹੋ ਉਤੇਜਨਾ ਭਰੀ ਖ਼ੂਬਸੂਰਤੀ ਹੀ ਬਲਦੇਵ ਨੂੰ ਕਲਾ ਦੇ ਵੇਡਰੇ ਕਾਰਜ ਲਈ ਉਕਸਾਉਂਦੀ ਹੈ। ਬਲਦੇਵ ਜੇਕਰ ਰੰਗਮੰਚ ਵਿਚ ਇਕ ਅਸਲੋਂ ਨਵਾਂ, ਅਨੋਖਾ ਤੇ ਕ੍ਰਾਂਤੀਕਾਰੀ ਤਜ਼ਰਬਾ ਕਰਨ ਦੇ ਯੋਗ ਹੋ ਜਾਂਦਾ ਹੈ ਤਾਂ ਇਸ ਵਿਚ ਕਾਫ਼ੀ ਯੋਗਦਾਨ ਹੇਮਾ ਦੇ ਚਰਿੱਤਰ ਦਾ ਹੀ ਹੈ। ਹੇਮਾ ਦੀ ਬਲਦੇਵ ਪ੍ਰਤੀ ਬੇਪਨਾਹ ਮੁਹੱਬਤ ਇਕ ਵਾਰ ਤਾਂ ਬਲਦੇਵ ਦੀ ਪਹਿਲੀ ਮੁਹੱਬਤ ਮਨਰਾਜ ਦੀ ਸੱਚੀ ਸੁੱਚੀ, ਕੁਰਬਾਨੀ ਭਰੀ, ਖ਼ੂਬਸੂਰਤ ਸਾਦਗੀ ਉਪਰ ਵੀ ਛਾ ਜਾਂਦੀ ਹੈ, ਪਰ ਨਾਵਲਕਾਰ ਅੰਤਮ ਰੂਪ ਵਿਚ ਅਜਿਹਾ ਹੋਣ ਨਹੀਂ ਦਿੰਦਾ। ਨਾਵਲ ਦੇ ਅੰਤ 'ਤੇ ਮਨਰਾਜ ਇਕ ਵਿਚਾਰਸ਼ੀਲ ਔਰਤ ਵਜੋਂ ਸਾਹਮਣੇ ਆਉਂਦੀ ਹੈ ਤੇ ਆਪਣੀ ਹੋਂਦ ਦੇ ਅਰਥਾਂ ਦਾ ਗਹਿਰਾ ਅਹਿਸਾਸ ਕਰਵਾਉਂਦੀ ਹੈ।

ਨਾਵਲਕਾਰ ਮਨੁੱਖੀ ਮਨ ਦੀਆਂ ਗੁੰਝਲਾਂ ਨੂੰ ਮਨੋਵਿਗਿਆਨਿਕ ਜੁਗਤਾਂ ਨਾਲ ਫ਼ਰੋਲਣ ਦਾ ਯਤਨ ਵੀ ਕਰਦਾ ਹੈ, ਪਰ ਉਹ ਮਨੋਵਿਗਿਆਨ ਉਪਰ ਪੱਕੀ ਟੇਕ ਨਹੀਂ ਰੱਖਦਾ, ਨਾਵਲ 'ਚ ਪ੍ਰਸ਼ਨ ਪੇਸ਼ ਹੈ ਕਿ ਔਰਤ ਆਖ਼ਰ ਚਾਹੰਦੀ ਕੀ ਹੈ? ਇਸ ਦਾ ਜਵਾਬ ਮਿਲਦਾ ਹੈ ਕਿ ਇਹ ਤਾਂ ਫਰਾਈਡ ਨੂੰ ਵੀ ਪਤਾ ਨਹੀਂ ਲਗਾ। ਦਰਅਸਲ, ਇਸ ਨਾਵਲ ਰਾਹੀਂ ਨਾਵਲਕਾਰ ਅਨੇਕਾਂ ਅੰਤਰ-ਦ੍ਰਿਸ਼ਟੀਆਂ ਰਾਹੀਂ ਵਿਆਪਕ ਪੱਧਰ 'ਤੇ ਪਸਰੇ ਹੋਏ ਪੰਜਾਬ ਦੇ ਸਮਕਾਲੀ ਯਥਾਰਥ ਦੀ ਅਨੇਕਾਂ ਪ੍ਰਕਾਰ ਦੀ ਉਥਲ-ਪੁਥਲ ਤੇ ਗਤੀਸ਼ੀਲਤਾ ਨੂੰ ਪਕੜਨ ਦਾ ਯਤਨ ਕਰਦਾ ਹੈ। 'ਮਾਤ ਲੋਕ' ਦੇ ਪ੍ਰਮੁੱਖ ਪਾਤਰ ਜਿਥੇ ਨਾਵਲਕਾਰ ਦੀਆਂ ਕਠਪੁਤਲੀਆਂ ਬਣਨ ਤੋਂ ਨਾਬਰ ਹਨ, ਉਥੇ ਨਾਵਲਕਾਰ ਖ਼ੁਦ ਵੀ ਉਨ੍ਹਾਂ ਨੂੰ ਨਿਖੇਧਾਤਮਿਕ ਸਾਹਿਤਕ, ਸਮਾਜਿਕ ਤੇ ਸੰਸਕ੍ਰਿਤਕ ਵਤੀਰੇ ਤੋਂ ਬਚਾਉਣ ਦਾ ਯਤਨ ਕਰਦਾ ਹੈ। ਇਸੇ ਲਈ ਤਾਂ ਨਾਵਲ ਵਿਚ ਬਹੁਚਰਚਿਤ ਲੂਣਾ ਸਲਵਾਨ ਦੇ ਉਮਰ-ਅੰਤਰ ਦੀ ਸ਼ਿਵ ਕੁਮਾਰੀਅਨ ਮਿੱਥ ਸਹਿਜ ਭਾ ਹੀ ਟੁੱਟ ਜਾਂਦੀ ਹੈ।

A City Limos Ltd.

Ph: 780-462-4940

Toll Free: 1-888-462-4623




Wedding
School Proms
Birthday
City Tours
Airport Service

Edmonton-Calgary Vancouver



Contact
780-951-7260

e-mail: dhaliwalsd@hotmail.com, www.acitylimousine.com

ਕੁਲਵੰਤ ਸਿੰਘ ਵਿਰਕ ਦੀ ਸ਼ਾਹਕਾਰ ਕਹਾਣੀ

# ਤੂੜੀ ਦੀ ਪੰਡ



**ਮਾਨਵਵਾਦੀ ਕਹਾਣੀਕਾਰ ਕੁਲਵੰਤ ਸਿੰਘ ਵਿਰਕ ਨੇ ਅਸਲੋਂ ਨਿਵਕੇਲੀਆਂ ਤੇ ਦਿਲ ਟੁੰਬਣ ਵਾਲੀਆਂ ਕਹਾਣੀਆਂ ਦੀ ਰਚਨਾ ਕਰ ਕੇ ਨਿੱਕੀ ਪੰਜਾਬੀ ਕਹਾਣੀ ਦੀ ਪ੍ਰੰਪਰਾ ਨੂੰ ਸਿਖਰਾਂ 'ਤੇ ਪਹੁੰਚਾਇਆ। 'ਤੂੜੀ ਦੀ ਪੰਡ' ਉਸ ਦੀ ਬਹੁ ਚਰਚਿਤ ਕਹਾਣੀ ਹੈ। ਸਮਾਜ ਦੇ ਤਬਦੀਲ ਹੋਣ ਅਤੇ ਭਾਈਚਾਰਕ ਕਦਰਾਂ ਕੀਮਤਾਂ ਦੀ ਟੁੱਟ ਭੱਜ ਦੇ ਵਿਸ਼ੇ ਨੂੰ ਇਸ ਕਹਾਣੀ ਵਿਚ ਬੜੀ ਖੂਬਸੂਰਤੀ ਨਾਲ ਪੇਸ਼ ਕੀਤਾ ਗਿਆ ਹੈ। ਇਸ ਕਹਾਣੀ ਦੇ ਕੇਂਦਰੀ ਪਾਤਰ ਇਕ ਬਜ਼ੁਰਗ ਦਾ ਆਪਣੀ ਸਰਦਾਰੀ ਦਾ ਸੰਸਾਰ ਕਿਵੇਂ ਸਮੇਂ ਦੇ ਵਹਿਣ ਵਿਚ ਖੁਰ ਜਾਂਦਾ ਹੈ, ਇਸ ਦਾ ਬਿਆਨ ਬੜੇ ਭਾਵਪੂਰਕ ਅਤੇ ਨਾਟਕੀ ਢੰਗ ਨਾਲ ਕਹਾਣੀ ਵਿਚ ਕੀਤਾ ਗਿਆ ਹੈ। ਭਾਵੇਂ ਇਹ ਬਜ਼ੁਰਗ ਬਦਲ ਰਹੇ ਸਮੇਂ ਦੀ ਹਕੀਕਤ ਦੇ ਸਾਰ ਤੋਂ ਅਣਜਾਣ ਹੈ ਪਰ ਜਦ ਉਹ ਪ੍ਰੰਪਰਾਗਤ ਪੇਂਡੂ ਭਾਈਚਾਰੇ ਨੂੰ ਤੂੜੀ ਦੀ ਪੰਡ ਵਾਂਗ ਤੀਲਾ ਤੀਲਾ ਬਿਖਰਦਾ ਵੇਖਦਾ ਹੈ ਤਾਂ ਉਸ ਨੂੰ ਪ੍ਰਤੀਤ ਹੋਣ ਲਗਦਾ ਹੈ ਕਿ ਇਸ ਬਿਖਰਾਅ ਅੱਗੇ ਹੁਣ ਉਸ ਦੀ ਕੋਈ ਪੇਸ਼ ਨਹੀਂ ਜਾਵੇਗੀ। - ਸੰਪਾਦਕ**

ਬਹਾਦਰ ਸਿੰਘ ਸੱਚਮੁਚ ਹੀ ਬੜਾ ਬਹਾਦਰ ਆਦਮੀ ਸੀ। ਉਸ ਦੀ ਬਹਾਦਰੀ ਕੇਵਲ ਡਾਂਗ ਸੋਟੇ ਦੀ ਬਹਾਦਰੀ ਨਹੀਂ ਸੀ, ਉਹ ਆਪਣੀ ਜਾਤ ਬਰਾਦਰੀ ਦੇ ਨਾਮ ਉਤੋਂ, ਅਣਖ ਉਤੋਂ ਮਰ ਮਿਟਣ ਵਾਲਾ ਆਦਮੀ ਸੀ। ਚੱਠਾ ਬਰਾਦਰੀ ਦੇ ਉਥੇ ਬਹੁਤ ਸਾਰੇ ਪਿੰਡ ਸਨ। ਬੱਸ ਇਹ ਬਰਾਦਰੀ ਹੀ ਬਹਾਦਰ ਸਿੰਘ ਦੀ ਜ਼ਿੰਦ ਜਾਨ ਸੀ। ਇਸ ਬਰਾਦਰੀ ਵਿਚ ਹਰ ਕਿਸੇ ਦਾ ਪੁੱਤਰ ਉਸ ਦਾ ਆਪਣਾ ਪੁੱਤਰ ਸੀ, ਹਰ ਕਿਸੇ ਦੀ ਧੀ ਉਸ ਦੀ ਆਪਣੀ ਧੀ ਤੇ ਹਰ ਕਿਸੇ ਦੀ ਨੂੰਹ ਉਸ ਦੀ ਆਪਣੀ ਨੂੰਹ ਸੀ। ਜੇ ਇਸ ਬਰਾਦਰੀ ਦੇ ਕਿਸੇ ਬੰਦੇ ਦੀ ਹੇਠੀ ਹੋ ਜਾਏ ਤਾਂ ਇਸ ਨੂੰ ਬਹਾਦਰ ਸਿੰਘ ਆਪਣੀ ਹੇਠੀ ਸਮਝਦਾ ਤੇ ਕਿਸੇ ਦਾ ਮਾਣ ਉਸ ਦਾ ਆਪਣਾ ਮਾਣ ਸੀ। ਇਹ ਬਰਾਦਰੀ ਬੱਸ ਬਹਾਦਰ ਸਿੰਘ ਦਾ ਇਕ ਵੱਡਾ ਟੱਬਰ ਸੀ ਜਿਸ ਉਤੇ ਉਸ ਨੇ ਕੁਕੜੀ ਵਾਂਗ ਆਪਣੇ ਖੰਭ ਖਿਲਾਰੇ ਹੋਏ ਸਨ। ਬਹਾਦਰ ਸਿੰਘ ਤੇ ਉਸ ਦੇ ਆਪਦੇ ਵਰਗੇ ਕੁੱਝ ਹੋਰ ਸਾਥੀ ਇਸ ਬਰਾਦਰੀ ਨੂੰ ਕੱਜ ਵਲ੍ਹੇਟ ਕੇ ਇਕੱਠਿਆਂ ਰੱਖਦੇ, ਪੁਰਾਣੀਆਂ ਗੱਲਾਂ ਸੁਣਾ ਸੁਣਾ ਕੇ ਇਸ ਦਾ ਸ੍ਵੈ-ਮਾਣ ਕਾਇਮ ਰਖਦੇ। ਨਵੀਂ ਨਸਲ ਦੇ ਮੁੰਡਿਆਂ ਨੂੰ ਉਹ ਚੱਠਿਆਂ ਦੀਆਂ ਇਕਮੁਠ ਹੋ ਕੇ ਲੜੀਆਂ ਲੜਾਈਆਂ ਦੇ ਕੱਟੀਆਂ ਭੀੜਾਂ ਦਾ ਹਾਲ ਦੱਸਦੇ। ਕਿਸ ਤਰ੍ਹਾਂ ਪਿਛਲੇ ਸਮਿਆਂ ਵਿਚ ਉਨ੍ਹਾਂ ਨੇ ਭੱਟੀਆਂ ਤੇ ਖਰਲਾਂ ਨੂੰ ਉਨ੍ਹਾਂ ਪਿੰਡਾਂ ਵਿਚੋਂ ਭਜਾ ਕੇ, ਉਨ੍ਹਾਂ ਦੀਆਂ ਜ਼ਮੀਨਾਂ ਵੰਡ ਕੇ ਉਥੇ ਨਵੇਂ ਪਿੰਡ ਵਸਾਏ। ਇਹੋ ਜਿਹੀਆਂ ਗੱਲਾਂ ਸੁਣਨ ਨਾਲ ਨਵੀਂ ਨਸਲ ਦੇ ਮਨ ਇਕ ਦੂਜੇ ਦੇ ਨੇੜੇ ਰਹਿੰਦੇ ਤੇ ਸੰਗਲੀ ਦੀਆਂ ਕੜੀਆਂ ਵਿਚ ਉਹ ਆਪੋ ਵਿਚ ਜੁੜੇ ਰਹਿੰਦੇ।

ਉਸ ਤਰ੍ਹਾਂ ਚੱਠਿਆਂ ਨੇ ਇਨ੍ਹਾਂ ਪਿੰਡਾਂ ਦਵਾਲੇ ਕੋਈ ਵਾੜ ਤਾਂ ਨਹੀਂ ਸੀ ਕੀਤੀ ਹੋਈ। ਬਰਾਦਰੀ ਦੇ ਲੋਕ ਇਨ੍ਹਾਂ ਪਿੰਡਾਂ ਦੇ ਆਰ ਪਾਰ ਲੰਘਦੇ, ਤੁਰਦੇ, ਘੋੜਿਆਂ 'ਤੇ, ਗੱਡਿਆਂ 'ਤੇ, ਮੋਟਰਾਂ 'ਤੇ, ਪਰ ਉਹ ਇਸ ਬਰਾਦਰੀ 'ਤੇ ਕੋਈ ਅਸਰ ਨਾ ਪਾਉਂਦੇ। ਕਿਸੇ ਨੂੰ ਛੋਂਹਦੇ ਨਾ, ਕਿਸੇ ਨੂੰ ਦੁਖਾ ਨਾ ਸਕਦੇ, ਕਿਸੇ ਨੂੰ ਨਿਵਾ ਨਾ ਸਕਦੇ। ਸਰਕਾਰ ਮੁਆਮਲਾ ਲੈਂਦੀ, ਪੁਲਿਸ ਚੋਰੀ ਕਰਨ ਵਾਲਿਆਂ ਨੂੰ, ਲੜਨ ਵਾਲਿਆਂ ਨੂੰ ਜੇਲ੍ਹ ਵਿਚ ਭਿਜਵਾ ਦੇਂਦੀ, ਪਰ ਇਹ ਬਰਾਦਰੀ ਫਿਰ ਵੀ ਇਕਮੁਠ ਡੱਬੀ ਵਾਂਗ ਬੰਦ ਰਹਿੰਦੀ। ਬਰਾਦਰੀ ਦੇ ਢਾਂਚੇ ਉਤੇ ਇਨ੍ਹਾਂ ਗੱਲਾਂ ਦਾ ਕੋਈ ਅਸਰ ਨਾ ਹੁੰਦਾ। ਹਲ ਵਗਦੇ ਰਹਿੰਦੇ, ਮੱਝਾਂ ਛੱਪੜਾਂ ਵਿਚ ਨਹਾਉਂਦੀਆਂ ਰਹਿੰਦੀਆਂ, ਰੋਟੀਆਂ ਪਕਦੀਆਂ ਰਹਿੰਦੀਆਂ ਤੇ ਕੰਮੀ ਸੇਵਾ ਕਰਦੇ ਰਹਿੰਦੇ। ਇਹ ਗੱਲਾਂ ਚੱਠਿਆਂ ਦੇ ਨਾਂ ਨੂੰ ਉੱਚਾ ਨੀਵਾਂ ਕਰਨ ਵਾਲੀਆਂ ਨਹੀਂ ਸਨ।

ਚੱਠਿਆਂ ਦੇ ਇਨ੍ਹਾਂ ਪਿੰਡਾਂ ਦੇ ਨੇੜੇ ਇਕ ਪਿੰਡ ਵੜੈਚਾਂ ਦਾ ਵੀ ਸੀ। ਵੜੈਚਾਂ ਦਾ ਉਸ ਤਰ੍ਹਾਂ ਤਾਂ ਇਕੋ ਹੀ ਪਿੰਡ ਸੀ ਤੇ ਚੱਠਿਆਂ ਦੇ ਬਹੁਤੇ, ਪਰ ਇਕ ਇਕ ਵੜੈਚ ਦੇ ਕਈ ਕਈ ਮੁਰੱਬੇ ਸਨ ਤੇ ਕਈਆਂ ਵੱਡਿਆਂ ਵੱਡਿਆਂ ਦੇ ਬਹਾਰ ਯੂ.ਪੀ. ਵਿਚ ਪਿੰਡਾਂ ਦੇ ਪਿੰਡ ਸਨ। ਚੱਠਿਆਂ ਵਿਚਾਰਿਆਂ ਦੀ ਭੋਇੰ ਮਸਾਂ ਗੁਜ਼ਾਰੇ ਜੋਗੀ ਹੀ ਸੀ। ਇਸ ਵਿਚੋਂ ਰੋਟੀ ਖਾਣ ਲਈ ਹਰ ਇਕ ਨੂੰ ਹੱਥੀਂ ਵਾਹੀ ਕਰਨੀ ਪੈਂਦੀ ਸੀ। ਪਰ ਉਨ੍ਹਾਂ ਕਦੀ ਵੜੈਚਾਂ ਦੀ ਸ਼ੁਕਾ ਸ਼ਾਕੀ ਦਾ ਰੋਅਬ ਨਹੀਂ ਮੰਨਿਆ ਸੀ ਤੇ ਨਾ ਕਦੀ ਉਨ੍ਹਾਂ ਦੀ ਫੂੰ ਫਾਂ ਤੋਂ ਡਰੇ ਸਨ।

ਕਹਿੰਦੇ ਨੇ ਮੋਟਰਾਂ ਆਉਣ ਤੋਂ ਪਹਿਲਾਂ ਵੜੈਚਾਂ ਦਾ ਸਭ ਤੋਂ ਵੱਡਾ ਸਰਦਾਰ, ਮਹਤਾਬ ਸਿੰਘ ਆਪਣੇ ਹਾਥੀ ਉਤੇ ਚੜ੍ਹ ਕੇ ਬਹਾਦਰ ਸਿੰਘ ਦੀ ਹਵੇਲੀ ਦੇ ਕੋਲੋਂ ਲੰਘ ਰਿਹਾ ਸੀ। ਬਹਾਦਰ ਸਿੰਘ ਆਪਣੇ ਇਕ ਪੁੱਤਰ ਨੂੰ ਉਂਗਲ ਲਾਈ ਬਾਹਰ ਖੜਾ ਸੀ। ਜਦੋਂ ਸਰਦਾਰ ਨੇੜੇ ਆਇਆ, ਤਾਂ ਉਸ ਮੁੰਡੇ ਵੱਲ ਇਸ਼ਾਰਾ ਕਰ ਕੇ ਬਹਾਦਰ ਸਿੰਘ ਨੇ ਕਿਹਾ, ''ਸਰਦਾਰ ਮਹਤਾਬ ਸਿਹਾਂ! ਆਹ ਮੇਰਾ ਮੁੰਡਾ ਤੇ ਪਿੰਡ ਤੀਕਰ ਹਾਥੀ 'ਤੇ ਬਹਾਈ ਲਜਾ।'' ਸਰਦਾਰ ਵਿਚਾਰਾ ਨਾ ਹਾਂ ਕਰਨ ਜੋਗਾ ਤੇ ਨਾ ਨਾਂਹ ਕਰਨ ਜੋਗਾ। ਖਸਿਆਣਾ ਜਿਹਾ ਹੋ ਕੇ ਕਹਿਣ ਲੱਗਾ, ''ਭਈ? ਉਤੇ ਬਿਠਾ ਕੇ ਅਸੀਂ ਲਈ ਚਲਾਂਗੇ।'' ਬਹਾਦਰ ਸਿੰਘ ਦੀ ਮੁੰਡਾ ਪਿੰਡ ਅਪੜਾਣ ਦੀ ਕੋਈ ਇੱਛਾ ਨਹੀਂ ਸੀ। ਇਹ ਗੱਲ ਤਾਂ ਉਸ ਨੇ ਕੇਵਲ ਆਪਣੇ ਆਪ ਨੂੰ ਹਾਥੀ ਚੜ੍ਹੇ ਸਰਦਾਰ ਦੇ ਪੱਧਰ ਉਤੇ ਲਿਆਉਣ ਲਈ ਕਹੀ ਸੀ। ਬਹਾਦਰ ਸਿੰਘ ਉਸ ਵੇਲੇ ਇਕੱਲਾ ਨਹੀਂ ਬੋਲ ਰਿਹਾ ਸੀ। ਉਸ ਦੀ ਆਵਾਜ਼ ਵਿਚੋਂ ਉਸ ਦੇ ਸੈਂਕੜੇ ਸਾਥੀਆਂ ਦੀ, ਚੱਠਿਆਂ ਦੇ ਪਿੰਡਾਂ ਦੇ ਪਿੰਡਾਂ ਦੀ ਤਾਕਤ ਬੋਲ ਰਹੀ ਸੀ।

ਇੱਕ ਵਾਰ ਡਿਸਟ੍ਰਿਕਟ ਬੋਰਡ ਦੀਆਂ ਚੋਣਾਂ ਸਨ। ਵੜੈਚਾਂ ਦਾ ਇੱਕ ਸਰਦਾਰ ਵੀ ਮੈਂਬਰੀ ਲਈ ਖਲੋ ਗਿਆ ਤੇ ਮੋਟਰਾਂ 'ਤੇ ਚੜ੍ਹ ਕੇ ਵੋਟਾਂ ਮੰਗਣ ਬਹਾਦਰ ਸਿੰਘ ਦੇ ਪਿੰਡ ਆ ਗਿਆ। ਬਹਾਦਰ ਸਿੰਘ ਉਸ ਨੂੰ ਕੋਈ ਵੋਟਾਂ ਨਹੀਂ ਪਵਾਣਾ ਚਾਹੁੰਦਾ ਸੀ। ਕਿਉਂਕਿ ਮੁਕਾਬਲੇ ਵਿਚ ਚੱਠਿਆਂ ਵਿਚੋਂ ਵੀ ਇੱਕ ਆਦਮੀ ਖਲੋਤਾ ਸੀ। ਉਸ ਨੂੰ ਇਕ ਮਖੌਲ ਸੁਝਿਆ। ਹੁੱਕਾ ਫੜੀ ਜਾਂਦੇ ਪਿੰਡ ਦੇ ਇੱਕ ਚੂਹੜੇ ਵੱਲ ਉਂਗਲੀ ਕਰ ਕੇ ਕਹਿਣ ਲੱਗਾ, ''ਸਰਦਾਰ ਜੀ, ਅਸੀਂ ਤਾਂ ਤੁਹਾਡੇ ਗੁਆਂਢੀ ਹੋਏ, ਤੁਹਾਥੋਂ ਬਾਹਰ ਨਹੀਂ ਜਾ ਸਕਦੇ, ਪਰ ਔਹ ਬਾਬਾ ਸਾਡੇ ਪਿੰਡ ਦਾ ਚੌਧਰੀ ਏ, ਜਿਧਰ ਉਹ ਆਖੇ ਓਧਰ ਈ ਸਾਡਾ ਸਾਰਾ ਪਿੰਡ ਵੋਟਾਂ ਪਾ ਦੇਂਦਾ ਏ। ਉਹਨੂੰ ਜ਼ਰਾ ਮਨਾ ਲਉ।''

ਸਰਦਾਰ ਵਿਚਾਰਾ ਭੱਜ ਕੇ ਉਸ ਚੂਹੜੇ ਪਿੱਛੇ ਗਿਆ। ਉਹ ਉਸ ਦਾ ਆਦਰ ਮਾਣ ਕਰਨ ਲਈ ਉਸ ਦੇ ਨੇੜੇ ਹੋਵੇ ਤੇ ਚੂਹੜਾ ਵਿਚਾਰਾ ਪਰ੍ਹਾਂ ਪਰ੍ਹਾਂ ਹੋਵੇ ਪਈ ਸਰਦਾਰ ਕਿਧਰੇ ਭਿੱਟਿਆ ਨਾ ਜਾਵੇ। ਪਿੱਛੋਂ ਬਹਾਦਰ ਸਿੰਘ ਤੇ ਉਥੇ ਬੈਠੇ ਹੋਰ ਬੰਦਿਆਂ ਦਾ ਹਾਸਾ ਨਿਕਲ ਗਿਆ ਤੇ ਸਰਦਾਰ ਵਿਚਾਰਾ ਸ਼ਰਮਿੰਦਾ ਹੋ ਕੇ ਆਪਣੇ ਪਿੰਡ ਨੂੰ ਮੁੜ ਗਿਆ। ਪਿੱਛੋਂ ਉਹ ਸਰਦਾਰ ਕਹਿੰਦਾ ਫਿਰਦਾ ਸੀ, ''ਭਈ ਚੱਠਿਆਂ ਦੇ ਦਵਾਲੇ 'ਤੇ ਇਕ ਵਲਗਣ ਵਲਿਆ ਹੋਇਆ ਹੈ, ਇਸ ਵਿਚੋਂ ਲੰਘਣਾ ਬੜਾ ਔਖਾ ਏ।''

ਇੱਕ ਦਿਨ ਚੱਠਿਆਂ ਦੇ ਇਸ ਵਲਗਣ ਵਿਚ ਮਘੋਰਾ ਹੋਣ ਦੀ ਖ਼ਬਰ ਆਈ। ਇਕ ਫੌਜੀ ਚੱਠੇ ਨੇ ਆਪਦੀ ਪਹਿਲੀ ਵਹੁਟੀ ਛੱਡ ਕੇ ਇਕ ਹੋਰ ਵਿਆਹ ਕਰ ਲਿਆ ਸੀ ਤੇ ਉਸ ਦੀ ਪਹਿਲੀ ਵਹੁਟੀ ਆਪਣੀ ਛੋਟੀ ਜਿਹੀ ਕੁੜੀ ਸਮੇਤ ਅਪਣੇ ਪੇਕਿਆਂ ਦੇ ਘਰ ਰਹਿੰਦੀ ਸੀ। ਪੇਕਿਆਂ ਦਾ ਹੱਥ ਤੰਗ ਵੇਖ ਕੇ ਉਸ ਔਰਤ ਨੇ ਸ਼ਹਿਰ ਵਿਚ ਜਾ ਕੇ ਇਕ ਸਰਦਾਰ ਦੇ ਘਰ ਨੌਕਰੀ ਕਰ ਲਈ। ਇਹ ਸਰਦਾਰ ਕਿਸੇ ਦਫ਼ਤਰ ਵਿਚ ਨੌਕਰ ਸੀ। ਹੌਲੀ ਹੌਲੀ ਗੱਲ ਨਿਕਲ ਆਈ ਕਿ ਚੱਠਿਆਂ ਦੀ ਇਕ ਨੂੰਹ ਸ਼ਹਿਰ ਵਿਚ ਕਿਸੇ ਦੇ ਘਰ ਨੌਕਰੀ ਕਰਦੀ ਹੈ। ਬਹਾਦਰ ਸਿੰਘ ਨੇ ਜਦ ਇਹ ਸੁਣਿਆ ਤਾਂ ਉਸ ਨੂੰ ਬੜਾ ਦੁੱਖ ਹੋਇਆ। ਜੇ ਉਨ੍ਹਾਂ ਦੀ ਨੂੰਹ ਕਿਸੇ ਦੇ ਘਰ ਨੌਕਰੀ ਕਰਦੀ ਫਿਰੇ ਤਾਂ ਉਨ੍ਹਾਂ ਦੀ ਕੀ ਇੱਜ਼ਤ ਰਹਿ ਗਈ? ਕੀ ਹੋਇਆ ਜੇ ਉਹ ਉਸ ਦੀ ਆਪਣੀ ਨੂੰਹ ਨਹੀਂ ਸੀ? ਉਨ੍ਹਾਂ ਦੇ ਪਿੰਡ ਦੀ ਵੀ ਨਹੀਂ ਸੀ, ਸਗੋਂ ਦੂਸਰੇ ਤੀਸਰੇ ਪਿੰਡ ਦੀ ਸੀ। ਫਿਰ ਵੀ ਉਹ ਸੀ ਤਾਂ ਚੱਠਿਆਂ ਦੀ ਨੂੰਹ ਤੇ ਇਸ ਲਈ ਬਹਾਦਰ ਸਿੰਘ ਦੀ ਆਪਣੀ ਨੂੰਹ ਸੀ।

ਬਹਾਦਰ ਸਿੰਘ ਘਰੋਂ ਕੁੱਝ ਐਡਾ ਸੌਖਾ ਨਹੀਂ ਸੀ ਫਿਰ ਵੀ ਉਹ ਨਹੀਂ ਚਾਹੁੰਦਾ ਸੀ ਕਿ ਚੱਠਿਆਂ ਦੀ ਇਕ ਨੂੰਹ ਸ਼ਹਿਰ ਵਿਚ ਨੌਕਰੀ ਕਰਦੀ ਫਿਰੇ। ਪਰ ਇਸ ਵਿਚ ਉਸ ਵਿਚਾਰੀ ਦਾ ਕੀ ਕਸੂਰ ਸੀ? ਜੇ ਉਸ ਦਾ ਢਿੱਡ ਨਾ ਟੁਰੇ ਤਾਂ ਉਸ ਨੌਕਰੀ ਤਾਂ ਕਰਨੀ ਹੋਈ। ਇਸ ਮੁਆਮਲੇ ਨੂੰ ਨਜਿੱਠਣ ਦਾ ਇਕੋ ਹੀ ਢੰਗ ਸੀ ਕਿ ਬਹਾਦਰ ਸਿੰਘ ਉਸ ਨੂੰ ਆਪਣੇ ਘਰ ਲੈ ਆਵੇ। ਉਸ ਨੂੰ ਘਰ ਲਿਆਉਣ ਦੀ ਸਲਾਹ ਬਹਾਦਰ ਸਿੰਘ ਨੇ ਆਪਣੇ ਪੁੱਤਰ ਨਾਲ ਵੀ ਕੀਤੀ। ਚੱਠਿਆਂ ਦੀ ਨੂੰਹ ਦਾ ਕਿਸੇ ਦੇ ਘਰ ਨੌਕਰੀ ਕਰਨਾ ਮੁੰਡੇ ਦੇ ਸ੍ਵੈਮਾਨ 'ਤੇ ਸੱਟ ਮਾਰਦਾ ਸੀ, ਪਰ ਉਸ ਨੂੰ ਇਹ ਵੀ ਪਸੰਦ ਨਹੀਂ ਸੀ ਕਿ ਬਹਾਦਰ ਸਿੰਘ ਉਸ ਜਨਾਨੀ ਦਾ ਸਾਰੀ ਉਮਰ ਦਾ ਖ਼ਰਚ ਆਪਣੇ ਸਿਰ 'ਤੇ ਚੁੱਕ ਲਵੇ।

''ਜਿਸ ਤਰ੍ਹਾਂ ਕਿਸੇ ਦਾ ਝੱਟ ਲੰਘੇ, ;ਉਸ ਲੰਘਾਣਾ ਹੋਇਆ, ਬਾਪੂ ਤੈਨੂੰ ਇਸ ਨਾਲ ਕੀ? ਤੂੰ ਕੋਈ ਸਾਰੀ ਦੁਨੀਆ ਨੂੰ ਘਰ ਬੈਠਿਆਂ ਰੋਟੀ ਦੇ ਸਕਨੈ?'' ਉਸ ਦੇ ਪੁੱਤਰ ਨੇ ਦਲੀਲ ਦਿਤੀ, ਪਰ ਬਹਾਦਰ ਸਿੰਘ ਲਈ ਇਹ ਕੋਈ ਲੰਮੀਆਂ ਬਹਿਸਾਂ ਦਾ ਸਵਾਲ ਨਹੀਂ ਸੀ, ਸਗੋਂ ਇਕ ਔਰਤ ਨੂੰ ਆਪਣੇ ਘਰ ਰੋਟੀ ਦੇ ਕੇ ਸਾਰੀ ਬਰਾਦਰੀ ਦੀ ਇੱਜ਼ਤ ਬਚਾਣ ਦਾ ਸਵਾਲ ਸੀ। ਇਕ ਡਾਰੋਂ ਨਿਖੜੀ ਕੂੰਜ ਨੂੰ ਡਾਰ ਦੇ ਵਿਚ ਰਲਾਣ ਦਾ ਸਵਾਲ ਸੀ। ਬਹਾਦਰ ਸਿੰਘ ਨੂੰ ਇਹ ਨਿਸਚਾ ਸੀ ਕਿ ਜਿੰਨਾ ਚਿਰ ਉਹ ਸ਼ਹਿਰ ਵਿਚ ਨੌਕਰੀ ਕਰਦੀ ਸੀ ਉਤਨਾ ਚਿਰ ਉਹ ਅਰਾਮ ਨਾਲ ਰੋਟੀ ਨਹੀਂ ਸੀ ਖਾ ਸਕਦਾ। ਅਖ਼ੀਰ ਉਹ ਉਸ ਔਰਤ ਨੂੰ ਸਮਝਾ ਬੁਝਾ ਕੇ ਆਪਣੇ ਘਰ ਲੈ ਆਇਆ ਤੇ ਇਸ ਤਰ੍ਹਾਂ ਚੱਠਿਆਂ ਦੇ ਹਵਾਲੇ ਦੇ ਵਲਗਣ ਵਿਚ ਜੋ ਮਘੋਰਾ ਹੋ ਗਿਆ ਸੀ, ਉਸ ਨੂੰ ਬੰਦ ਕਰ ਦਿਤਾ। ਹੁਣ ਬਹਾਦਰ ਸਿੰਘ ਘੋੜੀ ਉਤੇ ਚੜ੍ਹ ਕੇ ਪਿੰਡੋਂ ਪਿੰਡ ਜਾਂਦਾ ਤੇ ਆਪਣੇ ਇਸ ਕੰਮ ਬਾਰੇ ਲੋਕਾਂ ਦੇ ਪ੍ਰਤੀਕਰਮ ਦੀਆਂ ਕਨਸੋਆਂ ਲੈਂਦਾ। ਉਸ ਦੇ ਕੰਮ ਦੀ ਹਰ ਪਾਸੇ ਸ਼ਲਾਘਾ ਹੀ ਸ਼ਲਾਘਾ ਸੀ।

ਇਸ ਗੱਲ ਨੂੰ ਕਈ ਸਾਲ ਬੀਤ ਗਏ। ਬਹਾਦਰ ਸਿੰਘ ਦੇ ਵਡੇਰੇ ਹੋ ਰਹੇ ਸਰੀਰ ਨੇ ਕਈ ਸਿਆਲ ਹੋਰ ਵੇਖੇ ਤਾਂ ਚੋਣਾਂ ਇਕ ਵਾਰ ਆ ਫਿਰ ਗਈਆਂ। ਇਕ ਪਾਸੇ ਇਕ ਚੱਠਾ ਖਲੋਤਾ ਸੀ ਤੇ ਉਸ ਦੇ ਮੁਕਾਬਲੇ ਵਿਚ ਸ਼ਹਿਰ ਦਾ ਇਕ ਵਕੀਲ ਸੀ। ਬਹਾਦਰ ਸਿੰਘ ਲਈ ਵੋਟ ਪਾਣ ਦਾ ਸਵਾਲ ਬਿਲਕੁਲ ਸਾਫ਼ ਸੀ। ਸਾਰੇ ਚੱਠਿਆਂ ਨੂੰ ਚਾਹੀਦਾ ਸੀ ਕਿ ਉਹ ਚੱਠੇ ਉਮੀਦਵਾਰ ਨੂੰ ਵੋਟਾਂ ਪਾ ਦੇਣ ਤੇ ਹੋਰ ਪੈਸੇ ਟਕੇ ਨਾਲ ਵੀ ਉਸ ਦੀ ਸਹਾਇਤਾ ਕਰਨ। ਪਰ ਉਸ ਵਕੀਲ ਨੇ ਇਕ ਹੋਰ ਜਾਲ ਸੁਟਿਆ ਹੋਇਆ ਸੀ। ਉਸ ਨੇ ਚੱਠਿਆਂ ਦੇ ਪਿੰਡਾਂ ਵਿਚ ਇਹ ਗੱਲ ਧੁਮਾ ਦਿਤੀ ਕਿ ਜੇ ਸਾਰੇ ਚੱਠੇ ਉਸ ਨੂੰ ਵੋਟਾਂ ਪਾਣ ਤਾਂ ਉਹ ਦਸ ਹਜ਼ਾਰ ਰੁਪਇਆ ਲਾ ਕੇ ਉਨ੍ਹਾਂ ਦੇ ਪਿੰਡਾਂ ਵਿਚ ਇਕ ਸਕੂਲ ਬਣਾ ਦੇਵੇਗਾ। ਉਨ੍ਹਾਂ ਦੇ ਸਾਰੇ ਫ਼ੌਜੀ ਪਿਨਸ਼ਨੀਏ ਇਸ ਕਰ ਕੇ ਉਸ ਵਕੀਲ ਨੂੰ ਵੋਟਾਂ ਪਾਉਣ ਦੇ ਹੱਕ ਵਿਚ ਸਨ। 'ਜੇ ਸਕੂਲ ਬਣ ਗਿਆ' ਉਹ ਆਖਦੇ 'ਤਾਂ ਮੁੰਡੇ ਪੜ੍ਹਨਗੇ ਤੇ ਨੌਕਰੀਆਂ 'ਤੇ ਲੱਗਣਗੇ। ਅੱਗੇ ਹੀ ਜ਼ਮੀਨਾਂ ਸੌੜੀਆਂ ਹੋ ਰਹੀਆਂ ਨੇ। ਮੈਂਬਰੀ ਦਾ ਕੀ ਫ਼ਾਇਦਾ? ਚੱਠਾ ਹੋ ਗਿਆ ਤਾਂ ਕੀ, ਜੇ ਵਕੀਲ ਹੋ ਗਿਆ ਤਾਂ ਕੀ? ਬਹੁਤ ਲੋਕ ਫ਼ੌਜੀਆਂ ਦੇ ਮਗਰ ਲੱਗ ਟੁਰੇ ਤੇ ਇਹ ਫ਼ੈਸਲਾ ਹੋਇਆ ਕਿ ਸਾਰੀਆਂ ਵੋਟਾਂ ਵਕੀਲ ਨੂੰ ਹੀ ਪਾਈਆਂ ਜਾਣ ਤੇ ਚੱਠਾ ਉਮੀਦਵਾਰ ਬੈਠ ਜਾਵੇ।

ਜਿਸ ਦਿਨ ਇਹ ਫ਼ੈਸਲਾ ਹੋਇਆ ਉਹ ਦਿਨ ਬਹਾਦਰ ਸਿੰਘ ਲਈ ਬੜਾ ਔਖਾ ਸੀ। ਉਸ ਦਾ ਜੀ ਕਰਦਾ ਸੀ ਕਿ ਉਹ ਆਪਣੀ ਸਾਰੀ ਜ਼ਮੀਨ ਵੇਚ ਕੇ ਰੁਪਿਆ ਇਕੱਠਾ ਕਰ ਕੇ ਤੇ ਫਿਰ ਲੋਕਾਂ ਨੂੰ ਕਹੇ, ''ਆਓ, ਮੈਂ ਤੁਹਾਨੂੰ ਸਕੂਲ ਬਣਵਾ ਦਿੰਦਾ ਹਾਂ, ਤੁਸੀਂ ਵੋਟਾਂ ਆਪਣੇ ਚੱਠੇ ਭਰਾ ਨੂੰ ਪਾਵੋ, ਤਕੜੇ ਹੋਵੋ, ਐਵੇਂ ਕਿਉਂ ਇਧਰ ਓਧਰ ਦੀਆਂ ਰੋਹੜਾਂ ਨਾਲ ਰੁੜ੍ਹਦੇ ਫਿਰਦੇ ਓ?'' ਪਰ ਉਸ ਦੀ ਜ਼ਮੀਨ ਸ਼ਾਇਦ ਏਨੇ ਰੁਪਿਆਂ ਦੀ ਹੈ ਨਹੀਂ ਸੀ ਤੇ ਨਾਲੇ ਜ਼ਮੀਨ ਵੇਚਣਾ ਕਿਹੜਾ ਸੌਖਾ ਕੰਮ ਸੀ। ਉਸ ਨੂੰ ਬੜਾ ਅਫ਼ਸੋਸ ਸੀ ਕਿ ਆਲੇ ਦੁਆਲੇ ਤੋਂ ਆਰਥਿਕ ਕਾਂਗਾਂ ਆ ਕੇ ਉਸ ਦੇ ਇਲਾਕੇ ਨੂੰ ਚੀਰ ਰਹੀਆਂ ਸਨ ਤੇ ਉਨ੍ਹਾਂ ਦੇ ਆਪਣੇ ਘਰ ਵਿਚ ਬਹਾਰਲੇ ਲੋਕ ਚੌਧਰੀ ਬਣੀ ਜਾਂਦੇ ਸਨ।

ਬਹਾਦਰ ਸਿੰਘ ਦੇ ਪਿੰਡ ਦਾ ਇਕ ਜੱਟ ਮੁੰਡਾ ਜ਼ਮੀਨ ਉਤੇ ਗੁਜ਼ਾਰਾ ਨਾ ਹੁੰਦਾ ਦੇਖ ਕੇ ਟਾਂਗਾ ਵਾਹੁਣ ਲੱਗ ਪਿਆ ਸੀ। ਬਹਾਦਰ ਸਿੰਘ ਨੂੰ ਇਹ ਕੰਮ ਕੁੱਝ ਭੈੜਾ ਜਿਹਾ ਲਗਦਾ ਸੀ। ਟਾਂਗੇ ਵਾਲਾ ਜਣੇ ਖਣੇ ਦਾ ਨੌਕਰ ਸੀ। ਜਿਸ ਦੇ ਬੋਝੇ ਵਿਚ ਚਾਰ ਪੈਸੇ ਹੋਣ, ਉਸ ਨੂੰ ਹੀ ਜੀ ਜੀ ਤੇ ਉਸ ਦਾ ਉਹ ਬੈਲ। ਪਰ ਇਸ ਕੰਮ ਵਿਚ ਇਕ ਹੋਰ ਗੱਲ ਜੋ ਬਹਾਦਰ ਸਿੰਘ ਨੂੰ ਵਧੇਰੇ ਚੁੱਭਦੀ ਸੀ, ਇਹ ਸੀ ਕਿ ਹੋਰ ਟਾਂਗਿਆਂ ਵਾਲੇ ਕੋਈ ਮਹਿਰਾ ਸੀ ਤੇ ਕੋਈ ਨਾਈ ਸੀ। ਉਸ ਚੱਠੇ ਮੁੰਡੇ ਦੀ ਇਨ੍ਹਾਂ ਨਾਲ ਹੀ ਦੋਸਤੀ ਸੀ ਤੇ ਇਨ੍ਹਾਂ ਨਾਲ ਹੀ ਬਹਿਣ ਖਲੋਣ ਕਿਸੇ ਵੇਖਣ ਵਾਲੇ ਲਈ ਤਾਂ ਇਹ ਬੁੱਝਣਾ ਵੀ ਔਖਾ ਸੀ ਕਿ ਉਹ ਚੱਠਿਆਂ ਦਾ ਮੁੰਡਾ ਸੀ ਕਿ ਝਿਊਰਾਂ ਦਾ। ਤੇ ਫਿਰ ਬਹਾਦਰ ਸਿੰਘ ਨੇ ਸੁਣਿਆ ਕਿ ਉਸ ਮੁੰਡੇ ਨੇ ਇਕ ਦਿਨ ਟਾਂਗੇ ਵਾਲੇ ਝੀਊਰ ਨੂੰ ਆਪਣੇ ਨਾਲ ਘਰ ਲੈ ਆਂਦਾ। ਦੋਹਾਂ ਨੇ ਇਕੱਠੇ ਬੈਠ ਕੇ ਸ਼ਰਾਬ ਪੀਤੀ ਤੇ ਫਿਰ ਚੱਠੇ ਮੁੰਡੇ ਦੀ ਵਹੁਟੀ ਨੇ ਉਨ੍ਹਾਂ ਦੋਹਾਂ ਨੂੰ ਰੋਟੀਆਂ ਖਵਾਈਆਂ। ਇਹ ਸੁਣ ਕੇ ਬਹਾਦਰ ਸਿੰਘ ਨੂੰ ਅੱਗ ਲੱਗ ਪਈ। ਕੋਈ ਝੀਊਰ ਕਿਸੇ ਚੱਠੇ ਜੱਟ ਦੇ ਘਰ ਬੈਠ ਕੇ ਸ਼ਰਾਬ ਪੀਏ ਤੇ ਫਿਰ ਚੱਠਿਆਂ ਦੀ ਨੂੰਹ ਉਸ ਝੀਊਰ ਨੂੰ ਰੋਟੀ ਖਵਾਏ, ਇਹ ਗੱਲ ਬੁੱਢੇ ਹੋਏ ਬਹਾਦਰ ਸਿੰਘ ਤੋਂ ਜਰੀ ਜਾਣ ਵਾਲੀ ਨਹੀਂ ਸੀ। ਅਗਲੇ ਦਿਨ ਜਦ ਉਹ ਟਾਂਗੇ ਵਾਲਾ ਮੁੰਡਾ ਬਹਾਦਰ ਸਿੰਘ ਨੂੰ ਮਿਲਿਆ ਤਾਂ ਉਸ ਨੇ ਉਸ ਨਾਲ ਗੱਲ ਛੇੜੀ।

'ਸੋਹਣਿਆ, ਸਾਊ ਤਾਂ ਨਹੀਂ ਨਾ ਝੀਊਰਾਂ ਨੂੰ ਘਰੀਂ ਲਿਆ ਕੇ ਸ਼ਰਾਬਾਂ ਪਿਆਂਦੇ।'

'ਚਾਚਾ, ਝੀਊਰ ਹੋਵੇ, ਕੋਈ ਸਰਦਾਰ ਹੋਵੇ, ਟਾਂਗੇ ਵਾਲੇ ਸਾਰੇ ਟਾਂਗੇ ਵਾਲੇ ਹੀ ਹੁੰਦੇ ਨੇ।'

''ਪੁੱਤਰ, ਟਾਂਗੇ ਵਾਲਾ ਤੇ ਹੋਇਆ ਨਾ ਤੂੰ ਅੱਡੇ 'ਤੇ, ਪਿੰਡ ਵਿਚ ਤੇ ਤੂੰ ਸਾਡਾ ਪੁੱਤਰ ਏਂ। ਸਾਡੀ ਨੂੰਹ ਕੋਲੋਂ ਤੇ ਨਾ ਨਾ ਝੀਊਰਾਂ ਨੂੰ ਰੋਟੀਆਂ ਖਵਾਇਆ ਕਰ। ਝੀਊਰਾਂ ਸਾਡੇ ਭਾਂਡੇ ਮਾਂਜਣੇ ਨੇ ਕਿ ਸਾਡੇ ਨਾਲ ਸਾਵਿਆਂ ਬੈਠ ਕੇ ਸਾਡੀਆਂ ਨੂੰਹਾਂ ਹੱਥੋਂ ਰੋਟੀਆਂ ਖਾਣੀਆਂ ਨੇ?''

'ਨਿਰਾ ਅੱਡੇ 'ਤੇ ਟਾਂਗੇ ਵਾਲਾ ਹੋਇਆ ਨਹੀਂ ਕੰਮ ਚਲਦਾ, ਚਾਚਾ। ਰਾਹ ਵਿਚ ਜੇ ਮੇਰਾ ਟਾਂਗਾ ਪਾਸ ਪੈ ਜਾਏ ਜਾਂ ਮੇਰਾ ਸਾਜ ਟੁੱਟ ਜਾਏ, ਜਾਂ ਮੇਰੇ ਘੋੜੇ ਨੂੰ ਕੁੱਝ ਹੋ ਜਾਏ ਤਾਂ ਕਿਸੇ ਟਾਂਗੇ ਵਾਲੇ ਨੇ ਹੀ ਆ ਕੇ ਮੇਰੀ ਬਾਂਹ ਫੜਨੀ ਏ ਨਾ। ਜੇ ਕੋਈ ਸਵਾਰੀ ਮੇਰੇ ਨਾਲ ਵਾਧੀ ਘਾਟੀ ਗੱਲ ਕਰੇ ਤਾਂ ਮੈਂ ਟਾਂਗੇ ਵਾਲਿਆਂ ਦੇ ਸਿਰ 'ਤੇ ਈ ਉਸ ਦਾ ਜਵਾਬ ਦੇਣਾ ਏ ਨਾ। ਜੇ ਅੱਡੇ ਦਾ ਠੇਕੇਦਾਰ ਫ਼ੀਸਾਂ ਵਧਾ ਦੇਵੇ ਤਾਂ ਅਸਾਂ ਟਾਂਗੇ ਵਾਲਿਆਂ ਨੇ ਇਕੱਠੇ ਈ ਲੜਨਾ ਮਰਨਾ ਏ ਨਾ। ਸਾਡਾ ਤੇ ਬੱਸ ਹੁਣ ਉਨ੍ਹਾਂ ਨਾਲ ਈ ਭਾਈਚਾਰਾ ਬਰਾਦਰੀ ਏ।''

''ਤਾਂ ਵੀ, ਪੁੱਤਰ, ਆਪਣੀ ਜੱਦ ਦਾ ਰੁਹਬ 'ਤੇ ਰੱਖੀਦਾ ਏ ਨਾ।''

''ਨਹੀਂ, ਚਾਚਾ, ਸਾਡਾ ਰੁਹਬ ਤੇ ਆਪੋ ਵਿਚ ਰਲ ਕੇ ਬਹਿਣ ਨਾਲ ਈ ਏ। ਇਕ ਦੂਜੇ ਤੋਂ ਵੱਡੇ ਬਣਨ ਵਿਚ ਨਹੀਂ। ਤੂੰ ਤੇ ਹਰ ਕਿਸੇ ਨੂੰ ਰੋਟੀ ਕਮਾਣ ਤੋਂ ਵਰਜਦਾ ਫਿਰਨਾ ਏਂ। ਤੂੰ ਆਹਨਾ ਏਂ ਬੱਸ ਆਪਣੀ ਆਕੜ ਵਿਚ ਘਰ ਬੈਠੇ ਰਹੋ, ਭਾਵੇਂ ਭੁੱਖੇ ਮਰ ਜਾਉ। ਅਗਲੇ ਦਿਨ ਨੂੰ ਆਂਹਦਾ ਪਿਆ ਸੈਂ ਨਿਸ਼ਾਨਾ ਤਸੀਲਦਾਰ ਦਾ ਅਰਦਲੀ ਕਿਉਂ ਬਣ ਗਿਆ ਏ। ਸੌਹਰਾ ਖਤਰੇਟੇ ਜਹੇ ਤਸੀਲਦਾਰ ਦੇ ਭਾਂਡੇ ਮਾਂਜਦਾ ਫਿਰਦਾ ਏ।''

ਬਹਾਦਰ ਸਿੰਘ ਚੁੱਪ ਹੋ ਗਿਆ। ਚੱਠਿਆਂ ਦੇ ਕਿੱਲ੍ਹੇ ਵਿਚ ਬੜੀ ਕੋਝੀ ਮੋਰੀ ਹੋ ਗਈ ਸੀ ਤੇ ਜਿਸ ਨੇ ਇਹ ਮੋਰੀ ਕੀਤੀ ਸੀ ਉਹ ਇਸ ਨੂੰ ਆਪਣੀ ਰੋਟੀ ਕਮਾਣ ਲਈ, ਸਾਹ ਲੈਣ ਲਈ, ਜੀਊਂਦੇ ਰਹਿਣ ਲਈ ਜ਼ਰੂਰੀ ਸਮਝਦਾ ਸੀ।

ਕੁੱਝ ਸਾਲ ਹੋਰ ਲੰਘ ਗਏ। ਬਹਾਦਰ ਸਿੰਘ ਅੰਮ੍ਰਿਤਸਰ ਗਿਆ। ਸ਼ਹਿਰ ਦੇ ਨੇੜੇ ਨਾਖਾਂ ਦਾ ਇੱਕ ਬਾਗ ਸੀ। ਬਾਗ ਵਾਲੇ ਨੇ ਇਸ ਵਿਚ ਪੰਜ ਛੇ ਮੁੰਡੇ ਰਾਖੇ ਬਿਠਾਏ ਹੋਏ ਸਨ। ਚਾਰ ਪੰਜ ਮੁੰਡੇ ਚੂਹੜੇ ਸਨ ਤੇ ਇਕ ਮੁੰਡਾ ਜੱਟ। ਬਹਾਦਰ ਸਿੰਘ ਉਨ੍ਹਾਂ ਕੋਲੋਂ ਨਾਖਾਂ ਲੈਣ ਬੈਠ ਗਿਆ। ਜੱਟ ਮੁੰਡਾ ਇਕੱਲਾ ਹੋਣ ਕਰ ਕੇ ਉਨ੍ਹਾਂ ਚੂਹੜਿਆਂ ਵਿਚ ਬੜਾ ਔਖਾ ਸੀ। ਉਹ ਸਾਰੇ ਉਸ ਦਾ ਮਖੌਲ ਉਡਾਂਦੇ, ਪਰ ਉਹ ਇਕੱਲਾ ਹੋਣ ਕਰ ਕੇ ਉਨ੍ਹਾਂ ਦਾ ਕੁੱਝ ਨਹੀਂ ਕਰ ਸਕਦਾ ਸੀ। ਉਹ ਨੇ ਕਦੀ ਚੂਹੜਿਆਂ ਨਾਲ ਸਾਵਾਂ ਹੋ ਕੇ ਖਲੋਣਾ ਨਹੀਂ ਸਿਖਿਆ ਸੀ। ਇਸ ਲਈ ਉਹ ਉਨ੍ਹਾਂ ਵਿਚੋਂ ਕਿਸੇ ਨੂੰ ਆਪਣੇ ਨਾਲ ਵੀ ਨਹੀਂ ਮਿਲਾ ਸਕਦਾ ਸੀ। ਉਸ ਵੇਲੇ ਵੀ ਉਨ੍ਹਾਂ ਦੀ ਆਪੋ ਵਿਚ ਕੁੱਝ ਗਰਮਾ ਗਰਮੀ ਚੱਲ ਰਹੀ ਸੀ। ਇਕ ਮੁੰਡਾ ਉਸ ਨੂੰ ਕਹਿ ਰਿਹਾ ਸੀ।

'ਆਪਣੀ ਆਟੇ ਵਾਲੀ ਪਰਾਤ ਦੂਜੀ ਛੰਨ ਹੇਠ ਕਰ ਲੈ, ਯਾਰ, ਫੇਰ ਆਖੇਂਗਾ, ਆਟਾ ਭਿੱਟਿਆ ਗਿਆ ਏ।''

''ਓਸ ਛੰਨ ਵਿਚ, ਭੈੜਿਆ ਚੂਹੇ ਨੇ, ਤੂੰ ਆਪਣੀ ਪਰਾਤ ਮੇਰੀ ਪਰਾਤ ਤੋਂ ਜ਼ਰਾ ਪਰ੍ਹਾਂ ਰੱਖ ਖਾਂ।''

''ਪਰ੍ਹਾਂ ਤੇ ਧੁੱਪ ਏ, ਧੁੱਪੇ ਅਸਾਂ ਆਪਣਾ ਆਟਾ ਸੁਕਾ ਲੈਣਾ ਏਂ?''

ਤੇ ਫਿਰ ਸਭ ਤੋਂ ਵੱਡੇ ਰਾਖੇ ਨੇ ਉਸ ਨੂੰ ਕਿਹਾ, ''ਤੂੰ ਜਵਾਨ, ਸਾਰਾ ਦਿਨ ਗੁੰਨ੍ਹਣ ਪਕਾਣ ਵਿਚ ਰਹਿਨਾਂ ਏਂ, ਫੇਰਾ ਕਿਹੜੇ ਵੇਲੇ ਮਾਰਨਾ ਏਂ? ਅੱਜ ਆਉਂਦੇ ਨੇ ਸ਼ਾਹ ਹੁਰੀਂ ਤੇ ਕਰਦੇ ਆਂ ਇਹ ਵੀ ਗੱਲ।''

ਚੂਹੜੇ ਮੁੰਡਿਆਂ ਵਿਚੋਂ ਇਕ ਅੱਧਾ ਹੀ ਸਾਰਿਆਂ ਦੀ ਰੋਟੀ ਪਕਾ ਦਿੰਦਾ ਤੇ ਬਾਕੀ ਸਾਰੇ ਮੌਜ ਨਾਲ ਫਿਰਦੇ ਰਹਿੰਦੇ ਪਰ ਜੱਟ ਮੁੰਡੇ ਨੂੰ ਹਰ ਵਾਰੀ ਆਪਣੇ ਇਕੱਲੇ ਵਾਸਤੇ ਵੱਖਰੀ ਰੋਟੀ ਪਕਾਣੀ ਪੈਂਦੀ। ਉਸ ਦੀ ਬੋਲ ਚਾਲ ਵਿਚ ਬਹਾਦਰ ਸਿੰਘ ਨੂੰ ਕੁਝ ਸਾਂਝ ਦਿਸੀ ਤੇ ਉਹ ਉਸ ਨਾਲ ਗੱਲੀਂ ਲੱਗ ਪਿਆ।

''ਛੋਹਰਾ.... ਤੂੰ ਕੌਣ ਹੁੰਨਾ ਏ।''

''ਚੱਠਾ।'' ਬਹਾਦਰ ਸਿੰਘ ਦਾ ਡਰ ਠੀਕ ਨਿਕਲਿਆ

''ਕਿਹੜੇ ਪਿੰਡੋਂ?''

''ਮੂੰਡੇ ਨੇ ਚੱਠਿਆਂ ਦੇ ਇਕ ਪਿੰਡ ਦਾ ਨਾਂ ਲਿਆ।''

''ਤੁਹਾਡਾ ਭੋਇੰ ਭਾਂਡਾ ਕਿੱਥੇ ਗਿਆ?''

''ਭੋਇੰ ਗਹਿਣੇ ਪਈ ਏ।''

''ਤੇਰਾ ਬਾਪ ਹੁਣ ਕੀ ਕਰਦਾ ਏ?''

''ਬਾਪ ਗੁਜ਼ਰ ਗਿਆ ਏ।''

ਇਸ ਮੁੰਡੇ ਨੂੰ ਇਸ ਤਰ੍ਹਾਂ ਅਵੱਲਾ ਜਿਹਾ ਫਸਿਆ ਵੇਖ ਕੇ ਬਹਾਦਰ ਸਿੰਘ ਦਾ ਦਿਲ ਵਿੰਨ੍ਹਿਆ ਗਿਆ। ਜੇ ਉਹ ਇਸ ਮੁੰਡੇ ਨੂੰ ਉਥੋਂ ਕੱਢ ਕੇ ਆਪਣੇ ਘਰ ਲੈ ਜਾਏ ਤਾਂ ਉਸ ਦੀ ਜਾਨ ਸੌਖੀ ਹੋ ਸਕਦੀ ਸੀ। ਢੇਰ ਸਾਲ ਪਹਿਲਾਂ ਉਹ ਚੱਠਿਆਂ ਦੀ ਇਕ ਨੂੰਹ ਨੂੰ ਇਸ ਤਰ੍ਹਾਂ ਔਖੀ ਥਾਂ ਰਹਿੰਦੀ ਵੇਖ ਕੇ ਆਪਣੇ ਘਰ ਲੈ ਗਿਆ ਸੀ। ਪਰ ਹੁਣ ਤੇ ਦਿਨ ਹੀ ਕੁੱਝ ਹੋਰ ਤਰ੍ਹਾਂ ਦੇ ਆ ਗਏ ਸਨ। ਹਰ ਪਾਸੇ ਲੋਕ ਉਸ ਦੇ ਹੱਥਾਂ ਵਿਚੋਂ ਤਿਲਕ ਤਿਲਕ ਕੇ ਬਾਹਰ ਜਾ ਰਹੇ ਸਨ, ਕਿਧਰੇ ਚੱਠੇ, ਚੱਠੇ ਦੇ ਬਰਖ਼ਿਲਾਫ਼ ਵੋਟਾਂ ਪਾ ਰਹੇ ਸਨ, ਕਿਧਰੇ ਕੋਈ ਚੱਠਾ ਟਾਂਗਾ ਵਾਹੁੰਦਾ ਸੀ ਤੇ ਉਸ ਦੀ ਵਹੁਟੀ ਝੀਊਰਾਂ ਨੂੰ ਰੋਟੀ ਖੁਆਉਂਦੀ ਸੀ, ਕਿਧਰੇ ਉਸ ਦਾ ਕੋਈ ਮੁੰਡਾ ਖਤਰੀ ਤਸੀਲਦਾਰ ਦੇ ਭਾਂਡੇ ਮਾਂਜਦਾ ਸੀ। ਹਰ ਇਕ ਦਾ ਵੱਖੋ ਵੱਖ ਪਾਸੇ ਮੂੰਹ ਸੀ। ਬਰਾਦਰੀ ਦੀ ਕੁੱਖ ਵਿਚੋਂ ਨਿਕਲ ਕੇ ਲੋਕੀਂ ਓਪਰੇ ਥਾਈਂ ਸਾਂਝਾਂ ਜੋੜ ਰਹੇ ਸਨ ਤੇ ਇਸ ਰਾਖੇ ਮੁੰਡੇ ਵਾਂਗ ਜੋ ਨਹੀਂ ਜੋੜਦੇ ਸਨ, ਇਨ੍ਹਾਂ ਓਰਪੀਆਂ ਥਾਵਾਂ ਵਿਚ ਰਚਦੇ ਮਿਚਦੇ ਨਹੀਂ ਸਨ, ਉਹ ਔਖੇ ਰਹਿੰਦੇ ਸਨ। ਨਹੀਂ ਉਹ ਇਸ ਮੁੰਡੇ ਨੂੰ ਘਰ ਨਹੀਂ ਲਿਜਾਏਗਾ। ਇੱਕ ਅੱਧੇ ਮੁੰਡੇ ਨੂੰ ਘਰ ਲਿਜਾਇਆਂ ਉਸ ਦੀ ਬਰਾਦਰੀ ਦਾ ਰੁਹਬ ਤੇ ਇੱਜ਼ਤ ਕਾਇਮ ਨਹੀਂ ਰਹਿੰਦੀ ਤੇ ਨਾ ਰਹਿ ਸਕਦੀ ਸੀ। ਬਹਾਦਰ ਸਿੰਘ ਨੂੰ ਇਸ ਤਰ੍ਹਾਂ ਲੱਗਾ ਜਿਵੇਂ ਵਗਦੇ ਦਰਿਆ ਵਿਚ ਉਸ ਦੀ ਤੂੜੀ ਦੀ ਪੰਡ ਖੁਲ੍ਹ ਗਈ ਸੀ। ਸਾਰੇ ਕੱਖ ਆਪੋ ਆਪ ਦਰਿਆ ਦੀ ਰੋੜ੍ਹ ਵਿਚ ਰੁੜ੍ਹਦੇ ਜਾ ਰਹੇ ਸਨ। ਇਕ ਅੱਧੇ ਕੱਖ ਨੂੰ ਫੜਿਆਂ ਹੁਣ ਕੀ ਸੰਵਰ ਸਕਦਾ ਸੀ? □

## ਪ੍ਰਿੰ. ਸੁਜਾਨ ਸਿੰਘ ਦੀ ਸ਼ਾਹਕਾਰ ਕਹਾਣੀ

# ਰਾਸ ਲੀਲ੍ਹਾ

**ਰਾਸ ਲੀਲ੍ਹਾ ਕਹਾਣੀ ਬਾਰੇ ਸੁਜਾਨ ਸਿੰਘ ਦਾ ਅਪਣਾ ਕਥਨ ਹੈ, 'ਸੁੰਦਰਤਾ ਦੀ ਖਿੱਚ ਹਰ ਇਕ ਵਿਚ ਬਚਪਨ ਤੋਂ ਹੀ ਹੁੰਦੀ ਹੈ। ਅਜੋੜ ਮੇਲ ਦਾ ਅਹਿਸਾਸ ਹਰ ਕੁੜੀ ਨੂੰ ਹੁੰਦਾ ਹੈ, ਪਰ ਕਈ ਹਾਲਤਾਂ ਵਿਚ ਉਹ ਧਾਰਮਕ ਭਾਵ ਨਾਲ ਰੰਗਿਆ ਜਾਂਦਾ ਹੈ। ਧਾਰਮਕ ਭਾਵ ਵਿਚ ਵਿਸ਼ਿਆਂ ਦੀ ਭੁੱਖ ਇੰਨੀ ਨਹੀਂ ਹੁੰਦੀ ਜਿੰਨੀ ਸਰੀਰ ਰਾਹੀਂ ਰੂਹ ਦੀ ਤ੍ਰਿਪਤੀ ਦੀ ਚਾਹ। ਰਾਗ, ਕਵਿਤਾ, ਆਦਿ ਕੋਮਲ ਹੁਨਰ ਪਿਆਰ ਆਪੇ ਸਿਖਾ ਦਿੰਦਾ ਹੈ। ਬੱਚਾ ਭਾਵੇਂ ਪਿਆਰ ਦਾ ਨਾਂ ਨਹੀਂ ਜਾਣਦਾ, ਪਰ ਉਹ ਪਿਆਰ ਕਰਦਾ ਹੈ ਤੇ ਪਿਆਰ ਚਾਹੁੰਦਾ ਹੈ।'**



**ਰਾਸ ਲੀਲ੍ਹਾ ਵਰਗੀ ਬੇਮਿਸਾਲ ਮਨੋਵਿਗਿਆਨਕ ਕਹਾਣੀ ਲਿਖਣ ਵਾਲੇ ਪੰਜਾਬੀ ਦੇ ਪ੍ਰਮੁੱਖ ਪ੍ਰਗਤੀਵਾਦੀ ਲੇਖਕ ਸੁਜਾਨ ਸਿੰਘ ਦਾ ਜਨਮ ਜੁਲਾਈ ਮਹੀਨੇ (29 ਜੁਲਾਈ 1909) ਵਿਚ ਪੈਂਦਾ ਹੈ। ਉਨ੍ਹਾਂ ਦੇ ਜਨਮ ਦਿਨ ਨੂੰ ਮੁੱਖ ਰਖ ਕੇ ਇਕ ਯਾਦ ਅਤੇ ਸ਼ਰਧਾਂਜਲੀ ਵਜੋਂ ਇਹ ਕਹਾਣੀ 'ਨਵੀਂ ਦੁਨੀਆ' ਦੇ ਪਾਠਕਾਂ ਦੀ ਨਜ਼ਰ ਕੀਤੀ ਜਾ ਰਹੀ ਹੈ। - ਸੰਪਾਦਕ**

ਮੈਂ ਉਦੋਂ ਕੋਈ ਨਵਾਂ ਦਸਾਂ ਸਾਲਾਂ ਦਾ ਹੋਵਾਂਗਾ। ਜਿਸ ਕੋਠੀ 'ਚ ਅਸੀਂ ਰਹਿੰਦੇ ਸਾਂ ਉਸ ਵਿਚ ਰਹਿਣ ਲਈ ਤਿੰਨ ਟੱਬਰਾਂ ਲਈ ਖੁਲ੍ਹੀ ਥਾਂ ਸੀ। ਇਕ ਹਿੱਸੇ ਵਿਚ ਅਸੀਂ ਰਹਿੰਦੇ ਸਾਂ ਤੇ ਦੂਸਰੇ ਵਿਚ ਅੰਮ੍ਰਿਤਸਰ ਦੇ ਮਸ਼ਹੂਰ ਠੇਕੇਦਾਰ ਸਰਦਾਰ। ਤੀਜਾ ਵੀ ਇਕ ਹਿੰਦੂ ਵਪਾਰੀ ਸੀ ਤੇ ਉਸ ਦੀ ਉਮਰ ਮੇਰੀ ਹੁਣ ਦੀ ਪਰਖ ਅਨੁਸਾਰ ਕੋਈ ਸੱਠ-ਪੈਂਹਠ ਸਾਲ ਦੀ ਸੀ। ਉਹ ਮੇਰੇ ਜਨਮ ਤੋਂ ਹੀ ਇਸ ਬਾੜੀ ਵਿਚ ਰਹਿੰਦਾ ਸੀ ਤੇ ਮੇਰੇ ਨਾਲ ਬੜਾ ਪਿਆਰ ਕਰਦਾ ਸੀ। ਮੈਂ ਸੁਣਿਆ ਸੀ ਕਿ ਉਸ ਦਾ ਉਸ ਤੋਂ ਸਿਵਾ ਹੋਰ ਕੋਈ ਨਹੀਂ ਸੀ। ਖਵਰੇ ਇਸੇ ਕਰ ਕੇ ਉਸ ਨੇ ਆਪਣਾ ਵਿਆਹ ਉਥੋਂ ਦੇ ਗ਼ਰੀਬ ਘਰ ਨੂੰ ਪੈਸੇ ਦੇ ਕੇ ਕੀਤਾ ਸੀ। ਤਿੰਨ ਚਾਰ ਮਹੀਨੇ ਤੋਂ ਮੈਂ ਬਾਬੇ ਦਾ ਬੂਹਾ ਹਮੇਸ਼ਾ ਬੰਦ ਦੇਖਦਾ ਸਾਂ, ਭਾਵੇਂ ਬਾਹਰ ਜਿੰਦਾ ਕੁੰਡਾ ਕਦੇ ਨਹੀਂ ਸੀ ਲਗਾ ਹੁੰਦਾ।

ਇਕ ਦਿਨ ਜਦ ਮੈਂ ਸਕੂਲੋਂ ਮੁੜਿਆ ਤਾਂ ਉਹ ਬੂਹਾ ਖੁਲ੍ਹਾ ਸੀ ਤੇ ਮੈਂ ਬਾਬੇ ਨੂੰ ਅੰਦਰ ਦੇਖ ਕੇ ਲਾਡ ਨਾਲ 'ਬਾਬਾ! ਬਾਬਾ!' ਕਰਦਾ ਜਿਉਂ ਹੀ ਅੰਦਰ ਵੜਿਆ, ਤਿਉਂ ਹੀ ਉਸ ਘੂਰੀ ਵੱਟ ਕੇ ਚਪੇੜ ਦਿਖਾਈ ਤੇ ਮੂੰਹ ਦੇ ਅਗੇ ਉਂਗਲ ਰੱਖ ਕੇ ਚੁਪ ਰਹਿਣ ਦਾ ਇਸ਼ਾਰਾ ਕਰਦਿਆਂ ਬਾਹਰ ਨਿਕਲ ਜਾਣ ਨੂੰ ਆਖਿਆ। ਮੈਂ ਹੈਰਾਨ ਸਾਂ ਤੇ ਹੈਰਾਨੀ ਦੇ ਨਿਸ਼ਾਨ ਜ਼ਰੂਰ ਬਾਬੇ ਨੇ ਵੀ ਮੇਰੇ ਚਿਹਰੇ ਤੋਂ ਪੜ੍ਹੇ ਹੋਣਗੇ। ਮੈਂ ਪਿਛਲੇ ਪੈਰੀਂ ਵਾਪਸ ਮੁੜਿਆ ਹੀ ਸਾਂ ਕਿ ਬਾਬੇ ਨੇ ਮੈਨੂੰ ਬਸਤੇ ਸਮੇਤ ਕੁੜਛ ਚੁਕ ਲਿਆ ਤੇ ਬਾਹਰ ਲਿਆ ਕੇ ਇਕ ਆਨਾ ਮੇਰੀ ਤਲੀ 'ਤੇ ਰੱਖ ਕੇ ਕਿਹਾ, "ਕ੍ਰਿਸ਼ਨ! ਹੁਣ ਮੈਨੂੰ ਚਾਚਾ ਆਖਿਆ ਕਰ। ਕਹੇਂਗਾ ਨਾ? ਆਪਣੇ ਸਵਾਲ ਦਾ ਜਵਾਬ ਮੇਰੇ 'ਹਾਂ' ਵਿਚ ਸਿਰ ਹਿਲਾਉਣ ਤੋਂ ਲੈ ਕੇ, ਉਸ ਮੈਨੂੰ ਪਿਆਰ ਨਾਲ ਥੱਲੇ ਉਤਾਰ ਦਿਤਾ।

ਘਰ ਪਹੁੰਚਦਿਆਂ ਹੀ ਭਾਈ ਜੀ ਨੇ ਦੁੱਧ ਦਾ ਗਿਲਾਸ ਦਿਤਾ ਤੇ ਆਖਿਆ ਕਿ ਨਿੱਕੀ ਜਹੀ ਪਰੌਂਠੀ ਹੁਣੇ ਲਾਹ ਦਿੰਦੀ ਹਾਂ। ਇੰਨੇ ਨੂੰ ਬਾਬੇ ਦੀ ਨੌਕਰਾਣੀ ਮੈਨੂੰ ਬੁਲਾਣ ਆ ਗਈ। ਭਾਈ ਨੇ ਆਖਿਆ, "ਜਾਹ ਕਾਕਾ, ਤੇਰੇ ਤਾਏ ਨੇ ਸੱਦਿਆ ਹੋਣਾ ਏ।"

ਮੈਂ ਹੈਰਾਨ ਹੋ ਪੁੱਛਿਆ, "ਕਿਹੜਾ ਤਾਇਆ? ਠੇਕੇਦਾਰ ਤਾਇਆ?"

ਭਾਈ ਨੇ ਉਤਰ ਦਿਤਾ, "ਕਪੜੇ ਵਾਲਾ ਤਾਇਆ।"

ਮੈਂ ਕਿਹਾ, "ਬਾਬਾ ਤੇ ਆਖਦਾ ਸੀ, ਮੈਂ ਤੇਰਾ ਚਾਚਾ ਹਾਂ।"

ਭਾਈ ਹੱਸ ਪਈ ਤੇ ਆਖਿਆ, "ਆਹੋ, ਉਸੇ ਸੱਦਿਆ ਹੈ। ਇਹ ਉਸ ਦੀ ਨਵੀਂ ਨੌਕਰਾਣੀ ਹੈ, ਕਾਕਾ! ਤੇਰੀ ਤਾਈ ਨੇ ਸੱਦਿਆ ਹੋਣਾ ਏ।"

ਮੈਂ ਇਹੋ ਜਹੀਆਂ ਗੱਲਾਂ ਸੁਣ ਕੇ ਚਕਰਾ ਜਿਹਾ ਗਿਆ ਤੇ ਪਰੌਂਠੀ ਮੁੜ ਖਾਣ ਦੇ ਖਿਆਲ ਨਾਲ ਮੈਂ ਨੌਕਰਾਣੀ ਨਾਲ ਤੁਰ ਪਿਆ।

ਮੈਂ ਜਦ ਚਾਚੇ ਦੇ ਅੰਦਰ ਵੜਿਆ ਤਾਂ ਉਸ ਨੇ ਮੈਨੂੰ ਪਹਿਲੇ ਵਾਂਗ ਕੁੜਛ ਚੁਕ ਲਿਆ ਤੇ ਉਸ ਤਰ੍ਹਾਂ ਮੈਨੂੰ ਵੱਖੀ ਵਾਲੇ ਕਮਰੇ ਵਿਚ ਲੈ ਗਿਆ। ਲੋਹੇ ਦੇ ਪਲੰਘ ਲਾਗੇ ਇਕ ਲੰਮੀ ਅਲਮਾਰੀ ਦੇ ਆਦਮ-ਕਦ ਸ਼ੀਸ਼ੇ ਵਿਚ ਇਕ ਕਣਕ ਭਿੰਨੀ ਪਤਲੀ ਮਲੂਕ ਤੀਵੀਂ ਆਪਣੇ ਗੋਡਿਆਂ ਤਕ ਲੰਮੇ, ਕਾਲੇ ਵਾਲਾਂ ਨੂੰ ਸਵਾਰ ਰਹੀ ਸੀ। ਸ਼ੀਸ਼ੇ ਵਿਚੋਂ ਸਾਨੂੰ ਆਉਂਦਿਆਂ ਦੇਖ ਕੇ ਉਸ ਮੂੰਹ ਸਾਡੇ ਵਲ ਕਰਨ ਤੋਂ ਪਹਿਲਾਂ ਪੰਜਾਬੀ ਰਿਵਾਜ ਅਨੁਸਾਰ ਸਾੜੀ ਦਾ ਪੱਲਾ ਸਿਰ 'ਤੇ ਲੈ ਲਿਆ। ਚਾਚਾ ਜੀ ਨੇ ਕਿਹਾ, "ਕ੍ਰਿਸ਼ਨ, ਤੇਰੀ ਚਾਚੀ।"

ਮੈਂ ਘਰ ਦੀ ਸਿਖਿਆ ਮੁਜਬ ਚਾਚੀ ਜੀ ਦੇ ਪੈਰਾਂ 'ਤੇ ਮੱਥਾ ਟੇਕਣ ਲਈ ਉਤਰਿਆ ਤਾਂ ਚਾਚੀ ਨੇ ਪੈਰ ਪਿਛਾਂਹ ਖਿੱਚ ਲਏ ਤੇ ਮੈਨੂੰ ਫੜ ਕੇ ਆਪਣੇ ਨਾਲ ਘੁਟ ਲਿਆ। ਮੇਰੀਆਂ ਬਾਹਵਾਂ, ਜੋ ਮਸੀਂ ਉਸ ਦੀ ਕਮਰ ਤਕ ਪਹੁੰਚੀਆਂ ਸਨ, ਪਿਆਰ ਨਾਲ ਦੁਆਲੇ ਕੱਸੀਆਂ ਗਈਆਂ। ਉਸ ਨੇ ਮੇਰੇ ਸਿਰ ਦੇ ਵਾਲਾਂ ਵਿਚ ਲੰਮੇ ਲੰਮੇ ਕੋਮਲ ਪੋਟੇ ਫੇਰਦਿਆਂ ਕਿਹਾ, "ਕਿੱਡਾ ਪਿਆਰਾ ਹੈ, ਇਹ ਬਾਲਕ।"

"ਰਾਮ ਪਿਆਰੀ!" ਚਾਚੇ ਨੇ ਕਿਹਾ, "ਇਹ ਮੈਨੂੰ ਵੀ ਬੜਾ ਪਿਆਰਾ ਹੈ। ਮੈਂ ਇਸ ਨੂੰ ਪੋਟਿਆਂ ਨਾਲ ਮਿਣ ਮਿਣ ਕੇ ਪਾਲਿਆ ਹੈ।"

ਮੈਨੂੰ ਚੇਤਾ ਹੈ ਜਦ ਮੈਂ ਚਾਚੀ ਦੇ ਦਵਾਲਿਉਂ ਆਪਣੀਆਂ ਬਾਹਾਂ ਖੋਲ੍ਹੀਆਂ ਸਨ ਤਾਂ ਉਸ ਇਕ ਡੂੰਘਾ ਸਾਹ ਖਿਚਿਆ ਸੀ।

ਚਾਚੇ ਨੇ ਪੁਛਿਆ, "ਕਿਉਂ ਕੀ ਗੱਲ ਹੈ, ਪਿਆਰੀ?"

"ਕੁਝ ਨਹੀਂ!" ਉਸ ਫਿਰ ਉਸੇ ਤਰ੍ਹਾਂ ਕਰਦਿਆਂ ਕਿਹਾ ਤੇ ਕੁੱਝ ਚਿਰ ਠਹਿਰ ਕੇ ਮੈਨੂੰ ਬੜੇ ਪਿਆਰ ਨਾਲ ਪੁਛਿਆ, "ਤੇਰਾ ਨਾਂ ਕੀ ਹੈ, ਬੱਚੇ?"

ਮੇਰੇ ਦੱਸਣ 'ਤੇ ਉਸ ਗ਼ੈਰ ਪੰਜਾਬੀਆਂ ਵਾਂਗ ਦੁਹਰਾਇਆ, "ਕ੍ਰਿਸ਼ਨ ਚੰਦ!"

ਵਾਲ ਬਿਨਾਂ ਸਾਂਭਿਆਂ, ਸਾਬਣ ਨਾਲ ਹੱਥ ਧੋ ਕੇ ਇਕ ਪਿਰਚ ਵਿਚ ਮਲਾਈ, ਚੌਲ ਪਾ ਕੇ ਉਸ ਮੈਨੂੰ ਖਾਣ ਲਈ ਦਿਤੇ। ਬੜੇ ਸੁਆਦਾਂ ਨਾਲ ਖਾ ਕੇ ਤੇ ਪਰੌਂਠੀ ਦਾ ਚੇਤਾ ਭੁਲਾ, ਮੈਂ ਬਾਹਰ ਖੇਡਣ ਤੁਰ ਪਿਆ।

ਕੋਈ ਤੀਸਰੇ ਦਿਨ ਮਗਰੋਂ ਦੀ ਗੱਲ ਹੈ ਕਿ ਜਦ ਮੈਂ ਸਕੂਲੋਂ ਮੁੜ ਰਿਹਾ ਸੀ ਤਾਂ ਚਾਚੇ ਦੇ ਥੋੜ੍ਹੇ ਜਹੇ ਖੁਲ੍ਹੇ ਬੂਹੇ 'ਚੋਂ ਮੈਨੂੰ ਕੋਈ ਪਛਾਣੀ ਹੋਈ ਆਵਾਜ਼ ਬੁਲਾਉਂਦੀ ਜਾਪੀ। ਮੈਂ ਬਸਤੇ ਸਮੇਤ ਬੂਹਾ ਖੋਲ੍ਹ ਕੇ ਅੰਦਰ ਜਾ ਵੜਿਆ। ਅੰਦਰ ਕੋਈ ਨਹੀਂ ਸੀ। ਪਤਾ ਨਹੀਂ ਕਿਉਂ, ਮੈਂ ਬਾਹਰ ਦਾ ਬੂਹ ਢੋ ਦਿਤਾ ਤੇ ਉਸ ਦਿਨ ਵਾਲੇ ਕਮਰੇ ਵਲ ਵਧਿਆ। ਚਾਚੀ ਉਸੇ ਤਰ੍ਹਾਂ ਫੇਰ ਵਾਲ ਸਵਾਰ ਰਹੀ ਸੀ। ਮੈਨੂੰ ਸ਼ੀਸ਼ੇ ਵਿਚੋਂ ਅੰਦਰ ਆਉਂਦਾ ਵੇਖ ਉਸ ਨੇ ਆਪਣਾ ਮੂੰਹ ਮੇਰੇ ਵੱਲ ਮੋੜ ਲਿਆ ਪਰ ਕਲ ਵਾਂਗ ਉਸ ਸਿਰ 'ਤੇ ਸਾੜ੍ਹੀ ਕੋਈ ਨਾ ਲਈ। ਕੁੱਝ ਝਿਜਕ ਕੇ ਉਸ, ਉਸ ਦਿਨ ਵਾਂਗ, ਬਾਹਾਂ ਖਿਲਾਰ ਦਿਤੀਆਂ। ਮੈਂ ਉਥੇ ਖੜੋਤਾ ਹੀ ਉਸ ਦੇ ਗੋਲ, ਸੋਹਣੇ ਚਿਹਰੇ ਵੱਲ ਤੱਕਦਾ ਰਿਹਾ। ਹੌਲੀ ਹੌਲੀ ਉਸ ਦੀਆਂ ਅੱਖਾਂ ਵਿਚ ਦੋ ਮੋਟੇ ਮੋਟੇ ਅੱਥਰੂ ਕੱਠੇ ਹੋ ਗਏ। ਮੇਰੇ ਕੋਲੋਂ ਨਾ ਰਿਹਾ ਗਿਆ। ਮੈਂ ਇਹ ਵੀ ਨਾ ਪੁਛਿਆ ਕਿ ਉਹ ਰੋਂਦੀ ਕਿਉਂ ਹੈ ਤੇ ਬਾਹਾਂ ਪਸਾਰ ਕੇ ਜਿਉਂ ਹੀ ਅਗਾਂਹ ਵਧਿਆ- ਉਹ ਗੋਡਿਆਂ ਭਾਰ ਹੋ ਗਈ। ਮੇਰੀਆਂ ਦੋਵੇਂ ਬਾਹਾਂ ਉਸ ਦੀ ਪਿੱਠ ਦੁਆਲੇ ਕੱਸੀਆਂ ਗਈਆਂ ਤੇ ਉਸ ਨੇ ਮੈਨੂੰ ਆਪਣੀ ਛਾਤੀ ਨਾਲ ਕੱਸ ਲਿਆ। ਉਸ ਦਿਨ ਮੈਂ ਪਹਿਲੀ ਵਾਰ ਕੋਮਲਤਾ ਦਾ ਅਹਿਸਾਸ ਕੀਤਾ। ਮੇਰੇ ਪਿੰਡੇ ਵਿਚ, ਸੱਚ ਦੱਸਦਾਂ ਹਾਂ, ਕੰਬਣੀ ਛਿੜ ਪਈ। ਚਾਚੀ ਨੇ ਸੱਜਾ ਹੱਥ ਢਿੱਲਾ ਕਰ ਕੇ ਮੇਰੀ ਗੱਲ ਆਪਣੀ ਖੱਬੀ ਗੱਲ ਨਾਲ ਲਾ ਲਈ ਤੇ ਕਿੰਨਾ ਚਿਰ ਹੀ ਅਸੀਂ ਇਸੇ ਤਰ੍ਹਾਂ ਰਹੇ। ਆਖਰ ਉਸ ਦੇ ਹੰਝੂ ਮੇਰੀ ਗੱਲ ਤੋਂ ਵਹਿ ਤੁਰੇ। ਇਹ ਗਿੱਲੇ ਵੀ ਸਨ ਤੇ ਕੋਸੇ ਵੀ। ਮੈਂ ਹੋਸ਼ ਵਿਚ ਆ ਗਿਆ ਸਾਂ। ਮੈਂ ਜਦ ਉਸ ਦੇ ਚਿਹਰੇ ਵਲ ਨੇੜਿਉਂ ਤੱਕਿਆ ਤਾਂ ਉਸ ਦੇ ਬੁਲ੍ਹ ਕੰਬ ਰਹੇ ਸਨ ਤੇ ਅੱਖਾਂ ਮੀਟੀਆਂ ਹੋਈਆਂ ਸਨ। ਆਖਰ ਉਸ ਦੀ ਦੂਸਰੀ ਬਾਂਹ ਵੀ ਢਿੱਲੀ ਹੋਈ ਤੇ ਉਸ ਹੌਲੀ ਹੌਲੀ ਅੱਖਾਂ ਖੋਲ੍ਹੀਆਂ। ਅੱਜ ਕਲ ਦੀ ਸੂਝ ਮੁਜਬ ਮੈਂ ਕਹਿ ਸਕਦਾ ਹਾਂ ਕਿ ਉਹਦੀਆਂ ਅੱਖਾਂ ਭਾਰੀਆਂ ਤੇ ਅਲਸਾਈਆਂ ਹੋਈਆਂ ਸਨ। ਮੈਂ ਪੁਛਣਾ ਚਾਹਿਆ, "ਚਾਚੀ...."

ਉਸ ਨੇ ਅੱਧ 'ਚੋਂ ਹੀ ਰਲੀ-ਮਿਲੀ ਬੰਗਲਾ ਤੇ ਹਿੰਦੀ ਵਿਚ ਕਿਹਾ, "ਕ੍ਰਿਸ਼ਨ ਚੰਦ੍ਰ, ਮੇਰਾ ਨਾਂ ਰਾਧਾ ਹੈ। ਰਾਧਾ ਕਹਿ ਕੇ ਆਵਾਜ਼ ਮਾਰਿਆ ਕਰੋ।"

ਮੈਂ ਸਿਰ ਨਾਲ ਸਤ ਬਚਨ ਕਰ ਕੇ ਤੇ ਆਪਣੇ ਪਹਿਲੇ ਸੁਆਲ ਨੂੰ ਭੁਲਦਿਆਂ ਪੁਛਿਆ, "ਚਾਚਾ ਕਿਥੇ ਹੈ?"

ਰਾਧਾ ਨੇ ਆਖਿਆ, "ਉਹ ਮੰਗਲਾ ਹਾਟ ਦੁਕਾਨ ਲੈ ਕੇ ਗਿਆ ਹੈ। ਮੱਸਿਆ ਤੋਂ ਸਿਵਾ ਉਹ ਕਦੇ ਐਸ ਵੇਲੇ ਵਿਹਲਾ ਨਹੀਂ ਹੁੰਦਾ।"

"ਨੌਕਰਾਣੀ?" ਮੈਂ ਪੁਛਿਆ।

"ਉਹ ਕੱਢ ਦਿਤੀ," ਉਸ ਉਤਰ ਦਿਤਾ, "ਉਹ ਚੰਗੀ ਨਹੀਂ ਸੀ ਤੇ ਹੁਣ ਮੈਂ ਸਭ ਕੰਮ ਆਪ ਕਰ ਸਕਾਂਗੀ।"

ਅਚਾਨਕ ਉਸ ਨੂੰ ਪਤਾ ਨਹੀਂ, ਕੀ ਹੋਇਆ। ਉਸ ਮੇਰੇ ਬਸਤੇ ਨੂੰ, ਜੋ ਹਾਲੀ ਤਕ ਮੇਰੇ ਮੋਢੇ ਤੋਂ ਖੱਬੀ ਵੱਖੀ ਵਲ ਲਮਕ ਰਿਹਾ ਸੀ, ਉਤਾਰ ਦਿਤਾ। ਮੇਰਾ ਕੋਟ ਲਾਹ ਕੇ ਪਲੰਘ 'ਤੇ ਸੁੱਟ ਦਿਤਾ। ਮੇਰਾ ਬੂਟ ਤਸਮੇ ਖੋਲ੍ਹ ਕੇ ਲਾਹ ਦਿਤਾ। ਉਸ ਮੇਰੀ ਸੱਜੀ ਲੱਤ ਨੂੰ ਅਗਾਂਹ ਕਰ ਕੇ ਗੋਡੇ ਤੋਂ ਝੁਕਾ ਦਿਤਾ ਤੇ ਲੱਤ ਨੂੰ ਪੱਬ ਪਰਨੇ ਖੜੀ ਰਹਿਣ ਦਿਤਾ। ਖੱਬੀ ਲੱਤ ਜਿਉਂ ਦੀ ਤਿਉਂ ਸਿੱਧੀ ਰਹਿਣ ਦਿਤੀ। ਫੇਰ ਉਹ ਅੱਖਾਂ ਨਾਲ ਚਾਰ ਚੁਫ਼ੇਰੇ ਭਾਲ ਕਰਦੀ ਜਾਪੀ, ਫੁਰਤੀ ਨਾਲ ਉਹ ਇਕ ਕਿਲੀ ਤੋਂ ਲੱਕੜ ਦੀ ਸੋਟੀ ਲਾਹ ਲਿਆਈ ਤੇ ਮੇਰੇ ਦੋਹਾਂ ਹੱਥਾਂ ਵਿਚ ਲੰਮੇ ਦਾਅ ਫੜਾ ਕੇ ਇਕ ਸਿਰੇ ਵਲੋਂ ਬੁਲ੍ਹਾਂ 'ਤੇ ਰੱਖ ਦਿਤੀ। ਫਿਰ ਉਹ ਪਿਛਾਂਹ ਹਟ ਕੇ ਦੇਖਣ ਲੱਗ ਪਈ। ਉਸ ਦੇ ਬੁਲ੍ਹਾਂ 'ਤੇ ਇਕ ਕੋਮਲ ਮੁਸਕ੍ਰਾਹਟ ਆਈ ਤੇ ਉਸ ਲੰਮੀ ਸਾਰੀ 'ਹੂੰ' ਕੀਤੀ। ਕੁਝ ਚਿਰ ਪਿੱਛੋਂ ਉਹ ਆਪਣੇ ਸ਼ਿੰਗਾਰ ਟੇਬਲ ਦੇ ਦਰਾਜ਼ ਵਿਚੋਂ ਇਕ ਗੁਲਾਬੀ ਰੇਸ਼ਮੀ ਫੀਤਾ ਕੱਢ ਲਿਆਈ ਤੇ ਉਸ ਨੂੰ ਮੇਰੇ ਸੁਨਹਿਰੀ ਵਾਲ ਪਰੇ ਹਟਾਉਂਦਿਆਂ ਹੋਇਆ ਸਿਰ ਦੁਆਲੇ ਬੰਨ੍ਹ ਕੇ ਖੱਬੇ ਕੰਨ ਲਾਗੇ ਫੁੱਲ ਬਣਾ ਦਿਤਾ। ਸ਼ੀਸ਼ੇ ਵਾਲੀ ਲੰਮੀ ਅਲਮਾਰੀ ਖੋਲ੍ਹ ਕੇ ਉਸ ਇਕ ਪੀਲੀ ਬਨਾਰਸੀ ਸਾੜੀ ਕੱਢੀ। ਉਸ ਨੂੰ ਫੋਲਦੀ ਫੋਲਦੀ ਉਹ ਦੂਸਰੀ ਕੰਧ 'ਤੇ ਇਕ ਵੱਡੀ ਤਸਵੀਰ ਵੱਲ ਵਧੀ, ਜਿਸ ਨੂੰ ਇਕ ਸਿਹਰਾ ਚੜ੍ਹਾਇਆ ਹੋਇਆ ਸੀ। ਬੜੇ ਗਹੁ ਨਾਲ ਉਸ ਨੂੰ ਦੇਖ ਉਹ ਮੇਰੇ ਵਲ ਮੁੜੀ ਤੇ ਮੇਰੇ ਲਕ ਦੁਆਲੇ ਉਸ ਤਸਵੀਰ ਨੂੰ ਦੇਖ ਕੇ ਧੋਤੀ ਬੰਨਣ ਲੱਗੀ। ਧੋਤੀ ਸਜਾ ਕੇ ਉਹ ਬੜੀ ਪ੍ਰਸੰਨ ਜਹੀ ਬਿਹਬਲਤਾ ਵਿਚ ਨਿਚੱਲੀ ਦਿੱਸਣ ਲਗੀ। ਠੇਕੇਦਾਰ ਸਰਦਾਰਾਂ ਦੀ ਨਿੱਕੀ ਕੁੜੀ ਨਵੇਂ ਖਿਡੌਣੇ ਨੂੰ ਆਪਣੇ ਵੱਡੇ ਵੀਰ ਕੋਲੋਂ ਲੈ ਕੇ ਇਸ ਤਰ੍ਹਾਂ ਕਰਦੀ ਹੁੰਦੀ ਸੀ। ਮੈਨੂੰ ਤੇ ਰਾਧਾ ਉਹੋ ਜਿਹੀ ਹੀ ਜਾਪੀ।

ਥੋੜ੍ਹੇ ਚਿਰ ਮਗਰੋਂ ਉਸ ਫੁਰਤੀ ਨਾਲ ਸੋਟੀ ਖੋਹ ਕੇ ਬਸਤੇ ਲਾਗੇ ਵਗਾਹ ਮਾਰੀ। ਮੈਨੂੰ ਆਪਣੀਆਂ ਬਾਹਾਂ 'ਚ ਲੱਕ ਨਾਲ ਕੱਸ ਕੇ ਉਸ ਬੜੀ ਤੇਜ਼ੀ ਨਾਲ ਪੰਜ-ਸੱਤ-ਦਸ ਭਾਂ ਭਾਂ ਬਿੱਲੀਆਂ ਕਰ ਕੇ ਮੈਨੂੰ ਖਲ੍ਹਿਆਰ ਦਿਤਾ। ਮੈਂ ਡਿਗਦਾ ਡਿਗਦਾ ਬਚਿਆ। ਉਸ ਮੇਰੀਆਂ ਤੱਤੀਆਂ ਜਾਪਦੀਆਂ ਗੱਲਾਂ ਨੂੰ ਦੋਹਾਂ ਤਲੀਆਂ 'ਚ ਘੁੱਟ ਕੇ ਮੇਰਾ ਮੱਥਾ ਤੇ ਵਾਲ ਚੁੰਮ ਲਏ।

ਹੌਲੀ ਹੌਲੀ ਉਸ ਉਹ ਕਪੜੇ ਲਾਹ ਕੇ ਮੇਰੇ ਕਪੜੇ ਪਾ ਕੇ ਮੈਨੂੰ ਅੱਗੇ ਵਰਗਾ ਬਣਾ ਦਿਤਾ। ਬਾਵਰਚੀ ਖਾਨੇ 'ਚੋਂ ਦੁੱਧ ਦਾ ਨਿੱਕਾ ਚਾਂਦੀ ਦਾ ਗਲਾਸ ਤੇ ਇਕ ਛੋਟੀ ਚਾਂਦੀ ਦੀ ਰਕੇਬੀ ਵਿਚ ਅੰਗੂਰ ਲੈ ਕੇ ਉਸ ਮੇਰੇ ਅੱਗੇ ਲਿਆ ਰੱਖੇ। ਮੈਂ ਪਹਿਲੇ ਦਿਨ ਵਾਂਗ, ਮਾਪਿਆਂ ਦੀ ਆਗਿਆ ਦੇ ਵਿਰੁਧ, ਸਭ ਕੁੱਝ ਖਾ ਪੀ ਗਿਆ। ਇਸ਼ਨਾਨ ਕਮਰੇ ਵਿਚ ਮੇਰੇ ਹੱਥ ਤੇ ਨਾਲ ਮੂੰਹ ਵੀ, ਧੁਆਇਆ ਗਿਆ। ਬਰਫ਼ ਚਿੱਟੇ ਤੌਲੀਏ ਨਾਲ ਮੂੰਹ ਸਾਫ਼ ਕਰ ਕੇ ਮੈਂ ਬਾਹਰ ਨਿਕਲਿਆ। ਰਾਧਾ ਮੇਰੇ ਮਗਰ ਸੀ। ਉਹ ਮੈਨੂੰ ਸਰਦਾਰਾਂ ਦੀ ਕੁੜੀ ਵਾਂਗ ਇਹ ਕਹਿੰਦੀ ਜਾਪੀ ਸੀ ਕਿ ਕਲ ਫੇਰ ਵੀ ਖੇਡਣ ਆਉਣਾ ਤੇ ਮੈਂ ਤੁਹਾਨੂੰ ਬੜਾ ਸੋਹਣਾ ਨਾਚ ਨੱਚ ਕੇ ਦਿਖਾਵਾਂਗੀ।

ਬੂਹਿਉਂ ਬਾਹਰ ਮੀਂਹ ਵਸ ਰਿਹਾ ਸੀ। ਤੇਜ਼ ਹਵਾ ਨਾਰੀਅਲ ਦੇ ਦਰਖ਼ਤਾਂ ਨੂੰ ਦੂਹਰਿਆਂ ਕਰਦੀ ਜਾਂਦੀ ਸੀ। ਮੈਂ ਭਿੱਜਦਾ ਭਿੱਜਦਾ ਆਪਣੀ ਨੁੱਕਰ ਮੁੜ ਕੇ ਅੰਦਰ ਵੜਿਆ। ਭਾਈ ਘਬਰਾਈ ਹੋਈ ਉਡੀਕ ਰਹੀ ਸੀ। ਮੈਨੂੰ ਪਿਆਰ ਨਾਲ ਆਪਣੇ ਨਾਲ ਘੁੱਟ ਕੇ ਉਪਰੋਂ ਗੁੱਸੇ ਨਾਲ ਪੁਛਿਆ, "ਕਿਥੇ ਰਿਹਾ ਵੇਂ ਏਨਾ ਚਿਰ?"

ਮੈਂ ਮਾਪਿਆਂ ਤੇ ਕਿਤਾਬਾਂ ਦੀ ਸਿਖਿਆ ਦੇ ਉਲਟ ਪਹਿਲੀ ਵਾਰ ਝੂਠ ਬੋਲਦਿਆਂ ਉਤਰ ਦਿਤਾ, "ਅਵਿਨੇਂਦਰ ਦੇ ਘਰ। ਉਸ ਨਵਾਂ ਮਸ਼ੀਨੀ ਲਾਟੂ ਆਂਦੈ, ਭਾਈ ਜੀ!"

ਭਾਈ ਸ਼ਾਂਤ ਹੋ ਗਈ।

ਦੂਸਰੇ ਦਿਨ ਮੇਰਾ ਸਕੂਲ ਵਿਚ ਬਿਲਕੁਲ ਦਿਲ ਨਾ ਲੱਗਾ, ਮਸੀਂ ਮਸੀਂ ਛੁੱਟੀ ਦੀ ਘੰਟੀ ਵੱਜੀ। ਬਿਪਨ ਨੇ ਆਪੇ ਤੁਰਨ ਵਾਲੀ ਮੋਟਰ ਬਸਤੇ ਵਿਚ ਪਾ ਕੇ ਆਂਦੀ ਹੋਈ ਸੀ। ਉਹ ਚਾਹੁੰਦਾ ਸੀ ਕਿ ਸੜਕ ਦੇ ਫੁੱਟਪਾਥਾਂ 'ਤੇ ਅਸੀਂ ਉਸ ਨੂੰ ਚਲਾ ਚਲਾ ਕੇ ਖੇਡੀਏ, ਪਰ ਮੈਂ ਅੱਜ ਉਸ ਨੂੰ ਸੁੱਕਾ ਜਵਾਬ ਦੇ ਦਿਤਾ। ਮੈਂ ਰਾਧਾ ਨਾਲ ਖੇਡਣਾ ਚਾਹੁੰਦਾ ਸਾਂ ਤੇ ਦੇਖਣਾ ਚਾਹੁੰਦਾ ਸਾਂ ਉਹ ਹੋਣ ਵਾਲਾ ਨਾਚ।

ਮੈਂ ਘਰ ਜਾ ਕੇ ਦੁੱਧ ਨਾ ਪੀਣ ਦਾ ਬਹਾਨਾ ਘੜ ਸੁਣਾਇਆ। ਅਵਿਨੇਂਦਰ ਦੇ ਘਰ ਖੇਡਣ ਦਾ ਝੂਠ ਬੋਲ ਕੇ ਮੈਂ ਰਾਧਾ ਦੇ ਘਰ ਆਣ ਵੜਿਆ। ਰਾਧਾ ਅੱਗੋਂ ਹੀ ਖੜੀ ਉਡੀਕਦੀ ਸੀ। ਉਸ ਦੀ ਪੁਸ਼ਾਕ ਅੱਜ ਹੱਦ ਹੀ ਸੀ। ਮੈਂ ਕਦੇ ਕਿਸੇ ਤੀਵੀਂ ਨੂੰ ਇਹੋ ਜਹੀ ਸੋਹਣੀ ਸਾੜੀ ਤੇ ਸ਼ਿੰਗਾਰ ਵਿਚ ਨਹੀਂ ਸੀ ਦੇਖਿਆ। ਉਹ ਮੈਨੂੰ ਆਪਣੀ ਉਂਗਲ ਫੜ ਕੇ ਬਵਰਚੀ ਖਾਨੇ ਵਲ ਲੈ ਗਈ। ਇਕ ਆਸਣ 'ਤੇ ਮੈਨੂੰ ਬਿਠਾ ਕੇ ਉਹ ਆਪ ਭੁੰਜੇ ਹੀ ਬਹਿ ਗਈ। ਸਾਹਮਣੇ ਪਏ ਚਾਂਦੀ ਦੇ ਭਾਂਡਿਆਂ ਵਿਚ ਦੁੱਧ ਮਲਾਈ, ਚੌਲ, ਇਥੋਂ ਤਕ ਕੇ ਫੁਲਕੇ, ਸਬਜ਼ੀ ਤੇ ਮੱਖਣ ਵੀ ਪਏ ਸਨ। ਇਕ ਸੁਨਹਿਰੀ ਝਾਲ ਵਾਲੀ ਰਕੇਬੀ ਵਿਚ ਉਸ ਰੁੱਤ ਦੇ ਫਲ ਪਏ ਸਨ। ਮੇਰੀ ਨਾਂਹ ਨੁੱਕਰ ਦਾ ਕੋਈ ਖਿਆਲ ਨਾ ਕਰਦਿਆਂ ਉਸ ਚਮਚਿਆਂ ਤੇ ਬੁਰਕੀਆਂ ਨਾਲ ਮੈਨੂੰ ਖਵਾਉਣਾ ਸ਼ੁਰੂ ਕਰ ਦਿਤਾ। ਮੈਂ ਝੱਟ ਹੀ ਰੱਜ ਗਿਆ। ਰਾਧਾ ਨੇ ਇਸ਼ਨਾਨ ਕਮਰੇ ਵਿਚ ਮੇਰਾ ਮੂੰਹ ਹੱਥ ਸਾਫ਼ ਕਰਾਇਆ।

ਅਸੀਂ ਵੱਖੀ ਵਾਲੇ ਕਮਰੇ ਵਿਚ ਵੜੇ। ਅਗਰ ਬੱਤੀ ਨਾਲ ਕਮਰਾ ਮਹਿਕਿਆ ਹੋਇਆ ਸੀ। ਸ਼ਿੰਗਾਰ ਟੇਬਲ 'ਤੇ ਇਕ ਚਾਂਦੀ ਦੀ ਥਾਲੀ ਵਿਚ ਸਿਹਰੇ ਫੁੱਲ, ਤੇ ਘਿਉ ਦੇ ਅਣਜਗੇ ਦੀਵੇ ਸਨ। ਮੇਰੇ ਦੇਖਦਿਆਂ ਦੇਖਦਿਆਂ ਸਾੜੀ ਦੇ ਲੜ ਵਾਲੇ ਚਾਬੀਆਂ ਦੇ ਗੁੱਛੇ ਵਿਚੋਂ ਇਕ ਚਾਬੀ ਚੁਣ ਕੇ ਵਾਰਡ ਰੋਬ ਖੋਲ੍ਹੀ ਗਈ। ਉਸ ਵਿਚੋਂ ਇਕ ਨਵੀਂ ਪੀਲੀ ਰੇਸ਼ਮੀ ਧੋਤੀ ਕੱਢ ਕੇ ਰਾਧਾ ਨੇ ਪਲੰਘ 'ਤੇ ਰੱਖੀ। ਇਕ ਕਿੱਲੀ ਤੋਂ ਮੋਰ ਦੇ ਖੰਭਾਂ ਦਾ ਇਕ ਮੁਕਟ ਲਾਹੁੰਦਿਆਂ ਰਾਧਾ ਨੇ ਕਿਹਾ, "ਕ੍ਰਿਸ਼ਨ ਚੰਦ੍ਰ, ਇਹ ਮੈਂ ਆਪਣੇ ਹੱਥੀਂ ਤੁਹਾਡੇ ਲਈ ਬਣਾਇਆ ਹੈ।"

ਮੈਂ ਹਾਲੀ ਵੀ ਹੈਰਾਨ ਖੜਾ ਸਾਂ, ਜਦ ਰਾਧਾ ਨੇ ਸ਼ਿੰਗਾਰ ਟੇਬਲ ਦੇ ਦਰਾਜ਼ 'ਚੋਂ ਇਕ ਮੁਰਲੀ ਕੱਢ ਲਿਆਂਦੀ। ਦਸਾਂ ਮਿੰਟਾਂ ਦੇ ਅੰਦਰ ਧੋਤੀ, ਮੁਕਟ, ਸਿਹਰੇ ਤੇ ਬੰਸਰੀ ਨਾਲ ਸਜਾ ਕੇ ਮੈਨੂੰ ਕੱਲ ਵਾਂਗ ਖੜਾ ਕੀਤਾ ਗਿਆ। ਇਕ ਸਿਹਰਾ ਸਾਹਮਣੀ ਤਸਵੀਰ ਦੇ ਗਲ ਵੀ ਪਾਇਆ ਗਿਆ। ਮੈਂ ਆਪਣਾ ਮੂੰਹ ਜਦ ਸਾਹਮਣੇ ਸ਼ੀਸ਼ੇ ਵਿਚ ਦੇਖਿਆਂ ਤਾਂ ਉਹ ਹੂ-ਬ-ਹੂ ਸਾਹਮਣੀ ਤਸਵੀਰ ਵਰਗਾ ਸੀ।

ਮੈਂ ਪੁੱਛਿਆ, "ਰਾਧਾ, ਉਹ ਕਿਸ ਦੀ ਮੂਰਤ ਹੈ?"

ਉਸ ਮੁਸਕ੍ਰਾਉਂਦਿਆਂ ਕਿਹਾ, "ਤੁਹਾਨੂੰ ਪਤਾ ਹੀ ਨਹੀਂ? ਕ੍ਰਿਸ਼ਨ ਚੰਦ੍ਰ ਦੀ।"

"ਮੇਰੀ?" ਮੈਂ ਪੁੱਛਿਆ।

"ਹਾਂ..... ਹਾਂ., ਕ੍ਰਿਸ਼ਨ ਚੰਦ੍ਰ ਦੀ।"

ਮਾਚਸ ਬਾਲ ਕੇ ਥਾਲੀ ਵਿਚਲੇ ਪੰਜ ਦੀਵੇ ਜਗਾਏ ਗਏ ਤੇ ਰਾਧਾ ਦੋਹਾਂ ਹੱਥਾਂ ਵਿਚ ਉਨ੍ਹਾਂ ਨੂੰ ਲੈ ਕੇ ਹਾਜ਼ਰ ਹੋਈ। ਮੇਰੇ ਸਾਹਮਣੇ ਖੜੋ ਕੇ ਉਸ ਦੋਵੇਂ ਅੱਖਾਂ ਮੀਟ ਲਈਆਂ। ਅੱਖਾਂ ਖੋਲ੍ਹ ਕੇ ਥਾਲੀ ਦੇ ਇਕ ਕੰਢੇ ਤੇ ਘੋਲੇ ਹੋਏ ਕੇਸਰ ਤੇ ਚੌਲਾਂ ਦਾ, ਉਸ ਆਪਣੀ ਚੀਚੀ ਨਾਲ ਦੀ ਉਂਗਲੀ ਨਾਲ ਮੈਨੂੰ ਟਿੱਕਾ ਲਾ ਦਿਤਾ। ਮੈਨੂੰ ਖ਼ਬਰੇ ਕੀ ਸੁੱਝੀ, ਮੈਂ ਵੀ ਆਪਣੀ ਉਸੇ ਉਂਗਲੀ ਨੂੰ ਕੇਸਰ ਲਾ ਕੇ ਹੱਥ ਉਸ ਦੇ ਮੱਥੇ ਵਲ ਵਧਾਇਆ। ਉਸ ਮੱਥਾ ਝੁਕਾ ਦਿਤਾ। ਮੇਰੀ ਉਂਗਲੀ ਲਗਦਿਆਂ ਹੀ ਉਹ ਕੰਬ ਉਠੀ, ਉਸ ਦੀ ਦੀਵਿਆਂ ਵਾਲੀ ਥਾਲੀ ਉਸ ਦੇ ਹੱਥਾਂ ਵਿਚ ਕੰਬੀ, ਦੀਵਿਆਂ ਦੀਆਂ ਲਾਟਾਂ ਕੰਬੀਆਂ, ਧੂਫ਼ ਦਾ ਧੂੰਆਂ ਕੰਬਿਆ ਤੇ ਘੁੰਗਰੂਆਂ ਵਰਗੀ ਛਣਕਦੀ ਅਵਾਜ਼ ਖ਼ਬਰੇ ਕਿਵੇਂ ਉਸ ਦੇ ਪੈਰਾਂ ਵਿਚੋਂ ਕੰਬੀ। ਇਕਦਮ ਉਹ ਆਪਣੀ ਥਾਂ ਤੋਂ ਹਿੱਲੀ ਤੇ ਇਉਂ ਅਗਾਂਹ ਵਧੀ ਜਿਵੇਂ ਤਿਲਕ ਕੇ ਡਿੱਗਣ ਲੱਗੀ ਹੋਵੇ, ਪਰ ਝੱਟ ਹੀ ਉਹ ਸੰਭਲ ਗਈ। ਹੌਲੀ ਹੌਲੀ ਉਸ ਦੇ ਤਿਲਕਣ ਤੇ ਸੰਭਲਣ ਦੀ ਚਾਲ ਵਧਦੀ ਗਈ। ਮੈਂ ਸਮਝ ਗਿਆ ਕਿ ਨਾਚ ਸ਼ੁਰੂ ਹੈ। ਉਸ ਦੇ ਲੱਕ ਝੁਕਾਉਣ ਨਾਲ ਉਸ ਦੇ ਖੁਲ੍ਹੇ ਵਾਲ ਧਰਤੀ ਨੂੰ ਛੂਹ ਜਾਂਦੇ ਸਨ। ਉਹ ਹਵਾ ਦੀ ਪਤਲੀ ਲਹਿਰਾਂ ਵਾਂਗ ਦੂਹਰੀ ਹੋ ਹੋ ਜਾਂਦੀ ਸੀ। ਚਾਲ ਤੇਜ਼ ਹੋਣੀ ਸ਼ੁਰੂ ਹੋਈ। ਘੁੰਗਰੂਆਂ ਦੀ ਘੂਕਰ ਨਾਲ ਕਮਰੇ ਵਿਚ ਇਕਸੁਰਤਾ ਜਹੀ ਛਾ ਗਈ। ਚਾਲ ਹੋਰ ਤੇਜ਼ ਹੋ ਗਈ। ਜਗਦੀਆਂ ਜੋਤਾਂ ਦਾ ਇਕ ਚੱਕਰ ਮੇਰੇ ਦੁਆਲੇ ਬੱਝ ਗਿਆ। ਮੇਰੀਆਂ ਅੱਖਾਂ ਅੱਗੇ ਭੰਬੂ ਤਾਰੇ ਉੱਡਣ ਲੱਗ ਪਏ। ਮੇਰੇ ਦੁਆਲੇ ਕਈ ਰਾਧਾ ਦਿੱਸਣ ਲੱਗ ਪਈਆਂ। ਮੇਰੀ ਆਪਣੀ ਸ਼ਕਲ ਦੇ ਕਈ ਮੁੰਡੇ ਮੇਰੀ ਹੁਣ ਦੀ ਪੁਸ਼ਕ ਵਿਚ ਉਨ੍ਹਾਂ ਨਾਲ ਸਨ। ਮੇਰੇ ਉਤੇ ਮੇਰਾ ਆਪਣਾ ਕਾਬੂ ਘੱਟ ਮਲੂਮ ਹੁੰਦਾ ਸੀ। ਇਉਂ ਮਲੂਮ ਹੋਣ ਲੱਗਾ ਜਿਵੇਂ ਕਿਸੇ ਨੇ ਮੇਰੀਆਂ ਉਂਗਲਾਂ ਮੁਰਲੀ ਦਿਆਂ ਛੇਕਾਂ 'ਤੇ ਬਦੋ ਬਦੀ ਰੱਖ ਦਿਤੀਆਂ ਹਨ। ਮੈਂ ਵੱਡੇ ਛੇਕ ਤੇ ਹੇਠਲਾ ਬੁਲ੍ਹ ਰੱਖ ਕੇ

ਫੂਕ ਮਾਰੀ। ਮੇਰੀਆਂ ਨਿੱਕੀਆਂ ਨਿੱਕੀਆਂ ਉਂਗਲਾਂ ਖ਼ਬਰੇ ਕਿੱਦਾ ਉਨ੍ਹਾਂ ਛੇਕਾਂ 'ਤੇ ਨਾਚ ਕਰਨ ਲੱਗ ਪਈਆਂ। ਮੈਂ ਕਦੇ ਬੰਸਰੀ ਨਹੀਂ ਵਜਾਈ ਸੀ ਤੇ ਨਾ ਹੀ ਹੁਣ ਕੋਈ ਸਾਜ ਵਜਾ ਸਕਦਾ ਹਾਂ, ਪਰ ਉਸ ਵੇਲੇ ਵਰਗੀ ਬੰਸਰੀ ਮੈਂ ਕਦੇ ਕਿਸੇ ਉਸਤਾਦ ਕੋਲੋਂ ਵੀ ਨਹੀਂ ਸੁਣ ਸਕਿਆ।

ਹੌਲੀ ਹੌਲੀ ਮੇਰੀਆਂ ਉਂਗਲਾਂ ਢਿੱਲੀਆਂ ਪੈਣੀਆਂ ਸ਼ੁਰੂ ਹੋ ਗਈਆਂ। ਨਾਚ ਦੀ ਚਾਲ ਘਟਦੀ ਘਟਦੀ ਘੱਟ ਗਈ। ਰਾਧਾ ਇਕ ਰਹਿ ਗਈ, ਮੈਂ ਇਕ ਰਹਿ ਗਿਆ। ਕਮਰੇ ਵਿਚ ਕਬਰ ਵਰਗੀ ਚੁੱਪ ਛਾ ਗਈ। ਰਾਧਾ ਸ਼ਰਾਬੀਆਂ ਵਾਗ ਹੁਲਾਰੇ ਖਾ ਰਹੀ ਸੀ, ਪਰ ਦੀਵਿਆਂ ਵਾਲੀ ਥਾਲੀ ਨੂੰ ਨਹੀਂ ਸੀ ਡਿੱਗਣ ਦੇਂਦੀ। ਮੈਂ ਆਪਣੀ ਥਾਂ ਛੱਡ ਕੇ ਅਗਾਂਹ ਵਧਿਆ। ਥਾਲੀ ਉਸ ਦੇ ਹੱਥੋਂ ਫੜ ਕੇ ਸ਼ਿੰਗਾਰ ਟੇਬਲ 'ਤੇ ਰੱਖਣ ਦੀ ਦੇਰ ਸੀ ਕਿ ਉਹ ਘੜੰਮ ਕਰ ਕੇ ਭੁੰਜੇ ਡਿੱਗ ਪਈ। ਮੁਰਲੀ ਮੰਜੇ 'ਤੇ ਸੁੱਟ ਮੈਂ ਉਸ ਨੂੰ ਸਾਂਭਿਆ। ਪਤਾ ਨਹੀਂ ਉਦੋਂ ਮੇਰੇ ਵਿਚ ਇੰਨਾ ਬਲ ਕਿਥੋਂ ਆ ਗਿਆ ਸੀ। ਮੈਂ ਹਰ ਹਾਲਤ ਵਿਚ ਆਪਣੇ ਆਪ ਨੂੰ ਪੂਰਾ ਆਦਮੀ ਸਮਝਦਾ ਸਾਂ। ਆਪਣੀ ਧੋਤੀ ਦੇ ਪੱਲੇ ਨਾਲ ਮੈਂ ਉਸ ਨੂੰ ਪੱਖਾ ਕਰ ਕੇ ਪੂਰੀ ਹੋਸ਼ ਵਿਚ ਆਂਦਾ। ਉਸ ਉਠ ਕੇ ਮੇਰੀ ਗਲੂ ਚੁੰਮ ਲਈ। ਕੰਬਣੀਆਂ ਦਾ ਹੜ ਮੇਰੀ ਨਸ ਨਸ ਵਿਚ ਫਿਰ ਗਿਆ। ਮੈਂ ਨੀਮ ਬੇਹੋਸ਼ੀ ਦੀ ਹਾਲਤ ਵਿਚ ਉਸ ਨੂੰ ਆਪਣੀ ਗਲਵੱਕੜੀ ਵਿਚ ਲੈ ਲਿਆ। ਉਹ ਵੀ ਫਿਰ ਕੰਬੀ ਤੇ ਇਕ ਵਾਰੀ ਆਪਣੀਆਂ ਬਾਹਾਂ ਨਾਲ ਮੈਨੂੰ ਘੁੱਟ ਕੇ, ਮੇਰੀਆਂ ਬਾਹਾਂ ਵਿਚ ਆਪਣੇ ਆਪ ਨੂੰ ਨਿੰਸਲ ਸੁੱਟ ਦਿਤਾ। ਮੈਂ ਉਸ ਦੀਆਂ ਗੱਲ੍ਹਾਂ ਚੁੰਮੀਆਂ, ਬੁਲ੍ਹ ਚੁੰਮੇ, ਅੱਖਾਂ ਚੁੰਮੀਆਂ, ਵਾਲ ਚੁੰਮੇ, ਪਰ ਉਹ ਨਿੰਸਲ ਪਈ ਸੀ। ਮੈਂ ਉਸ ਦੇ ਚਿਹਰੇ ਵਲ ਦੇਖਣ ਲੱਗ ਪਿਆ। ਕੁੱਝ ਚਿਰ ਮਗਰੋਂ ਉਸ ਆਪਣੀਆਂ ਨੀਮ ਬੇਹੋਸ਼ੀ ਅੱਖਾਂ ਖੋਲ੍ਹੀਆਂ ਤੇ ਝੱਟ ਹੀ ਬੰਦ ਕਰ ਲਈਆਂ।

ਅਚਾਨਕ ਬੂਹਾ ਖੜਕਿਆ, ਅਸੀਂ ਉਠ ਖੜੋਤੇ। ਕੋਈ ਅਵਾਜ਼ ਨਾ ਆਈ। ਮੈਂ ਫਿਰ ਪਹਿਲਾ ਕ੍ਰਿਸ਼ਨ ਬਣਾਇਆ ਗਿਆ। ਕਾਫ਼ੀ ਦੇਰ ਹੋ ਗਈ ਸੀ ਜਦ ਮੈਂ ਆਪਣੇ ਘਰ ਪਹੁੰਚਾ।

ਡਾਕਟਰ ਨੂੰ ਦਿਖਾਇਆ ਗਿਆ। ਉਸ ਦੱਸਿਆ ਕਿ ਮੇਰੀ ਸਿਹਤ ਬਿਲਕੁਲ ਠੀਕ ਹੈ।

"ਭੁੱਖ ਕਿਉਂ ਨਹੀਂ ਲੱਗਦੀ ਇਸ ਨੂੰ?'' ਮੇਰੇ ਪਿਤਾ ਜੀ ਨੇ ਡਾਕਟਰ ਤੋਂ ਪੁੱਛਿਆ।

"ਹਾਜ਼ਮਾ ਤਾਂ ਦਰੁਸਤ ਹੈ,'' ਡਾਕਟਰ ਨੇ ਜਵਾਬ ਦਿਤਾ।

ਸਕੂਲ ਦੇ ਇਮਤਿਹਾਨ ਦੀ ਰੀਪੋਰਟ ਚੰਗੀ ਸੀ, ਪਰ ਫਿਰ ਵੀ ਮੇਰੀ ਨਿਗਰਾਨੀ ਰੱਖੀ ਜਾਣ ਲੱਗ ਪਈ।

ਮੈਂ ਰੋਜ਼ ਰਾਧਾ ਦੇ ਜਾਂਦਾ ਸਾਂ, ਇਸ ਦਾ ਕਦੇ ਕਿਸੇ ਨੂੰ ਸ਼ੱਕ ਹੀ ਨਹੀਂ ਸੀ। ਪਰ ਮੇਰੀ ਭਾਈ ਜੀ, ਜਿਨ੍ਹਾਂ ਨੂੰ ਮੇਰੀ ਰਾਤ ਦੀ ਰੋਟੀ ਰੋਜ਼ ਨਾ ਖਾਣ ਕਰਕੇ ਫਿਕਰ ਲੱਗਾ ਰਹਿੰਦਾ ਸੀ, ਖੁਫ਼ੀਆ ਪੁਲਿਸ ਵਾਂਗ ਮੇਰੇ ਮਗਰ ਲੱਗ ਪਏ। ਇਕ ਦਿਨ ਜਦ ਮੈਂ ਰਾਧਾ ਵੱਲ ਗਿਆ ਤਾਂ ਉਹ ਦੱਬੀ ਪੈਰੀਂ ਲੁਕ ਲੁਕ ਕੇ ਮੇਰੇ ਪਿੱਛੇ ਗਏ। ਬੂਹਾ ਅੰਦਰੋਂ ਬੰਦ ਹੋ ਜਾਣ ਦੀ ਹਾਲਤ ਵਿਚ ਉਹ ਅੰਦਰ ਨਾ ਆ ਸਕੇ। ਬਾਹਰ ਬੂਹੇ ਨਾਲ ਕੰਨ ਲਾ ਕੇ ਖ਼ਬਰੇ ਕਿੰਨਾ ਚਿਰ ਖੜੇ ਰਹੇ ਹੋਣਗੇ। ਨਾਚ ਮੁੱਕਣ ਤੋਂ ਮਗਰੋਂ ਸਾਨੂੰ ਉਨ੍ਹਾਂ ਦੀਆਂ ਤੇਜ਼ ਆਵਾਜ਼ਾਂ ਸੁਣਾਈ ਦਿਤੀਆਂ। ਉਹ ਉੱਚੀ ਉੱਚੀ ਕਹਿ ਰਹੇ ਸਨ, "ਰਾਮ ਪਿਆਰੀ! ਰਾਮ ਪਿਆਰੀ!!''

ਮੈਂ ਤਾਂ ਡਰ ਗਿਆ, ਪਰ ਰਾਧਾ ਨੇ ਉਹ ਕਪੜੇ ਛੇਤੀ ਹੀ ਲਾਹ ਦਿਤੇ ਤੇ ਮੇਰੇ ਪਾ ਦਿਤੇ। ਮੂੰਹ ਹੱਥ ਵਾਜਾਂ ਦੀ ਵਾਛੜ ਵਿਚ ਹੀ ਧੁਆ ਦਿਤੇ ਗਏ। ਮੈਨੂੰ ਫੇਰ ਉਸੇ ਅੰਦਰ ਲੁਕਾ ਕੇ ਉਹ ਬਾਹਰ ਨਿਕਲੀ ਤੇ ਬੂਹਾ ਖੋਲ੍ਹ ਕੇ ਮੇਰੀ ਭਾਈ ਜੀ ਨੂੰ ਪੁੱਛਿਆ ਕਿ ਕੀ ਗੱਲ ਹੈ?

ਭਾਈ ਨੇ ਗੁੱਸੇ ਭਰੀਆਂ ਅੱਖਾਂ ਨਾਲ ਪੁੱਛਿਆ, "ਕ੍ਰਿਸ਼ਨ ਕਿੱਥੇ ਹੈ?''

ਰਾਧਾ ਨੇ ਆਖਿਆ, "ਐਥੇ ਕਿਤੇ ਹੋਏਗਾ।''

"ਮੈਂ ਆਪ ਅੰਦਰ ਵੜਦਾ ਦੇਖਿਆ ਹੈ।'' ਭਾਈ ਨੇ ਕੜਕ ਕੇ ਕਿਹਾ।

"ਮੈਂ ਅੰਦਰ ਦੇਖਦੀ ਹਾਂ'', ਰਾਧਾ ਨੇ ਬੜੀ ਸ਼ਾਂਤੀ ਨਾਲ ਕਿਹਾ, "ਮੇਰੇ ਸੁੱਤਿਆਂ ਸੁੱਤਿਆਂ ਕਈ ਵਾਰੀ ਅੰਦਰ ਦਾ ਬੂਹਾ ਅੜਾ ਕੇ, ਕੱਲਾ ਖੇਡਦਾ ਰਹਿੰਦਾ ਹੈ।''

ਅੰਦਰ ਆ ਕੇ ਉਸ ਮੈਨੂੰ ਬਾਹਾਂ ਤੋਂ ਫੜ ਲਿਆ। ਮੈਂ ਡਰ ਨਾਲ ਨਿਤਾਣਿਆਂ ਵਾਂਗ ਕੰਬ ਰਿਹਾ ਸਾਂ। ਰਾਧਾ ਨੇ ਹੌਲੀ ਜਿਹੀ ਕਿਹਾ, "ਡਰੋ ਨਾ ਮੇਰੇ ਕ੍ਰਿਸ਼ਨ ਅਸੀਂ ਚੋਰੀ ਨਹੀਂ ਕੀਤੀ, ਪਾਪ ਨਹੀਂ ਕੀਤਾ।''

ਮੈਂ ਹੌਸਲਾ ਕਰ ਕੇ ਉਸੇ ਤਰ੍ਹਾਂ ਧਰੀਕੀਦਾ ਉਸ ਨਾਲ ਬਾਹਰ ਆਂਦਾ ਗਿਆ। ਮੇਰੀ ਬਾਂਹ ਭਾਈ ਨੂੰ ਫੜਾਉਂਦਿਆਂ ਉਸ ਆਖਿਆ, "ਆਹ ਲਉ ਫੜੋ ਆਪਣਾ ਮੱਖਣ ਚੋਰ, ਅੰਦਰਲੇ ਕਮਰੇ ਵਿਚ ਲੁਕਿਆ ਹੋਇਆ ਸੀ।''

ਮੇਰੀ ਭਾਈ ਮੈਨੂੰ ਛੱਡ ਕੇ ਅੰਦਰ ਵੜ ਗਈ। ਵੱਖ ਵਾਲੇ ਕਮਰੇ ਵਿਚ ਖਿਲਰੀਆਂ ਚੀਜ਼ਾਂ ਤੇ ਜਗਦੀਆਂ ਜੋਤਾਂ ਦੇਖ ਕੇ ਉਸ ਉੱਚੀ ਦਿੱਤੀ "ਹੂੰ... ਉਂ... ਉਂ'' ਕੀਤਾ ਤੇ ਇਕ ਸ਼ੱਕ ਭਰੀ ਨਜ਼ਰ ਰਾਧਾ 'ਤੇ ਸੁੱਟ ਕੇ ਬੜੀ ਆਕੜ ਨਾਲ ਮੁੜ ਆਈ। ਆਉਂਦਿਆਂ ਹੀ ਮੈਨੂੰ ਪੈਣੀਆਂ ਸ਼ੁਰੂ ਹੋ ਗਈਆਂ। ਰਾਧਾ ਛੁਡਾਉਣ ਵਾਸਤੇ ਬਾਹਰ ਆਈ, ਪਰ ਫਿਰ ਅੰਦਰ ਮੁੜ ਗਈ। ਫਿਰ ਆਈ, ਫਿਰ ਮੁੜ ਗਈ। ਮੇਰੀ ਗਲੂ 'ਤੇ ਇਕ ਚਪੇੜ ਪੈਂਦਿਆਂ ਹੀ ਉਹ 'ਕੱਠੀ ਹੋ ਜਾਂਦੀ ਸੀ।

ਕਮਰੇ ਵਿਚ ਮੈਨੂੰ ਡੱਕ ਕੇ ਭਾਈ ਜੀ ਪਿਤਾ ਜੀ ਨੂੰ ਉਡੀਕਦੇ ਰਹੇ। ਮੈਂ ਜਾਣ ਕੇ ਘੁਰਾੜੇ ਮਾਰਨ ਲੱਗ ਪਿਆ। ਬੜੇ ਪ੍ਰੇਮ ਨਾਲ ਭਾਈ ਜੀ ਨੇ ਪਿਤਾ ਜੀ ਨੂੰ ਰੋਟੀ ਖੁਆਈ। ਰੋਟੀ ਖਾ ਕੇ ਕੁੱਝ ਚਿਰ ਬਰਾਂਡੇ ਵਿਚ ਟਹਿਲਣ ਮਗਰੋਂ ਪਿਤਾ ਜੀ ਆਪਣੇ ਪਲੰਘ 'ਤੇ ਆ ਲੇਟੇ। ਭਾਈ ਜੀ ਨੇ ਵੀ ਬਾਕੀ ਦੇ ਕੰਮ ਖ਼ਤਮ ਕਰ ਕੇ ਆਪਣੀ ਮੰਜੀ ਮੱਲੀ। ਕੁੱਝ ਚਿਰ ਮਗਰੋਂ ਭਾਈ ਜੀ ਨੇ ਹੌਲੀ ਜਿਹੀ ਕਿਹਾ, "ਏ ਜੀ! ਜਾਗਦੇ ਓ?''

ਪਿਤਾ ਜੀ ਨੇ ਪਾਸਾ ਮੋੜ ਕੇ ਕਿਹਾ, "ਆਹੋ''

"ਮੈਂ ਇਕ ਗੱਲ ਕਰਨੀ ਸੀ,'' ਭਾਈ ਜੀ ਨੇ ਇਸ ਲਹਿਜ਼ੇ ਵਿਚ ਕਿਹਾ ਜਿਵੇਂ ਗੱਲ ਬੜੀ ਜ਼ਰੂਰੀ ਹੋਵੇ।

"ਕੀ ਗੱਲ ਹੈ?''

ਭਾਈ ਜੀ ਨੇ ਅੱਜ ਜੋ ਕੁੱਝ ਦੇਖਿਆ ਸੁਣਿਆ ਸੀ, ਆਖ ਸੁਣਾਇਆ ਤੇ ਅੰਤ ਵਿਚ ਕਿਹਾ, 'ਖ਼ਬਰੇ ਕੀ ਕਰਦੀ ਰਹਿੰਦੀ ਏ ਬੰਗਾਲਣ ਜਾਦੂਗਰਨੀ, ਮੇਰੇ ਲਾਲ ਨੂੰ ਅੰਦਰ ਵਾੜ ਕੇ!'

ਪਿਤਾ ਜੀ ਨੇ ਉੱਤਰ ਦਿਤਾ, "ਸ਼ੁਦੈਣ ਨਾ ਬਣਿਆ ਕਰ, ਸੋਧਾਂ!''

ਭਾਈ ਜੀ ਦੇ ਬਹੁਤ ਜ਼ੋਰ ਦੇਣ 'ਤੇ ਪਿਤਾ ਜੀ ਨੇ ਆਖਿਆ, "ਹੱਛਾ, ਮਿਲਾਂਗੇ ਬੁੱਢੇ ਨੂੰ ਸਵੇਰੇ।''

ਤੀਜੇ ਦਿਨ ਜਦ ਮੈਂ ਸਕੂਲੋਂ ਮੁੜਿਆ, ਮੈਂ ਆਪਣੇ ਘਰ ਜਾਣ ਦੀ ਥਾਂ, ਪਹਿਲੋਂ ਹੀ ਰਾਧਾ ਦੇ ਘਰ ਵਲ ਮੁੜਿਆ। ਬੂਹਾ ਚੌੜ ਚਪੱਟ ਖੁਲ੍ਹਾ ਸੀ। ਅੰਦਰ ਕੋਈ ਸਮਾਨ ਨਹੀਂ ਸੀ। ਮੈਂ ਅੱਖਾਂ ਮਲ ਕੇ ਗਹੁ ਨਾਲ ਫੇਰ ਤੱਕਿਆ, ਫਿਰ ਵੀ ਨਹੀਂ ਸੀ। ਮੈਂ ਨਾਲ ਦੇ ਕਮਰੇ ਵਿਚ ਗਿਆ, ਉਥੇ ਵੀ ਕੋਈ ਨਹੀਂ ਸੀ। ਮੈਨੂੰ ਇੰਦਾਂ ਪ੍ਰਤੀਤ ਹੋਣ ਲੱਗਾ ਜਿਵੇਂ ਮੇਰੇ ਸਰੀਰ ਨਾਲੋਂ ਕੋਈ ਅੰਗ ਕੱਟ ਲਿਆ ਗਿਆ। ਮੈਂ ਬਸਤੇ ਸਮੇਤ ਕਮਰੇ ਦੀ ਇਕ ਨੁੱਕਰ ਵਿਚ ਧਸ ਗਿਆ। ਇੰਦਾਂ ਮਲੂਮ ਹੁੰਦਾ ਸੀ ਜਿਵੇਂ ਮੈਂ ਪਾਤਾਲ ਵੱਲ ਜਾ ਰਿਹਾ ਹਾਂ। ਅਚਾਨਕ ਕਿਸੇ ਮੇਰੀ ਬਾਂਹ ਆਣ ਪਕੜੀ। ਪਹਿਲੋਂ ਮੈਂ ਸਮਝਿਆ, ਰਾਧਾ ਹੋਏਗੀ ਪਰ ਬਾਂਹ ਬੜੇ ਜ਼ੋਰ ਦੀ ਫੜੀ ਗਈ ਸੀ। ਮੈਂ ਉਤਾਂਹ ਤੱਕਿਆ, ਭਾਈ ਸੀ। ਮੈਂ ਰੋ ਰਿਹਾ ਸਾਂ। ਭਾਈ ਮੈਨੂੰ ਧੂਹ ਕੇ ਆਪਣੇ ਪਾਸੇ ਵੱਲ ਲਿਜਾ ਰਹੀ ਸੀ।

# ਲੋਕਾਂ ਦਾ ਚਿਤੇਰਾ ਫ਼ਿਦਾ ਹੁਸੈਨ



**ਸੁਨੀਤ ਚੋਪੜਾ**

ਮਕਬੂਲ ਫ਼ਿਦਾ ਹੁਸੈਨ ਹੁਣ ਸਾਡੇ ਵਿਚ ਨਹੀਂ ਹੈ। ਲੰਡਨ ਵਿਚ 9 ਜੂਨ ਨੂੰ ਸਵੇਰੇ ਤੜਕੇ 96 ਸਾਲ ਦੀ ਉਮਰ ਵਿਚ ਉਨ੍ਹਾਂ ਦਾ ਦਿਹਾਂਤ ਹੋ ਗਿਆ। ਉਨ੍ਹਾਂ ਬਾਰੇ ਇਕ ਜੋ ਸਭ ਤੋਂ ਦੁੱਖਦਾਈ ਗੱਲ ਹੈ, ਉਹ ਇਹ ਹੈ ਕਿ ਉਹ ਆਪਣੇ ਦੇਸ਼ ਨਹੀਂ ਆ ਸਕੇ ਅਤੇ ਸ਼ਾਂਤੀ ਨਾਲ ਉਨ੍ਹਾਂ ਅੱਖਾਂ ਬੰਦ ਕਰ ਲਈਆਂ। ਜਿਨ੍ਹਾਂ ਲੋਕਾਂ ਨੇ ਉਨ੍ਹਾਂ ਖ਼ਿਲਾਫ਼ ਬੇਤੁਕੀਆਂ ਸ਼ਿਕਾਇਤਾਂ ਕੀਤੀਆਂ ਸਨ, ਉਨ੍ਹਾਂ ਦੀ ਗਲਤ ਸਮਝ ਦੇ ਆਧਾਰ 'ਤੇ ਝੂਠੇ ਅਦਾਲਤੀ ਮਾਮਲਿਆਂ ਦੀ ਇਕ ਪੂਰੀ ਲੜੀ ਨੇ ਅਜਿਹੀ ਸਥਿਤੀ ਪੈਦਾ ਕਰ ਦਿੱਤੀ ਜਿਸ ਵਿਚ ਭਾਰਤ ਦੇ ਸਭ ਤੋਂ ਚਰਚਿਤ ਕਲਾਕਾਰਾਂ ਵਿਚੋਂ ਇਕ ਕਲਾਕਾਰ ਨੂੰ ਖ਼ੁਦ ਬਣਾਈ ਜਲਾਵਤਨੀ ਵਿਚ ਰਹਿਣਾ ਪਿਆ ਅਤੇ ਇਸ ਜਲਾਵਤਨੀ ਵਿਚ ਉਨ੍ਹਾਂ ਨੇ ਆਖ਼ਰੀ ਸਾਹ ਲਿਆ। ਉਨ੍ਹਾਂ ਖ਼ਿਲਾਫ਼ ਮਾਮਲੇ ਦਰਜ ਕਰਾਉਣ ਵਾਲੇ ਇਹ ਸਮਝ ਹੀ ਨਹੀਂ ਸਕੇ ਕਿ ਕਲਾਕਾਰਾਂ ਅਤੇ ਕਲਾ ਪ੍ਰੇਮੀਆਂ ਲਈ ਕਲਾ ਰੂਪਾਂ ਦਾ ਕੀ ਅਰਥ ਹੁੰਦਾ ਹੈ ਅਤੇ ਸਭ ਤੋਂ ਵੱਡੀ ਗੱਲ ਇਹ ਹੈ ਕਿ ਉਨ੍ਹਾਂ ਨੂੰ ਪਤਾ ਹੀ ਨਹੀਂ ਕਿ ਸਮਕਾਲੀਨ ਕਲਾ ਕੀ ਹੈ? ਜੇਕਰ ਇਸ ਤੋਂ ਕੋਈ ਇਕ ਸਬਕ ਨਿਕਲਦਾ ਹੈ ਤਾਂ ਉਹ ਇਹ ਕਿ ਉਨ੍ਹਾਂ ਦੀ ਕਲਾ ਨੇ ਕਾਨੂੰਨ ਅਤੇ ਵਿਵਸਥਾ ਦੀ ਕੋਈ ਸਮੱਸਿਆ ਪੈਦਾ ਨਹੀਂ ਕੀਤੀ, ਜਿਵੇਂ ਕਿ ਉਨ੍ਹਾਂ 'ਤੇ ਦੋਸ਼ ਲਾਇਆ ਗਿਆ ਬਲਕਿ ਇਸ ਦੇ ਉਲਟ ਕਾਨੂੰਨ ਅਤੇ ਵਿਵਸਥਾ ਦੀ ਸਮੱਸਿਆ ਉਨ੍ਹਾਂ ਕੱਟੜ ਗਰੁੱਪਾਂ ਕਾਰਨ ਪੈਦਾ ਹੋਈ, ਜੋ ਉਨ੍ਹਾਂ ਪ੍ਰਤੀ ਰੋਸ ਰੱਖਦੇ ਸਨ ਅਤੇ ਜਿਨ੍ਹਾਂ ਨੇ ਉਨ੍ਹਾਂ ਦੇ ਘਰ, ਅਹਿਮਦਾਬਾਦ ਵਿਚ ਉਨ੍ਹਾਂ ਦੇ ਮਿਊਜ਼ੀਅਮ ਅਤੇ ਦਿੱਲੀ ਵਿਚ ਦਹਿਸ਼ਤ ਪੈਦੀ ਕੀਤੀ। ਹਾਲਾਂਕਿ ਕਲਾ ਦੇ ਬਾਜ਼ਾਰ ਵਿਚ ਮੁਕਾਬਲਤਨ ਮੰਦੀ ਸੀ, ਫੇਰ ਵੀ ਉਨ੍ਹਾਂ ਦਾ ਕੰਮ ਆਸਾਨੀ ਨਾਲ ਉਸੇ ਤਰ੍ਹਾਂ ਵਿਕਦਾ ਰਿਹਾ ਜਿਵੇਂ ਕਲਾ ਬਾਜ਼ਾਰ ਵਿਚ ਆਏ ਉਛਾਲ ਦੇ ਦਿਨਾਂ ਵਿਚ ਵਿਕਦਾ ਸੀ। ਲੰਡਨ ਦੀ ਹਾਲ ਦੀ ਨਿਲਾਮੀ ਵਿਚ ਹੀ ਉਨ੍ਹਾਂ ਦੀਆਂ ਤਿੰਨ ਤਸਵੀਰਾਂ 2.32 ਕਰੋੜ ਰੁਪਏ ਵਿਚ ਵਿਕੀਆਂ। ਇਸ ਤਰ੍ਹਾਂ ਅੰਤ ਤਕ ਉਹ ਜੇਤੂ ਹੀ ਰਹੇ।

ਅਸਾਧਰਨ ਉਚਾਈਆਂ 'ਤੇ

ਇਸ ਦਾ ਸਭ ਤੋਂ ਵੱਡਾ ਕਾਰਨ ਇਹ ਹੈ ਕਿ ਚੰਗੀਆਂ ਕਲਾਕ੍ਰਿਤੀਆਂ ਦੀਆਂ ਕੀਮਤਾਂ ਕੋਈ ਸ਼ਿਅਰ ਬਾਜ਼ਾਰ ਵਾਂਗ ਡਿੱਗਦੀਆਂ-ਵੱਧਦੀਆਂ ਨਹੀਂ। ਹਾਂ! ਚਰਚਿਤ ਹਸਤੀ ਹੋਣ ਕਾਰਨ ਬਾਜ਼ਾਰ ਵਿਚ ਕਿਸੇ ਦੇ ਕਲਾ ਕਰਮ ਦੇ ਭਾਅ ਵਿਚ ਥੋੜ੍ਹਾ-ਬਹੁਤ ਵਾਧਾ ਹੋ ਜਾਵੇ ਤਾਂ ਵੱਖਰੀ ਗੱਲ ਹੈ। ਹੁਸੈਨ ਦੇ ਕੰਮ ਨੂੰ ਅਸਾਧਾਰਨ ਉਚਾਈਆਂ ਜੇਕਰ ਹਾਸਲ ਹੋਈਆਂ ਤਾਂ ਇਸ ਲਈ ਕਿ ਉਨ੍ਹਾਂ ਦੀਆਂ ਕਿਰਤਾਂ ਵਿਚ ਇਕ ਅਨੋਖੀ ਦ੍ਰਿਸ਼ਟੀ ਪ੍ਰਤੀਬਿੰਬਤ ਹੁੰਦੀ ਹੈ, ਜੋ ਸਾਡੇ ਲੋਕਾਂ ਦੇ ਜੀਵਨ ਨਾਲ ਡੂੰਘਾਈ ਨਾਲ ਜੁੜੀ ਹੁੰਦੀ ਹੈ। ਯਾਦ ਰਹੇ ਕਿ ਇਹ ਉਹੀ ਲੋਕ ਹਨ ਜੋ ਸਾਡੇ ਰਾਸ਼ਟਰੀ ਅੰਦੋਲਨ ਦਾ ਜੀਵਨ-ਪ੍ਰਾਣ ਸਨ ਅਤੇ ਜਿਨ੍ਹਾਂ ਨੇ ਦੇਸ਼ ਨੂੰ ਸਾਮਰਾਜਵਾਦ ਦੀ ਗੁਲਾਮੀ ਤੋਂ ਅਤੇ ਉਸ ਦੇ ਸਥਾਨਕ ਸਤੰਭਾਂ ਦੀ ਗੁਲਾਮੀ ਤੋਂ ਵੀ ਮੁਕਤ ਕਰਾਉਣ ਲਈ ਆਪਣਾ ਸਭ ਕੁਝ ਕੁਰਬਾਨ ਕਰਨ ਲਈ ਸਾਡੇ ਕਾਲਾਕਰਾਂ ਦਾ ਆਦਰ ਹਾਸਲ ਕੀਤਾ ਸੀ।

ਪ੍ਰਗਤੀਸ਼ੀਲ ਕਲਾਕਾਰਾਂ ਦਾ ਗਰੁੱਪ, ਜਿਸ ਵਿਚ ਹੁਸੈਨ 1947 ਵਿਚ ਸ਼ਾਮਲ ਹੋਏ ਸਨ, ਇਕ ਅਜਿਹੀ ਹੀ ਧਾਰਾ ਦੀ ਅਗਵਾਈ ਕਰਦਾ ਸੀ। ਇਹ ਦਿਲਚਸਪ ਹੈ ਕਿ ਕਿਸ ਤਰ੍ਹਾਂ ਪਾਬਲੋ ਪਿਕਾਸੋ ਨੇ ਵੀ, ਜੋ ਕਮਿਊਨਿਸਟ ਪਾਰਟੀ ਦੇ ਮੈਂਬਰ ਸਨ, ਫ੍ਰਾਂਕੋ ਦੇ ਸਪੇਨ ਵਿਚ ਰਹਿਣ ਦੀ ਬਜਾਏ ਪਰਵਾਸ ਵਜੋਂ ਆਪਣੇ ਦੇਸ਼ ਤੋਂ ਬਾਹਰ ਮੌਤ ਨੂੰ ਗਲੇ ਲਾਉਣਾ ਪਸੰਦ ਕੀਤਾ ਸੀ। ਹੁਸੈਨ, ਪਿਕਾਸੋ ਦੇ ਪ੍ਰਸ਼ੰਸਕ ਸਨ ਅਤੇ ਉਨ੍ਹਾਂ ਦੀਆਂ ਕਈ ਕਿਰਤਾਂ, ਜਿਵੇਂ ਸਫਦਰ ਹਾਸ਼ਮੀ ਲਈ ਉਨ੍ਹਾਂ ਦੀ ਚਿੱਤਰ ਸ਼ਰਧਾਂਜਲੀ, ਜਮਹੂਰੀ ਸੰਘਰਸ਼ਾਂ ਵਿਚ ਉਨ੍ਹਾਂ ਦੀ ਦਿਲਚਸਪੀ ਬਰਾਬਰ ਬਣੇ ਰਹਿਣ ਨੂੰ ਪੇਸ਼ ਕਰਦੀ ਹੈ।

ਖ਼ੈਰ, ਆਪਣੇ ਸਮਕਾਲੀ ਕਲਾਕਾਰਾਂ ਵਿਚ ਜੋ ਚੀਜ਼ ਹੁਸੈਨ ਨੂੰ ਸਭ ਤੋਂ ਵਿਸ਼ੇਸ਼ ਬਣਾਉਂਦੀ ਸੀ, ਉਹ ਸੀ ਉਨ੍ਹਾਂ ਦੀ ਕਿਸੇ ਵੀ ਸੁੰਦਰ ਆਧਾਰ ਨੂੰ ਲੈ ਕੇ, ਉਸ ਵਿਚ ਕੁਝ ਨਵਾਂ ਕਰਨ ਦੀ ਅਦਭੁੱਤ ਸਮਰੱਥਾ। ਇਸ ਵਿਚ ਪੋਸਟਰ ਬਣਾਉਣ ਤੋਂ ਲੈ ਕੇ, ਛਾਪੇ ਦੇ ਚਿਤਰ ਬਣਾਉਣ ਅਤੇ ਅਸਾਧਾਰਨ ਤੌਰ 'ਤੇ ਪ੍ਰਭਾਵਸ਼ਾਲੀ ਪੇਂਟਿੰਗ ਬਣਾਉਣ ਤੋਂ ਲੈ ਕੇ, ਖਿਡੌਣੇ ਬਣਾਉਣ ਤਕ ਸ਼ਾਮਲ ਸਨ।

ਦੂਜੇ ਪਾਸੇ ਨਾਮੀ-ਗਿਰਾਮੀ ਹਸਤੀਆਂ ਜਵਾਹਰਲਾਲ ਨਹਿਰੂ, ਇੰਦਰਾ ਗਾਂਧੀ, ਮਦਰ ਟੈਰੇਸਾ, ਸਤਿਆਜੀਤ ਰਾਏ ਆਦਿ ਤੋਂ ਲੈ ਕੇ, ਬਾਲੀਵੁੱਡ ਦੀਆਂ ਕਈ ਸੁੰਦਰੀਆਂ ਵੀ, ਉਸੇ ਤਰ੍ਹਾਂ ਹੁਸੈਨ ਦਾ ਧਿਆਨ ਅਪਣੇ ਵੱਲ ਖਿਚਦੀਆਂ ਸਨ, ਜਿਵੇਂ ਭਾਰਤ ਦੇ ਫੁਟਪਾਤੀ ਲੋਕ, ਮਹਾਂਕਥਾਵਾਂ ਦੇ ਪਾਤਰ, ਹਾਥੀ, ਚੀਤੇ, ਘੋੜੇ ਅਤੇ ਮੱਕੜੀ ਆਦਿ, ਸਾਰੇ ਲਗਾਤਾਰ ਵਹਿ ਰਹੇ ਜੀਵਨ ਦੇ ਹਿੱਸੇ ਵਜੋਂ ਆਪਣੇ ਵੱਲ ਹੁਸੈਨ ਦਾ ਧਿਆਨ ਖਿਚਦੇ ਸਨ। ਉਨ੍ਹਾਂ ਨੂੰ 1973 ਵਿਚ ਪਦਮ ਭੂਸ਼ਨ ਅਤੇ 1993 ਵਿਚ ਪਦਮ ਵਿਭੂਸ਼ਨ ਵਰਗੇ ਸਨਮਾਨਾਂ ਨਾਲ ਨਿਵਾਜਿਆ ਗਿਆ ਅਤੇ 1986 ਵਿਚ ਉਹ ਰਾਜ ਸਭਾ ਦੇ ਮੈਂਬਰ ਬਣੇ ਸਨ।

ਜਨ-ਸੰਸਕ੍ਰਿਤੀ ਦੇ ਪੈਰੋਕਾਰ

ਇਕ ਅਰਥ ਵਿਚ ਹੁਸੈਨ ਆਪਣੇ ਸਮੇਂ ਦੀ ਸੱਚੀ ਆਵਾਜ਼ ਸਨ। ਆਮ ਲੋਕਾਂ ਵਿਚ ਉਨ੍ਹਾਂ ਦਾ ਜਨਮ ਹੋਇਆ ਸੀ। ਉਨ੍ਹਾਂ ਨੇ ਇਕ ਤਰ੍ਹਾਂ ਨਾਲ ਸ਼ਰੀਰਕ ਮਿਹਨਤ ਕਰ ਕੇ ਰੋਟੀ ਕਮਾਉਣ ਤੋਂ ਸ਼ੁਰੂਆਤ ਕੀਤੀ ਸੀ। ਪਰ, ਉਥੋਂ ਚੱਲ ਕੇ ਉਹ ਅਮੀਰਾਂ ਦੇ ਡਰਾਇੰਗ ਰੂਮਾਂ ਦੀ ਸ਼ੋਭਾ ਵਧਾਉਣ, ਇਕ ਫਿਲਮ ਨਿਰਮਾਤਾ ਅਤੇ ਚਕਾਚੌਂਧ ਭਰੀ ਦੁਨੀਆ ਵਿਚ ਵੀ ਚਮਕਣ ਦੀਆਂ ਸੀਮਾਵਾਂ ਤੱਕ ਯਾਤਰਾ ਕਰ ਸਕਦੇ ਸਨ, ਜਿਸ ਨੇ ਉਨ੍ਹਾਂ ਦੇ ਕੰਮ ਨੂੰ ਕਦੇ-ਕਦੇ ਖਿਲਵਾੜ ਦਾ ਅਣਉਚਿਤ ਵਿਸ਼ੇਸ਼ਣ ਵੀ ਦਿਵਾਇਆ। ਖ਼ੈਰ ਸਭ ਤੋਂ ਵਧ ਕੇ ਉਹ ਇਕ ਬਹੁਤ ਹੀ ਉਦਾਰ-ਦਿਲ ਵਾਲਾ ਕਲਾਕਾਰ ਸੀ। ਉਨ੍ਹਾਂ ਨੇ ਬੱਚਿਆਂ ਨੂੰ ਅਤੇ ਆਪਣੇ ਮਿਤਰਾਂ ਨੂੰ ਆਪਣੇ ਬੇਸ਼ੁਮਾਰ ਚਿੱਤਰ ਉਂਜ ਹੀ ਵੰਡ ਦਿੱਤੇ ਸਨ। ਇਸ ਦਾ ਜ਼ਿਕਰ ਕਰਨਾ ਮੈਨੂੰ ਇਸ ਲਈ ਜ਼ਰੂਰੀ ਲੱਗਦਾ ਹੈ ਕਿ ਹੁਸੈਨ ਦਾ ਅਸਲੀ ਸੁਭਾਅ ਇਸੇ ਵਿਚ ਦਿਖਾਈ ਦਿੰਦਾ ਹੈ। ਉਹ ਆਪਣੇ ਸੰਪਰਕ ਵਿਚ ਆਉਣ ਵਾਲੇ ਸਾਰਿਆਂ ਨਾਲ ਜੁੜਨਾ ਚਾਹੁੰਦੇ ਸਨ ਅਤੇ ਬਦਲੇ ਵਿਚ ਸਭ ਦਾ ਪਿਆਰ ਅਤੇ ਸਨਮਾਨ ਹਾਸਲ ਕਰਦੇ ਸਨ।

ਪ੍ਰਧਾਨ ਮੰਤਰੀ ਮਨਮੋਹਨ ਸਿੰਘ ਦੇ ਇਸ ਬਿਆਨ ਨਾਲ ਅਸਹਿਮਤ ਹੋਣਾ ਮੁਸ਼ਕਲ ਹੈ ਕਿ ਉਨ੍ਹਾਂ ਦੇ ਦਿਹਾਂਤ ਨਾਲ 'ਇਕ ਰਾਸ਼ਟਰੀ ਘਾਟਾ' ਪਿਆ ਹੈ। ਫੇਰ ਵੀ ਇਸ ਅਹਿਸਾਸ ਤੋਂ ਬਚਣਾ ਮੁਸ਼ਕਲ ਹੈ ਕਿ ਇਸ ਘਾਟੇ ਲਈ ਕਿਸੇ ਨਾ ਕਿਸੇ ਹਦ ਤਕ ਸਾਡੀ ਸਰਕਾਰ ਦੀ ਨਾਕਾਮੀ ਵੀ ਜ਼ਿੰਮੇਵਾਰ ਹੈ, ਜੋ ਨਾ ਤਾਂ ਹੁਸੈਨ ਨੂੰ ਪ੍ਰੇਸ਼ਾਨ ਕਰਨ ਲਈ ਥੋਪੇ ਗਏ ਝੂਠੇ ਮੁਕੱਦਮਿਆਂ ਤੋਂ ਬਚਾ ਸਕੀ ਅਤੇ ਨਾ ਹੀ ਇਹ ਕਰ ਸਕੀ ਕਿ ਉਹ ਸ਼ਾਂਤ ਮਨ ਨਾਲ ਆਪਣਾ ਕੰਮ ਜਾਰੀ ਰੱਖ ਸਕਣ। ਹੁਸੈਨ ਚੰਗੀ ਤਰ੍ਹਾਂ ਇਹ ਸਮਝਦੇ ਸਨ ਕਿ ਇਕ ਅਜਿਹੇ ਸ਼ਖ਼ਸ ਲਈ, ਜੋ ਇਤਿਹਾਸ ਦੇ ਪ੍ਰਵਾਹ ਵਿਚ ਆਰ-ਪਾਰ ਆਉਂਦਾ-ਜਾਂਦਾ ਹੋਵੇ, ਇਕ ਯਾਤਰੀ ਦੀ ਨਜ਼ਰ ਨਾਲ ਚੀਜ਼ਾਂ ਨੂੰ ਦਰਜ ਕਰਨਾ ਕਿੰਨਾ ਛਿਣ-ਭੰਗਰ ਹੋਵੇਗਾ। ਪਰ ਜਿਨ੍ਹਾਂ ਲੋਕਾਂ ਨੇ ਉਨ੍ਹਾਂ ਨੂੰ ਆਪਣੇ 'ਪਿਆਰੇ ਮੁਲਕ' ਨੂੰ ਛੱਡ ਕੇ ਬਾਹਰ ਜਾਣ ਲਈ ਮਜਬੂਰ ਕੀਤਾ ਸੀ, ਉਹ ਹੀ ਸਾਡੀ ਸਭਿਅਤਾ ਦੇ ਮਾਣ ਨੂੰ ਇਸ ਤਰ੍ਹਾਂ ਘਟਾਉਣ ਲਈ ਜ਼ਿੰਮੇਵਾਰ ਹਨ। ਜੋ ਲੋਕ ਇਨ੍ਹਾਂ ਤਾਕਤਾਂ ਦੇ ਹਮਲੇ ਦਾ ਨਿਸ਼ਾਨਾ ਬਣਨ ਦੇ ਡਰ ਤੋਂ ਹੁਸੈਨ ਨਾਲ ਖੜਨ ਤੋਂ ਬਚਦੇ ਰਹੇ ਹਨ, ਉਹ ਆਪਣੀਆਂ ਨਜ਼ਰਾਂ ਵਿਚ ਖ਼ੁਦ ਹੀ ਡਿੱਗ ਗਏ ਹਨ। ਹੁਸੈਨ ਨੇ ਤਾਂ ਆਪਣੀ ਜਾਣੀ-ਪਛਾਣੀ ਉਦਾਰਤਾ ਨਾਲ ਹਮੇਸ਼ਾ ਇਹੀ ਕਿਹਾ, 'ਮੈਨੂੰ ਤਾਂ ਕਦੇ ਨਹੀਂ ਲੱਗਾ ਕਿ ਮੇਰੇ ਨਾਲ ਕੋਈ ਦਗਾ ਕੀਤਾ ਗਿਆ।'

# ਵਿਗਿਆਨਕ ਨਜ਼ਰੀਆ ਸਾਰੇ ਡਰ ਅਲੋਪ ਕਰ ਦਿੰਦੈ : ਰਾਣਾ



**ਮੁਲਾਕਾਤੀ : ਪ੍ਰੋ. ਰਾਕੇਸ਼ ਰਮਨ**

**ਉੱਘੇ ਟਰੇਡ ਯੂਨੀਅਨ ਆਗੂ ਸਾਥੀ ਤ੍ਰਿਲੋਚਨ ਸਿੰਘ 'ਰਾਣਾ' ਗੌਰਮਿੰਟ ਟੀਚਰਜ਼ ਯੂਨੀਅਨ ਦੇ ਸੂਬਾਈ ਨੇਤਾ ਰਹੇ ਹਨ। ਉਨ੍ਹਾਂ ਨੇ ਅਧਿਆਪਕਾਂ ਦੇ ਅਨੇਕਾਂ ਅੰਦੋਲਨਾਂ ਦੀ ਅਗਵਾਈ ਕੀਤੀ ਤੇ ਅਧਿਆਪਕ ਵਰਗ ਨੂੰ ਉਨ੍ਹਾਂ ਦੇ ਹੱਕ ਦਿਵਾਉਣ ਵਿਚ ਅਹਿਮ ਭੂਮਿਕਾ ਨਿਭਾਈ। ਰੋਪੜ ਜ਼ਿਲ੍ਹੇ ਦੇ ਪਿੰਡ ਕਿਸ਼ਨਪੁਰਾ ਵਿਚ ਪਹਿਲੀ ਮਈ 1931 ਨੂੰ ਜਨਮੇ ਸਾਥੀ ਤ੍ਰਿਲੋਚਨ ਸਿੰਘ ਰਾਣਾ ਅੱਸੀਆਂ ਵਰ੍ਹਿਆਂ ਦੇ ਹੋ ਗਏ ਹਨ, ਪਰੰਤੂ ਅਜੇ ਹੱਕ-ਸੱਚ ਦੀ ਲੜਾਈ ਦੀਆਂ ਮੁਹਿੰਮਾਂ ਵਿਚ ਪੂਰੀ ਸਰਗਰਮੀ ਨਾਲ ਭਾਗ ਲੈ ਰਹੇ ਹਨ। ਹਰ ਰੋਜ਼ ਕਿਸੇ ਨਾ ਕਿਸੇ ਧਰਨੇ-ਮੁਜ਼ਾਹਰੇ ਵਿਚ ਸ਼ਾਮਲ ਹੁੰਦੇ ਰਹਿੰਦੇ ਹਨ। ਉਹਨਾਂ ਦੀ ਸਖ਼ਸ਼ੀਅਤ ਤੇ ਟਰੇਡ ਯੂਨੀਅਨ ਜੀਵਨ ਬਾਰੇ ਪ੍ਰੋ: ਰਾਕੇਸ਼ ਰਮਨ ਨਾਲ ਹੋਈ ਉਨ੍ਹਾਂ ਦੀ ਗੱਲਬਾਤ ਪਾਠਕਾਂ ਲਈ ਛਾਪ ਰਹੇ ਹਾਂ।**
**– ਸੰਪਾਦਕੀ ਮੰਡਲ**

## ਸਾਰੇ ਡਰ ਅਲੋਪ

**? ਰਾਣਾ ਸਾਹਿਬ, ਕੀ ਤੁਸੀਂ ਉਹ ਕੁੱਝ ਹੀ ਬਣੇ, ਜੋ ਤੁਸੀਂ ਬਣਨਾ ਮਿਥਿਆ ਸੀ ਜਾਂ ਫਿਰ ਮਿਥਿਆ ਕੁੱਝ ਹੋਰ ਤੇ ਬਣ ਕੁੱਝ ਹੋਰ ਗਏ?**

– ਨਹੀਂ, ਉਹ ਕੁੱਝ ਨਹੀਂ ਬਣਿਆ ਜੋ ਬਣਨਾ ਮਿਥਿਆ ਸੀ। ਮੈਂ ਸ਼੍ਰੋਮਣੀ ਅਕਾਲੀ ਦਲ ਦਾ ਲੀਡਰ ਬਣਨਾ ਚਾਹੁੰਦਾ ਸੀ, ਕਿਉਂਕ ਸਾਡੇ ਘਰ ਦਾ ਤੇ ਪਿੰਡ ਦਾ ਪਿਛੋਕੜ ਅਕਾਲੀ ਪੱਖੀ ਸੀ। ਮੇਰੇ ਪਿਤਾ ਗਿ: ਜਵਾਹਰ ਸਿੰਘ ਧਾਰਮਿਕ ਵਿਅਕਤੀ ਸਨ। ਗਿਆਨੀ, ਓ.ਟੀ. ਪਾਸ ਉਹ ਪਹਿਲਾਂ ਸਕੂਲ ਅਧਿਆਪਕ ਰਹੇ ਤੇ ਫਿਰ ਫੌਜ ਵਿਚ ਬਤੌਰ ਗ੍ਰੰਥੀ ਬਹੁਤ ਚਿਰ ਸੇਵਾ ਕਰਦੇ ਰਹੇ। ਫੌਜ ਵਿਚੋਂ ਸੇਵਾਮੁਕਤੀ ਤੋਂ ਮਗਰੋਂ ਉਹ ਡਿਸਟ੍ਰਿਕਟ ਬੋਰਡ ਅੰਬਾਲਾ ਵਿਚੋਂ ਬਤੌਰ ਪੰਜਾਬੀ ਅਧਿਆਪਕ ਸੇਵਾਮੁਕਤ ਹੋਏ। ਉਹ ਪੰਜ ਕਕਾਰਾਂ ਦੇ ਧਾਰਨੀ, ਵਧੀਆ ਕੀਰਤਨੀਏ ਤੇ ਪੰਜਾਂ ਬਾਣੀਆਂ ਦੇ ਨਿੱਤਨੇਮੀ ਸਨ। ਟੀਚਿੰਗ ਲਾਈਨ ਵਿਚ ਮੈਨੂੰ ਉਹਨਾਂ ਨੇ ਹੀ ਪਾਇਆ ਸੀ। ਮੇਰੇ ਦਾਦਾ ਜੀ ਵੀ ਕਿਰਪਾਨਧਾਰੀ ਸਨ। ਸਮੁੱਚਾ ਪਰਿਵਾਰਕ ਪਿਛੋਕੜ ਤੇ ਮਾਹੌਲ ਧਾਰਮਿਕ ਸੀ। ਇਸ ਤਰ੍ਹਾਂ ਦੇ ਮਾਹੌਲ ਵਿਚ ਸੁਭਾਵਿਕ ਹੀ ਮੇਰੇ ਮਨ ਵਿਚ ਉਹ ਕੁੱਝ ਬਣਨ ਦਾ ਖ਼ਿਆਲ ਨਹੀਂ ਸੀ ਆ ਸਕਦਾ, ਜੋ ਮੈਂ ਬਾਅਦ ਵਿਚ ਬਣਿਆ।

**? ਜਿਵੇਂ ਤੁਸੀਂ ਕਿਹਾ ਕਿ ਤੁਸੀਂ ਸ਼੍ਰੋਮਣੀ ਅਕਾਲੀ ਦਲ ਦੇ ਲੀਡਰ ਬਣਨਾ ਚਾਹੁੰਦੇ ਸੀ, ਪਰ ਬਣੇ ਖੱਬੇ ਪੱਖੀ ਵਿਚਾਰਧਾਰਾ ਦੇ ਟਰੇਡ ਯੂਨੀਅਨ ਆਗੂ, ਐਡਾ ਵਿਚਾਰਧਾਰਕ ਮੋੜ ਕੱਟਣ ਦਾ ਸਬੱਬ ਕੀ ਸੀ?**

– ਮੇਰੇ ਉਤੇ ਮੇਰੇ ਪਿਤਾ ਜੀ ਗਿਆਨੀ ਜਵਾਹਰ ਸਿੰਘ ਤੇ ਬਾਬਾ ਜੀ ਸ. ਹਰੀ ਸਿੰਘ ਦਾ ਬਹੁਤ ਪ੍ਰਭਾਵ ਸੀ। ਪਿਤਾ ਜੀ ਤਾਂ ਕ੍ਰਿਪਾਨਧਾਰੀ ਹੋਣ ਦੇ ਨਾਲ ਨਾਲ ਗੁਰਮਤਿ ਸੰਗੀਤ ਦੇ ਵੀ ਮਾਹਰ ਸਨ। ਮੇਰੇ ਵੱਡੇ ਭਰਾ ਸ. ਮੇਵਾ ਸਿੰਘ ਅਤੇ ਚਾਚਾ ਜੀ ਦੇ ਬੇਟੇ ਸ. ਸਮਸ਼ੇਰ ਸਿੰਘ ਦੇ ਵਿਆਹ ਫਿਕਸ ਹੋ ਗਏ। ਵਿਆਹ ਪਰਿਵਾਰਕ ਅਤੇ ਪਿੰਡ ਦੇ ਰਿਵਾਜ ਅਨੁਸਾਰ ਅੰਮ੍ਰਿਤ ਛੱਕਣ ਤੋਂ ਬਾਅਦ ਕਰਨੇ ਸੀ। ਉਨ੍ਹਾਂ ਦੋਹਾਂ ਦੇ ਨਾਲ ਹੀ 1946-47 ਵਿੱਚ ਮੈਨੂੰ ਵੀ ਸਦਾ-



**ਪਿਤਾ ਗਿਆਨੀ ਜਵਾਹਰ ਸਿੰਘ ਇਕ ਵਿਆਹ ਦੀ ਮਿਲਣੀ ਮੌਕੇ।**

ਬਰਤ ਗੁਰਦੁਆਰਾ ਰੋਪੜ ਵਿਖੇ ਅੰਮ੍ਰਿਤ ਛਕਾ ਦਿੱਤਾ ਗਿਆ। ਉਸ ਵੇਲੇ ਅਜੇ ਮੈਂ ਖਾਲਸਾ ਹਾਈ ਸਕੂਲ ਕੁਰਾਲੀ ਤੋਂ ਦਸਵੀਂ ਪਾਸ ਹੀ ਕੀਤੀ ਸੀ। ਕਈ ਸਾਲ ਮੈਂ ਕ੍ਰਿਪਾਨ ਪਾ ਕੇ, ਪੂਰੀ ਦਾੜ੍ਹੀ ਰੱਖ ਕੇ ਅਤੇ ਪੂਜਾ ਪਾਠ ਕਰਦਿਆਂ ਗੁਜ਼ਾਰੇ, ਅੰਮ੍ਰਿਤ ਛਕਣ ਨਾਲ ਦੋ ਡਰ ਪੈਦਾ ਹੋ ਗਏ। ਇਕ ਰੱਬ ਦਾ ਤੇ ਇਕ ਲੋਕਾਂ ਆਦਿ ਦਾ। ਰੱਬ ਦਾ ਡਰ ਤਾਂ ਨਜ਼ਰ ਨਹੀਂ ਸੀ ਆਉਂਦਾ ਪਰ ਦੂਜਾ ਡਰ ਮਾਤਾ ਪਿਤਾ ਦਾ, ਅਧਿਆਪਕਾਂ ਦਾ, ਆਮ ਲੋਕਾਂ ਦਾ ਤਾਂ ਨਜ਼ਰ ਆਉਂਦਾ ਸੀ। ਜਦੋਂ 1951 ਵਿੱਚ ਨੌਕਰੀ ਸ਼ੁਰੂ ਕੀਤੀ, ਇੱਕ ਡਰ ਡਿਸਟ੍ਰਿਕਟ ਬੋਰਡ ਦੇ ਮੈਂਬਰਾਂ ਅਤੇ ਮਹਿਕਮੇ ਦੀ ਅਫ਼ਸਰਸ਼ਾਹੀ ਦਾ। ਹੌਲੀ ਹੌਲੀ ਇਹ ਡਰ ਭਾਰੂ ਹੋਣ ਲਗ ਪਿਆ। ਇਸ ਡਰ ਨੂੰ ਹਟਾਉਣ ਦਾ ਇੱਕੋ ਇੱਕ ਤਰੀਕਾ ਬੋਰਡ ਟੀਚਰਜ਼ ਯੂਨੀਅਨ ਵਿੱਚ ਹਿੱਸਾ ਲੈ ਕੇ ਇਨ੍ਹਾਂ ਵਿਰੁੱਧ ਲੜਾਈ ਦੇਣ ਦਾ ਸੀ। ਸੋ ਮੈਂ ਕੁੱਝ ਅਰਸੇ ਬਾਅਦ ਇਸ ਯੂਨੀਅਨ ਦੀ ਲੀਡਰਸ਼ਿਪ ਨਾਲ ਸੰਪਰਕ ਪੈਦਾ ਕਰ ਲਿਆ। ਲੀਡਰਸ਼ਿਪ ਅਗਾਂਹਵਧੂ ਅਤੇ ਨਿਡਰ ਸੀ। ਪ੍ਰਧਾਨ ਜੀ ਦਾੜ੍ਹੀ ਕੱਟ ਕੇ ਰਖਦੇ ਸਨ। ਇੱਕ ਤਾਂ ਉਨ੍ਹਾਂ ਦਾ ਪ੍ਰਭਾਵ ਮੇਰੇ 'ਤੇ ਪਿਆ। ਦੂਜੇ ਕਈ ਬਾਹਰੀ ਧੜੱਲੇਦਾਰ ਲੀਡਰਾਂ ਦਾ ਪ੍ਰਭਾਵ ਵੀ ਮੇਰੇ 'ਤੇ ਪਿਆ। ਉਨ੍ਹਾਂ ਦਿਨਾਂ ਵਿੱਚ ਰਾਤਾਂ ਨੂੰ ਪਿੰਡਾਂ ਵਿਚ ਕਮਿਊਨਿਸਟਾਂ ਦੇ ਜਲਸੇ ਹੋਇਆ ਕਰਦੇ ਸਨ। ਬਾਬਾ ਨਰਜੰਣ ਸਿੰਘ, ਕਾ. ਗੁਰਬਖਸ਼ ਸਿੰਘ ਡਕੋਂਦਾ, ਕਾ. ਜਗਦੀਸ਼ ਚੰਦਰ ਮੁੰਡੀ ਖਰੜ, ਕਾ. ਮੇਹਰ ਸਿੰਘ ਖਾਨਪੁਰ ਬਹੁਤ ਧੜੱਲੇਦਾਰ ਭਾਸ਼ਨ ਦਿਆ ਕਰਦੇ ਸਨ। ਇੱਕ ਵਾਰ ਖਰੜ ਬੱਸ ਸਟੈਂਡ 'ਤੇ ਜਲਸਾ ਹੋ ਰਿਹਾ ਸੀ। ਇਹ ਲੀਡਰ ਉਸ ਵਿੱਚ ਹਾਜ਼ਰ ਸਨ। ਇੱਕ ਥਾਣੇਦਾਰ ਇਨ੍ਹਾਂ 'ਤੇ ਰੁਆਬ ਪਾਉਣ ਲੱਗਿਆ। ਕਾ. ਗੁਰਬਖਸ਼ ਸਿੰਘ ਡਕੋਂਦਾ ਨੇ ਉਸ ਦੇ ਐਸਾ ਥੱਪੜ ਮਾਰਿਆ ਕਿ ਉਹ ਕਈ ਲੋਟਣੀਆਂ ਖਾ ਗਿਆ। ਲੋਕਾਂ ਨੇ ਤਾੜੀਆਂ ਵਜਾ ਦਿੱਤੀਆਂ। ਮੈਂ ਇਸ ਗੱਲ ਤੋਂ ਬਹੁਤ ਖੁਸ਼ ਹੋਇਆ। ਇਹੋ ਜਿਹੇ ਹੋਰ ਲੀਡਰਾਂ ਜਿਵੇਂ ਕਾ. ਭਾਗ ਸਿੰਘ ਸੱਜਣ ਆਦਿ ਨਾਲ ਵੀ ਮੇਲ-ਜੋਲ ਵੱਧਣ ਲੱਗਾ। ਇਸ ਤਰ੍ਹਾਂ ਮੈਂ ਖੱਬੀ ਸੋਚ ਦਾ ਧਾਰਨੀ ਹੋ ਗਿਆ। 1 ਅਕਤੂਬਰ 1957 ਪੈਨਸ਼ਨ ਲਾਗੂ ਕਰਵਾਉਣ ਉਪਰੰਤ ਬੋਰਡ ਦੀ ਦਰਜ਼ ਯੂਨੀਅਨ ਦਾ ਨਾਂ ਗੌਰਮਿੰਟ ਟੀਚਰਜ਼ ਯੂਨੀਅਨ ਰੱਖ ਕੇ, ਉਸ ਵਿੱਚ ਧੜੱਲੇ ਨਾਲ ਕੰਮ ਸ਼ੁਰੂ ਕਰ ਦਿੱਤਾ। ਇਸ ਤਰ੍ਹਾਂ ਵਿਗਿਆਨਕ ਨਜ਼ਰੀਆ ਅਪਨਾਉਣ ਨਾਲ ਬਾਕੀ ਸਾਰੇ ਹੀ ਡਰ ਅਲੋਪ ਹੋ ਗਏ ਤੇ ਸਿਰਫ਼ ਲੋਕਾਂ ਦਾ ਡਰ ਹੀ ਰਹਿ ਗਿਆ।

**? ਬਚਪਨ ਦੀ ਕੋਈ ਵਿਸ਼ੇਸ਼ ਯਾਦ ਜਾਂ ਘਟਨਾ ਜੋ ਤੁਹਾਡੇ ਸੰਘਰਸ਼ੀ ਜੀਵਨ ਦਾ ਬੀਜ ਰੂਪ ਬਣੀ ਹੋਵੇ।**

– ਅਨਿਆਂ ਦਾ ਵਿਰੋਧ ਮੁੱਢ ਤੋਂ ਹੀ ਮੇਰੇ ਸੁਭਾਅ ਦਾ ਹਿੱਸਾ ਹੈ। 1945 ਵਿਚ ਦਸਵੀਂ ਜਮਾਤ ਵਿਚ ਪੜ੍ਹਦਿਆਂ ਸਾਡੀ ਜਮਾਤ ਨੇ ਪ੍ਰਿੰਸੀਪਲ ਸ. ਨਾਨਕ ਸਿੰਘ ਵਿਰੁਧ ਹੜਤਾਲ ਕਰ ਦਿੱਤੀ। ਪਹਿਲਾ ਹੀ ਪੀਰੀਅਡ ਸੀ, ਪ੍ਰਿੰਸੀਪਲ ਸਾਹਿਬ ਸਾਨੂੰ ਜਨਰਲ ਨਾਲੇਜ ਪੜ੍ਹਾਉਂਦੇ ਹੁੰਦੇ ਸਨ, ਜਿਸ ਨੂੰ ਹੁਣ ਸੋਸ਼ਲ ਸਟੱਡੀਜ਼ ਕਿਹਾ ਜਾਂਦਾ ਹੈ। ਉਹਨਾਂ ਨੇ ਆਉਂਦਿਆਂ ਸਾਰ ਹੀ ਮਨੀਟਰ ਸਮੇਤ ਸਾਰਿਆਂ ਨੂੰ ਕੁਟਾਪਾ ਚਾੜ੍ਹ ਦਿੱਤਾ। ਅਸੀਂ ਰੋਸ ਵਜੋਂ ਹੜਤਾਲ ਕਰ ਦਿੱਤੀ। ਚੌਥਾ ਪੀਰੀਅਡ ਫੇਰ ਉਹਨਾਂ ਦਾ ਹੀ ਸੀ। ਫੈਸਲਾ ਕੀਤਾ ਗਿਆ ਕਿ ਜਦੋਂ ਪ੍ਰਿੰਸੀਪਲ ਸਾਹਿਬ ਆਉਣ ਕਿਸੇ ਨੇ ਖੜ੍ਹਾ ਨਹੀਂ ਹੋਣਾ। ਜਦੋਂ ਚੌਥੇ ਪੀਰੀਅਡ ਵਿਚ ਉਹ ਆਏ , ਕੋਈ ਖੜ੍ਹਾ ਨਾ ਹੋਇਆ, ਕਹਿ ਦਿੱਤਾ ਕਿ ਅਸੀਂ ਤੁਹਾਡੇ ਪਾਸੋਂ ਪੜ੍ਹਨਾ ਹੀ ਨਹੀਂ। ਪ੍ਰਿੰਸੀਪਲ ਸਾਹਿਬ ਨੇ ਸਾਡੀ ਗੱਲ ਮੰਨ ਲਈ, ਇਸ ਉਪਰੰਤ ਸ. ਨਗਿੰਦਰ ਸਿੰਘ ਜੋ ਬਹੁਤ ਲਾਇਕ ਮਾਸਟਰ ਸਨ, ਸਾਨੂੰ ਜਨਰਲ ਨਾਲੇਜ ਪੜ੍ਹਾਉਣ ਲੱਗ ਪਏ। ਇਹ ਮੇਰਾ ਪਹਿਲਾ ਬੀਜ ਰੂਪ ਸੰਘਰਸ਼ ਸੀ, ਜਿਸਨੂੰ ਸਫ਼ਲਤਾ ਵੀ ਹਾਸਲ ਹੋਈ।

ਪਾਕਿਸਤਾਨ ਬਣਨ ਵਿਰੁਧ ਕਾਨਫ਼ਰੰਸ : ਮੈਂ ਖਾਲਸਾ ਹਾਈ ਸਕੂਲ ਕੁਰਾਲੀ ਤੋਂ ਦਸਵੀਂ ਕਰਨ ਉਪਰੰਤ 1946 ਵਿਚ ਗੌਰਮਿੰਟ ਕਾਲਜ ਰੋਪੜ ਵਿਖੇ ਦਾਖਲ ਹੋ ਗਿਆ। 1947 ਵਿਚ ਪਾਕਿਸਤਾਨ ਬਣਨ ਵਿਰੁਧ ਸਿੱਖ ਨੈਸ਼ਨਲ ਕਾਲਜ ਲਾਹੌਰ ਵਿਖੇ ਕਾਨਫ਼ਰੰਸ ਕੀਤੀ ਗਈ, ਜਿਸ ਵਿਚ ਸਿਆਸੀ ਪਾਰਟੀਆਂ ਦੇ ਆਗੂਆਂ ਤੋਂ ਬਿਨਾਂ ਹਰ ਕਾਲਜ ਤੋਂ ਦੋ ਦੋ ਡੈਲੀਗੇਟ ਵੀ ਬੁਲਾਏ ਗਏ ਸਨ। ਸਾਡੇ ਕਾਲਜ ਤੋਂ ਅਸੀਂ ਦੋ ਡੈਲੀਗੇਟ ਗਏ ਸੀ, ਇਕ ਮੈਂ ਅਤੇ ਇਕ ਹੋਰ ਸੀ। ਕਾਨਫਰੰਸ ਦੀ ਪ੍ਰਧਾਨਗੀ ਮੁਸਲਮਾਨ ਕਾਂਗਰਸੀ ਕਰਦਾ ਸੀ। ਇਕ ਲਾਈਨ ਦਾ ਮਤਾ 'ਅਸੀਂ ਪਾਕਿਸਤਾਨ ਬਣਨ ਵਿਰੁਧ ਲੜਾਂਗੇ' ਪੇਸ਼ ਕਰ ਦਿੱਤਾ ਗਿਆ। ਪ੍ਰਧਾਨ ਜੀ ਨੇ ਕਿਹਾ ਕਿ ਇਸ ਮਤੇ ਵਿਚ ਅਸੀਂ ਤੋਂ ਅੱਗੇ 'ਪੁਰਅਮਨ ਢੰਗ' ਨਾਲ ਲਿਖਿਆ ਜਾਵੇ। ਇਸ 'ਤੇ ਮਾ. ਤਾਰਾ ਸਿੰਘ ਜੋ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸਨ, ਨਾ ਮੰਨੇ। ਪ੍ਰਧਾਨ ਜੀ ਵਾਕ ਆਊਟ ਕਰ ਗਏ। ਜਦੋਂ ਕਾਨਫ਼ਰੰਸ ਫੇਲ ਹੁੰਦੀ ਦਿਖੀ ਤਦ ਗਿਆਨੀ ਕਰਤਾਰ ਸਿੰਘ ਜੀ ਜੋ ਸ਼੍ਰੋਮਣੀ ਅਕਾਲੀ ਦਲ ਦੇ ਜਨਰਲ ਸਕੱਤਰ ਸਨ, ਮਾਸਟਰ ਜੀ ਨੂੰ ਮਨਾ ਕੇ ਲਿਆਏ। ਉਪਰੋਕਤ ਅੱਖਰ ਪਾ ਕੇ ਮਤਾ ਪਾਸ ਕਰ ਹੋ ਗਿਆ। ਕਾਨਫਰੰਸ ਭਾਸ਼ਨਾਂ ਉਪਰੰਤ ਸਮਾਪਤ ਹੋ ਗਈ। ਉਸ ਦਿਨ ਮਾ. ਤਾਰਾ ਸਿੰਘ ਜੀ ਨੇ ਮੁਸਲਿਮ ਲੀਗ ਦਾ ਝੰਡਾ ਵੱਢ ਦਿਤਾ। ਮਾਰਧਾੜ ਸ਼ੁਰੂ ਹੋ ਗਈ। ਅਸੀਂ ਆਪਣੇ ਘਰਾਂ ਨੂੰ ਆ ਗਏ। ਘਰ ਦਿਆਂ ਨੇ ਸਾਡੀ ਝਾੜਝੰਭ ਕੀਤੀ। ਇਸ ਦਾ ਸਾਡੇ 'ਤੇ ਇਹ ਪ੍ਰਭਾਵ ਪਿਆ ਕਿ ਅਸੀਂ ਨੌਜਵਾਨਾਂ ਨੇ ਇਕੱਠੇ ਹੋ ਕੇ ਆਪਣੇ ਪਿੰਡ ਤੋਂ ਮੁਸਲਮਾਨਾਂ ਦਾ ਘੁਮਿਆਰਾਂ ਦਾ ਟੱਬਰ ਪਾਕਿਸਤਾਨ ਨਹੀਂ ਜਾਣ ਦਿੱਤਾ। ਉਹ ਘਰ ਅੱਜ ਵੀ ਪਿੰਡ ਵਿਚ ਵਸੇ ਹੋਏ ਹਨ।

## ਸੰਘਰਸ਼ ਦਾ ਬੀਜ ਰੂਪ

**? ਟਰੇਡ ਯੂਨੀਅਨ ਲਹਿਰ ਵਿਚ ਪਹਿਲਾ ਕਦਮ ਕਦੋਂ ਧਰਿਆ? ਭਾਵ ਇਸ ਲਹਿਰ ਵਿਚ ਸ਼ਾਮਲ ਹੋਣ ਲਈ ਪ੍ਰੇਰਣਾ ਕਦੋਂ ਤੇ ਕਿੱਥੋਂ ਮਿਲੀ?**

– ਜਾਟ ਹਾਈ ਸਕੂਲ ਰੋਹਤਕ ਤੋਂ 1951 ਵਿਚ ਜੇ.ਬੀ.ਟੀ. ਕਰਦਿਆਂ ਸਾਰ ਹੀ ਮੈਨੂੰ ਆਪਣੇ ਪਿੰਡ ਤੋਂ 3-4 ਮੀਲ ਦੀ ਦੂਰੀ 'ਤੇ ਡੀ.ਬੀ. ਪ੍ਰਾਇਮਰੀ ਸਕੂਲ ਸੀਹੋਂ ਮਾਜਰਾ, ਜ਼ਿਲ੍ਹਾ ਅੰਬਾਲਾ ਵਿਚ ਨੌਕਰੀ ਮਿਲ ਗਈ। ਮਿਉਂਸਪਲ ਕਮੇਟੀ ਅਧੀਨ ਆਉਂਦੇ ਇਨ੍ਹਾਂ ਡਿਸਟ੍ਰਕਟ ਬੋਰਡ ਸਕੂਲਾਂ ਵਿਚ ਬਹੁਤ ਵਧੀਕੀਆਂ ਹੁੰਦੀਆਂ ਸਨ। ਇਨ੍ਹਾਂ ਵਧੀਕੀਆਂ ਦਾ ਟਾਕਰਾ ਕਰਨ ਲਈ 'ਬੋਰਡ ਟੀਚਰਜ਼ ਯੂਨੀਅਨ ਪੰਜਾਬ' ਅਨਪੜ੍ਹ ਬੋਰਡ ਮੈਂਬਰਾਂ, ਅਫ਼ਸਰਸ਼ਾਹੀ ਅਤੇ ਸਰਕਾਰ ਵਿਰੁਧ ਸਮਰੱਥਾ ਅਨੁਸਾਰ ਘੋਲ ਲਾਮਬੰਦ ਕਰਦੀ ਸੀ। ਮੈਂ ਇਸ ਯੂਨੀਅਨ ਦਾ ਮੈਂਬਰ ਬਣਿਆ, ਅਹੁਦੇਦਾਰ ਬਣਿਆ। ਇਸ ਯੂਨੀਅਨ ਦੇ ਸਕੂਲਾਂ ਤੇ ਬਾਕੀ ਸਟਾਫ਼ ਨੂੰ ਸਰਕਾਰੀ ਸੇਵਾ ਵਿਚ ਲਿਆਉਣ ਲਈ ਬਹੁਤ ਜੱਦੋ ਜਹਿਦ ਕੀਤੀ। ਸਿੱਟੇ ਵਜੋਂ 1.10.1957 ਨੂੰ ਡਿਸਟ੍ਰਿਕਟ ਬੋਰਡ/ਮਿਉਂਸਪਲ ਕਮੇਟੀ ਦੇ ਸਕੂਲ ਤੇ ਸਟਾਫ਼ ਪ੍ਰੋਵੈਂਸ਼ਲਾਈਜ਼ ਹੋਇਆ। ਟਰੇਡ ਯੂਨੀਅਨ ਲਹਿਰ ਵਿਚ ਮੇਰਾ ਇਹ ਪਹਿਲਾ ਕਦਮ ਸੀ। ਇਸ ਜਿੱਤ ਨੇ ਮੈਨੂੰ ਹੌਂਸਲਾ ਦਿੱਤਾ। ਜਿਹੜੀ ਜਿੱਤ ਦਾ ਮੈਂ ਜ਼ਿਕਰ ਕੀਤਾ ਹੈ, ਉਸ ਤੋਂ ਮੈਨੂੰ ਪ੍ਰੇਰਣਾ ਮਿਲੀ। ਜਥੇਬੰਦੀ ਵਿਚ ਵਿਸ਼ਵਾਸ ਬੱਝਿਆ। ਡੀ.ਬੀ./ਐਮ.ਸੀ. (ਡਿਸਟ੍ਰਿਕਟ ਬੋਰਡ/ਮਿਉਂਸਪਲਕਮੇਟੀ ਵਿਚ ਸੀਪੀਐਫ ਕੱਟਦੇ ਸੀ। ਇਸ ਵਿਚ ਆਨਾ ਰੁਪਿਆ ਮੁਲਾਜ਼ਮ ਤੇ ਆਨਾ ਰੁਪਿਆ ਡੀ.ਬੀ./ਐਮ.ਸੀ. ਦੁਆਰਾ ਪਾਇਆ ਜਾਂਦਾ ਸੀ। ਤਨਖ਼ਾਹ 80 ਰੁ:, 100 ਰੁ:, 150 ਰੁ: ਤੱਕ ਸੀ। ਸੇਵਾਮੁਕਤੀ ਵੇਲੇ ਅਧਿਆਪਕ 2000 ਰੁ: ਲੈ ਕੇ, ਵਿਦਾਇਗੀ ਪਾਰਟੀ ਦੇ ਅਵਸਰ 'ਤੇ ਮਿਲੀ ਛੱਤਰੀ ਤਾਣ ਕੇ ਰੋਂਦਾ ਹੀ ਘਰ ਨੂੰ ਜਾਂਦਾ ਸੀ। ਸੰਘਰਸ਼ਾਂ ਦੇ ਬਲਬੂਤੇ 1.10.1957 ਤੋਂ ਪੈਨਸ਼ਨ ਸ਼ੁਰੂ ਹੋਈ। ਇਸ ਤੋਂ ਮਗਰੋਂ ਚੱਲ ਸੋ ਚੱਲ। ਸੰਘਰਸ਼ਾਂ ਦਾ ਸਿਲਸਿਲਾ ਤੁਰ ਪਿਆ।

**? ਕਾਰਕੁੰਨ ਤੋਂ ਆਗੂ ਬਣੇ ਜਾਂ ਫਿਰ ਆਗੂ ਵਜੋਂ ਹੀ ਆਪਣਾ ਟਰੇਡ ਯੂਨੀਅਨ ਸਫ਼ਰ ਸ਼ੁਰੂ ਕੀਤਾ, ਕਿਉਂਕਿ ਤੁਹਾਡੀ ਵਧੇਰੇ ਚਰਚਾ ਤੇ ਪਹਿਚਾਣ ਇਕ ਆਗੂ ਵਜੋਂ ਹੀ ਹੈ?**

– ਕਾਰਕੁੰਨ ਤੋਂ ਹੀ ਆਗੂ ਬਣਿਆ ਹਾਂ। ਦਰੀਆਂ ਵੀ ਵਿਛਾਈਆਂ, ਲੀਡਰਾਂ ਦੀ ਆਓ-ਭਗਤ ਵੀ ਕੀਤੀ। ਤਹਿਸੀਲ ਪ੍ਰਧਾਨਗੀ ਤੇ ਬਲਾਕ ਪ੍ਰਧਾਨਗੀ ਆਦਿ ਅਹੁਦਿਆਂ 'ਤੇ ਕੰਮ ਕੀਤਾ। 60-61 ਵਿਚ ਜ਼ਿਲ੍ਹਾ ਅੰਬਾਲਾ ਦਾ ਪ੍ਰਧਾਨ ਬਣਿਆ। ਸੰਨ 1966 ਵਿਚ ਰੋਪੜ ਜ਼ਿਲ੍ਹੇ ਦਾ ਪ੍ਰਧਾਨ ਤੇ ਸੰਨ 1967 ਵਿਚ ਸੂਬਾ ਪ੍ਰਧਾਨ ਬਣਿਆ। ਇਉਂ ਕਦਮ ਦਰ ਕਦਮ ਉਪਰ ਵੱਲ ਵਧਿਆ ਹਾਂ।

**? ਟਰੇਡ ਯੂਨੀਅਨ ਆਗੂ ਵਜੋਂ ਤੁਸੀਂ ਸੰਘਰਸ਼ਾਂ ਵਿਚ ਅਧਿਆਪਕ ਵਰਗ ਦੀ ਅਗਵਾਈ ਕੀਤੀ, ਤੁਹਾਡੀ ਸ਼ਮੂਲੀਅਤ ਸਮੇਂ ਅਧਿਆਪਕ ਵਰਗ ਦੀ ਸਰਬਪੱਖੀ ਸਥਿਤੀ ਕੀ ਸੀ?**

– ਮੇਰੀ ਸ਼ਮੂਲੀਅਤ ਤੋਂ ਪਹਿਲਾਂ ਅਧਿਆਪਕ ਵਰਗ ਦੀ ਸਥਿਤੀ ਚੰਗੀ ਨਹੀਂ ਸੀ। ਇਕ ਤਾਂ ਤਨਖ਼ਾਹਾਂ ਬਹੁਤ ਘੱਟ ਸਨ, ਦੂਜੇ ਡੀ.ਬੀ./ਐਮ.ਸੀ. ਵਿਚ ਅਫ਼ਸਰ ਸਰਕਾਰੀ ਹੁੰਦੇ ਸਨ। ਉਹਨਾਂ ਦਾ ਦਬਦਬਾ ਬਹੁਤ ਸੀ। ਪੰਜਾਬ ਦੇ ਜ਼ਿਲ੍ਹੇ ਬਹੁਤ ਵੱਡੇ ਸਨ। ਬਦਲੀਆਂ ਬਹੁਤ ਦੂਰ-ਦੁਰਾਡੇ ਹੋ ਜਾਂਦੀਆਂ ਸਨ। ਨਿਯੁਕਤੀਆਂ ਦਾ ਹਾਲ ਵੀ ਬਹੁਤਾ ਚੰਗਾ ਨਹੀਂ ਸੀ। ਇਹ ਸਰਕਾਰੀ ਵਿਭਾਗ ਬਣਨ ਨਾਲ ਕੁੱਝ ਸੁਧਾਰ ਹੋਇਆ, ਪਰ ਬਹੁਤਾ ਨਹੀਂ।

## ਲਹਿਰ ਦੀਆਂ ਪ੍ਰਾਪਤੀਆਂ

**? ਤੁਹਾਡੀ ਅਗਵਾਈ ਹੇਠ ਅਧਿਆਪਕ ਵਰਗ ਨੇ ਕਿਹੜੀਆਂ ਕਿਹੜੀਆਂ ਪ੍ਰਾਪਤੀਆਂ ਕੀਤੀਆਂ?**

– ਮੇਰੇ ਸਮੇਂ ਅਧਿਆਪਕ ਜਥੇਬੰਦੀ ਬਹੁਤ ਸੰਘਰਸ਼ਸ਼ੀਲ ਰਹੀ। ਜੁਝਾਰੂ ਆਗੂ ਜਥੇਬੰਦੀ ਵਿਚ ਆਉਣ ਲੱਗੇ। ਸੰਘਰਸ਼ ਦੇ ਅਨੁਪਾਤ ਨਾਲ ਹੀ ਪ੍ਰਾਪਤੀਆਂ ਹੁੰਦੀਆਂ ਹਨ ਅਤੇ ਜਥੇਬੰਦੀ ਦੇ ਬਲਬੂਤੇ ਹੀ ਲੀਡਰਸ਼ਿਪ ਛਾਲਾਂ ਮਾਰ ਸਕਦੀ ਹੈ, ਕੁਰਬਾਨੀ ਕਰ ਸਕਦੀ ਹੈ। ਸਾਡੀਆਂ ਕੁੱਝ ਵੱਡੀਆਂ ਪ੍ਰਾਪਤੀਆਂ ਦੇ ਪਿਛੋਕੜ ਵਿਚਲੇ ਸੰਘਰਸ਼ਾਂ ਦਾ ਵੇਰਵਾ ਵੀ ਤੁਹਾਡੇ ਨਾਲ ਸਾਂਝਾ ਕਰਨਾ ਚਾਹਾਂਗਾ।

1965 ਵਿਚ ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ ਦਾ ਪੁਨਰਗਠਨ ਕੀਤਾ ਗਿਆ। ਸਾਥੀ ਰਣਬੀਰ ਢਿੱਲੋਂ ਜਨਰਲ ਸਕੱਤਰ, ਸਾਥੀ ਤ੍ਰਿਲੋਕੀ ਨਾਥ ਪ੍ਰਧਾਨ ਬਣਾਏ ਗਏ ਅਤੇ ਮੈਨੂੰ ਵੀ ਲੀਡਰਸ਼ਿਪ ਵਿਚ ਸ਼ਾਮਲ ਕੀਤਾ ਗਿਆ। ਇਸ ਪਲੇਟਫਾਰਮ ਤੋਂ ਮੁਲਾਜ਼ਮਾਂ ਦੀਆਂ ਮੰਗਾਂ ਲਈ 5 ਜਨਵਰੀ, 1967 ਨੂੰ ਹੜਤਾਲ ਦਾ ਸੱਦਾ ਦਿੱਤਾ ਗਿਆ। ਅਧਿਆਪਕਾਂ ਨੇ ਵੀ ਪਸਸਫ ਦੇ ਇਕ ਅੰਗ ਵਜੋਂ ਹੜਤਾਲ ਕਰਨੀ ਸੀ, ਪਰ ਗੌਰਮਿੰਟ ਟੀਚਰਜ਼ ਯੂਨੀਅਨ ਦੀ ਲੀਡਰਸ਼ਿਪ ਹੜਤਾਲ ਲਈ ਰਾਜ਼ੀ ਨਾ ਹੋਈ। ਅਸੀਂ ਚੰਡੀਗੜ੍ਹ ਵਿਚ ਪ੍ਰਧਾਨਗੀ ਮੰਡਲ ਦੀ ਮੀਟਿੰਗ ਕਰਕੇ (12 ਵਿਚੋਂ 8 ਪ੍ਰਧਾਨ ਸਾਡੇ ਨਾਲ ਸਨ) ਲੀਡਰਸ਼ਿਪ ਨੂੰ ਹੜਤਾਲ ਵਿਚ ਭਾਗ ਲੈਣ ਲਈ ਕਿਹਾ। ਇਹ ਇਕ ਚਰੁਚਿਅਲ ਸਮਾਂ ਸੀ, ਹੜਤਾਲ ਨਾ ਕਰਦੇ ਤਾਂ ਮੁਲਾਜ਼ਮਾਂ ਵਿਚੋਂ ਛੇਕੇ ਜਾਂਦੇ, ਕਰਦੇ ਤਾਂ ਫੁਟ ਪੈਂਦੀ ਸੀ। ਫੈਸਲਾ ਦਲੇਰੀ ਦੀ ਮੰਗ ਕਰਦਾ ਸੀ। ਮੈਨੂੰ ਸੰਕਟ-ਮੋਚਨ ਸਮਝਿਆ ਜਾਂਦਾ ਸੀ, ਅਸੀਂ



**ਤ੍ਰਿਲੋਚਨ ਸਿੰਘ 'ਰਾਣਾ' ਆਪਣੀ ਜੀਵਨ ਸਾਥਣ ਨਾਲ**

ਇਕੱਤੀ ਦਸੰਬਰ ਦੀ ਰਾਤ ਨੂੰ ਫੈਡਰੇਸ਼ਨ ਦੇ ਦਫ਼ਤਰ ਵਿਚੋਂ ਫੈਸਲਾ ਕਰ ਦਿੱਤਾ ਕਿ ਗੌਰਮਿੰਟ ਟੀਚਰਜ਼ ਯੂਨੀਅਨ ਨੇ ਹੜਤਾਲ ਵਿਚ ਭਾਗ ਲੈਣਾ ਚਾਹੀਦਾ ਹੈ। ਮੈਂ ਪ੍ਰਧਾਨਗੀ ਲਈ ਸ. ਮਹਿੰਦਰ ਸਿੰਘ ਤੂਰ ਦਾ ਨਾਂ ਤਜਵੀਜ਼ ਕੀਤਾ, ਉਹ ਕਹਿਣ ਲੱਗੇ, ''ਮੈਂ ਮਰਿਆ ਸੱਪ ਗਲ ਨਹੀਂ ਪਾਉਣਾ।'' ਮੈਨੂੰ ਪ੍ਰਧਾਨ ਅਤੇ ਸਾਥੀ ਹਰਕੰਵਲ ਸਿੰਘ ਨੂੰ ਜਨਰਲ ਸਕੱਤਰ ਚੁਣ ਲਿਆ ਗਿਆ। ਇਸ਼ਤਿਹਾਰ ਕੱਢਿਆ ਗਿਆ, ਹੜਤਾਲ ਲਈ ਡਿਊਟੀਆਂ ਵੰਡ ਦਿੱਤੀਆਂ ਗਈਆਂ। 90ਫੀਸਦੀ ਅਧਿਆਪਕਾਂ ਨੇ ਹੜਤਾਲ ਵਿਚ ਭਾਗ ਲਿਆ। ਮੇਰੀ ਲੀਡਰੀ ਚਮਕ ਗਈ। ਬਹਿਜਾ-ਬਹਿਜਾ ਹੋ ਗਈ, ਮੇਰੀ ਪਰਖ ਦਾ ਇਹ ਪਹਿਲਾ ਪੜਾਅ ਸੀ, ਸਫ਼ਲਤਾ ਮਿਲ ਗਈ। ਮੇਰੀ ਤੇ ਹਰਕੰਵਲ ਸਿੰਘ ਦੀ ਜੋੜੀ ਕਾਇਮ ਹੋ ਗਈ, ਜੋ ਹਰਕੰਵਲ ਸਿੰਘ ਦੀ ਸਵੈ-ਇੱਛਤ ਸੇਵਾਮੁਕਤੀ ਤੱਕ ਬਣੀ ਰਹੀ। ਅਸੀਂ ਅਧਿਆਪਕ ਵਰਗ ਨੂੰ ਤਿੱਖੇ ਸੰਘਰਸ਼ ਦੇ ਰਾਹ 'ਤੇ ਤੋਰ ਕੇ ਵੱਡੀ ਪ੍ਰਾਪਤੀ ਕੀਤੀ। ਇਸ ਤੋਂ ਮਗਰੋਂ ਅਧਿਆਪਕ ਵਰਗ ਨੂੰ ਆਪਣੇ ਸੰਘਰਸ਼ਾਂ ਕਾਰਨ ਵੱਡੇ ਲਾਭ ਹਾਸਲ ਹੋਏ। ਪੰਜਾਬ ਦੇ ਮੁਲਾਜ਼ਮਾਂ ਦਾ ਮਹਿੰਗਾਈ ਭੱਤਾ ਕੇਂਦਰ ਦੇ ਮੁਲਾਜ਼ਮਾਂ ਨਾਲ ਲਿੰਕ ਕਰਵਾਇਆ, ਸਰਕਾਰ 'ਤੇ ਦਬਾਅ ਪਾ ਕੇ ਅਧਿਆਪਕਾਂ ਦੀਆਂ ਬਦਲੀਆਂ ਦੇ ਨਿਯਮ ਬਣਵਾਏ, ਜੋ ਲਾਲ ਕਿਤਾਬ ਦੀ ਸ਼ਕਲ ਵਿਚ ਛਾਪ ਕੇ ਸਾਰੇ ਅਫ਼ਸਰਾਂ ਨੂੰ ਭੇਜੇ ਗਏ। ਪਹਿਲਾਂ ਡੀਪੀਆਈ ਦੀ ਨਿਯੁਕਤੀ ਆਈ.ਏ.ਐਸ. ਕੇਡਰ ਵਿਚੋਂ ਹੁੰਦੀ ਸੀ, ਫਿਰ ਕਾਲਜ ਸਾਈਡ ਤੋਂ ਲਗਾਇਆ ਜਾਣ ਲੱਗਾ, ਅਸੀਂ ਸਰਕਾਰ ਕੋਲੋਂ ਡੀ.ਪੀ.ਆਈ. ਸਕੂਲ ਅਧਿਆਪਕਾਂ ਵਿਚੋਂ ਪਦਉਨਤ ਕਰਵਾਉਣ ਦੀ ਮੰਗ ਮੰਨਵਾਈ। ਅਸੀਂ ਪ੍ਰਾਇਮਰੀ ਅਧਿਆਪਕਾਂ ਲਈ ਪ੍ਰਮੋਸ਼ਨਲ ਚੈਨਲ ਬਣਵਾਇਆ, ਉਹ ਹੈੱਡ ਟੀਚਰ, ਸੈਂਟਰ ਹੈੱਡ ਟੀਚਰ ਤੇ ਬਲਾਕ ਪ੍ਰਾਇਮਰੀ ਸਿੱਖਿਆ ਅਧਿਕਾਰੀਆਂ ਵਜੋਂ ਤਰੱਕੀ ਪਾਉਣ ਲੱਗੇ। ਹਰ ਦਸ ਸਾਲ ਬਾਅਦ ਤਨਖ਼ਾਹ ਕਮਿਸ਼ਨ ਦੀ ਵਿਵਸਥਾ ਕਰਵਾਈ। ਫਿਕਸਡ ਮੈਡੀਕਲ ਭੱਤੇ ਦੀ ਮੰਗ ਕੀਤੀ ਗਈ, ਜੋ 50 ਰੁਪਏ ਸਲਾਨਾ ਤੋਂ ਸ਼ੁਰੂ ਹੋ ਕੇ ਹੁਣ 500 ਰੁਪਏ ਮਾਸਿਕ 'ਤੇ ਪਹੁੰਚ ਗਈ ਹੈ। 1967 ਵਿਚ ਕੇਂਦਰ ਸਰਕਾਰ ਵਲੋਂ ਅਧਿਆਪਕਾਂ ਲਈ ਬਣਾਇਆ ਕੋਠਾਰੀ ਕਮਿਸ਼ਨ ਸਭ ਤੋਂ ਪਹਿਲਾਂ ਪੰਜਾਬ ਵਿਚ ਲਾਗੂ ਕਰਵਾਇਆ।

**ਬੇਰੁਜ਼ਗਾਰ ਟੀਚਰਜ਼ ਯੂਨੀਅਨ ਪੰਜਾਬ :** 1973 ਵਿਚ ਹਰ ਪ੍ਰਕਾਰ ਦੇ ਅਧਿਆਪਕਾਂ ਨੂੰ ਰੁਜ਼ਗਾਰ ਦੀ ਪ੍ਰਾਪਤੀ ਲਈ ਇਕ ਸੰਘਰਸ਼ਸ਼ੀਲ ਜਥੇਬੰਦੀ 'ਬੇਰੁਜ਼ਗਾਰ ਅਧਿਆਪਕ ਯੂਨੀਅਨ ਪੰਜਾਬ' ਦੇ ਰੂਪ ਵਿਚ ਜਥੇਬੰਦ ਕਰਨ ਵਿਚ ਸੇਧ ਅਤੇ ਅਗਵਾਈ ਦਿਤੀ। ਇਸ ਦੇ ਸਭ ਤੋਂ ਪਹਿਲੇ ਪ੍ਰਧਾਨ ਸ. ਲਾਭ ਸਿੰਘ ਕਾਈਨੌਰ ਬਣੇ ਜੋ ਮਾਰਕੇਬਾਜ਼ੀ ਦਾ ਸ਼ਿਕਾਰ ਸਨ। 9 ਸਤੰਬਰ ਤੋਂ ਪਹਿਲੀ ਦਸੰਬਰ 1979 ਤਕ ਇਸ ਮੰਤਵ ਲਈ ਜੇਲ੍ਹ ਭਰੋ ਅੰਦੋਲਨ ਦੌਰਾਨ ਬੇਰੁਜ਼ਗਾਰਾਂ ਵਲੋਂ ਦਿਤੀਆਂ ਜਾਂਦੀਆਂ ਗ੍ਰਿਫ਼ਤਾਰੀਆਂ ਵਿਚ ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਵਲੋਂ 1300 ਦੇ ਕਰੀਬ ਰੈਗੂਲਰ ਅਧਿਆਪਕ ਗ੍ਰਿਫ਼ਤਾਰ ਕਰਵਾ ਕੇ ਇਸ ਸੰਘਰਸ਼ ਨੂੰ ਜਿੱਤ ਤਕ ਪਹੁੰਚਾਇਆ। ਸੰਘਰਸ਼ ਉਪਰੰਤ ਬੇਰੁਜ਼ਗਾਰ ਅਧਿਆਪਕ ਯੂਨੀਅਨ ਪੰਜਾਬ ਦੀ ਅਗਵਾਈ ਚੋਣ ਹੋਈ ਤਦ ਮੈਂ ਆਪਣੀ ਸੋਚ ਦੇ ਧਾਰਨੀ ਸ. ਵਿਜੇ-ਮਿਸ਼ਰਾ ਨੂੰ ਵੋਟਾਂ ਦੀ ਬਹੁਸੰਮਤੀ ਨਾਲ ਸੂਬਾ ਪ੍ਰਧਾਨ ਬਣਾਇਆ

ਇਸਤਰੀ ਮੁਲਾਜ਼ਮ ਤਾਲਮੇਲ ਕਮੇਟੀ ਬਣਾ ਕੇ, ਇਸਤਰੀਆਂ ਦੇ ਸੰਘਰਸ਼ਾਂ ਨੂੰ ਸੇਧ ਦਿੱਤੀ। ਇਸ ਮੰਚ ਵਲੋਂ ਕੀਤੇ ਸੰਘਰਸ਼ਾਂ ਦੇ ਦਬਾਅ ਅਧੀਨ ਇਸਤਰੀ ਮੁਲਾਜ਼ਮਾਂ ਲਈ ਸਾਲ ਵਿਚ 20 ਇਤਫ਼ਾਕੀਆ ਛੁੱਟੀਆਂ ਅਤੇ 6 ਮਹੀਨੇ ਦੀ ਪ੍ਰਸੂਤਾ ਛੁੱਟੀ 1986 ਦੇ ਪੇ ਕਮਿਸ਼ਨ ਵਿਚ ਪ੍ਰਵਾਨ ਕੀਤੀਆਂ ਗਈਆਂ।

ਅਧਿਆਪਕਾਂ ਲਈ ਕੇਂਦਰ ਵਲੋਂ ਇਕ ਹਾਫ-ਏ-ਮਿਲੀਅਨ ਦੀ ਯੋਜਨਾ ਆ ਗਈ। 100-150-200 ਰੁਪਏ ਫਿਕਸਡ ਮਿਲਦੇ ਸਨ। ਸੰਘਰਸ਼ ਕਰਕੇ ਸਾਰੇ ਹਾਫ਼-ਏ-ਮਿਲੀਅਨ ਵਾਲਿਆਂ ਨੂੰ ਜੁਆਨਿੰਗ ਦੀ ਮਿਤੀ ਤੋਂ ਪੂਰਾ ਲਾਭ ਦਿਵਾਇਆ ਗਿਆ। 1987 ਵਿਚ ਰਨਿੰਗ ਟਰੇਡ ਦਿਵਾਇਆ ਗਿਆ, ਜਿਸ ਅਧੀਨ ਬਰਾਬਰ ਤਨਖ਼ਾਹ, ਬਰਾਬਰ ਤਰੱਕੀ ਵਾਲਾ ਫਾਰਮੂਲਾ ਲਾਗੂ ਹੋਇਆ।

ਅਸੀਂ ਦੂਸਰੇ ਵਿਭਾਗਾਂ ਦੇ ਮੁਲਾਜ਼ਮਾਂ ਦੇ ਸੰਘਰਸ਼ਾਂ ਲਈ ਵੀ ਸਰਗਰਮ ਸਹਿਯੋਗ ਦਿੱਤਾ। ਮਰਨ ਵਰਤ ਰੱਖੇ, ਜੇਲ੍ਹਾਂ ਕੱਟੀਆਂ, ਮੇਰੀ ਅਗਵਾਈ ਵਾਲੀ ਜਥੇਬੰਦੀ ਨੇ ਐਮਰਜੰਸੀ ਦਾ ਵਿਰੋਧ ਵੀ ਕੀਤਾ। ਸਾਡੀ ਜਥੇਬੰਦੀ ਗੁਆਂਢੀ ਰਾਜਾਂ ਹਰਿਆਣਾ ਤੇ ਹਿਮਾਚਲ ਪ੍ਰਦੇਸ਼ ਦੇ ਮੁਲਾਜ਼ਮਾਂ ਦੇ ਹੱਕ ਵਿਚ ਵੀ ਸਮੇਂ ਸਮੇਂ ਨਿੱਤਰਦੀ ਰਹੀ ਹੈ।

**? ਕੀ ਤੁਹਾਡੇ ਸਮੇਂ ਦੀਆਂ ਪ੍ਰਾਪਤੀਆਂ ਖੁਰਦੀਆਂ ਨਜ਼ਰ ਤਾਂ ਨਹੀਂ ਆਉਂਦੀਆਂ?**

-ਨਜ਼ਰ ਆ ਰਹੀਆਂ ਨੇ ਪਰ ਇਸ ਬਾਰੇ ਤਾਂ

*ਕਹਿਨੇ ਕੋ ਬਹੁਤ ਕੁਛ ਹੈ ਅਗਰ ਹਮ ਕਹਿਨੇ ਪੇ ਆ ਜਾਏਂ*
*ਪਰ ਅਪਨੀ ਤੋਂ ਯਹ ਆਦਤ ਹੈ ਕਿ ਹਮ ਕੁਛ ਨਹੀਂ ਕਹਿਤੇ*
*ਕਿਉਂਕਿ?*
*ਥੋੜਾ ਸਾ ਕਹਿਨੇ ਪੇ ਹੀ*
*ਤੂਫ਼ਾਨ ਉਠਾ ਲੇਤੀ ਹੈ ਯਹ ਦੁਨੀਆ।*



**ਕਾਮਰੇਡ ਤ੍ਰਿਲੋਚਨ ਸਿੰਘ ਰਾਣਾ ਦੇ ਸਨਮਾਨ ਸਮਾਰੋਹ ਮੌਕੇ ਸਮਾਗਮ ਨੂੰ ਸੰਬੋਧਨ ਕਰਦੇ ਹੋਏ ਭਾਗ ਸਿੰਘ ਸੱਜਣ।**

**? ਕੀ ਇਹ ਸੱਚ ਹੈ ਕਿ ਟਰੇਡ ਯੂਨੀਅਨਾਂ ਦੇ ਸਰਕਾਰ ਉਪਰ ਦਬਾਅ ਸਦਕਾ ਜਿਉਂ ਜਿਉਂ ਅਧਿਆਪਕ ਵਰਗ ਖੁਸ਼ਹਾਲ ਹੁੰਦਾ ਗਿਆ, ਇਹ ਸੰਘਰਸ਼ਾਂ ਤੋਂ ਪਾਸਾ ਵੱਟਣ ਲੱਗ ਪਿਆ?**

- ਅਧਿਆਪਕ ਜਾਂ ਮੁਲਾਜ਼ਮ ਖੁਸ਼ਹਾਲ ਹੋਣ ਕਾਰਨ ਸੰਘਰਸ਼ਾਂ ਤੋਂ ਪਾਸਾ ਨਹੀਂ ਵੱਟਣ ਲੱਗੇ। ਪਹਿਲੀ ਗੱਲ ਤਾਂ ਬਹੁਤ ਸਾਰੇ ਖੁਸ਼ਹਾਲ ਹੀ ਨਹੀਂ। ਠੇਕਾ ਆਧਾਰਿਤ ਅਧਿਆਪਕਾਂ, ਮੁਲਾਜ਼ਮਾਂ ਦੀ ਹਾਲਤ ਤਾਂ ਬਹੁਤ ਮਾੜੀ ਹੈ। ਸੰਘਰਸ਼ ਦੇ ਕਮਜ਼ੋਰ ਪੈਣ ਦਾ ਕਾਰਨ ਆਪਸੀ ਫੁਟ ਹੈ। ਫੁਟ ਸਮੇਂ ਸਾਂਝੇ ਫਰੰਟ ਬਣਾ ਕੇ ਹੀ ਲੜਿਆ ਜਾ ਸਕਦਾ ਹੈ। ਸਾਂਝੇ ਫਰੰਟ ਦੀਆਂ ਵੀ ਆਪਣੀਆਂ ਮਜ਼ਬੂਰੀਆਂ ਤੇ ਸੀਮਾਵਾਂ ਹੁੰਦੀਆਂ ਹਨ।

**? ਕਿਹਾ ਜਾਂਦਾ ਹੈ ਕਿ ਵੱਡੀਆਂ ਆਰਥਿਕ ਸਹੂਲਤਾਂ ਨੇ ਅਧਿਆਪਕ ਦਾ ਵਰਗ-ਚਰਿੱਤਰ ਤਬਦੀਲ ਕਰ ਦਿੱਤਾ ਹੈ, ਕੀ ਇਹ ਸਹੀ ਹੈ ਕਿ ਅਧਿਆਪਕ ਵਰਗ ਆਰਥਕਤਾਵਾਦ ਦਾ ਸ਼ਿਕਾਰ ਹੋ ਗਿਆ ਹੈ?**

- ਮੈਂ ਨਹੀਂ ਸਮਝਦਾ ਕਿ ਅਧਿਆਪਕ ਵਰਗ ਤੇ ਲਹਿਰ ਆਰਥਿਕਤਾਵਾਦ ਦਾ ਸ਼ਿਕਾਰ ਹੋ ਗਈ ਹੈ। ਅਧਿਆਪਕ ਵਰਗ ਨੂੰ ਵੱਖਰੇ ਤੌਰ 'ਤੇ ਆਰਥਿਕ ਸਹੂਲਤਾਂ ਕੁਠਾਰੀ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਲਾਗੂ ਹੋਣ 'ਤੇ ਹੀ ਮਿਲੀਆਂ। ਸਾਰੇ ਮੁਲਾਜ਼ਮ ਵਰਗ ਨੂੰ ਲਗਭਗ ਸਾਰੀਆਂ ਸਹੂਲਤਾਂ ਇਕੋ ਜਿਹੀਆਂ ਪ੍ਰਵਾਨ ਹਨ, ਜਦੋਂ ਤੋਂ ਸੀ.ਐਸ.ਆਰ. ਲਾਗੂ ਹੋਇਆ ਹੈ। ਇਹ ਠੀਕ ਹੈ ਕਿ ਕੁੱਝ ਰਿਆਇਤਾਂ ਪਹਿਲਾਂ ਅਧਿਆਪਕ ਵਰਗ ਨੇ ਪ੍ਰਾਪਤ ਕੀਤੀਆਂ ਤੇ ਬਾਅਦ ਵਿਚ ਸਾਰੇ ਮੁਲਾਜ਼ਮ ਵਰਗ 'ਤੇ ਲਾਗੂ ਹੋਈਆਂ, ਜਿਵੇਂ 8-18-24 ਦਾ ਸਮਾਂਬੱਧ ਸਕੇਲ। ਹੁਣ ਸਾਰਿਆਂ ਲਈ ਇਕੱਠਾ ਹੀ ਪੇ-ਕਮਿਸ਼ਨ ਬਣਦਾ ਹੈ। ਅਧਿਆਪਕਾਂ ਦੀ ਜਥੇਬੰਦੀ ਤੋਂ ਬਾਅਦ 1965 ਵਿਚ ਪਸਸਫ ਸਾਰੇ ਮੁਲਾਜ਼ਮਾਂ ਲਈ ਹੋਂਦ ਵਿਚ ਆਈ ਤੇ 1968 ਵਿਚ ਦੋ ਫੈਡਰੇਸ਼ਨਾਂ ਬਣ ਗਈਆਂ, ਜੋ ਸਮੁੱਚੇ ਮੁਲਾਜ਼ਮਾਂ ਦੇ ਹੱਕਾਂ ਲਈ ਲੜਦੀਆਂ ਹਨ। ਹੁਣ ਤਾਂ ਮੁਲਾਜ਼ਮ ਫੈਡਰੇਸ਼ਨਾਂ ਦੀ ਗਿਣਤੀ ਹੀ ਨਹੀਂ ਕੀਤੀ ਜਾ ਸਕਦੀ। ਸੋ, ਮੁਲਾਜ਼ਮ ਲਹਿਰ ਦਾ ਬਹੁਤ ਪਾਸਾਰ ਹੋਇਆ ਹੈ, ਇਹ ਆਰਥਿਕਤਾਵਾਦ ਦਾ ਸ਼ਿਕਾਰ ਨਹੀਂ ਹੋਈ।

**? ਅਜੋਕੀ ਅਧਿਆਪਕ ਲਹਿਰ ਤੁਹਾਨੂੰ ਕਿੱਥੇ ਕੁ ਪਹੁੰਚੀ ਪ੍ਰਤੀਤ ਹੋ ਰਹੀ ਹੈ?**

- ਜਿੰਨੀ ਜਿੰਨੀ ਕਿਸੇ ਨੂੰ ਤਕਲੀਫ਼ ਹੈ, ਉਹ ਆਪਣੇ ਆਪਣੇ ਪਲੇਟਫਾਰਮ ਤੋਂ ਉਸ ਅਨੁਸਾਰ ਲੜਾਈ ਲੜ ਰਹੇ ਹਨ। ਕਨਵੈਨਸ਼ਨਾਂ, ਜਲਸਿਆਂ, ਜਲੂਸਾਂ, ਮੁਜ਼ਾਹਰਿਆਂ, ਚੱਕੇ-ਜਾਮਾਂ, ਟੈਂਕੀਆਂ 'ਤੇ ਚੜ੍ਹ ਕੇ ਗ੍ਰਿਫ਼ਤਾਰੀਆਂ ਆਦਿ ਰਾਹੀਂ ਇਹ ਲਹਿਰ ਜਾਰੀ ਹੈ।

## ਟਰੇਡ ਯੂਨੀਅਨ ਤੇ ਖੱਬੀ ਸਿਆਸਤ

**? ਖੱਬੇ ਪੱਖੀ ਟਰੇਡ ਯੂਨੀਅਨ ਲਹਿਰ ਨੇ ਖੱਬੇ ਪੱਖੀ ਸਿਆਸਤ ਵਿਚ ਕੀ ਯੋਗਦਾਨ ਪਾਇਆ?**

- ਖੱਬੇ ਪੱਖੀ ਟਰੇਡ ਯੂਨੀਅਨ ਲਹਿਰ ਨੇ ਖੱਬੀ ਸਿਆਸਤ ਨੂੰ ਹੀ ਨਹੀਂ ਬਲਕਿ ਹਰ ਸਿਆਸੀ ਪਾਰਟੀ ਨੂੰ ਲੀਡਰਸ਼ਿਪ ਪ੍ਰਦਾਨ ਕੀਤੀ। ਇਥੇ ਮੈਂ ਨਾਵਾਂ ਦਾ ਜ਼ਿਕਰ ਨਹੀਂ ਕਰਾਂਗਾ। ਸਿਵਲ ਨੂੰ ਅਫ਼ਸਰ, ਨਿਆਂਪਾਲਿਕਾ ਨੂੰ ਜੱਜ ਵੀ ਦਿੱਤੇ ਹਨ। ਮਿਡਲ ਕਲਾਸ ਪੈਦਾ ਕੀਤੀ ਹੈ, ਜੋ ਹੌਲੀ ਹੌਲੀ ਹੁਣ ਦੇ ਹਾਲਾਤ ਵਿਚ ਅਲੋਪ ਹੋ ਰਹੀ ਹੈ।

**? ਕੀ ਖੱਬੇ ਪੱਖੀ ਟਰੇਡ ਯੂਨੀਅਨ ਲਹਿਰ ਦੇ ਭਾਰੂ ਰਹਿਣ ਨਾਲ ਖੱਬੀ ਲਹਿਰ ਦਾ ਕੋਈ ਨੁਕਸਾਨ ਵੀ ਹੋਇਆ, ਜਿਵੇਂ ਕਿ ਇਹ ਵੀ ਸਮਝਿਆ ਜਾ ਰਿਹਾ ਹੈ ਕਿ ਟਰੇਡ ਯੂਨੀਅਨ ਦੀ ਤਾਕਤ ਦੇ ਸਿਰ 'ਤੇ ਕਰਮਚਾਰੀ ਮਨਮਾਨੀਆਂ ਕਰਨ ਤੇ ਧੱਕੇ ਨਾਲ ਆਪਣੀ ਗੱਲ ਮੰਨਵਾਉਣ ਦੇ ਆਦੀ ਵੀ ਹੋ ਗਏ ਹਨ - ਕੀ ਇਉਂ ਖੱਬੀ ਸਿਆਸਤ ਦਾ ਅਕਸ ਨਹੀਂ ਵਿਗੜਦਾ?**

- ਕੋਈ ਨੁਕਸਾਨ ਨਹੀਂ ਹੋਇਆ ਅਤੇ ਨਾ ਹੀ ਖੱਬੀ ਸਿਆਸਤ ਦਾ ਅਕਸ ਵਿਗੜਿਆ ਹੈ। ਤਿੰਨ ਤਰੀਕਿਆਂ ਨਾਲ ਆਪਣੀ ਗੱਲ ਮੰਨਵਾਈ ਜਾ ਸਕਦੀ ਹੈ-ਰਾਜਨੀਤਕ ਦਬਾਅ ਨਾਲ, ਮਾਇਆ ਦੇ ਦਬਾਅ ਨਾਲ ਅਤੇ ਜਥੇਬੰਦਕ ਦਬਾਅ ਨਾਲ। ਕਰਮਚਾਰੀ ਵਰਗ ਤੀਜੇ ਦਬਾਅ ਨਾਲ ਆਪਣੀ ਗੱਲ ਮੰਨਵਾਉਣ ਵਿਚ ਸਫ਼ਲ ਹੋਇਆ ਹੈ, ਜੋ ਇਕ ਵਧੀਆ ਗੱਲ ਹੈ।




**ਇਕ ਲੋਕ ਮੁਜ਼ਾਹਰੇ ਦੀ ਅਗਵਾਈ ਕਰਦੇ ਹੋਏ ਕਾਮਰੇਡ ਮੰਗਤ ਰਾਮ ਪਾਸਲਾ, ਲਾਲ ਬਹਾਦਰ ਅਤੇ ਤ੍ਰਿਲੋਚਨ ਸਿੰਘ 'ਰਾਣਾ'**

**? ਅਧਿਆਪਕ ਲਹਿਰ ਲੰਮੇ ਸਮੇਂ ਤੋਂ ਧੜੇਬੰਦੀ ਦਾ ਸ਼ਿਕਾਰ ਚਲੀ ਆ ਰਹੀ ਹੈ, ਇਸ ਧੜੇਬੰਦੀ ਦਾ ਮੁੱਖ ਕਾਰਨ ਵਿਚਾਰਧਾਰਕ ਤੇ ਰਣਨੀਤਕ ਵਖਰੇਵਾਂ ਸੀ ਜਾਂ ਫਿਰ ਨਿੱਜੀ ਹਊਮੇ, ਤੁਹਾਡਾ ਤਜ਼ਰਬਾ ਕੀ ਕਹਿੰਦਾ ਹੈ?**

- ਮੇਰੇ ਖ਼ਿਆਲ ਵਿਚ ਇਸਦਾ ਕਾਰਨ ਸੰਘਰਸ਼ਾਂ ਪ੍ਰਤੀ ਵੱਖੋ ਵੱਖਰੀ ਵਿਚਾਰਧਾਰਕ ਪਹੁੰਚ ਅਤੇ ਰਣਨੀਤਕ ਵਖਰੇਵਾਂ ਹੀ ਹੈ।

**? ਅਜੋਕੇ ਦੌਰ 'ਚ ਅਧਿਆਪਕ ਵਰਗ ਅਨੇਕਾਂ ਮੰਚਾਂ 'ਤੇ ਵੰਡਿਆ ਗਿਆ ਹੈ, ਸਰਕਾਰ ਨੇ ਵੀ ਅਧਿਆਪਕਾਂ ਵਿਚ ਅਨੇਕਾਂ ਵਰਗ (ਠੇਕਾ ਅਧਾਰਿਤ ਅਧਿਆਪਕ, ਸਿੱਖਿਆ ਕਰਮੀ ਆਦਿ) ਪੈਦਾ ਕਰ ਦਿੱਤੇ ਹਨ, ਕੀ ਭਵਿੱਖ 'ਚ ਕੋਈ ਸਾਂਝਾ ਮੰਚ ਹੋਂਦ 'ਚ ਆਉਣ ਦੀ ਸੰਭਾਵਨਾ ਹੈ?**

- ਸੰਭਾਵਨਾ ਹੈ, ਜੇਕਰ ਸਾਰੀਆਂ ਜਥੇਬੰਦੀਆਂ ਨੂੰ ਨਾਲ ਲੈ ਕੇ ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਤੇ ਪਸਸਫ ਅਗਵਾਈ ਕਰੇ, ਜੋ ਮੁਸ਼ਕਿਲ ਹੈ ਪਰ ਅਸੰਭਵ ਨਹੀਂ।

**? ਨਵੀਆਂ ਅਧਿਆਪਕ ਜਥੇਬੰਦੀਆਂ ਕੋਲ ਵਿਗਿਆਨਕ ਵਿਚਾਰਧਾਰਾ, ਸਿਆਸੀ ਸੂਝ ਅਤੇ ਸੰਘਰਸ਼ਾਂ ਦਾ ਕੋਈ ਠੋਸ ਅਨੁਭਵ ਨਹੀਂ। ਇਸ ਸਥਿਤੀ 'ਚ ਉਹਨਾਂ ਨੂੰ ਕੀ ਕਰਨਾ ਲੋੜੀਂਦਾ ਹੈ, ਤੁਸੀਂ ਕੋਈ ਸੁਝਾਅ ਦੇਣਾ ਚਾਹੋਗੇ?**

- ਇਹੋ ਸੁਝਾਅ ਹੈ ਕਿ ਜਥੇਬੰਦੀਆਂ ਪੁਰਾਣੀ ਲੀਡਰਸ਼ਿਪ ਦੇ ਤਜ਼ਰਬੇ ਤੋਂ ਲਾਭ ਉਠਾਉਣ। ਗੌਰਮਿੰਟ ਟੀਚਰਜ਼ ਯੂਨੀਅਨ ਤੇ ਪਸਸਫ ਉਹਨਾਂ ਦੀਆਂ ਸਮੱਸਿਆਵਾਂ ਦੀ ਨਿਸ਼ਾਨਦੇਹੀ ਕਰਕੇ ਉਹਨਾਂ ਨੂੰ ਸਾਂਝੇ ਸੰਘਰਸ਼ਾਂ ਦਾ ਹਿੱਸਾ ਬਣਾਵੇ ਤੇ ਉਹਨਾਂ ਦੇ ਚੱਲ ਰਹੇ ਸੰਘਰਸ਼ਾਂ ਦੀ ਮੱਦਦ ਵੀ ਕਰੇ ਅਤੇ ਦਰਪੇਸ਼ ਚੁਣੌਤੀਆਂ ਬਾਰੇ ਉਹਨਾਂ ਨੂੰ ਸੁਚੇਤ ਵੀ ਕਰੇ।

**? ਤੁਹਾਨੂੰ ਨਹੀਂ ਜਾਪਦਾ ਕਿ ਨਵੀਆਂ ਜਥੇਬੰਦੀਆਂ ਸਿਆਸੀ ਪਾਰਟੀਆਂ ਤੋਂ ਜ਼ਰਾ ਕਤਰਾਉਂਦੀਆਂ ਹਨ, ਕੀ ਇਹ ਵਾਜਿਬ ਰੁਝਾਨ ਹੈ?**

- ਹਰ ਜਨਤਕ ਜਥੇਬੰਦੀ ਨੂੰ ਸਿਆਸੀ ਪਾਰਟੀ ਦੀ ਪੂਛ ਨਹੀਂ ਬਣਨਾ ਚਾਹੀਦਾ। ਆਪਣੀ ਟੇਕ ਜਨਤਾ 'ਤੇ ਰੱਖਣੀ ਚਾਹੀਦੀ ਹੈ ਅਤੇ ਸੰਵਿਧਾਨਿਕ ਜਮਹੂਰੀ ਕਾਰਜ ਪ੍ਰਣਾਲੀ 'ਤੇ ਅਮਲ ਕਰਨਾ ਚਾਹੀਦਾ ਹੈ।

**? ਨਿੱਜੀਕਰਨ ਤੇ ਵਿਸ਼ਵੀਕਰਨ ਦੀ ਅਜੋਕੀ ਚੁਣੌਤੀ ਸਨਮੁੱਖ ਟਰੇਡ ਯੂਨੀਅਨ ਲਹਿਰ ਦੀ ਕੀ ਸਥਿਤੀ ਹੈ? - ਕੀ ਇਹ ਇਸ ਚੁਣੌਤੀ ਨੂੰ ਕਬੂਲ ਕਰਨ ਦੇ ਸਮਰੱਥ ਹੈ?**

- ਸਾਰੀ ਟਰੇਡ ਯੂਨੀਅਨ ਲਹਿਰ ਫੁਟ ਦਾ ਸ਼ਿਕਾਰ ਹੈ। ਇਸ ਸਥਿਤੀ ਵਿਚ ਨਿੱਜੀਕਰਨ ਤੇ ਵਿਸ਼ਵੀਕਰਨ ਦੀ ਚੁਣੌਤੀ ਕਬੂਲਣਯੋਗ ਨਹੀਂ। ਸਮੁੱਚੀ ਟਰੇਡ ਯੂਨੀਅਨ ਲਹਿਰ ਨੂੰ ਇਕਮੁੱਠ ਹੋ ਕੇ ਇਨ੍ਹਾਂ ਚੁਣੌਤੀਆਂ ਦਾ ਮੁਕਾਬਲਾ ਕਰਨਾ ਚਾਹੀਦਾ ਹੈ। ਤਦ ਕੁੱਝ ਆਸ ਬੱਝ ਸਕਦੀ ਹੈ।

**? ਤੁਹਾਡੀਆਂ ਸਰਗਰਮੀਆਂ ਦਾ ਦਾਇਰਾ ਕਿੱਥੋਂ ਤੱਕ ਫੈਲਿਆ ਰਿਹਾ ਹੈ?**

- ਮੈਂ ਸਮੁੱਚੇ ਭਾਰਤ ਦੀ ਮੁਲਾਜ਼ਮ ਲਹਿਰ ਨਾਲ ਜੁੜਿਆ ਰਿਹਾ ਹਾਂ। ਸਾਡੀ ਪਸਸਫ ਦੀ, ਆਲ ਇੰਡੀਆ ਸਟੇਟ ਗੌਰਮਿੰਟ ਇੰਪਲਾਈਜ਼ ਫੈਡਰੇਸ਼ਨ ਨਾਲ ਅਫੀਲੀਏਸ਼ਨ ਰਹੀ ਹੈ ਅਤੇ ਹੁਣ ਵੀ ਹੈ। ਇਸ ਵਲੋਂ ਉਲੀਕੇ ਹਰ ਐਕਸ਼ਨ ਵਿਚ ਹਿੱਸਾ ਲਿਆ ਹੈ। ਉਦੋਂ ਆਲ ਇੰਡੀਆ ਦਾ ਇਕੋ ਸੈਂਟਰ ਹੁੰਦਾ ਸੀ। ਅਧਿਆਪਕਾਂ ਵਿਚ ਮੈਂ ਉਤਰੀ ਜ਼ੋਨ ਦੇ ਛੇ ਸੂਬਿਆਂ ਦਾ ਕਨਵੀਨਰ ਰਿਹਾ ਹਾਂ ਅਤੇ ਹਰਿਆਣਾ ਪ੍ਰਾਂਤ ਦੇ ਟੀਚਰਾਂ ਤੇ ਸ੍ਰੀ ਬੰਸੀ ਲਾਲ ਦੇ

Lovely


Sweets & Restaurant
Fine Indian Cusine & Dine in
Cell: 403.690.2102 ❋ Ph: 403.590.5159
1106, 4818 Westwinds Drive, NE Calgary, AB. T3J 3Z5

ਸਮੇਂ ਲੱਗਿਆ 25 ਮੀਲਾਂ ਦੀ ਦੂਰੀ ਤੇ ਤੈਨਾਤੀ ਹਟਾਉਣ ਦੀ ਅਗਵਾਈ ਮੈਂ ਅਤੇ ਸਾ. ਹਰਕੰਵਲ ਸਿੰਘ ਨੇ ਹੀ ਕੀਤੀ ਸੀ। ਜਿਸ ਦੇ ਦਬਾਅ ਸਦਕਾ 25 ਮੀਲ ਨਿਯਮ ਖ਼ਤਮ ਹੋਇਆ।

**? ਅੱਜਕੱਲ੍ਹ ਦੀਆਂ ਤੁਹਾਡੀਆਂ ਕੀ ਸਰਗਰਮੀਆਂ ਹਨ ਤੇ ਕਿਸ ਦੌਰ ਨੂੰ ਤੁਸੀਂ ਆਪਣੀਆਂ ਸਰਗਰਮੀਆਂ ਦਾ ਸਿਖ਼ਰ ਸਮਝਦੇ ਹੋ?**

– ਸੀਪੀਐਮ (ਪੰਜਾਬ) ਦੀ ਰੂਪਨਗਰ ਜ਼ਿਲ੍ਹਾ ਇਕਾਈ ਦਾ ਜਨਰਲ ਸਕੱਤਰ ਹਾਂ। ਪਾਰਟੀ ਦੇ ਹਰ ਐਕਸ਼ਨ ਨੂੰ ਬਾਖ਼ੂਬੀ ਲਾਗੂ ਕਰਵਾਉਂਦਾ ਹਾਂ। ਕਿਸਾਨਾਂ, ਖੇਤ ਮਜ਼ਦੂਰਾਂ, ਮਜ਼ਦੂਰਾਂ, ਇਸਤਰੀਆਂ ਦੇ ਹਰ ਐਕਸ਼ਨ ਵਿਚ ਸ਼ਾਮਲ ਹੁੰਦਾ ਹਾਂ। ਗਾਹੇ-ਬਗਾਹੇ ਮੁਲਾਜ਼ਮਾਂ ਦੇ ਐਕਸ਼ਨ ਵਿਚ ਵੀ ਭਾਗ ਲੈਂਦਾ ਹਾਂ। ਮੇਰੀ ਇੱਛਾ ਹੈ ਕਿ ਆਖ਼ਰੀ ਦਮ ਤੱਕ ਇਸੇ ਤਰ੍ਹਾਂ ਹਿੱਸਾ ਪਾਉਂਦਾ ਰਹਾਂ, ਦੱਬੇ-ਕੁਚਲੇ ਲੋਕਾਂ ਦੀ ਸੇਵਾ ਕਰਦਾ ਰਹਾਂ।

***ਜਵਾਨੀ ਤੋ ਕਟ ਗਈ ਬੁਤਾਨੇ ਇਸ਼ਕ ਮੇਂ ਮੋਮਨ,***
***ਅਬ ਆਖਰੀ ਉਮਰ ਮੇਂ ਕਿਆ ਮੁਸਲਮਾਂ ਹੋਂਗੇ।***

**? ਕੁਝ ਮਾਣਮੱਤੀਆਂ ਸਰਗਰਮੀਆਂ ਦੀ ਵੀ ਜਾਣਕਾਰੀ ਦਿਓ ਅਤੇ ਮੁਲਾਜ਼ਮਾਂ ਨੂੰ ਕੋਈ ਸੁਨੇਹਾ ਵੀ ਦਿਓ, ਰਾਣਾ ਜੀ।**

– ਵੈਸੇ ਤਾਂ 1955-56 ਤੋਂ ਲਗਾਤਾਰ ਸਰਗਰਮ ਚੱਲਿਆ ਆ ਰਿਹਾ ਹਾਂ। ਜਦੋਂ ਸਾਡੀ ਜਥੇਬੰਦੀ ਨੇ ਅੰਬਾਲਾ ਜੇਲ੍ਹ ਵਿਚ ਜਾ ਕੇ ਕੋਠਾਰੀ ਕਮਿਸ਼ਨ ਦੀਆਂ ਸਿਫਾਰਸ਼ਾਂ ਲਾਗੂ ਕਰਵਾਈਆਂ ਤਾਂ ਇਹ ਮੇਰੇ ਲਈ ਮਾਣ ਵਾਲੀ ਗੱਲ ਸੀ। ਜੋ ਕੁੱਝ ਵੀ ਜਥੇਬੰਦੀ ਸਦਕਾ ਹਾਸਲ ਕੀਤਾ, ਉਹ ਸਭ ਮੇਰੇ ਲਈ ਮਾਣ ਵਾਲੀ ਗੱਲ ਹੈ।

ਐਮਰਜੈਂਸੀ ਦੌਰਾਨ 8 ਅਗਸਤ ਨੂੰ ਗੌਰਮਿੰਟ ਟੀਚਰਜ਼ ਯੂਨੀਅਨ ਦੀ ਚੋਣ ਹੋਈ। ਉਸ ਵਿਚ ਸਾਨੂੰ ਜਿੱਤ ਪ੍ਰਾਪਤ ਹੋਈ। ਚੋਣ ਤੋਂ ਤੁਰੰਤ ਬਾਅਦ ਬੀਬੀਸੀ ਤੋਂ ਖ਼ਬਰ ਆਈ ਕਿ ਬੁੱਧੀਜੀਵੀਆਂ ਨੇ ਐਮਰਜੈਂਸੀ ਵਿਰੁਧ ਮੋਹਰ ਲਾ ਦਿੱਤੀ ਹੈ। ਮੈਨੂੰ ਇਹ ਖ਼ਬਰ ਸੁਣ ਕੇ ਬੜਾ ਹੌਸਲਾ ਹੋਇਆ। ਇਸ ਉਪਰੰਤ ਸਾਡੀ ਜਥੇਬੰਦੀ ਨੇ ਐਮਰਜੈਂਸੀ ਦੀਆਂ ਜ਼ਿਆਦਤੀਆਂ ਵਿਰੁਧ ਲੜਨ ਦਾ ਫੈਸਲਾ ਕੀਤਾ। ਹਰ ਜ਼ਿਲ੍ਹੇ ਦੇ ਸਰਕਾਰੀ ਫੰਕਸ਼ਨਾਂ ਵਿਚ ਜਾਣ ਦਾ ਫੈਸਲਾ ਲਿਆ ਤੇ ਹਰ ਫੰਕਸ਼ਨ ਵਿਚ ਐਮਰਜੈਂਸੀ ਵਿਰੁੱਧ ਸਟੈਂਡ ਲਿਆ।

**? ਕੋਠਾਰੀ ਕਮਿਸ਼ਨ ਅਤੇ ਹਰਿਆਣਾ ਦੇ ਅਧਿਆਪਕ ਘੋਲ ਬਾਰੇ ਥੋੜ੍ਹਾ ਵਿਸਥਾਰ ਸਹਿਤ ਦੱਸੋ?**

– ਕੋਠਾਰੀ ਕਮਿਸ਼ਨ ਦੀ ਪ੍ਰਾਪਤੀ : ਕੋਠਾਰੀ ਕਮਿਸ਼ਨ ਕੇਂਦਰ ਦੀ ਸਰਕਾਰ ਨੇ ਬਣਾਇਆ ਸੀ ਪਰ ਉਸ ਨੇ ਲਾਗੂ ਨਹੀਂ ਸੀ ਕੀਤਾ। ਅਸੀਂ ਪੰਜਾਬ ਵਿਚ ਜਸਟਿਸ ਗੁਰਨਾਮ ਸਿੰਘ ਦੀ ਮਨਿਸਟਰੀ ਵੇਲੇ 23.6.1967 ਕੁਠਾਰੀ ਕਮਿਸ਼ਨ ਲਾਗੂ ਕਰਵਾਉਣ ਲਈ ਘਿਰਾਓ ਅੰਦੋਲਨ (ਜੇਲ੍ਹ ਭਰੋ ਅੰਦੋਲਨ) ਸ਼ੁਰੂ ਕੀਤਾ। ਲਗਭਗ 500 ਅਧਿਆਪਕ ਅੰਬਾਲਾ ਸੈਂਟਰਲ ਜੇਲ੍ਹ ਵਿਚ ਗਿਆ। ਇਕ ਮਹੀਨੇ ਬਾਅਦ ਕਮਿਸ਼ਨ ਦੀ ਰਿਪੋਰਟ ਮੰਨੀ ਗਈ ਅਤੇ ਲਾਗੂ ਕੀਤੀ ਗਈ। ਸਾਰੇ ਅਧਿਆਪਕ ਬਿਨਾਂ ਸ਼ਰਤ ਰਿਹਾਅ ਕੀਤੇ ਗਏ। ਹੈੱਡ ਮਾਸਟਰ ਦਿਆਲ ਸਿੰਘ ਹੋਰੀਂ ਸਾਰਿਆਂ ਨੂੰ ਚੰਡੀਗੜ੍ਹ ਲੈ ਕੇ ਆਏ। ਤਨਖ਼ਾਹਾਂ ਦੁੱਗਣੀਆਂ ਹੋ ਗਈਆਂ, ਅਧਿਆਪਕਾਂ ਦਾ ਆਦਰ-ਮਾਣ ਸਤਿਕਾਰ ਵੱਧ ਗਿਆ। ਗੌਰਮਿੰਟ ਟੀਚਰਜ਼ ਯੂਨੀਅਨ ਦੀ ਜੈ-ਜੈ ਕਾਰ ਹੋ ਗਈ।

ਜੇਲ੍ਹ ਦਾ ਪ੍ਰਬੰਧ ਬਹੁਤ ਮਾੜਾ ਸੀ। ਉਸ ਵਿਰੁਧ ਇਕ ਰਾਤ ਨੂੰ ਬੈਰਕਾਂ ਤੇ ਚੜ੍ਹ ਕੇ ਨਾਅਰੇਬਾਜ਼ੀ ਸ਼ੁਰੂ ਕੀਤੀ ਗਈ। ਜੇਲ੍ਹ ਸੁਪਰਡੰਟ ਨੇ ਮੌਕੇ ’ਤੇ ਆ ਕੇ ਸਾਡੀਆਂ ਸਾਰੀਆਂ ਮੰਗਾਂ ਮੰਨ ਲਈਆਂ। ਹਰਿਆਣਾ ਪ੍ਰਾਂਤ ਦੇ ਅਧਿਆਪਕਾਂ ਨੂੰ ਚੌ: ਬੰਸੀ ਲਾਲ ਨੇ 25 ਮੀਲ ਤੋਂ ਦੂਰ ਬਦਲ ਦਿੱਤਾ। ਉਨ੍ਹਾਂ ਦੀ ਲੀਡਰਸ਼ਿਪ ਸਾਡੇ ਪਾਸ ਆਈ। ਅਸੀਂ ਨਾਰਦਰਨ ਜੋਨ ਦੇ 5 ਸੂਬਿਆਂ ਦੇ ਅਧਿਆਪਕ ਲੀਡਰ ਇਕੱਠੇ ਹੋ ਕੇ ਚੌਧਰੀ ਬੰਸੀ ਲਾਲ ਜੀ ਪਾਸ ਗਏ। ਉਹ ਰਾਤ ਨੂੰ 8 ਵਜੇ ਆਪਣੀ ਸਰਕਾਰੀ ਕੋਠੀ ਵਿਚ ਆਏ। ਆਉਂਦੇ ਹੀ ਪੁੱਛਣ ਲੱਗੇ ਆਪ ਕੌਣ ਹੈਂ। ਮੈਂ ਕਿਹਾ ਹਮ 5 ਸੂਬੋਂ ਕੇ ਅਧਿਆਪਕ ਲੀਡਰ ਹੈਂ। ਉਹ ਕਹਿਣ ਲੱਗੇ ਮੁਝੇ ਅਧਿਆਪਕੋਂ ਸੇ ਬਾਤ ਕਰਨੇ ਕੀ ਆਦਤ ਨਹੀਂ ਹੈ। ਅਸੀਂ ਸਲਾਹ ਮਸ਼ਵਰਾ ਕਰਕੇ ਦਿੱਲੀ ਜੇਲ੍ਹ ਭਰੋ ਅੰਦੋਲਨ ਸ਼ੁਰੂ ਕਰ ਦਿੱਤਾ। ਹਰਿਆਣਾ ਪ੍ਰਾਂਤ ਦਾ 25000 ਅਧਿਆਪਕ ਦਿੱਲੀ ਦੀਆਂ ਜੇਲ੍ਹਾਂ ਵਿਚ ਗਿਆ। ਸਵਾ ਮਹੀਨੇ ਬਾਅਦ ਚੌ: ਬੰਸੀ ਲਾਲ ਜੀ ਨੇ 25 ਮੀਲਾਂ ਵਾਪਸ ਲੈ ਲਿਆ। ਸਭ


ਅਧਿਆਪਕਾਂ ਦੇ ਰੋਸ ਮੁਜ਼ਾਹਰੇ ਦੀ ਅਗਵਾਈ ਕਰਦੇ ਹੋਏ।

ਅਧਿਆਪਕ ਆਪਣੇ ਪਹਿਲਾਂ ਵਾਲੇ ਸਥਾਨਾਂ ’ਤੇ ਜਾਇਨ ਕੀਤੇ। ਇਸ ਤਰ੍ਹਾਂ ਇਹ ਮੋਰਚਾ ਫਤਿਹ ਹੋਇਆ। ਮੈਂ ਅਤੇ ਸ. ਹਰਕੰਵਲ ਸਿੰਘ ਸਵਾ ਮਹੀਨਾ ਦਿੱਲੀ ਰਹੇ ਅਤੇ ਇਸ ਅੰਦੋਲਨ ਦੀ ਅਗਵਾਈ ਕੀਤੀ। ਇਹੋ 25 ਮੀਲਾ ਪੰਜਾਬ ਦੇ ਅਧਿਆਪਕਾਂ ’ਤੇ ਵੀ ਲਾਗੂ ਹੋ ਗਿਆ ਸੀ, ਜੋ ਹਾਈਕੋਰਟ ਵਿਚ ਰਿੱਟ ਕਰਕੇ ਖ਼ਤਮ ਕਰਵਾਇਆ ਸੀ ਅਤੇ 5 ਮਈ ਦਾ ਸਟੇਟਸਕੋ ਕਾਇਮ ਕਰਵਾਇਆ ਸੀ। ਉਸ ਸਮੇਂ ਪੰਜਾਬ ਵਿਚ ਸ. ਪ੍ਰਕਾਸ਼ ਸਿੰਘ ਬਾਦਲ ਮੁੱਖ ਮੰਤਰੀ ਅਤੇ ਸ. ਸੁਰਜੀਤ ਸਿੰਘ ਬਰਨਾਲਾ ਸਿਖਿਆ ਮੰਤਰੀ ਸਨ।

## ਲੀਡਰਸ਼ਿਪ ਨਾਲ ਮਤਭੇਦ

**? ਕਮਿਊਨਿਸਟ ਪਾਰਟੀ ਵਿਚ ਵਿਚਰਦਿਆਂ ਕਦੇ ਟਰੇਡ ਯੂਨੀਅਨ ਮਾਮਲਿਆਂ ’ਤੇ ਤੁਹਾਡੇ ਪਾਰਟੀ ਲੀਡਰਸ਼ਿਪ ਨਾਲ ਮਤਭੇਦ ਵੀ ਪੈਦਾ ਹੋਏ?**

– ਕਮਿਊਨਿਸਟ ਪਾਰਟੀ ਮਾਰਸਕਵਾਦੀ ਵਿੱਚ ਤਾਂ ਮੈਂ ਰੀਟਾਇਰਮੈਂਟ ਤੋਂ ਬਾਅਦ ਆਇਆ ਹਾਂ। (ਖੁਲ੍ਹੇ ਤੌਰ ’ਤੇ)। ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਦੀ ਪ੍ਰਧਾਨਗੀ 1989 ਵਿੱਚ ਛੱਡ ਦਿੱਤੀ ਅਤੇ ਪੰਜਾਬ ਸੁਬਾਰਡੀਨੇਟ ਸਰਵਸਿਜ਼ ਦੀ ਪ੍ਰਧਾਨਗੀ ਮੈਂ 31 ਦਸੰਬਰ 1991 ਨੂੰ ਛੱਡ ਦਿੱਤੀ ਸੀ ਅਤੇ ਪ੍ਰਧਾਨਗੀ ਸ. ਸੁਖਦੇਵ ਸਿੰਘ ਬੜੀ ਨੂੰ ਸੰਭਾਲ ਦਿੱਤੀ ਸੀ ਅਤੇ ਮੈਂ ਕਹਿ ਦਿੱਤਾ 'ਗਰਮ ਦਲੀਆ ਚਲਿਆ ਹੈ ਅਤੇ ਨਰਮ ਦਲੀਆ ਆ ਗਿਆ ਹੈ।’ ਹਮ ਤੋ ਲਾਏ ਥੇ ਤੂਫਾਂ ਸੇ ਕਸ਼ਤੀ ਨਿਕਾਲ ਕੇ, ਇਸ ਦੇਸ਼ ਕੋ ਰਖਨਾ ਮੇਰੇ ਬੱਚੋ ਸੰਭਾਲ ਕੇ। ਸਾਡੇ ਵਲੋਂ ਕੀਤੀਆਂ ਪ੍ਰਾਪਤੀਆਂ ਨੂੰ ਸੰਭਾਲ ਕੇ ਰਖਿਓ। ਇਸ ਉਪਰੰਤ ਖੁਲ੍ਹੇ ਤੌਰ ’ਤੇ ਮੈਂ ਪਾਰਟੀ ਦੀ ਸੂਬਾ ਕਮੇਟੀ ਦੇ ਮੈਂਬਰ ਦੇ ਤੌਰ ’ਤੇ ਕੰਮ ਕਰਨਾ ਸ਼ੁਰੂ ਕੀਤਾ ਸੀ। ਪਾਰਟੀ ਖੁਲ੍ਹੇ ਤੌਰ ’ਤੇ ਮੁਲਾਜ਼ਮਾਂ ਦੀ ਜਥੇਬੰਦੀ ਵਿੱਚ ਦਖ਼ਲ ਨਹੀਂ ਦੇ ਸਕਦੀ।

**? ਮਤਭੇਦ ਪੈਦਾ ਹੋਣ ਦੀ ਸੂਰਤ ਵਿੱਚ ਤੁਸੀਂ ਇਨ੍ਹਾਂ ਨੂੰ ਸੁਲਝਾਉਣ ਦਾ ਸਹੀ ਢੰਗ ਕੀ ਸਮਝਦੇ ਹੋ?**

– ਕਮਿਊਨਿਸਟ ਪਾਰਟੀਆਂ ਵਿਚ ਡੈਮੋਕ੍ਰੇਟਿਕ ਸੈਂਟਰਲਿਜ਼ਮ ਦਾ ਅਸੂਲ ਲਾਗੂ ਹੁੰਦਾ ਹੈ। ਹੇਠਲੀ ਕਮੇਟੀ ਨੂੰ ਉਪਰਲੀ ਕਮੇਟੀ ਦਾ ਫ਼ੈਸਲਾ ਮੰਨਣਾ ਲਾਜ਼ਮੀ ਹੈ। ਜਨਤਕ ਜਥੇਬੰਦੀਆਂ ਵਿਚ Constitutuinal & Democratic functioning ਦਾ ਅਸੂਲ ਚਲਦਾ ਹੈ। ਘੱਟ ਗਿਣਤੀ ਨੇ ਬਹੁਗਿਣਤੀ ਦਾ ਫੈਸਲਾ ਮੰਨਣਾ ਹੁੰਦਾ ਹੈ ਅਤੇ ਜੋ ਵਿਧਾਨ ਕਹਿੰਦਾ ਹੈ, ਉਸ ’ਤੇ ਅਮਲ ਕਰਨਾ ਹੁੰਦਾ ਹੈ। ਮੁਲਾਜ਼ਮ ਜਥੇਬੰਦੀਆਂ ਵਿਚ ਆਪਸੀ ਮਤਭੇਦ ਬਹੁਤ ਵਾਰ ਆਏ ਅਤੇ ਉਹ Democratic & constitutinal functioning ਦੇ ਫਾਰਮੂਲੇ ਦੇ ਆਧਾਰ ’ਤੇ ਹੱਲ ਹੁੰਦੇ ਰਹੇ।

ਕਈ ਵਾਰ ਧੱਕੇ ਨਾਲ ਮੈਂ ਆਪਣੀ ਰਾਏ ਵੀ ਦੂਜਿਆਂ ਉਪਰ ਠੋਸਣ ਵਿੱਚ ਕਾਮਯਾਬ ਹੋਇਆ ਹਾਂ। ਉਂਜ ਮੈਂ ਕੁਰਖੱਤ ਅਤੇ Most Controversial Figure ਗਿਣਿਆ ਜਾਂਦਾ ਸੀ। ਇੱਕ ਵਾਰ ਸਾਡੇ ਪ੍ਰਧਾਨਗੀ ਮੰਡਲ ਦੀ ਨਵਨਿਯੁਕਤ ਡੀ.ਪੀ.ਆਈ ਮਿਸਟਰ ਜੀ. ਪਰਮਪਾਲ ਨਾਲ ਮੀਟਿੰਗ ਹੋਣ ਲੱਗੀ। ਮੈਂ ਆਪਣੇ ਵਫ਼ਦ ਦੀ ਉਨ੍ਹਾਂ ਨਾਲ ਜਾਣ-ਪਛਾਣ ਕਰਾਉਣ ਲੱਗਾ। ਜਦੋਂ ਸਭ ਤੋਂ ਪਹਿਲਾਂ ਮੈਂ ਆਪਣੀ ਪਛਾਣ ਕਰਵਾਈ ਤਾਂ ਉਨ੍ਹਾਂ ਕਹਿ ਦਿੱਤਾ Most Controversial figure, ਮੈਂ ਉਦੋਂ ਹੀ ਕਹਿ ਦਿੱਤਾ Within my own group also.

**? ਅਧਿਆਪਕਾਂ ਦੀਆਂ ਕਈ ਜਥੇਬੰਦੀਆਂ ਬਣ ਗਈਆਂ ਹਨ, ਘੋਲਾਂ ਦੇ ਨਜ਼ਰੀਏ ਤੋਂ ਅਜਿਹਾ ਹੋਣਾ ਤੁਹਾਨੂੰ ਕਿਵੇਂ ਜਾਪਦਾ ਹੈ?**

– ਅਧਿਆਪਕਾਂ ਦੀਆਂ ਕਈ ਜਥੇਬੰਦੀਆਂ ਹੁਣੇ ਹੀ ਨਹੀਂ ਬਣੀਆਂ, ਇਹ ਪਹਿਲਾਂ ਵੀ ਸਨ। ਇਹ ਮੰਦਭਾਗੀ ਗੱਲ ਹੈ। ਇਸ ਪ੍ਰਕਾਰ ਘੋਲਾਂ ਨੂੰ ਢਾਹ ਲੱਗ ਰਹੀ ਹੈ ਅਤੇ ਸਰਕਾਰਾਂ ਇਸ ਦਾ ਲਾਭ ਉਠਾ ਰਹੀਆਂ ਹਨ।

**? ਜਥੇਬੰਦੀਆਂ ਵਿਚਕਾਰ ਏਕਤਾ ਪੈਦਾ ਕਰਨ ਲਈ ਤੁਸੀਂ ਅਪਣੇ ਤਜਰਬੇ ਦੇ ਆਧਾਰ ’ਤੇ ਕੀ ਸੁਝਾਅ ਦੇਣਾ ਚਾਹੋਂਗੇ।**

-ਮੇਰਾ ਸੁਝਾਅ ਹੈ ਕਿ ਇੱਕ ਪਲੇਟਫਾਰਮ ’ਤੇ ਇਕੱਠੇ ਹੋ ਕੇ, ਇੱਕ ਜਥੇਬੰਦੀ ਬਣਾ ਕੇ ਲੜਨ। ਇਕ ਜਥੇਬੰਦੀ ਬਣਾਉਣ ਲਈ ਉਹੋ 1971 ਵਾਲਾ ਫਾਰਮੂਲਾ ਸਭ ਤੋਂ ਵਧੀਆ ਹੈ। ਹਰ ਅਧਿਆਪਕ ਇੱਕ ਵੋਟ ਜ਼ਿਲ੍ਹਾ ਪ੍ਰਧਾਨ ਲਈ ਅਤੇ ਇੱਕ ਵੋਟ ਬਲਾਕ ਪ੍ਰਧਾਨ ਲਈ ਪਾਵੇ। ਇਸ ਨਾਲ ਪ੍ਰਧਾਨ, ਸਮੂਹ ਬਲਾਕ ਪ੍ਰਧਾਨਾਂ ਅਤੇ ਜ਼ਿਲ੍ਹਾ ਪ੍ਰਧਾਨਾਂ ਦੀ ਚੋਣ ਹੋ ਜਾਵੇਗੀ। ਫਿਰ ਸਮੂਹ ਜ਼ਿਲ੍ਹਾ ਪ੍ਰਧਾਨ ਆਪਣੇ ਵਿੱਚੋਂ ਸੂਬਾ ਪ੍ਰਧਾਨ, ਸੂਬਾ ਜਨਰਲ ਸਕੱਤਰ, ਸੂਬਾ ਵਿੱਤ ਸਕੱਤਰ ਆਦਿ ਦੀ ਚੋਣ ਕਰ ਲੈਣ। 5 ਰੁਪਏ ਜਾਂ 10 ਰੁਪਏ ਮੈਂਬਰਸ਼ਿਪ ਰਖਕੇ ਉਹ ਵੀ ਚੋਣ ਵੇਲੇ ਹੀ ਇਕੱਤਰ ਕਰ ਲੈਣ। ਜੇ ਫਿਲਹਾਲ ਇਹ ਸੰਭਵ ਨਹੀਂ ਤਾਂ ਸਾਂਝਾ ਮੋਰਚਾ ਬਣਾ ਕੇ ਲੜਿਆ ਜਾਵੇ, ਹੌਲੀ ਹੌਲੀ ਇੱਕ ਜਥੇਬੰਦੀ ਵੱਲ ਵਧਿਆ ਜਾਵੇ। ਇਹ ਫਾਰਮੂਲਾ ਸਰਕਾਰੀ ਸਕੂਲਾਂ ਵਿੱਚ ਕੰਮ ਕਰਦੇ ਅਧਿਆਪਕਾਂ ’ਤੇ ਲਾਗੂ ਹੋ ਸਕਦਾ ਹੈ।

ਜ਼ਿਲ੍ਹਾ ਪ੍ਰੀਸ਼ਦ ਅਧੀਨ ਕੰਮ ਕਰਦੇ ਅਧਿਆਪਕਾਂ ਦੀ ਪਹਿਲਾਂ ਹੀ ਇੱਕ ਜਥੇਬੰਦੀ ਹੈ। ਸਰਕਾਰੀ ਸਕੂਲਾਂ ਦੀ ਜਥੇਬੰਦੀ ਇਨ੍ਹਾਂ ਦੀ ਹਰ ਪ੍ਰਕਾਰ ਤੋਂ ਸਹਾਇਤਾ ਕਰੇ। ਹੋਰ ਜੋ ਛੋਟੀਆਂ ਜਥੇਬੰਦੀਆਂ ਹਨ, ਉਨ੍ਹਾਂ ਨੂੰ ਸਰਕਾਰੀ ਸਕੂਲਾਂ ਦੀ ਜਥੇਬੰਦੀ ਅਗਵਾਈ ਦੇਵੇ। ਹੁਣ ਤਾਂ ਪੰਜਾਬ ਸਰਕਾਰ ਦੇ 5 ਅਪ੍ਰੈਲ 2011 ਦੇ ਨੋਟੀਫ਼ਿਕੇਸ਼ਨ ਦੇ ਅਧਾਰ ’ਤੇ ਤਿੰਨ ਸਾਲ ਲਈ ਹਰ ਪ੍ਰਕਾਰ ਦੀ ਭਰਤੀ ਠੇਕੇ ਦੇ ਆਧਾਰ ’ਤੇ ਕੀਤੇ ਜਾਣ ਦੇ ਵਿਰੁਧਅਤੇ ਪੰਜਾਬ ਸਰਕਾਰ ਵਲੋਂ ਬਣਾਏ ਦੋ ਕਾਲੇ ਕਾਨੂੰਨਾਂ ਵਿਰੁਧ Joint platform of Mass Organisations ਬਣਾ ਕੇ ਲੜਿਆ ਜਾਣਾ ਬਹੁਤ ਜ਼ਰੂਰੀ ਹੈ ਕਿਉਂਕਿ ਇਹ ਹਰ ਵਰਗ ਨੂੰ ਨੁਕਸਾਨ ਪੰਹੁਚਾਉਣ ਵਾਲਾ ਨੋਟੀਫ਼ਿਕੇਸ਼ਨ ਹੈ। ਜਨਤਕ ਜਥੇਬੰਦੀਆਂ ਦੇ ਸਾਂਝੇ ਮੰਚ (ਜੇ.ਪੀ.ਐਮ.ਓ.) ਵਿੱਚ ਕਿਸਾਨਾਂ, ਮਜ਼ਦੂਰਾਂ, ਇਸਤਰੀਆਂ, ਮੁਲਾਜ਼ਮਾਂ, ਵਿਦਿਆਰਥੀਆਂ ਆਦਿ ਦੀਆਂ ਜਥੇਬੰਦੀਆਂ ਸ਼ਾਮਲ ਕੀਤੀਆਂ ਜਾਣ।



**? ਸਰਕਾਰ ਦਾ ਸਿੱਖਿਆ ਲਈ ਬਜਟ ਲਗਾਤਾਰ ਘਟਦਾ ਜਾ ਰਿਹਾ ਹੈ, ਕੀ ਕਦੇ ਇਸ ਪਾਸੇ ਵੀ ਅਧਿਆਪਕ ਯੂਨੀਅਨਾਂ ਦਾ ਧਿਆਨ ਗਿਆ ਹੈ ਜਾਂ ਫਿਰ ਯੂਨੀਅਨਾਂ ਕੇਵਲ ਅਧਿਆਪਕਾਂ ਦੇ ਆਰਥਿਕ ਹਿੱਤਾਂ ਨੂੰ ਹੀ ਤਰਜੀਹ ਦਿੰਦੀਆਂ ਹਨ?**

- ਅਧਿਆਪਕਾਂ ਦੀਆਂ ਹਰ ਪੱਧਰ ਦੀਆਂ ਯੂਨੀਅਨਾਂ ਨੇ ਸਦਾ ਹੀ ਸਿੱਖਿਆ ਲਈ ਘਟਦੇ ਜਾ ਰਹੇ ਬਜਟ 'ਤੇ ਚਿੰਤਾ ਪ੍ਰਗਟ ਕੀਤੀ ਹੈ ਅਤੇ ਇਸ ਬਜਟ ਨੂੰ ਵਧਾਉਣ ਲਈ ਅਪਣੇ ਮੰਗ ਪੱਤਰਾਂ ਅਤੇ ਘੋਲਾਂ ਦਾ ਹਿੱਸਾ ਬਣਾਇਆ ਹੈ।

ਅਧਿਆਪਕ/ਮੁਲਾਜ਼ਮ ਜਥੇਬੰਦੀਆਂ ਸਿਰਫ਼ ਆਰਥਿਕ ਹਿਤਾਂ ਲਈ ਹੀ ਨਹੀਂ ਲੜਦੀਆਂ ਬਲਕਿ ਸਰਕਾਰ ਵਲੋਂ ਬਣਾਏ ਕਾਲੇ ਕਾਨੂੰਨਾਂ/ਠੇਕੇ ਦੇ ਆਧਾਰ 'ਤੇ ਕੀਤੀਆਂ ਜਾ ਰਹੀਆਂ ਨਿਯੁਕਤੀਆਂ ਵਿਰੁਧ ਵੀ ਲੜ ਰਹੀਆਂ ਹਨ।

## ਸਾਹਿਤਕਾਰਾਂ ਨਾਲ ਰਿਸ਼ਤਾ

**? ਅਧਿਆਪਕ ਜਥੇਬੰਦੀਆਂ ਨੇ ਕਈ ਸਾਹਿਤਕਾਰਾਂ ਨੂੰ ਆਪਣੀਆਂ ਸਫ਼ਾਂ 'ਚ ਖਿੱਚਿਆ ਹੈ ਜਿਵੇਂ ਕਿ ਹਰਭਜਨ ਸਿੰਘ ਹੁੰਦਲ, ਅਧਿਆਪਕ ਜਥੇਬੰਦੀਆਂ 'ਚ ਇਨ੍ਹਾਂ ਦਾ ਕੀ ਰੋਲ ਰਿਹਾ ਤੇ ਇਹ ਕਿਸ ਤਰ੍ਹਾਂ ਮਹਿਸੂਸ ਕਰਦੇ ਰਹੇ?**

-ਬਹੁਤ ਸਾਰੇ ਸਾਹਿਤਕਾਰਾਂ ਦਾ ਸਾਡੀਆਂ ਅਧਿਆਪਕ/ਮੁਲਾਜ਼ਮ ਜਥੇਬੰਦੀਆਂ ਵਿਚ ਉਘਾ ਰੋਲ ਰਿਹਾ ਹੈ। ਤੁਸੀਂ ਹਰਭਜਨ ਸਿੰਘ ਹੁੰਦਲ ਦਾ ਜ਼ਿਕਰ ਕੀਤਾ ਹੈ। ਇਹ ਸਾਥੀ ਸਾਡਾ ਜ਼ਿਲ੍ਹਾ ਕਪੂਰਥਲਾ ਦਾ ਪ੍ਰਧਾਨ ਅਤੇ ਸਿਰਮੌਰ ਆਗੂ ਰਿਹਾ ਹੈ। ਇਸ ਦੇ ਆਪਣੇ ਲਿਖਤੀ ਕਥਨ ਅਨੁਸਾਰ ਇਸ ਨੇ ਲਿਖਣਾ ਹੀ ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਦੇ ਘੋਲਾਂ ਵਿੱਚ ਹਿੱਸਾ ਲੈਣ ਉਪਰੰਤ ਅਰੰਭ ਕੀਤਾ ਹੈ। ਜਗਰਾਉਂ ਤੋਂ ਸ. ਕੇਸਰ ਸਿੰਘ ਨੀਰ ਸਾਡੇ ਬਲਾਕ ਪ੍ਰਧਾਨ ਰਹੇ ਹਨ। ਫਗਵਾੜੇ ਤੋਂ ਸ. ਪ੍ਰੀਤਮ ਸਿੰਘ ਆਜ਼ਾਦ ਸਾਡੇ ਕਪੂਰਥਲਾ ਦੇ ਜ਼ਿਲ੍ਹਾ ਪ੍ਰਧਾਨ ਰਹੇ ਹਨ। ਮਹਿੰਦਰ ਸਿੰਘ ਸਾਦਕ ਰੂਪਨਗਰ ਤੋਂ ਬਲਾਕ ਪ੍ਰਧਾਨ ਰਹੇ ਹਨ। ਸ. ਮਹਿੰਦਰ ਸਿੰਘ ਉਪਾਸ਼ਕ ਫਿਰੋਜ਼ਪੁਰ ਤੋਂ ਸਾਡੇ ਜ਼ਿਲ੍ਹਾ ਪ੍ਰਧਾਨ ਰਹੇ ਹਨ। ਮੱਖਣ ਕੁਹਾੜ ਸਾਡੇ ਜ਼ਿਲ੍ਹਾ ਗੁਰਦਾਸਪੁਰ ਤੇ ਪ.ਸ.ਸ. ਫੈਡਰੇਸ਼ਨ ਪ੍ਰਧਾਨ ਹਨ, ਸੁਲੱਖਣ ਸਰਹੱਦੀ ਸਾਡੇ ਲੀਡਰ ਰਹੇ ਹਨ। ਹੋਰ ਬਹੁਤ ਸਾਰੇ ਲਿਖਾਰੀ ਸਾਡੇ ਘੋਲਾਂ ਦਾ ਅੰਗ ਰਹੇ ਹਨ ਅਤੇ ਘੋਲਾਂ ਵਿੱਚ ਇਨ੍ਹਾਂ ਨੇ ਜੇਲ ਯਾਤਰਾ ਵੀ ਕੀਤੀ ਹੈ। ਜਿਵੇਂ ਇਨ੍ਹਾਂ ਦਾ ਲਿਖਾਰੀਆਂ ਵਿਚ ਆਦਰ ਮਾਣ ਸਤਿਕਾਰ ਹੈ, ਉਸੀ ਤਰ੍ਹਾਂ ਇਨ੍ਹਾਂ ਦਾ ਅਧਿਆਪਕਾਂ/ਮੁਲਾਜ਼ਮਾਂ ਵਿੱਚ ਵੀ ਬਹੁਤ ਸਤਿਕਾਰ ਕੀਤਾ ਜਾਂਦਾ ਹੈ।

## ਜੇਲ੍ਹ ਯਾਤਰਾ ਦੀਆਂ ਯਾਦਾਂ

**? ਤੁਸੀਂ ਜੇਲ੍ਹਾਂ ਦੀ ਗੱਲ ਕੀਤੀ ਹੈ, ਜੇਲ੍ਹ ਯਾਤਰਾ ਦੀ ਕੋਈ ਦਿਲਚਸਪ ਗਾਥਾ ਸੁਣਾਓ**

- 23 ਜੂਨ 1966 ਨੂੰ ਕੇਂਦਰ ਸਰਕਾਰ ਵਲੋਂ ਅਧਿਆਪਕਾਂ ਲਈ ਬਣਾਏ ਕੋਠਾਰੀ ਕਮਿਸ਼ਨ ਨੂੰ ਪੰਜਾਬ ਸਰਕਾਰ ਦੇ ਅਧਿਆਪਕਾਂ 'ਤੇ ਲਾਗੂ ਕਰਵਾਉਣ ਲਈ ਸਾਡੀ ਜਥੇਬੰਦੀ ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਵਲੋਂ ਚੰਡੀਗੜ੍ਹ ਵਿਖੇ ਜੇਲ੍ਹ ਭਰੋ ਅੰਦੋਲਨ ਸ਼ੁਰੂ ਕੀਤਾ ਗਿਆ। ਸੈਂਟਰਲ ਜੇਲ ਅੰਬਾਲਾ ਦਾ ਸਿਸਟਮ ਬਹੁਤ ਘਟੀਆ ਸੀ। ਪੈਰਾਂ ਨਾਲ ਆਟਾ ਗੁੰਨਿਆ ਜਾਂਦਾ ਸੀ ਅਤੇ ਕੱਚੀ ਦਾਲ ਸਬਜ਼ੀ ਉਤੇ ਸਰੋਂ ਦਾ ਤੇਲ ਛਿੜਕ ਦਿੱਤਾ ਜਾਂਦਾ ਸੀ, ਜਿਸ ਨਾਲ ਕੈਦੀ ਅਕਸਰ ਬੀਮਾਰ ਹੀ ਰਹਿੰਦੇ ਸਨ। ਪਾਣੀ ਲਈ ਦਿਨ ਭਰ ਲਈ ਇੱਕ ਛੋਟੀ ਜਿਹੀ ਘੜੋਲੀ ਦੇ ਦਿੱਤੀ ਜਾਂਦੀ ਸੀ।

ਇੱਕ ਦਿਨ ਰਾਤ ਦੀ ਰੋਟੀ ਖਾਣ ਵੇਲੇ ਘੜੋਲੀਆਂ ਦਾ ਪਾਣੀ ਉੱਕਾ ਹੀ ਖ਼ਤਮ ਹੋ ਗਿਆ। ਬਿਨਾ ਪਾਣੀ ਸੁੱਕੀ ਰੋਟੀ ਖਾਣੀ ਮੁਸ਼ਕਿਲ ਹੋ ਗਈ। ਅਸੀਂ ਅਧਿਆਪਕ ਕੈਦੀਆਂ ਨੇ ਇਕਲਖਤ ਜੇਲ ਮੈਨੇਜਮੈਂਟ ਵਿਰੁਧ ਨਾਅਰੇਬਾਜ਼ੀ ਆਰੰਭ ਕਰ ਦਿੱਤੀ। ਸੁਪਰਡੈਂਟ ਜੇਲ ਨਾਅਰੇ ਸੁਣ ਕੇ ਚਾਰ ਪੰਜ ਕੈਦੀਆਂ ਨੂੰ ਨਾਲ ਲੈ ਕੇ ਸਾਡੀ ਬੈਰਕ ਵਿਚ ਪੁੱਜ ਗਏ। ਪੁੱਛਣ ਲੱਗੇ ਕੀ ਸਮੱਸਿਆ ਹੈ। ਤੁਹਾਡਾ ਲੀਡਰ ਕੌਣ ਹੈ। ਮੈਂ ਅੱਗੇ ਹੋ ਕੇ ਕਿਹਾ ਕਿ ਮੈਂ ਇਨ੍ਹਾਂ ਦਾ ਲੀਡਰ ਹਾਂ। ਸਮੱਸਿਆ ਇਹ ਹੈ ਕਿ ਪੀਣ ਵਾਲਾ ਪਾਣੀ ਖ਼ਤਮ ਹੋ ਗਿਆ ਹੈ। ਸੁੱਕੀ ਰੋਟੀ ਜੇ ਗਲ ਵਿਚ ਫਸ ਜਾਵੇ ਤਾਂ ਕੋਈ ਅਧਿਆਪਕ ਮਰ ਵੀ ਸਕਦਾ ਹੈ। ਉਸੇ ਵੇਲੇ ਸੁਪਰਡੈਂਟ ਜੇਲ ਨੇ ਕਿਹਾ ਕਿ ਇਨ੍ਹਾਂ ਨੂੰ ਫਲਾਂ ਬੈਰੇਕ ਦੇ ਦਿਉ ਜਿਸ ਵਿਚ 24 ਘੰਟੇ ਪਾਣੀ ਆਉਂਦਾ ਹੈ। ਜਦੋਂ ਸੁਪਰਡੈਂਟ ਜੇਲ ਤੁਰਨ ਲੱਗੇ, ਮੈਂ ਕਿਹਾ ਕਿ ਅਸੀਂ ਆਪਣੀ ਰੋਟੀ ਆਪ ਬਣਾਵਾਂਗੇ। ਸੁਪਰਡੈਂਟ ਕਹਿਣ ਲੱਗੇ ਤੁਸੀਂ ਕਿਵੇਂ ਬਣਾਵੋਂਗੇ। ਮੈਂ ਕਿਹਾ ਕਣਕ ਤੁਹਾਤੋਂ ਲਵਾਂਗੇ। ਤੁਹਾਡੀ ਚੱਕੀ 'ਤੇ ਆਟਾ ਪਿਸਵਾਵਾਂਗੇ। ਸਰ੍ਹੋਂ ਤੁਹਾਤੋਂ ਲਵਾਂਗੇ। ਤੁਹਾਡੇ ਕੋਹਲੂ 'ਤੇ ਤੇਲ ਕਢਵਾਵਾਂਗੇ। ਰੋਟੀ ਸਾਡੇ ਅਪਣੇ ਬੰਦੇ ਬਣਾਉਣਗੇ। ਉਹ ਕਹਿਣ ਲੱਗੇ ਕਿ ਠੀਕ ਹੈ। ਸਵੇਰੇ ਅਪਣਾ ਰਾਸ਼ਨ ਪਾਣੀ ਲੈ ਲਵੋ। ਰੋਟੀ ਬਨਾਉਣ ਨੂੰ ਅਸੀਂ ਕੁੱਝ ਕੈਦੀ ਵੀ ਤੁਹਾਨੂੰ ਦੇ ਦਿਆਂਗੇ। ਦੂਜੇ ਦਿਨ ਤੋਂ ਅਸੀਂ ਆਪਣੀ ਰੋਟੀ ਆਪ ਬਣਵਾਉਣ ਲੱਗ ਪਏ। ਜਿਹੋ ਜਹੀ ਰੋਟੀ ਘਰ ਖਾਂਦੇ ਸੀ, ਬਿਲਕੁਲ ਉਹੋ ਜਿਹੀ ਰੋਟੀ ਜੇਲ੍ਹ ਵਿੱਚ ਖਾਣ ਲੱਗ ਪਏ।

## ਸਰਕਾਰਾਂ ਨਾਲ ਟਕਰਾਅ

**? ਸਰਕਾਰੀ ਅਦਾਰਿਆਂ ਦੀਆਂ ਮੈਨੇਜਮੈਂਟਾਂ ਨਾਲ ਵੀ ਅਕਸਰ ਟਕਰਾਅ ਹੁੰਦੇ ਰਹਿੰਦੇ ਹੋਣਗੇ**

-ਇੱਕ ਵਾਰ ਬਿਜਲੀ ਬੋਰਡ ਦੇ ਮੁਲਾਜ਼ਮਾਂ ਦੀ ਮੰਗ ਮੈਨੇਜਮੈਂਟ ਮੰਨਣ ਤੋਂ ਇਨਕਾਰੀ ਹੋ ਗਈ। ਅਸੀਂ ਫੈਸਲਾ ਕੀਤਾ ਕਿ ਪੰਜਾਬ ਸੁਬਾਰਡੀਨੇਟ ਫੈਡਰੇਸ਼ਨ ਵਲੋਂ ਇਨ੍ਹਾਂ ਦੇ ਹੱਕ ਵਿੱਚ ਜ਼ਿਲ੍ਹਾ ਪੱਧਰ 'ਤੇ ਧਰਨੇ ਦਿੱਤੇ ਜਾਣ। ਉਸ ਲੜੀ ਵਿੱਚ ਅਸੀਂ ਰੋਪੜ ਬਿਜਲੀ ਬੋਰਡ ਦੇ ਦਫ਼ਤਰ ਮੂਹਰੇ ਧਰਨਾ ਮਾਰ ਦਿੱਤਾ। ਦਫਾ 144 ਲਗੀ ਹੋਈ ਸੀ। ਪੁਲਿਸ ਆ ਗਈ। ਐਸ.ਐਚ.ਓ ਕਹਿਣ ਲੱਗਾ ਕਿ ਦਫਾ 144 ਟੁੱਟ ਗਈ ਹੈ। ਤਿਤਰ ਬਿਤਰ ਹੋ ਜਾਉ, ਨਹੀਂ ਤਾਂ ਗ੍ਰਿਫਤਾਰ ਕਰ ਲਏ ਜਾਵੋਂਗੇ। ਮੈਂ ਕਿਹਾ ਕਿ ਸਾਨੂੰ ਤਾਂ ਪਤਾ ਨਹੀਂ ਲਗਿਆ ਕਿ ਦਫਾ 144 ਟੁੱਟ ਗਈ ਹੈ। ਉਸ ਹੁਕਮ ਚਾੜ੍ਹਿਆ ਕਿ ਚਲੋ ਟਰੱਕ ਵਿਚ ਬੈਠੋ ਅਤੇ ਥਾਣੇ ਚਲੋ। ਅਸੀਂ ਕਿਹਾ ਕਿ ਟਰੱਕ ਵਿਚ ਬੈਠ ਕੇ ਨਹੀਂ, ਅਸੀਂ ਮਾਰਚ ਕਰਦੇ ਥਾਣੇ ਚਲਾਂਗੇ। ਅਸੀਂ ਪੰਜਾਬ ਸਰਕਾਰ ਵਿਰੁਧ ਨਾਅਰੇ ਮਾਰਦੇ ਥਾਣੇ ਪੁੱਜ ਗਏ। ਉਥੇ ਇਕ ਲੇਡੀ ਮੈਜਿਸਟ੍ਰੇਟ ਘੋੜੇ 'ਤੇ ਸਵਾਰ ਹੋ ਕੇ ਪੁੱਜ ਗਈ। ਕਹਿਣ ਲੱਗੀ ਕਿਸੇ ਨੇ ਜ਼ਮਾਨਤ ਕਰਵਾਉਣੀ ਹੈ? ਅਸੀਂ ਕਿਹਾ ਕਿ ਨਹੀਂ। ਮੈਜਿਸਟ੍ਰੇਟ ਸਾਹਬਾ ਨੂੰ ਤੁਰਨ ਲੱਗੇ ਮੈਂ ਕਿਹਾ ਕਿ ਅਸੀਂ ਸਾਰੇ ਪੜ੍ਹੇ ਲਿਖੇ ਹਾਂ। ਸਾਨੂੰ ਬੀ ਕਲਾਸ ਦਿਉ। ਉਨ੍ਹਾਂ ਨੇ ਉਸੇ ਵੇਲੇ ਬੀ ਕਲਾਸ ਦੇ ਹੁਕਮ ਦੇ ਦਿੱਤੇ। ਸਾਨੂੰ ਪਟਿਆਲਾ ਜੇਲ ਭੇਜ ਦਿਤਾ ਗਿਆ। ਰਾਤ ਨੂੰ ਕੱਚੀ ਪੱਕੀ ਰੋਟੀ ਮਿਲੀ। ਦੂਜੇ ਦਿਨ ਸਵੇਰੇ ਹੀ ਜੇਲ ਅਧਿਕਾਰੀ ਨੇ ਸਾਨੂੰ ਬੁਲਾਇਆ ਅਤੇ ਪੁਛਿਆ ਕਿ ਕੀ ਖਾਂਦੇ ਹੁੰਦੇ ਹੋ। ਅਸੀਂ ਕਿਹਾ- ਕੀ ਬਣਾਉਂਦੇ ਹੁੰਦੇ ਹੋ।



ਜੱਦੀ ਪਿੰਡ ਕਿਸ਼ਨ ਪੁਰਾ ਦੇ ਸਾਲਾਨਾ ਖੇਡ ਮੇਲੇ ਦੌਰਾਨ ਖਿਡਾਰੀਆਂ ਨੂੰ ਸਨਮਾਨਤ ਕਰਦੇ ਹੋਏ ਤ੍ਰਿਲੋਚਨ ਸਿੰਘ 'ਰਾਣਾ', ਸਰਪੰਚ ਸੁਜਾਨ ਸਿੰਘ ਅਤੇ ਰਵਿੰਦਰ ਸਿੰਘ ਬੈਂਸ।

ਉਹ ਕਹਿਣ ਲੱਗੇ ਤਿੰਨ ਦਿਨ ਖੀਰ ਅਤੇ ਤਿੰਨ ਦਿਨ ਚਿਕਨ। ਅਸੀਂ ਕਿਹਾ ਅੱਧੇ ਖੀਰ ਖਾਂਦੇ ਹਨ ਅਤੇ ਅੱਧੇ ਚਿਕਨ। ਅਸੀਂ 20 ਦਿਨ ਜੇਲ ਵਿਚ ਰਹੇ। ਖਾਣ ਦੀਆਂ ਬਹੁਤ ਮੌਜਾਂ ਰਹੀਆਂ। ਜਦੋਂ 20ਵੇਂ ਦਿਨ ਜੇਲ ਵਿਚੋਂ ਛੁੱਟੀ ਮਿਲੀ ਤਾਂ ਵਧੀਆ ਰੋਟੀ ਮਿਲਣ ਕਰ ਕੇ ਮੁਲਾਜ਼ਮਾਂ ਦਾ ਬਾਹਰ ਆਉਣ ਨੂੰ ਜੀਅ ਨਾ ਕਰੇ।

ਇਕ ਹੋਰ ਗੱਲ ਸੁਣੋ- ਮੇਰੇ ਨਾਲ ਸ. ਨਾਜਰ ਸਿੰਘ ਪੰਜਾਬ ਸੁਬਾਰਡੀਨੇਟ ਫੈਡਰੇਸ਼ਨ ਦੇ ਜਨਰਲ ਸਕੱਤਰ ਸਨ। ਉਹ ਪੀ.ਡਬਲਯੂ.ਡੀ (ਬੀ.ਐਂਡ ਆਰ.) ਵਿਚ ਜੂਨੀਅਰ ਇੰਜੀਨੀਅਰ ਲਗੇ ਹੋਏ ਸਨ। ਉਨ੍ਹਾਂ ਦੀਆਂ ਪ੍ਰੋਮੋਸ਼ਨਾਂ ਆਦਿ ਬਹੁਤ ਦੇਰ ਤੋਂ ਲਟਕੀਆਂ ਪਈਆਂ ਸਨ। ਉਹ ਕਹਿਣ ਲੱਗੇ ਕਿ ਸਾਡੀਆਂ ਮੰਗਾਂ ਮਨਵਾਉਣ ਲਈ ਸਾਡੀ ਮਦਦ ਕਰੋ। ਅਸੀਂ ਉਨ੍ਹਾਂ ਤੋਂ ਹੜਤਾਲ ਕਰਵਾ ਦਿੱਤੀ। ਹੜਤਾਲ ਕਈ ਦਿਨ ਚਲੀ। ਹੜਤਾਲ ਸਫਲ ਸੀ। ਉਨ੍ਹਾਂ ਦੀਆਂ ਮੰਗਾਂ ਪੰਜਾਬ ਸਰਕਾਰ ਨੇ ਮੰਨ ਲਈਆਂ। ਕਾ. ਦਲੀਪ ਸਿੰਘ ਟਪਿਆਲਾ ਉਸ ਵੇਲੇ ਐਮ.ਐਲ.ਏ. ਸਨ। ਅਸੀਂ ਕੁਦਰਤੀ ਐਮ.ਐਲ.ਏ. ਹੋਸਟਲ ਗਏ। ਟਪਿਆਲਾ ਜੀ ਸਾਹਮਣੇ ਬੈਠੇ ਸਨ। ਉਹ ਕਹਿਣ ਲੱਗੇ- ਰਾਣਾ ਉਰੇ ਆ! ਤੂੰ ਉਹ ਚੋਰਾਂ ਦੀ ਹੜਤਾਲ ਕਰਵਾ ਦਿੱਤੀ। ਹੁਣ ਸਮਗਲਰਾਂ ਤੋਂ ਕਰਵਾ ਦੇ। ਮੈਂ ਕਿਹਾ ਕਿ ਕਿਹੜੇ ਚੋਰਾਂ ਤੋਂ? ਤਾਂ ਉਹ ਕਹਿਣ ਲੱਗੇ -ਓਵਰਸੀਅਰਾਂ ਤੋਂ। ਮੈਂ ਕਿਹਾ ਉਹ ਤਾਂ ਸਰਕਾਰੀ ਮੁਲਾਜ਼ਮ ਹਨ, ਸਾਡੀ ਫ਼ੈਡਰੇਸ਼ਨ ਦੇ ਮੈਂਬਰ। ਸਮਗਲਰਾਂ ਨੂੰ ਸਾਡੀ ਫੈਡਰੇਸ਼ਨ ਦੇ ਮੈਂਬਰ ਬਣਨ ਦੀ ਆਗਿਆ ਦੇ ਦਿਉ, ਮੈਂ ਸਮਗਲਰਾਂ ਤੋਂ ਵੀ ਹੜਤਾਲ ਕਰਵਾ ਦਿਆਂਗਾ। ਉਹ ਇਕਦਮ ਖਿੜ-ਖਿੜ ਕਰ ਕੇ ਹੱਸਣ ਲੱਗ ਪਏ ਅਤੇ ਮੈਨੂੰ ਖੁਸ਼ੀ ਵਿਚ ਥਾਪੀ ਦਿੱਤੀ।

## ਐਮਰਜੈਂਸੀ ਦੇ ਕਿੱਸੇ

**? ਐਮਰਜੈਂਸੀ ਦੇ ਦੌਰ ਦੇ ਵੀ ਕੁਝ ਸੰਘਰਸ਼ੀ ਅਤੇ ਦਿਲਚਸਪ ਕਿੱਸੇ ਹੋਣਗੇ**

- ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਦੀ ਚੋਣ 8 ਅਗਸਤ 1976 ਨੂੰ ਵਰ੍ਹਦੇ ਮੀਂਹ ਵਿੱਚ ਹੋਈ। ਸਾਡਾ ਧੜਾ ਐਮਰਜੈਂਸੀ ਵਿਰੋਧੀ ਅਤੇ ਦੂਜਾ ਧੜਾ ਐਮਰਜੈਂਸੀ ਪੱਖੀ ਗਿਣਿਆ ਜਾਂਦਾ ਸੀ। ਸਾਡੇ 10 ਜ਼ਿਲ੍ਹਾ ਪ੍ਰਧਾਨ ਅਤੇ ਵਿਰੋਧੀ ਧੜੇ ਦੇ ਦੋ ਜ਼ਿਲ੍ਹਾ ਪ੍ਰਧਾਨ ਜਿੱਤੇ। ਬੀ.ਬੀ.ਸੀ. ਤੋਂ ਧੜੱਲੇਦਾਰ ਖ਼ਬਰ ਆਈ ਕਿ ਖੁਫੀਆ ਏਜੰਸੀਆਂ ਨੇ ਐਮਰਜੈਂਸੀ ਵਿਰੋਧੀ ਮੋਹਰ ਲਗਾ ਦਿੱਤੀ ਹੈ। ਐਮਰਜੈਂਸੀ ਵਿਰੋਧੀ ਧੜਾ ਜਿੱਤ ਗਿਆ। ਅਸੀਂ ਫੈਸਲਾ ਕੀਤਾ ਕਿ ਟੀਚਰਾਂ ਅਤੇ ਮੁਲਾਜ਼ਮਾਂ ਵਲੋਂ ਜ਼ਿਲ੍ਹਾ ਪੱਧਰੀ ਮੁਹਿੰਮ ਚਲਾਈ ਜਾਵੇ। ਸਬੱਬੀ ਜ਼ਿਲ੍ਹਾ ਐਡਮਨਿਸਟ੍ਰੇਸ਼ਨ ਵਲੋਂ ਐਮਰਜੈਂਸੀ ਪੱਖੀ ਇਕੱਠ ਕੀਤੇ ਗਏ। ਸਾਡੇ ਜ਼ਿਲ੍ਹੇ ਵਿਚ ਟੀਚਰਾਂ ਅਤੇ ਮੁਲਾਜ਼ਮਾਂ ਦਾ ਇੱਕ ਭਾਰੀ ਇਕੱਠ ਡੀ.ਏ.ਵੀ. ਪਬਲਿਕ ਸਕੂਲ ਰੂਪਨਗਰ ਵਿਖੇ ਕੀਤਾ ਗਿਆ। ਇਸ ਇਕੱਠ ਵਿੱਚ ਪਹਿਲਾਂ ਸਿਵਲ ਸਰਜਨ ਧੋਸੀ ਸਾਹਿਬ ਬੋਲੇ। ਫਿਰ ਇੱਕ ਘੰਟਾ ਡਿਪਟੀ ਕਮਿਸ਼ਨਰ ਡਾ. ਭਗਤ ਸਿੰਘ ਬੋਲੇ। ਪੂਰੀ ਦਹਿਸ਼ਤ ਫੈਲਾ ਦਿੱਤੀ ਗਈ। ਮੁਲਾਜ਼ਮ ਬਹੁਤ ਡਰ ਗਏ। ਅਖੀਰ ਵਿਚ ਮੇਰੀ ਵਾਰੀ ਆਈ। ਮੈਂ ਇੱਕ ਘੰਟਾ ਐਮਰਜੈਂਸੀ ਵਿਰੁਧ ਬੋਲਿਆ। ਮੁਲਾਜ਼ਮਾਂ ਦੀਆਂ ਤਾੜੀਆਂ ਬਜਵਾ ਦਿੱਤੀਆਂ। ਦਹਿਸ਼ਤ ਉੱਕਾ ਹੀ ਚੁੱਕੀ ਗਈ। ਮੁਲਾਜ਼ਮਾਂ ਦੇ ਚਿਹਰਿਆਂ 'ਤੇ ਡਰ ਦੀ ਥਾਂ ਖੇੜਾ ਆ ਗਿਆ। ਡੀ.ਸੀ. ਸਾਹਿਬ ਇਹ ਕਹਿੰਦੇ ਹੋਏ ਕਿ ਮੈਨੂੰ ਇਸ ਲਈ ਬੁਲਾਇਆ ਸੀ ਉਠ ਕੇ ਚਲੇ ਗਏ। ਦੂਜੇ ਦਿਨ ਹੀ ਉਨ੍ਹਾਂ ਦਾ ਤਬਾਦਲਾ ਹੋ ਗਿਆ। ਵਿਰੋਧੀਆਂ ਵਿੱਚ ਵੀ ਮੇਰੀ ਨਿਡਰਤਾ ਦਾ ਬੋਲ ਬਾਲਾ ਹੋ ਗਿਆ। ਇਹ ਮੇਰੀ ਲੀਡਰੀ ਦਾ ਸਿਖ਼ਰ ਸੀ। ਇਸੇ ਤਰ੍ਹਾਂ ਬਾਕੀ ਜ਼ਿਲ੍ਹਿਆਂ ਵਿਚ ਹੋਇਆ।

ਹੋਰ ਸੁਣੋ- ਮੈਂ ਲਗਭਗ ਹਫ਼ਤੇ ਵਿੱਚ 3-4 ਵਾਰ ਡੀ.ਪੀ.ਆਈ. ਦਫ਼ਤਰ ਜਾਂਦਾ ਸੀ। ਜੇ.ਡੀ.ਪੀ.ਆਈ ਸਾਹਿਬ ਦਫ਼ਤਰ ਨਾ ਹੋਣ ਤਦ ਸ. ਉਜਲ ਦੀਦਾਰ ਸਿੰਘ ਡਿਪਟੀ ਡਾਇਰੈਕਟਰ ਸਕੂਲ ਐਡਮਨਿਸਟ੍ਰੇਸ਼ਨ (ਡੀ.ਡੀ.ਐਸ.ਏ.) ਪਾਸ ਚਲੇ ਜਾਈਦਾ ਸੀ ਅਤੇ ਉਨ੍ਹਾਂ ਨੂੰ ਸਾਰੇ ਕੰਮ ਕਾਰ ਦੱਸ ਦਈਦੇ ਸਨ। ਉਹ ਮਹਿਕਮੇ ਦੇ ਨੰਬਰ 2 ਅਫਸਰ ਸਨ। ਇਕ ਦਿਨ ਸਵੇਰੇ ਹੀ ਜਦੋਂ ਮੈਂ ਉਨ੍ਹਾਂ ਪਾਸ ਗਿਆ। ਉਨ੍ਹਾਂ ਨੇ ਚਪੜਾਸੀ ਨੂੰ ਕਿਹਾ ਕਿ ਬਾਹਰੋਂ ਕੁੰਡਾ ਲਗਾ ਦੇ ਅਤੇ ਦੋ ਕੱਪ ਚਾਹ ਲੈ ਆ। ਮੈਂ ਸੋਚਿਆ ਕਿ ਅੱਜ ਕੋਈ ਪੰਗਾ ਪੈ ਗਿਆ ਹੈ। ਨਾਲ ਹੀ ਮੈਂ ਸੋਚਿਆ ਕਿ ਇਹ ਮੇਰੇ ਨਾਲੋਂ ਤਕੜੇ ਤਾਂ ਨਹੀਂ। ਦੇਖੀ ਜਾਏਗੀ ਪਰ ਗੱਲ ਹੋਰ ਹੀ ਨਿਕਲੀ। ਉਹ ਕਹਿਣ ਲੱਗੇ ਰਾਣਾ ਸਾਹਿਬ ਬੀਬੀ ਮਧੋਕ ਡੀ.ਪੀ.ਆਈ. ਪ੍ਰਾਇਮਰੀ ਲਗ ਗਈ ਹੈ। ਮੈਂ ਨਹੀਂ ਲਗ ਸਕਿਆ। ਹੈ ਉਹ ਮੇਰੇ ਨਾਲੋਂ ਜੂਨੀਅਰ। ਮੈਂ ਕਿਹਾ ਜੋ ਤਰੀਕਾ ਬੀਬੀ ਨੇ ਵਰਤਿਆ ਹੈ, ਉਹ ਹੀ ਤੁਸੀਂ ਵਰਤ ਲਵੋ। ਉਨ੍ਹਾਂ ਨੇ ਕਿਹਾ ਕਿ ਉਹ ਕੀ? ਮੈਂ ਕਿਹਾ ਬੀਬੀ ਨੇ 20 ਐਮ.ਐਲ.ਏ. ਭੇਜੇ ਸਨ। ਤੁਸੀਂ ਵੀ ਭੇਜ ਦਿਉ। ਉਹ ਕਹਿਣ ਲੱਗੇ, ਮੇਰਾ ਤਾਂ ਇਕ ਐਮ.ਐਲ.ਏ. ਵੀ ਹਮਾਇਤੀ ਨਹੀਂ ਹੈ। ਮੈਂ ਪੁੱਛਿਆ ਕਿ ਤੁਸੀਂ ਬੀਬੀ ਨਾਲੋਂ ਸੀਨੀਅਰ ਕਿਵੇਂ ਹੋ। ਉਹ ਕਹਿਣ ਲੱਗੇ ਕਿ ਅਸੀਂ ਦੋਵੇਂ ਇਕੋ ਲਿਸਟ ਵਿਚ ਪਬਲਿਕ ਸਰਵਿਸ ਕਮਿਸ਼ਨ ਤੋਂ ਸੀਲੈਕਟ ਹੋ ਕੇ ਆਏ ਹਾਂ। ਮੈਂ ਨੰਬਰ 1 'ਤੇ ਹਾਂ ਅਤੇ ਉਹ ਨੰਬਰ 5 'ਤੇ ਹਨ। ਮੈਂ ਕਿਹਾ ਕਿ ਤੁਸੀਂ ਕਿਸੇ ਦਿਨ ਆਪਣਾ ਰੀਕਾਰਡ ਦਿਖਾਇਉ। ਉਨ੍ਹਾਂ ਆਪਣਾ ਰੀਕਾਰਡ ਦਿਖਾਇਆ। ਵਾਕਈ ਉਹ ਸੀਨੀਅਰ ਸਨ। ਮੈਂ ਦੂਜੇ ਦਿਨ ਸ. ਮਨਮੋਹਨ ਸਿੰਘ ਆਈ.ਏ.ਐਸ. ਜੋ ਐਜੂਕੇਸ਼ਨ ਸੈਕਟਰੀ ਸਨ, ਨਾਲ ਗੱਲ ਕੀਤੀ। ਸੈਕਟਰੀ ਸਾਹਿਬ ਕਹਿਣ ਲੱਗੇ ਕਿ ਉਨ੍ਹਾ ਨੂੰ ਕਹਿਣਾ ਕਿ ਉਹ ਕਿਸੇ ਦਿਨ ਮੈਨੂੰ ਮਿਲ ਲੈਣ। ਇਹੋ ਗੱਲ ਮੈਂ ਸ. ਉਜਲ ਦੀਦਾਰ ਸਿੰਘ ਨੂੰ ਦੱਸੀ। ਕਈ ਦਿਨਾਂ ਬਾਅਦ ਮੈਂ ਸ. ਉਜਲ ਦੀਦਾਰ ਸਿੰਘ ਨੂੰ ਕਿਹਾ ਕਿ ਅੱਜ ਸੈਕਟਰੀ ਸਾਹਿਬ ਨੂੰ ਟੈਲੀਫੋਨ ਕਰ ਕੇ ਮਿਲਣ ਦਾ ਸਮਾਂ ਮੰਗ ਲਵੋ। ਉਨ੍ਹਾਂ ਨੇ ਟੈਲੀਫੋਨ ਕੀਤਾ ਤੇ ਸੈਕਟਰੀ ਸਾਹਿਬ ਨੇ ਸਾਨੂੰ ਬੁਲਾ ਲਿਆ। ਸੈਕਟਰੀ ਸਾਹਿਬ ਕਹਿਣ ਲੱਗੇ ਕਿ ਮਹੀਨਾ ਕੁ ਲੱਗੇਗਾ। ਫਿਲਹਾਲ ਮੈਂ ਇਹ ਕੇਸ ਐਲ.ਆਰ. ਨੂੰ ਭੇਜ ਦਿੰਦਾ ਹਾਂ। ਕੇਸ ਐਲ.ਆਰ. ਨੂੰ ਭੇਜ ਦਿੱਤਾ ਗਿਆ। ਕੇਸ ਦੀ ਪੈਰਵੀ ਲਈ ਮੈਂ ਸਾਥੀ ਪ੍ਰੇਮ ਸਾਗਰ ਦੀ ਡਿਊਟੀ ਲਗਾ ਦਿੱਤੀ। ਸਾਡੀਆਂ ਬਦਲੀਆਂ ਦੇ ਸਬੰਧ ਵਿੱਚ ਪਹਿਲੇ ਡੀ.ਪੀ.ਆਈ. ਸ. ਸੁਖਮੰਦਰ ਸਿੰਘ ਨੂੰ ਹਟਾਉਣ ਲਈ ਮੂਮੈਂਟ ਚਲ ਰਹੀ ਸੀ। ਇੱਕ ਮਹੀਨੇ ਬਾਅਦ Director Scert ਦੀ ਨਵੀਂ ਪੋਸਟ ਰਚੀ ਗਈ। ਸ. ਸੁਖਮੰਦਰ ਸਿੰਘ ਨੂੰ Director Scert ਲਗਾਇਆ ਗਿਆ ਅਤੇ ਸ. ਉਜਲ ਦੀਦਾਰ ਸਿੰਘ ਨੂੰ Director School Education i,e ਸੈਕੰਡਰੀ ਵਾਲੇ ਪਾਸੇ ਲਾਇਆ ਗਿਆ। ਇਸੇ ਤਰ੍ਹਾਂ ਸ. ਹਰਬੰਸ ਸਿੰਘ ਨੂੰ ਡੀ.ਈ.ਓ. ਰੋਪੜ ਲਗਵਾਇਆ।

**? ਸਰਕਾਰੀ ਮਹਿਕਮਿਆਂ ਵਿਚ ਬਦਲੀਆਂ ਇੱਕ ਵੱਡਾ ਮਸਲਾ ਰਹਿੰਦਾ ਹੈ। ਆਪਣਾ ਬਦਲੀਆਂ ਵਿਰੁਧ ਘੋਲ ਦਾ ਕੋਈ ਕਿੱਸਾ ਸੁਣਾਓ**

- ਜਦੋਂ ਸ. ਹਰਚਰਨ ਸਿੰਘ ਅਜਨਾਲਾ ਸਿਖਿਆ ਮੰਤਰੀ ਸਨ, ਉਨ੍ਹਾਂ ਨੇ ਸਰਕਾਰੀ ਅਧਿਆਪਕਾਂ ਦੀਆਂ ਬਹੁਤ ਦੂਰ ਦੁਰਾਡੇ ਬਦਲੀਆਂ ਕਰ ਦਿੱਤੀਆਂ। ਅਸੀਂ ਅਜਨਾਲਾ ਸਾਹਿਬ ਨੂੰ ਬਹੁਤ ਸਮਝਾਇਆ ਕਿ ਬਦਲੀਆਂ ਠੀਕ ਕਰ ਦੇਵੋ। ਉਹ ਕਹਿਣ ਲੱਗੇ ਕਿ ਆਪਣੀ ਸਰਕਾਰ ਦੇ ਵਜ਼ੀਰਾਂ ਅਤੇ ਐਮ.ਐਲ.ਏਜ਼ ਨੂੰ ਖੁਸ਼ ਕਰਨਾ ਹੈ। ਉਨ੍ਹਾਂ ਵਲੋਂ ਜੋ ਸਿਫਾਰਸ਼ਾਂ ਆਈਆਂ ਹਨ। ਮੈਂ ਉਹ ਸਾਰੀਆਂ ਕਰ ਦਿੱਤੀਆਂ ਹਨ। ਇਥੋਂ ਤਕ ਇੱਕ ਬਦਲੀ ਵਜ਼ੀਰ ਦੇ ਧੋਬੀ ਦੀ ਸਿਫ਼ਾਰਿਸ਼ ਨਾਲ ਵੀ ਹੋ ਗਈ। ਅਸੀਂ ਉਸ ਵੇਲੇ ਦੇ ਡੀ.ਪੀ.ਆਈ. ਸ. ਸੁਖਮੰਦਰ ਸਿੰਘ ਨੂੰ ਵੀ ਬਹੁਤ ਕਿਹਾ ਕਿ ਇਹ ਬਦਲੀਆਂ ਠੀਕ ਕਰੋ। ਉਹ ਕਹਿਣ ਲੱਗੇ ਕਿ ਮੈਂ ਵਜ਼ੀਰ ਵਲੋਂ ਕੀਤੀਆਂ ਬਦਲੀਆਂ ਕਿਵੇਂ ਠੀਕ ਕਰ ਸਕਦਾ ਹਾਂ। ਅਸੀਂ 26 ਮਈ 1981 ਨੂੰ ਡੀ.ਪੀ.ਆਈ. ਦੇ ਘਿਰਾਉ ਕਰਨ ਦੀ ਪਲਾਨਿੰਗ ਬਣਾ ਲਈ ਅਤੇ ਡੀ.ਪੀ.ਆਈ. ਹਟਾਉਣ ਲਈ ਨਾਹਰਾ ਲਾ ਦਿੱਤਾ। 26 ਮਈ 1981 ਨੂੰ ਹਜ਼ਾਰਾਂ ਦੀ ਗਿਣਤੀ ਵਿੱਚ ਅਧਿਆਪਕ ਚੰਡੀਗੜ੍ਹ ਡੀ.ਪੀ.ਆਈ. ਦਫ਼ਤਰ ਮੂਹਰੇ ਇਕੱਤਰ ਹੋ ਗਏ। ਡੀ.ਪੀ.ਆਈ. ਜਦੋਂ ਹੇਠਾਂ ਉਤਰੇ, ਉਨ੍ਹਾਂ ਨੂੰ ਘੇਰ ਲਿਆ। ਬਾਂਹ ਤੋਂ ਫੜ ਕੇ ਉਨ੍ਹਾਂ ਨੂੰ ਹੇਠਾ ਬਿਠਾਇਆ। ਪੁਲਿਸ ਦਾ ਐਸ.ਐਚ.ਓ. ਭਾਰੀ ਫੋਰਸ ਲੈ ਕੇ ਆਇਆ। ਮੈਂ ਉਸ ਨੂੰ ਧੱਕਾ ਮਾਰ ਕੇ ਪਿੱਛੇ ਹਟਾ ਦਿੱਤਾ। ਹੋਰ ਪੁਲਿਸ ਲੈ ਕੇ ਐਸ.ਐਚ.ਓ. ਦੁਬਾਰਾ ਪਹੁੰਚ ਗਏ ਪਰ ਉਨ੍ਹਾਂ ਦਾ ਕੋਈ ਵਾਰ ਅਧਿਆਪਕਾਂ ਨੇ ਨਹੀਂ ਚਲਣ ਦਿੱਤਾ। ਦੋ ਘੰਟੇ ਬਾਅਦ ਪੁਲਿਸ ਡੀ.ਪੀ.ਆਈ. ਨੂੰ ਮੁੜ ਦਫ਼ਤਰ ਦੇ ਅੰਦਰ ਲੈ ਗਈ ਅਤੇ ਰੱਸਾ ਪਾ ਕੇ ਉਤਾਰਿਆ ਪਿਛੇ ਨੂੰ। ਜਿੰਨੀ ਦੇਰ ਸਾਡੀ ਮੂਵਮੈਂਟ ਚਲਦੀ ਰਹੀ (8 ਜੂਨ 1981) ਉਨੀ ਦੇਰ ਤਕ ਦਫ਼ਤਰ ਵਿੱਚ ਨਹੀਂ ਆਏ। 8 ਜੂਨ 1981 ਨੂੰ ਸ. ਸੁਖਮੰਦਰ ਸਿੰਘ ਨੂੰ ਡੀ.ਪੀ.ਆਈ. ਤੋਂ ਹਟਾਇਆ ਗਿਆ, Scert ਨਵੀਂ ਬਣਾ ਕੇ ਉਸ ਦਾ ਡਾਇਰੈਕਟਰ ਲਾਇਆ ਗਿਆ। ਅਗਲਾ ਐਕਸ਼ਨ ਉਥੇ ਹੀ ਐਲਾਨ ਦਿੱਤਾ ਕਿ 28 ਜੂਨ 1981 ਨੂੰ ਸਿਖਿਆ ਮੰਤਰੀ ਜੀ ਦੇ ਸ਼ਹਿਰ ਅਜਨਾਲਾ ਵਿੱਚ ਮੁਜ਼ਾਹਰਾ ਕੀਤਾ ਜਾਵੇਗਾ। ਨਿਸ਼ਚਿਤ ਮਿਤੀ ਨੂੰ 10000 ਤੋਂ ਵੱਧ ਅਧਿਆਪਕ ਅਜਨਾਲਾ ਪੁੱਜ ਗਏ। ਮੈਂ, ਹਰਕੰਵਲ ਸਿੰਘ ਅਤੇ ਸਰਬਦਿਆਲ ਕੰਗ ਪ੍ਰਧਾਨ ਅੰਮ੍ਰਿਤਸਰ 27 ਜੂਨ ਦੀ ਰਾਤ ਨੂੰ ਹੀ ਉਥੇ ਪੁੱਜ ਗਏ। ਦੂਜੇ ਦਿਨ ਸਭ ਤੋਂ ਪਹਿਲਾਂ ਅੰਮ੍ਰਿਤਸਰ ਜ਼ਿਲ੍ਹੇ ਦਾ ਟਰੱਕ ਆਇਆ। ਉਸ ਟਰੱਕ ਨੂੰ ਪੁਲਿਸ ਬਿਆਸ ਦੇ ਥਾਣੇ ਲੈ ਗਈ ਅਤੇ ਅਧਿਆਪਕਾਂ ਨੂੰ ਥਾਣੇ ਵਿੱਚ ਬੰਦ ਕਰ ਦਿੱਤਾ। ਅਸੀਂ ਆਪਣੀ ਪੇਸ਼ਬੰਦੀ ਕਰਨੀ ਸ਼ੁਰੂ ਕਰ ਦਿੱਤੀ। ਰੂਟ ਬਦਲ ਕੇ ਪਿੰਡ ਚਮਿਆਰੀ ਰਾਹੀਂ ਅਧਿਆਪਕਾਂ ਦਾ ਹੜ੍ਹ ਆ ਗਿਆ। ਮੈਨੂੰ ਅੰਡਰਗਰਾਊਂਡ ਕਰ ਦਿੱਤਾ ਗਿਆ। ਘੋੜ ਸਵਾਰ ਪੁਲਿਸ ਪੁੱਜ ਗਈ। ਖੇਤਾਂ ਵਿੱਚ ਪਾਣੀ ਛੱਡ ਦਿੱਤਾ ਗਿਆ। ਅਧਿਆਪਕ ਪਾਣੀ ਵਾਲੇ ਖੇਤਾਂ ਰਾਹੀਂ ਹੀ ਅਜਨਾਲਾ ਪੁੱਜੇ। ਕੁੱਝ ਟਰੱਕ ਹੋਰ ਥਾਣਿਆਂ ਵਿੱਚ ਬੰਦ ਕਰ ਦਿਤੇ ਗਏ। ਅਜਨਾਲਾ ਸ਼ਹਿਰ ਨਾਅਰਿਆਂ ਨਾਲ ਗੂੰਜ ਉਠਿਆ। ਅਜਨਾਲਾ ਨਿਵਾਸੀਆਂ ਨੇ ਠੰਢੇ ਮਿੱਠੇ ਜਲ ਦੀਆਂ ਛਬੀਲਾਂ ਲਾ ਕੇ, ਮੁਜ਼ਾਹਰਾਕਾਰੀਆਂ ਨੂੰ ਜਲ ਛਕਾਇਆ, ਮਠਿਆਈ ਆਦਿ ਛਕਾਈ। ਸ਼ਾਮ ਚਾਰ ਵਜੇ ਪੁਲਿਸ ਨੇ ਸਮਝੌਤੇ ਦੀ ਪੇਸ਼ਕਸ਼ ਕੀਤੀ ਅਤੇ ਸਾਡੇ ਕਹਿਣ 'ਤੇ ਸਾਰੇ ਅਧਿਆਪਕ ਥਾਣਿਆਂ ਵਿਚੋਂ ਛੱਡ ਦਿਤੇ। ਮੈਂ ਵੀ ਓਵਰਗਰਾਊਂਡ ਹੋ ਗਿਆ। ਬਦਲੀਆਂ ਰੱਦ ਹੋਣ ਦੀ ਨੀਂਹ ਬੱਝ੍ਹੀ ਗਈ। ਅਗਲਾ ਐਕਸ਼ਨ ਕਰਨ ਤੋਂ ਪਹਿਲਾਂ ਸ. ਬਿਸ਼ਨ ਸਿੰਘ ਸਮੁੰਦਰੀ ਅਤੇ ਕਾ. ਜਗਜੀਤ ਸਿੰਘ ਲਾਇਲਪੁਰੀ, ਅਜਨਾਲਾ ਸਾਹਿਬ ਦਾ ਸੁਨੇਹਾ ਲੈ ਕੇ ਮੇਰੇ ਪਾਸ ਆਏ। ਅਜਨਾਲਾ ਸਾਹਿਬ ਤੋਂ ਸਾਡੀ ਜਥੇਬੰਦੀ ਨੂੰ ਉਨ੍ਹਾਂ ਰਾਹੀਂ ਲਿਖਤੀ ਸੱਦਾ ਪੱਤਰ ਆਇਆ। ਸਿਖਿਆ ਮੰਤਰੀ ਜੀ ਨਾਲ ਸਾਡੇ ਪ੍ਰਧਾਨਗੀ ਮੰਡਲ ਦੀ ਮੀਟਿੰਗ ਹੋਈ। ਸਾਰੀਆਂ ਬਦਲੀਆਂ ਰੱਦ ਜਾਂ ਇੱਛਾਨੁਸਾਰ ਐਡਜਸਟਮੈਂਟ ਹੋ ਗਈਆਂ। ਸਾਡੀ ਜਥੇਬੰਦੀ ਦੀ ਜੈ ਜੈ ਕਾਰ ਹੋ ਗਈ। ਇਸੀ ਤਰ੍ਹਾਂ ਚੌ. ਗੁਰਮੇਲ ਸਿੰਘ ਵਿਰੁਧ ਗੜ੍ਹਦੀ ਵਾਲੇ ਮੁਜ਼ਾਹਰਾ ਕੀਤਾ ਗਿਆ ਸੀ ਅਤੇ ਉਨ੍ਹਾਂ ਨੂੰ ਕਦੇ ਵੀ ਐਮ.ਐਲ.ਏ. ਨਾ ਬਣਨ ਦੇਣ ਦਾ ਅਪਨਾ ਪ੍ਰਣ ਦੁਹਰਾਇਆ।

ਇੱਕ ਵਾਰ ਸ. ਪ੍ਰਕਾਸ਼ ਸਿੰਘ ਮਜੀਠੀਆ ਐਮ.ਐਲ.ਏ. ਡੀ.ਪੀ.ਆਈ. ਦਫ਼ਤਰ ਆਏ। ਪੰਦਰਾਂ ਕੁ ਮਿੰਟ ਬਾਅਦ ਹੇਠਾਂ ਉਤਰ ਆਏ। ਉਨ੍ਹਾਂ ਦਾ ਕੰਮ ਨਾ ਹੋ ਸਕਿਆ। ਅਸੀਂ ਹੇਠਾਂ ਖੜੇ ਸੀ। ਜਿਸ ਦਾ ਕੰਮ ਸੀ ਉਸ ਨੇ ਇਸ਼ਾਰਾ ਕਰ ਕੇ ਕਿਹਾ ਕਿ ਉਹ ਰਾਣਾ ਜੀ ਖੜੇ ਹਨ। ਉਨ੍ਹਾਂ ਰਾਹੀਂ ਕੰਮ ਹੋ ਸਕਦਾ ਹੈ। ਉਹ ਮੇਰੇ ਪਾਸ ਆ ਕੇ ਕਹਿਣ ਲੱਗੇ, ਇਹ ਕੰਮ ਕਰਵਾਉਣਾ ਹੈ। ਮੈਂ ਕਿਹਾ ਕਿ ਤੁਸੀਂ ਤਾਂ ਘੈਂਟ ਐਮ.ਐਲ.ਏ. ਹੋ, ਜੇ ਤੁਹ-ਾਡੇ ਕਹੇ ਇਹ ਕੰਮ ਨਹੀਂ ਹੋ ਸਕਿਆ ਤਦ ਸਾਡੇ ਕਹੇ ਕਿਵੇਂ ਹੋ ਜਾਵੇਗਾ। ਉਹ ਕਹਿਣ ਲੱਗੇ ਨਹੀਂ ਤੁਸੀਂ ਕਰਵਾ ਸਕਦੇ ਹੋ। ਮੈਂ ਅਰਜ਼ੀ ਪਕੜ ਲਈ ਅਤੇ ਕਿਹਾ ਕਿ ਸਾਡੀ ਫੈਡਰੇਸ਼ਨ ਦਾ ਦਫ਼ਤਰ 1406 -22 ਬੀ ਵਿੱਚ ਹੈ। ਸ਼ਾਮ ਨੂੰ 5 ਵਜੇ ਤੋਂ ਬਾਅਦ ਆ ਕੇ ਆਰਡਰ ਲੈ ਜਾਣਾ। ਉਹ 6 ਵਜੇ ਆਏ ਅਤੇ ਆਰਡਰ ਲੈ ਕੇ ਪ੍ਰਸੰਚਿਤ ਹੋ ਕੇ ਮੈਨੂੰ ਸ਼ਾਬਾਸ਼ ਦੇ ਗਏ।

**? ਏਨੇ ਰੁਝੇਵਿਆਂ ਦੇ ਚਲਦਿਆਂ ਗ੍ਰਹਿਸਥ ਜੀਵਨ ਕਿਵੇਂ ਸ਼ੁਰੂ ਹੋਇਆ ਤੇ ਕਿਵੇਂ ਗੁਜ਼ਰੀ ਹੁਣ ਤੱਕ**

- ਮੈਂ ਪਹਿਲਾਂ ਮਾਲੇਰਕੋਟਲਾ ਲਾਗੇ ਮੰਗਿਆ ਹੋਇਆ ਸੀ। ਮਾਪਿਆਂ ਦੀ ਇਕੱਲੀ ਹੀ ਕੁੜੀ ਸੀ। ਜ਼ਮੀਨ ਵੀ 20 ਏਕੜ ਸੀ। ਇਕ ਸਾਲ ਮੰਗਣੀ ਨੂੰ ਹੋ ਗਿਆ। ਮੈਂ ਸੋਚਿਆ ਕਿ ਮੈਨੂੰ ਤਾਂ ਘਰ ਜਵਾਈ ਬਣ ਕੇ ਰਹਿਣਾ ਪਵੇਗਾ। ਮੈਂ ਤਾਂ ਉਨ੍ਹਾਂ ਦਾ ਗੁਲਾਮ ਬਣ ਜਾਵਾਂਗਾ। ਜਥੇਬੰਦਕ ਗਤੀਵਿਧੀਆਂ ਤਾਂ ਨਹੀਂ ਹੋ ਸਕਣਗੀਆਂ। ਡਿਸਟ੍ਰਿਕਟ ਬੋਰਡ ਦੇ ਜੂਲੇ 'ਚੋਂ ਅਜੇ ਨਿਕਲੇ ਹੀ ਸਾਂ। ਕਿਸੇ ਪ੍ਰਕਾਰ ਇਸ ਜੰਜਾਲ ਵਿਚੋਂ ਨਿਕਲਣਾ ਚਾਹੀਦਾ ਹੈ। ਰਿਸ਼ਤਾ ਮੇਰੇ ਵੱਡੇ ਜੀਜੇ ਸ. ਅਜਮੇਰ ਸਿੰਘ ਨੇ ਕਰਵਾਇਆ ਸੀ। ਉਹ ਅੰਬਾਲਾ ਸਿੰਡੀਕੇਟ ਵਿਚ ਡਰਾਈਵਰ ਸੀ। ਪਿਤਾ ਜੀ ਦਾ ਵੀ ਡੰਡਾ ਨਜ਼ਰ ਆਉਂਦਾ ਸੀ। ਮੇਰੀ ਬਦਲੀ ਕਿਸੇ ਕਾਰਨ ਰਾਏਪੁਰ ਹੋ ਗਈ। ਮੈਂ ਅਤੇ ਸ. ਅਜਮੇਰ ਸਿੰਘ ਸਬ ਇੰਸਪੈਕਟਰ ਕੋ-ਆਪ੍ਰੇਟਿਵ ਸੁਸਾਈਟੀਜ਼ ਦੇ ਇਕ ਕਮਰੇ ਵਿੱਚ ਰਹਿੰਦੇ ਸਾਂ। ਇੱਕ ਦਿਨ ਮੈਨੂੰ ਅਜਮੇਰ ਸਿੰਘ ਕਹਿਣ ਲੱਗਾ, ਵਿਆਹ ਕਰਵਾਉਣਾ ਹੈ। ਮੈਂ ਕਿਹਾ ਕਰਵਾਉਣਾ ਹੈ। ਉਹ ਕਹਿਣ ਲੱਗੇ ਸੈਂਟਰਲ ਕੋਆਪਰੇਟਿਵ ਬੈਂਕ ਨਰਾਇਣਗੜ੍ਹ ਦੇ ਮੈਨੇਜਰ ਦੀ ਬੇਟੀ ਹੈ। ਕੱਦ ਜ਼ਰਾ ਛੋਟਾ ਹੈ। ਮੈਂ ਕਿਹਾ ਪੜ੍ਹੀ ਲਿਖੀ ਹੈ? ਅਜਮੇਰ ਸਿੰਘ ਕਹਿਣ ਲੱਗੇ ਕਿ ਗਿਆਨੀ ਓ.ਟੀ. ਹੈ। ਮੈਂ ਕਿਹਾ ਕਿ ਮੈਨੂੰ ਮਨਜ਼ੂਰ ਹੈ। ਪਿੰਡ ਕਿਸ਼ਨ-ਪੁਰਾ ਆਏ। ਬਾਪੂ ਜੀ ਨਾਲ ਗੱਲ ਕੀਤੀ। ਉਹ ਤਾਂ ਅੱਗ ਬਗੋਲਾ ਹੋ ਗਏ। ਇਹ ਨਹੀਂ ਹੋ ਸਕਦਾ। ਤੇਰਾ ਭਣੋਈਆ ਕੀ ਕਹੇਗਾ। ਬਹੁਤ ਗਰਮ ਹੋਏ। ਮੈਂ ਨਹੀਂ ਬੋਲਿਆ। ਰਾਤ ਔਖੀ ਸੌਖੀ ਲੰਘ ਗਈ। ਦੂਜੀ ਸ਼ਾਮ ਨੂੰ ਕੁੱਝ ਸ਼ਾਂਤੀ ਵਾਪਰ ਗਈ। ਮੈਨੂੰ ਆਪਣੇ ਕੋਲ ਬੁਲਾਇਆ। ਮੇਰੇ ਮਾਤਾ ਜੀ 1951-52 ਵਿਚ ਅਕਾਲ ਚਲਾਣਾ ਕਰ ਗਏ ਸਨ। ਬਹੁਤ ਪਿਆਰ ਨਾਲ ਮੈਨੂੰ ਜੱਫੀ ਵਿਚ ਲੈ ਕੇ ਕਹਿਣ ਲੱਗੇ। ਕੁੜੀ ਪੜ੍ਹੀ ਲਿਖੀ ਹੈ? ਨੌਕਰੀ ਯੋਗ ਹੈ? ਮੈਂ ਕਿਹਾ ਬਾਪੂ ਜੀ ਗਿਆਨੀ ਓ.ਟੀ. ਹੈ। ਪੰਜਾਬੀ ਟੀਚਰ ਮੈਂ ਆਪ ਲਗਵਾ ਲਵਾਂਗਾ। ਜੇ.ਬੀ.ਟੀ. ਵੀ ਕਰਵਾ ਦਿਆਂਗਾ। ਕਹਿਣ ਲੱਗੇ ਮੈਂ ਤੇਰੇ ਨਾਲ ਸਹਿਮਤ ਹਾਂ। ਮੈਂ ਆਪਣੇ ਨਾਲ ਦੇ ਅਧਿਆਪਕਾਂ ਨਾਲ ਵਿਚਾਰ ਵਟਾਂਦਰਾ ਕਰ ਆਇਆ ਹਾਂ। ਉਨ੍ਹਾਂ ਨੂੰ ਫਲਾਣੇ ਦਿਨ ਬੁਲਾ ਲਵੋ। ਮੇਰੇ ਸਹੁਰਾ ਸਾਹਿਬ ਸ. ਤਾਰਾ ਸਿੰਘ ਢਿੱਲੋਂ ਆਏ। ਮੰਗਣੀ ਵੀ ਹੋ ਗਈ, ਵਿਆਹ ਵੀ ਹੋ ਗਿਆ। ਦੋਹਾਂ ਨੇ ਜ਼ਿਲ੍ਹਾ ਅੰਬਾਲਾ/ਰੋਪੜ ਵਿੱਚ ਸਰਵਿਸ ਕੀਤੀ। ਮੇਰੀ ਲੀਡਰੀ ਵਿੱਚ ਮੇਰੀ ਧਰਮਪਤਨੀ ਨੇ ਪੂਰਨ ਸਹਿਯੋਗ ਦਿੱਤਾ। ਉਨ੍ਹਾਂ ਦੇ ਸਿਰ 'ਤੇ ਮੇਰੀ ਲੀਡਰੀ ਚਮਕੀ। ਬੱਚੇ ਉਨ੍ਹਾਂ ਦੀ ਨਾਨੀ ਨੇ ਪਾਲੇ, ਉਨ੍ਹਾਂ ਦੀ ਮਾਂ ਨੇ ਪੜ੍ਹਾਏ, ਮੈਂ ਨੌਕਰੀਆਂ ਦਿਵਾਈਆਂ। ਹੁਣ ਬੱਚੇ ਕੈਨੇਡਾ ਹਨ। ਅਸੀਂ ਦੋਵੇਂ ਰੀਟਾਇਰਮੈਂਟ ਬਾਅਦ ਮੋਹਾਲੀ ਆਪਣੇ ਘਰ 2255/71 ਵਿਚ ਆਰਾਮ ਨਾਲ ਰਹਿ ਰਹੇ ਹਾਂ। ਸਾਡਾ ਦੋਹਾਂ ਦਾ ਅਪਣਾ ਕੋਈ ਮਕਾਨ ਨਹੀਂ। ਰੂਪਨਗਰ ਦੋ ਮਕਾਨ ਸਨ। ਇਕ ਮਕਾਨ ਦੇ ਪੈਸੇ ਬੱਚਿਆਂ ਨੂੰ ਦਿੱਤੇ। ਦੂਜੇ ਮਕਾਨ ਦੇ ਪੈਸੇ ਪਾਰਟੀ ਦੇ ਨਾਂ ਜਮ੍ਹਾਂ ਕਰਵਾਏ ਹਨ। ਉਸ ਦੇ ਵਿਆਜ ਨਾਲ ਰੂਪ ਨਗਰ ਪਾਰਟੀ ਦਫ਼ਤਰ ਕਿਰਾਏ 'ਤੇ ਲਿਆ ਹੋਇਆ ਹੈ। ਬੇਟਾ ਨਵਤੇਜ ਬੈਂਸ ਆਪਣੀ ਜੀਵਨ ਸਾਥਣ ਬਲਦੀਪ ਤੇ ਬੇਟੇ ਸਮੀਰ ਨਾਲ ਐਡਮਿੰਟਨ ਰਹਿ ਰਿਹਾ ਹੈ, ਬੇਟੀ ਨਵਕਿਰਨ ਆਪਣੇ ਜੀਵਨ ਸਾਥੀ ਕੁਲਵੀਰ ਗਿੱਲ ਤੇ ਬੇਟੇ ਹੇਮੰਤ ਨਾਲ ਟੋਰਾਂਟੋ ਰਹਿ ਰਹੀ ਹੈ, ਦੂਸਰੀ ਬੇਟੀ ਨਵਦੀਪ ਆਪਣੇ ਜੀਵਨ ਸਾਥੀ ਭਾਗ ਜਵੰਦਾ ਤੇ ਬੇਟੀ ਜੈਸਿਕਾ ਨਾਲ ਬਰੈਂਪਟਨ (ਓਨਟਾਰੀਓ) ਵਿਖੇ ਰਹਿ ਰਹੀ ਹੈ। ਨੇਕ ਤੇ ਫਰਮਾ ਬਰਦਾਰ ਬੱਚੇ ਹਨ। ਲੀਡਰੀ ਚਲ ਰਹੀ ਹੈ। ਅਸੀਂ ਦੋਵੇਂ ਹਰ ਥਾਂ ਇਕੱਠੇ ਹੀ ਜਾਂਦੇ ਹਾਂ। ਯਾਰ ਦੋਸਤ ਮਿੱਤਰ ਆਮ ਤੌਰ 'ਤੇ ਸਾਨੂੰ ਮਿਲਣ ਆਉਂਦੇ ਰਹਿੰਦੇ ਹਨ। ਅਸੀਂ ਉਨ੍ਹਾਂ ਨੂੰ ਮਿਲਣ ਜਾਂਦੇ ਰਹਿੰਦੇ ਹਾਂ। ਵਧੀਆ ਜ਼ਿੰਦਗੀ ਬਸਰ ਹੋ ਰਹੀ ਹੈ। ਇਕੱਲਾਪਣ ਤਾਂ ਥੋੜਾ ਬਹੁਤ ਮਹਿਸੂਸ ਹੁੰਦਾ ਹੈ। ਅਸੀਂ ਦੋਵੇਂ ਸਰਕਾਰੀ ਖ਼ਜ਼ਾਨੇ ਵਿਚੋਂ ਪੈਨਸ਼ਨ ਲੈ ਰਹੇ ਹਾਂ।


ਰਾਣਾ-ਹਰਕੰਵਲ ਜੋੜੀ

## ਕੀ ਖੱਟਿਆ ਕੀ ਗੁਆਇਆ

**ਕੀ ਖੱਟਿਆ ਤਾਂ ਪਤਾ ਲੱਗ ਗਿਆ ਹੈ ਪਰ ਕੀ ਗੁਆਇਆ?**

- ਜਦੋਂ ਤੁਹਾਨੂੰ ਮੇਰੀ ਖੱਟੀ ਦਾ ਪਤਾ ਲਗ ਗਿਆ ਤਦ ਤੁਹਾਨੂੰ ਮੇਰੇ ਗੁਆਚੇ ਦਾ ਵੀ ਪਤਾ ਲੱਗ ਜਾਣਾ ਚਾਹੀਦਾ ਸੀ। ਮੇਰੇ ਨਾਲ ਦੇ, ਮੇਰੇ ਬਾਅਦ ਦੇ, ਮੇਰੀ ਹੀ ਯੋਗਤਾ ਦੇ ਆਧਾਰ 'ਤੇ ਲਗੇ ਅਧਿਆਪਕ/ਮੁਲਾਜ਼ਮ ਐਮ.ਏ., ਬੀ.ਐੱਡ ਕਰ ਕੇ ਲੈਕਚਰਾਰ, ਡੀ.ਈ.ਓ. ਰੀਟਾਇਰ ਹੋਏ ਹਨ। ਕਈ ਮੁਲਾਜ਼ਮ ਐਲ.ਐਲ.ਬੀ. ਕਰ ਕੇ ਸੈਸ਼ਨ ਜੱਜ ਰੀਟਾਇਰ ਹੋਏ ਹਨ, ਉਘੇ ਵਕੀਲ ਬਣੇ ਹਨ, ਵਕੀਲਾਂ ਦੀ ਜਥੇਬੰਦੀ ਦੇ ਪ੍ਰਧਾਨ ਬਣੇ ਹਨ। ਮੈਂ ਸਿਰਫ ਬਲਾਕ ਪ੍ਰਾਇਮਰੀ ਐਜੂਕੇਸ਼ਨ ਅਫ਼ਸਰ ਰੀਟਾਇਰ ਹੋਇਆ ਹਾਂ। ਉਹ ਵੀ ਇਸ ਕਰ ਕੇ ਕਿ ਸਾਡੀ ਜਥੇਬੰਦੀ ਨੇ ਸੰਘਰਸ਼ ਸਦਕਾ ਪ੍ਰਾਇਮਰੀ ਟੀਚਰਾਂ ਦਾ ਤਿੰਨ ਪੜਾਵੀ ਪ੍ਰੋਮੋਸ਼ਨ ਚੈਨਲ ਪ੍ਰਾਪਤ ਕੀਤਾ। ਨਹੀਂ ਤਾਂ ਬਤੌਰ ਜੇ.ਬੀ.ਟੀ. ਹੀ ਰੀਟਾਇਰ ਹੁੰਦਾ ਸੀ।

ਵਾਰ ਵਾਰ ਮਰਨ ਵਰਤ ਰੱਖਣ ਅਤੇ ਜੇਲ ਜਾਣ ਨਾਲ ਸਿਹਤ ਵੀ ਖਰਾਬ ਹੋਈ। ਉਸ ਵੇਲੇ ਜੇਲਾਂ ਦੀ ਹਾਲਤ ਵੀ ਬਹੁਤ ਮਾੜੀ ਹੁੰਦੀ ਸੀ। ਚਲੋ ਗੁਆਉਣ ਦਾ ਮੈਨੂੰ ਕੋਈ ਅਫ਼ਸੋਸ ਨਹੀਂ। ਜਥੇਬੰਦਕ ਪ੍ਰਾਪਤੀਆਂ 'ਤੇ ਮੈਨੂੰ ਮਾਣ ਹੈ। ਮੇਰੀ ਨਿਧੜਕ ਤੇ ਨਿਡਰ ਟੀਮ ਦੇ ਸਾਥੀਆਂ 'ਤੇ ਮੈਨੂੰ ਫਖ਼ਰ ਹੈ। ਜਿਨ੍ਹਾਂ ਨੇ ਕਿਸੇ ਕਿਸਮ ਦੀ ਵੀ ਕੁਰਬਾਨੀ ਕਰਨ ਤੋਂ ਕਦੇ ਗੁਰੇਜ਼ ਨਹੀਂ ਕੀਤਾ। ਮਰਨ ਵਰਤ ਵੀ ਰੱਖੇ, ਜੇਲਾਂ ਵਿਚ ਵੀ ਗਏ, ਪੁਲਿਸ ਦੀਆਂ ਡਾਂਗਾਂ ਵੀ ਖਾਧੀਆਂ, ਜਲਸੇ ਜਲੂਸ ਮੁਜ਼ਾਹਰਿਆਂ ਦੀ ਤਾਂ ਬਾਤ ਹੀ ਕੀ ਹੈ।

ਮੈਨੂੰ ਮਾਣ ਹੈ ਉਨ੍ਹਾਂ ਬੇਰੁਜ਼ਗਾਰ ਅਤੇ ਬਾਰੁਜ਼ਗਾਰ ਆਧਿਆਪਕਾਂ 'ਤੇ ਜਿਨ੍ਹਾਂ ਨੇ 9 ਸਤੰਬਰ ਤੋਂ ਪਹਿਲੀ ਦਸੰਬਰ 1979 ਤਕ ਰੁਜ਼ਗਾਰ ਪ੍ਰਾਪਤੀ ਲਈ ਜੇਲ੍ਹ ਭਰੋ ਅੰਦੋਲਨ ਸਫ਼ਲ ਕੀਤਾ। ਇਸ ਅੰਦੋਲਨ ਵਿਚ ਬੇਰੁਜ਼ਗਾਰਾਂ ਦੇ ਨਾਲ 1300 ਬਾਰੁਜ਼ਗਾਰ ਅਧਿਆਪਕ ਜੇਲ੍ਹਾਂ ਵਿਚ ਗਿਆ। ਮੈਨੂੰ ਮਾਣ ਹੈ ਉਨ੍ਹਾਂ ਸਾਥੀਆਂ, ਯਾਰਾਂ, ਦੋਸਤਾਂ 'ਤੇ ਜੋ ਅੱਜ ਵੀ ਮੇਰੇ ਹਰ ਦੁੱਖ ਸੁੱਖ ਵਿੱਚ ਸਹਾਈ ਹੋ ਰਹੇ ਹਨ। ਮੈਂ ਆਪਣੀ ਜ਼ਿੰਦਗੀ ਤੋਂ ਬਹੁਤ ਸੰਤੁਸ਼ਟ ਹਾਂ। ਮੈਨੂੰ ਆਪਣੀ ਨੇਕ ਕਮਾਈ 'ਤੇ ਮਾਣ ਹੈ। ਇਸੇ ਨੇਕ ਕਮਾਈ ਕਰਕੇ ਨੇਕ ਤੇ ਫਰਮਾਬਰਦਾਰ ਔਲਾਦ, ਘੋਲਾਂ, ਦੁੱਖਾਂ, ਸੁੱਖਾਂ ਦੀ ਸਾਥਣ ਮੇਰੀ ਧਰਮਪਤਨੀ ਮਨਜੀਤ ਰਾਣਾ ਦਾ ਸਾਥ ਮਿਲਿਆ ਹੋਇਆ ਹੈ।

**ਸੁਖੀ ਵਸੈ ਮੋਰੋ ਪਰਵਾਰਾ ਸੇਵਕ ਸਿਖ ਸਭੈ ਕਰਤਾਰਾ।।**

ਗੱਲਾਂ ਤਾਂ ਬਹੁਤ ਹਨ ...

ਸਾਥੀ ਤ੍ਰਿਲੋਚਨ ਸਿੰਘ 'ਰਾਣਾ' ਨਾਲ ਮੋਬਾਈਲ ਨੰ. 98155-82255 'ਤੇ ਗੱਲ ਕੀਤੀ ਜਾ ਸਕਦੀ ਹੈ।






# BIG BO'S

UP TO 50% SALE

Furniture, Appliances & Blinds

ਵਧੀਆ ਫਰਨੀਚਰ, ਅਪਲਾਇੰਸਿਜ਼ ਅਤੇ ਬਲਾਇੰਡਜ਼ ਲਈ ਅੱਜ ਹੀ ਪਧਾਰੋ BIG BO'S FURNITURE

Stainless Steel 3 Pcs Set

Fridge, Range, Dishwasher, Washer & Dryer 5 Pcs. White Set

GE SAMSUNG FRIGIDAIRE





Store Hours:
Mon-Wed 10 am-6 pm.
Thu-Fri 10 am-8pm.
Sat 10 am-6 pm.
Sun 12 pm - 5 pm.

4220 99 St. NW
Edmonton, AB

780 430 4346

Prices valid until Quantities last.

# Creative Doors & Mouldings Ltd.

"Your Complete Finishing Store"

* Interior * Prehung Units
* Locks & Hardware * French Doors
* Bi-Folds * Mouldings * Accessories
* Railing





Call: Bill Sekhon
Phone: (780) 438-2224
Cell: (780) 232-1816
Fax: (780) 438-4422
9838-60 Avenue Edmonton, AB T6E 0C5

# NEW WAY Stucco Ltd.



Quality work at reasonable rates.

We do Splash Dash Stucco and Acrylic. For free estimates call

(BALJIT) Ph. : (780)-708-1436, Fax : (780)-462-0691

All Kind of Stucco Acrylic & Rain Screen Residential & Commercial

ਕਿਸੇ ਵੀ ਕਿਸਮ ਦੀ ਵਧੀਆ ਸਟੱਕੋ ਕਰਵਾਉਣ ਲਈ ਸਾਨੂੰ ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਉ

# Moga Painting Company

Serving Since 1985



Experts in Interior & Exterior Paint

Residential & Commercial

> Excellent Colour Matching
> Guaranteed Work
> Reasonable Rates

Office Painting, Spray Painting, Staircase Railing, Stain & Varnish

ਆਪਣੇ ਘਰ ਜਾਂ ਦਫਤਰ 'ਚ ਵਧੀਆ ਪੇਂਟ ਵਾਜਬ ਦਾਮ 'ਤੇ ਕਰਵਾਉਣ ਲਈ ਅੱਜ ਹੀ ਸੁਰਜੀਤ ਨੂੰ ਕਾਲ ਕਰੋ।

For Free ESTIMATES Call SURJIT

Edmonton (780) 934-3535 Winnipeg (204) 979-7070



Residential | Commertial | Investment Properties

Home Life/United Realty Inc. Brokerage

Independently Owned & Operated.

*Higher Standards Agents... Higher Results*™

Cell: 647 818 6880
Bus: 905 672 1234
Fax : 905 672 0672
hpshundal@gmail.com

ਟੋਰਾਂਟੋ ਦੇ ਇਲਾਕੇ 'ਚ ਜਾਇਦਾਦ ਖਰੀਦਣ ਜਾਂ ਵੇਚਣ ਲਈ ਇੱਕ ਭਰੋਸੇਮੰਦ ਨਾਂ

Sales Representative

Harinder Hundal
M.Sc. Eco, M.B.A

MLS MULTIPLE LISTING SERVICE® R REALTOR®

50 SunnyVale Gate, Unit # 7, Brampton, ON L6S 0C4

# ਮੁਲਾਕਾਤ Productions

ਟੀ.ਵੀ ਪ੍ਰੋਗਰਾਮ ਮੁਲਾਕਾਤ

Aired on VISION TV
1:00 pm to 1:30 pm
(Alberta Time / Every Saturday)



Charanjit Brar
Producer & Host
Ph: 647 300 8436
cbrar@rogers.com

# ਬਹੁਤ ਹੀ ਘੱਟ ਕੀਮਤਾਂ ਦਾ ਅੱਜ ਹੀ ਫ਼ਾਇਦਾ ਉਠਾਓ

SPRING HAS ARRIVED AT MILLWOODS SUZUKI!

2.9% O.A.C.*

# Certified PRE-OWNED Vehicles SPRING SALE EVENT on now!

All Pre-owned Certified Vehicles come with a 7 month/7,000km Courtesy Powertrain Warranty

2011 SUZUKI GRAND VITARA JX 4X4
#11905-0 LOADED, LOW KMS, FACTORY WARRANTY
3 TO CHOOSE
FROM $23,995 Special Purchase



2.9% FINANCING*

2011 SUZUKI KIZASHI SX AWD
#11948-0 HEATED LEATHER, SUNROOF, ONLY 15,000 KMS
$26,995 Special Purchase



- 2007 SATURN AURA XR LUXURY SEDAN #11932-0 HEATED LEATHER, SUNROOF, ONLY 59,000KM'S $14,995
- 2009 KIA RIO5 HATCHBACK #11853-0 4 CYL, AUTO, LOADED, HEATED SEATS, WARRANTY $11,995
- 2008 BMW X5 3.0Si AWD #11889-0 NAVIGATION, LOADED $42,995
- 2008 MERCEDES ML 350 #11913-0 LOADED $42,995
- 2008 SUZUKI XL7 JLX-L #11T049-1 LOADED, LEATHER, SUNROOF, WARRANTY $20,995
- 2007 MAZDA5 GT #11892-0 LEATHER, SUNROOF, ONLY 46,000KMS $14,995
- 2007 BMW Z4 3.0Si CONVERTIBLE #11786-0 LOW KM'S, VERY NICE $30,995
- 2 TO CHOOSE 2008 MERCEDES B200 H/B #11904-0 LOADED FROM $20,995
- 3 TO CHOOSE 2011 SUZUKI SX4 JLX AWD #11944-0 AUTO, LOADED, HEATED SEATS, ONLY 11,000 KM'S $22,995
- 2008 MERCEDES-BENZ C300 4MATIC #11914-0 LUXURY SEDAN, PHOTOS ONLINE $34,995
- 2009 CHRYSLER PT CRUISER #11926-0 AUTO, LOADED, WARRANTY $12,995
- 2006 FORD F350 DIESEL CREW CAB LARIAT 4X4 #C301169-1 LEATHER, LOADED, FINANCING AVAILABLE $26,995
- 2006 INFINITI G35X AWD SEDAN #11918-1 HEATED LEATHER, SUNROOF, MUST SEE $16,995
- 2010 FORD FUSION SE #11895-0 CLOTH, LOADED, ONLY 28,000KMS, WARRANTY $18,995
- 2008 BMW X5 4.8i AWD #11888-0 PREMIUM PKG, SEE PHOTOS ONLINE $43,995
- 2006 NISSAN X-TRAIL LE #11917-0 LOADED $19,995
- 2005 CHEV UPLANDER LT #T100469-1 7 PASS, DVD, P.SLIDE DOOR $11,995
- 2007 NISSAN MURANO SL AWD #11939-0 HEATED CLOTH, SUNROOF $25,995
- 2007 VW GOLF CITY HATCHBACK #11T070-1 AUTO, LOADED $14,995
- 2007 TOYOTA CAMRY LE SEDAN #011952-1 LOADED, CLOTH INT., SUNROOF $15,995
- 2008 GMC YUKON XL 1500 SLT 4X4 #11941-0 HEATED QUADS, DVD, SUNROOF $26,995

SUZUKI Thank You for making us the #1 SUZUKI DEALER IN CANADA!

SHOP 24/7 @ *2.9% financing up to 36 months O.A.C. or up to $2,000 discount. Vehicles may not appear as illustrated. See dealer for more details.

# MILLWOODS SUZUKI.COM

OPEN SUNDAY 12PM - 4PM

BBB ACCREDITED BUSINESS

Alberta Motor Vehicle Industry Council

3403-93 ST. ON THE AUTO ROW 780-450-4500 TOLL FREE 1-866-897-4500



NAND BHASIN
Contact Nand for the best trade-in value for your vehicle

☑ GREAT SERVICE! ☑ GREAT PRICES! ☑ GREAT SELECTION!

ਸੰਵਾਦ

# ਰਲ ਮਿਲ ਕੇ ਗਰਮੀਆਂ ਗੁਜ਼ਾਰਨਾ

ਅਗਲੇ ਵਿਦਿਅਕ ਵਰ੍ਹੇ ਲਈ ਤਿਆਰ ਹੁੰਦਿਆਂ ਅਸੀਂ ਕੀ ਕਰ ਸਕਦੇ ਹਾਂ? ਇਹ ਉਹ ਸਵਾਲ ਹੈ ਜਿਸ ਨੂੰ ਬਹੁਤ ਸਾਰੇ ਪਰਿਵਾਰ ਉਦੋਂ ਵੀ ਵਿਚਾਰਦੇ ਹਨ ਜਦੋਂ ਵਿਦਿਆਰਥੀ ਅਜੇ ਛੁੱਟੀਆਂ ’ਤੇ ਹੁੰਦੇ ਹਨ ਅਸੀਂ ਛੁੱਟੀਆਂ ਵਿਚ ਵਧੀਆ ਰਹੇ ਜਿਵੇਂ ਕਿ ਤੁਸੀਂ ਇਸ ਲੇਖ ਵਿਚ ਵੀ ਪੜੋਂਗੇ। ਜੇ ਪਰਸੀ ਪੇਜ ਹਾਈ ਸਕੂਲ ਅਤੇ ਕਈ ਹੋਰ ਸਕੂਲ ਕਈ ਕਾਰਨਾਂ ਕਰ ਕੇ ਵਿਦਿਆਰਥੀਆਂ ਲਈ ਗਰਮੀਆਂ ਦੇ ਸਕੂਲ ਕੋਰਸ ਲਗਾਉਂਦੇ ਹਨ। ਕੁੱਝ ਵਿਦਿਆਰਥੀ ਆਪਣਾ ਗਰੇਡ ਸੁਧਾਰਨ ਲਈ ਇਹ ਕੋਰਸ ਲਗਾਉਂਦੇ ਹਨ ਜਾਂ ਫਿਰ ਅਗਲੇ ਸਾਲ ਵਿਚ ਅੱਗੇ ਵਧਣ ਲਈ। ਕੁੱਝ ਇਸ ਲਈ ਕੋਰਸ ਲੈਂਦੇ ਹਨ ਕਿਉਂਕਿ ਉਨ੍ਹਾਂ ਕੋਲ ਹੋਰ ਕੋਈ ਕੰਮ ਨਹੀਂ ਹੁੰਦਾ। ਸਾਡੇ ਕੋਲ ਵੀ ਅਜਿਹੇ ਵਿਦਿਆਰਥੀ ਹੁੰਦੇ ਹਨ ਜਿਹੜੇ ਵਲੰਟੀਅਰ ਜਾਂ ਕੇਵਲ ਆਲੇ ਦੁਆਲੇ ਬੈਠਣ ਦਾ ਕੰਮ ਹੀ ਕਰਦੇ ਹਨ। ਪਰਿਵਾਰ ਲਈ ਸਵਾਲ ਇਹ ਨਹੀਂ ਹੁੰਦਾ ਕਿ ਅਸੀਂ ਆਪਣੇ ਵਿਦਿਆਰਥੀ ਨੂੰ ਕਿਵੇਂ ਰੁੱਝਿਆ ਰੱਖ ਸਕਦੇ ਹਾਂ, ਸਗੋਂ ਇਹ ਹੋਣਾ ਚਾਹੀਦਾ ਹੈ ਕਿ ਜੋ ਉਹ ਕਰ ਰਹੇ ਹਨ ਉਸ ਤੋਂ ਕਿਵੇਂ ਸਿੱਖ ਸਕਦੇ ਹਨ।

ਗਰਮੀਆਂ ਦਾ ਸਮਾਂ ਸਾਡੇ ਲਈ ਅਰਾਮ ਕਰਨ ਅਤੇ ਮਿੱਤਰਾਂ, ਪਰਿਵਾਰਾਂ ਤੇ ਛੁੱਟੀਆਂ ਮਾਨਣ ਲਈ ਹੁੰਦਾ ਹੈ। ਸਾਨੂੰ ਇਸ ਸਮੇਂ ਨੂੰ ਜ਼ਰੂਰ ਇਵੇਂ ਹੀ ਗੁਜ਼ਾਰਨਾ ਚਾਹੀਦਾ ਹੈ, ਫਿਰ ਵੀ ਗਰਮੀਆਂ ਦੌਰਾਨ ਕਿਉਂਕਿ ਦਿਨ ਲੰਮੇ ਹੁੰਦੇ ਹਨ, ਸਾਡੇ ਕੋਲ ਸੁਸਤਾਉਣ ਤੇ ਆਪਣੀਆਂ ਜ਼ਿੰਦਗੀਆਂ ਨੂੰ ਮਾਨਣ ਲਈ ਸਮਾਂ ਹੁੰਦਾ ਹੈ। ਸਕੂਲੀ ਉਮਰ ਦੇ ਬੱਚਿਆਂ ਲਈ ਕਰਨ ਲਈ ਸਭ ਤੋਂ ਵਧੀਆ ਕੰਮ ਹੈ ਕਿ ਉਹ ਕਿਸੇ ਪਰਿਵਾਰਕ ਕੰਮ ਵਿਚ ਸ਼ਾਮਲ ਹੋਣ, ਇਕ ਅਜਿਹਾ ਕੰਮ ਲੱਭਣ ਜਿਸ ਨੂੰ ਸਾਰਾ ਪਰਿਵਾਰ ਕਰਨ ਜਾ ਸਕਦਾ ਹੋਵੇ ਜਾਂ ਇਕੱਠਿਆਂ ਕਰ ਸਕਦਾ ਹੋਵੇ। ਸ਼ਹਿਰ ਉਦਾਲੇ ਦੀਆਂ ਸਭਿਆਚਾਰਕ ਸਰਗਰਮੀਆਂ ਦੇਖਣ ਜਾਉ। ਪਰਿਵਾਰ ਸਮੇਤ ਕੋਈ ਮੈਚ ਦੇਖਣ ਜਾਉ। ਦਾ ਐਡਮਿੰਟਨ ਐਸਕੀਮੋਜ਼ (ਫੁੱਟਬਾਲ), ਐਫ ਸੀ ਐਡਮਿੰਟਨ (ਸੋਕਰ) ਜਾਂ ਕੈਪੀਟਲ (ਬੇਸਬਾਲ) ਸਾਰੀਆਂ ਪੇਸ਼ਾਵਰ ਟੀਮਾਂ ਗਰਮੀ ਦੀਆਂ ਛੁੱਟੀਆਂ ਵਿਚ ਮੈਚ ਖੇਡਦੀਆਂ ਹਨ। ਰਾਜਧਾਨੀ ਪ੍ਰਦਰਸ਼ਨੀ, ਐਡਮਿੰਟਨ ਦੇ ਸਵਾਦ ਜਾਂ ਸ਼ਹਿਰ ਵਿਚਲਾ ਹੋਰ ਕੋਈ ਵੀ ਉਤਸਵ ਪਰਿਵਾਰ ਲਈ ਘਰੋਂ ਬਾਹਰ ਜਾਣ ਦਾ ਵਧੀਆ ਮੌਕਾ ਹੋ ਸਕਦਾ ਹੈ।

ਮੈਂ ਇਨ੍ਹਾਂ ਸਾਰੇ ਕੰਮਾਂ ਦਾ ਜ਼ਿਕਰ ਇਸ ਲਈ ਕਰ ਰਿਹਾ ਹਾਂ ਕਿਉਂਕਿ ਇਹ ਸਾਰੇ ਅਗਲੇ ਸਾਲ ਲਈ ਵਿਦਿਆਰਥੀਆਂ ਦੇ ਸਰਬਪੱਖੀ ਵਿਕਾਸ ਵਿਚ ਸਹਾਈ ਹੋ ਸਕਦੇ ਹਨ। ਇਹ ਸਾਂਝਿਆਂ ਕਰਨਾ ਕਿ ਤੁਹਾਡੇ ਭਾਈਚਰੇ ਵਿਚ ਕੀ ਵਾਪਰਦਾ ਹੈ, ਇਸ ਪੱਖੋਂ ਮਹੱਤਵਪੂਰਨ ਹੈ ਕਿ ਇਸ ਨਾਲ ਸਮਝ ਆਉਂਦੀ ਹੈ ਕਿ ਸਮੁੱਚੇ ਤੌਰ ’ਤੇ ਭਾਈਚਾਰਾ ਕਿਵੇਂ ਕੰਮ ਕਰਦਾ ਹੈ। ਇਹ ਸ਼ਾਮਲ ਹੋਣ ਵਾਲਿਆਂ ਦੀਆਂ ਅਭੁੱਲ ਯਾਦਾਂ ਵੀ ਸਿਰਜਦਾ ਹੈ ਅਤੇ ਸਾਨੂੰ ਇਹ ਮੌਕਾ ਵੀ ਪ੍ਰਦਾਨ ਕਰਦਾ ਹੈ ਕਿ ਅਸੀਂ ਆਪਣੇ ਪਰਿਵਾਰਾਂ ਨਾਲ ਹੋਰ ਮੌਕੇ ਸਾਂਝੇ ਕਰੀਏ।

ਨਰਿੰਦਰ ਰਿਆੜ, ਜੇ ਪਰਸੀ ਪੇਜ ਹਾਈ ਸਕੂਲ ਐਡਮਿੰਟਨ ਵਿੱਚ ਬਤੌਰ ਅਸਿਸਟੈਂਟ ਪ੍ਰਿੰਸੀਪਲ ਸੇਵਾ ਨਿਭਾਅ ਰਹੇ ਹਨ। ‘ਨਵੀਂ ਦੁਨੀਆ’ ਦੇ ਇਸ ਕਾਲਮ ਵਿਚ ਅਸੀਂ ਜਿਥੇ ਉਨ੍ਹਾਂ ਦੀ ਲਿਖਤ ਦਾ ਸਵਾਗਤ ਕਰਦੇ ਹਾਂ, ਉਥੇ ਹੀ ਇਹ ਆਸ ਵੀ ਕਰਦੇ ਹਾਂ ਕਿ ਮਾਪੇ/ਬੱਚੇ ਇਸ ਤੋਂ ਲਾਹਾ ਲੈਣਗੇ।



ਵਿਦਿਆਰਥੀ ਹਮੇਸ਼ਾ ਦਾਅਵਾ ਕਰਨਗੇ ਕਿ ਉਹ ਉਕਤਾ ਗਏ ਅਤੇ ਉਨ੍ਹਾਂ ਕੋਲ ਕਰਨ ਲਈ ਕੁੱਝ ਨਹੀਂ। ਉਨ੍ਹਾਂ ਨੂੰ ਲਾਇਬਰੇਰੀ ਲੈ ਜਾਉ ਅਤੇ ਕਿਤਾਬਾਂ ਕੱਢਵਾਉਣ ਵਿਚ ਉਨ੍ਹਾਂ ਦਾ ਸਾਥ ਦਿਉ। ਜਦੋਂ ਉਹ ਆਪਣੀਆਂ ਤੇ ਤੁਸੀਂ ਆਪਣੀਆਂ ਕਿਤਾਬਾਂ ਪੜਦੇ ਹੋ ਤਾਂ ਇਕ ਦੂਜੇ ਨੂੰ ਦੱਸੋ ਕਿ ਤੁਹਾਡੀਆਂ ਕਿਤਾਬਾਂ ਕਾਹਦੇ ਬਾਰੇ ਹਨ। ਪੂਰਾ ਪਰਿਵਾਰ ਫਿਲਮ ਦੇਖਣ ਜਾਉ ਤੇ ਇਹਦੇ ਬਾਰੇ ਗੱਲ ਕਰੋ, ਯਾਦ ਰੱਖੋ ਕੁੱਝ ਵਿਦਿਆਰਥੀ ਉਂਜ ਫਿਲਮ ਦੇਖਣ ਨਾਲੋਂ ਕੇਵਲ ਤੁਹਾਡੇ ਨਾਲ ਫ਼ਿਲਮ ਦੇਖਣਾ ਪਸੰਦ ਕਰਦੇ ਹਨ।

ਜਦੋਂ ਤੁਹਾਡੀਆਂ ਪਰਿਵਾਰਕ ਇਕੱਤਰਤਾਵਾਂ ਹੁੰਦੀਆਂ ਹਨ, ਆਪਣੇ ਬੱਚਿਆਂ ਲਈ ਯੋਜਨਾ ਬਨਾਉਣੀ ਯਾਦ ਰੱਖੋ। ਉਨ੍ਹਾਂ ਨੂੰ ਕੇਵਲ ਟੀ.ਵੀ. ਦੇਖਣ ਤਕ ਹੀ ਸੀਮਤ ਨਾ ਰੱਖੋ। ਸਾਰੇ ਉਮਰ ਵਰਗਾਂ ਲਈ ਸਰਗਰਮੀਆਂ ਦੀ ਯੋਜਨਾ ਬਣਾ ਕੇ ਰੱਖੋ। ਭਾਵੇਂ ਪਾਰਕ ਵਿਚ ਫੁੱਟਬਾਲ ਹੋਵੇ, ਜਾਂ ਪੇਜ ’ਤੇ ਸ਼ਿਲਪ ਕ੍ਰਿਤਾਂ ਹੋਣ, ਇਹ ਉਨ੍ਹਾਂ ਨੂੰ ਦਰਸਾਉਣਗੇ ਕਿ ਇਹ ਸੱਭ ਮਹੱਤਵਪੂਰਨ ਹਨ ਅਤੇ ਇਸ ਤੋਂ ਵੀ ਜ਼ਿਆਦਾ ਕਿ ਇਨ੍ਹਾਂ ਦੁਆਰਾ ਰਿਸ਼ਤੇ ਮਜ਼ਬੂਤ ਹੁੰਦੇ ਹਨ।

ਸਾਡੇ ਵਿਚੋਂ ਕਈਆਂ ਦੇ ਵਡੇਰੀ ਉਮਰ ਦੇ ਰਿਸ਼ਤੇਦਾਰ ਹੁੰਦੇ ਹਨ ਜਿਨ੍ਹਾਂ ਕੋਲ ਜਵਾਨ ਹੋ ਰਿਹਾਂ ਨੂੰ ਸੁਣਾਉਣ ਲਈ ਕਹਾਣੀਆਂ ਹੁੰਦੀਆਂ ਹਨ। ਆਪਣੇ ਬੱਚਿਆਂ ਦੀ ਉਨ੍ਹਾਂ ਨਾਲ ਮੁਲਾਕਾਤ ਕਰਵਾਉ ਅਤੇ ਇਹ ਕਹਾਣੀਆਂ ਲਿਖੋ। ਉਹ ਹੋਰਨਾਂ ਨਾਲ ਸਾਂਝੀਆਂ ਕੀਤੀਆਂ ਜਾ ਸਕਦੀਆਂ ਹਨ ਜਾਂ ਫਿਰ ਉਨ੍ਹਾਂ ਦੇ ਪਰਿਵਾਰ ਦਰਮਿਆਨ ਪੀਡੀ ਸਾਂਝ ਵੀ ਪੈਦਾ ਕੀਤੀ ਜਾ ਸਕਦੀ ਹੈ। ਸਾਡੇ ’ਚੋਂ ਕੁੱਝ ਖੁਸ਼ਕਿਸਮਤ ਛੁੱਟੀਆਂ ਬਿਤਾਉਣ ਬਾਹਰ ਵੀ ਜਾਂਦੇ ਹਨ। ਉਥੇ ਕੇਵਲ ਜਾਉ ਨਾ ਕੁੱਝ ਕਰੋ ਵੀ। ਪਤਾ ਕਰੋ ਕਿ ਰਾਹ ਵਿਚ ਕਿਹੜੀਆਂ ਦੇਖਣ ਯੋਗ ਥਾਵਾਂ ਪੈਂਦੀਆਂ ਹਨ। ਇਲਾਕੇ ਬਾਰੇ ਬੱਚਿਆਂ ਨਾਲ ਗੱਲ ਕਰੋ। ਉਨ੍ਹਾਂ ਨੂੰ ਸ਼ਹਿਰ ਵਿਚ ਘੁੰਮਣ ਯੋਗ ਥਾਵਾਂ, ਪਾਰਕਾਂ, ਝੀਲ ਆਦਿ ਦੇਖਣ ਲੈ ਜਾਉ।ਦੁਪਹਿਰ ਦਾ ਖਾਣਾ, ਰਮਣੀਕ ਥਾਵਾਂ ਦੇਖਦਿਆਂ, ਆਨੰਦ ਨਾਲ ਖਾਉ। ਇਹ ਸਮਾਂ ਤੁਹਾਨੂੰ ਮੁੜ ਨਹੀਂ ਮਿਲੇਗਾ। ਇਸ ਨੂੰ ਗੁਆਉ ਨਾ ਸਗੋਂ ਸਾਂਝਾ ਕਰੋ। ਆਉਂਦੇ ਵਿਦਿਅਕ ਵਰ੍ਹੇ ਲਈ ਅਸੀਂ ਅਪਣੇ ਬੱਚਿਆਂ ਦੀ ਬਿਹਤਰ ਤਿਆਰੀ ਕਿਵੇਂ ਕਰ ਸਕਦੇ ਹਾਂ? ਜਵਾਬ ਸੌਖਾ ਹੈ : ਛੁੱਟੀਆਂ ਨੂੰ ਛੁੱਟੀਆਂ ਸਮਝੋ। ਸਾਂਝ ਵਧਾਉਣ, ਹੱਸਣ ਅਤੇ ਇਕੱਠਿਆਂ ਸਮਾਂ ਗੁਜ਼ਾਰਨ ਦੇ ਅਵਸਰ ਪ੍ਰਾਪਤ ਕਰੋ। ਉਹ ਇਸ ਲਈ ਪ੍ਰਫੁਲਤ ਹੋਣਗੇ ਅਤੇ ਉਸ ਸਮੇਂ ਨੂੰ ਕੀਮਤੀ ਖਿਆਲ ਕਰਨਗੇ ਜਿਹੜਾ ਤੁਸੀਂ ਨਾਲ ਬਿਤਾਇਆ।

ਨਰਿੰਦਰ ਰਿਆੜ
ਅਸਿਸਟੈਂਟ ਪ੍ਰਿੰਸੀਪਲ, ਜੇ.ਪਰਸੀ ਪੇਜ ਹਾਈ ਸਕੂਲ
Email : narinder.riar@epsb.ca

# ਕੀ ਜੰਕ ਫੂਡਜ਼ ਮੋਟਾਪਾ ਵਧਾਉਂਦੇ ਹਨ?



ਡਾ. ਬਲਵਿੰਦਰ ਕੌਰ (ਭੋਜਨ ਸਲਾਹਕਾਰ)
ਆਈਵੀ ਮਲਟੀਸਪੈਸ਼ਲਿਟੀ ਹਸਪਤਾਲ ਸੈਕਟਰ 71 ਮੋਹਾਲੀ
balwinderdietician77@gmail.com

ਅਸੀਂ ਹਰ ਇਕ ਤੋਂ ਜੰਕ ਫੂਡ ਬਾਰੇ ਕਾਫ਼ੀ ਕੁੱਝ ਸੁਣਦੇ ਹਾਂ। ਕਿਸੇ ਕੋਲ ਜੰਕ ਫੂਡ ਇਕ ਚਲੰਤ ਜਿਹਾ ਸ਼ਬਦ ਹੈ, ਜਿਹੜਾ ਸੀਮਤ ਪੌਸ਼ਟਿਕਤਾ ਵਾਲੇ ਭੋਜਨ ਲਈ ਵਰਤਿਆ ਜਾਂਦਾ ਹੈ। ਹਰ ਵਿਅਕਤੀ ਕੋਲ ਜੰਕ ਫੂਡਜ਼ ਦੀ ਆਪਣੀ ਸੂਚੀ ਹੈ। ਮੈਂ ਇਸ ਵਿਚ ਉਹ ਭੋਜਨ ਸ਼ਾਮਲ ਕਰਾਂਗੀ ਜਿਨ੍ਹਾਂ ਵਿਚ ਜ਼ਿਆਦਾ ਨਮਕ, ਸ਼ੱਕਰ ਅਤੇ ਚਿਕਨਾਈ ਜਾਂ ਕੈਲਰੀਆਂ ਹੋਣ ਅਤੇ ਘੱਟ ਪੌਸ਼ਟਿਕ ਤੱਤ ਹੋਣ।

ਨਮਕੀਨ ਸਨੈਕ, ਕੈਂਡੀ, ਗਮ, ਮਠਿਆਈਆਂ, ਤਲੇ ਹੋਏ ਖਾਧ ਪਦਾਰਥ ਅਤੇ ਕਾਰਬੋਨੇਟ ਯੁਕਤ ਪੀਣ ਵਾਲੇ ਪਦਾਰਥ ਪ੍ਰਮੁੱਖ ਜੰਕ ਫੂਡਜ਼ ਹਨ। ਸ਼ਬਦ 'ਖਾਲੀ ਕੈਲਰੀਆਂ’ ਪੌਸ਼ਟਿਕ ਤੱਤਾਂ ਦੀ ਕਮੀ ਨੂੰ ਪ੍ਰਤੀਬਿੰਬਤ ਕਰਦਾ ਹੈ। ਸਭ ਕੁੱਝ ਤੋਂ ਪ੍ਰਹੇਜ਼ ਕਰਨ ਦੀ ਬਜਾਏ ਹਰ ਭੋਜਨ ਦਾ ਨਿਰਣਾ ਪੈਕਟ ਉਪਰਲੇ ਲੇਬਲ ’ਤੇ ਦਰਜ ਮਿਸ਼ਰਣਾਂ ਦੀ ਸੂਚੀ ਅਤੇ ਪੌਸ਼ਟਿਕ ਤੱਥਾਂ ’ਤੇ ਅਧਾਰਿਤ ਕਰੋ।

ਲੇਬਲ ਉਪਰਲੀ ਪੌਸ਼ਟਿਕਤਾ ਦਰਸਾਉਂਦੀ ਸੂਚਨਾ ’ਤੇ ਮਾਰੀ ਇਕ ਝਾਤ ਕੈਲਰੀਆਂ ਦੀ ਪ੍ਰਤੀ ਭੋਜਨ ਗਿਣਤੀ, ਚਿਕਨਾਈ ਦੇ ਗਰਾਮਾਂ, ਸੋਡੀਅਮ, ਕਲੈਸਟ੍ਰੋਲ, ਫ਼ਾਈਵਰ ਅਤੇ ਪੌਸ਼ਟਿਕਤ ਸਬੰਧੀ ਸਿਹਤ ਖਤਰੇ ਨੂੰ ਘਟਾਉਣ ਸਬੰਧੀ ਤੁਹਾਡੇ ਗਿਆਨ ਨੂੰ ਵਧਾਏਗੀ। 300 ਕੈਲਰੀਆਂ ਜਾਂ ਇਸ ਤੋਂ ਘੱਟ ਦੀ ਪ੍ਰਤੀ ਭੋਜਨ ਮਾਤਰਾ ਚੰਗੀ ਸਮਝੀ ਜਾਂਦੀ ਹੈ। ਇਹ ਉਦੋਂ ਤਕ ਜਦੋਂ ਤਕ ਤੁਸੀਂ ਭਾਰ ਘਟਾਉਣ ਵਾਲਾ ਭੋਜਨ ਨਾ ਲੈ ਰਹੇ ਹੋਵੋਂ। ਭੋਜਨ ਦੇ ਅਕਾਰ ਪ੍ਰਤੀ ਹਮੇਸ਼ਾ ਸੁਚੇਤ ਰਹੋ। ਕਈ ਵਾਰ ਪਰੋਸੇ ਗਏ ਭੋਜਨ ਦਾ ਆਕਾਰ ਓਨਾ ਛੋਟਾ ਨਹੀਂ ਹੁੰਦਾ ਜਿਨ੍ਹਾਂ ਤੁਸੀਂ ਆਪਣੇ ਆਪ ਲਈ ਪਰੋਸਦੇ ਹੋ।

ਹੁਣ ਚਿਕਨਾਈ ਦੇ ਗਰਾਮਾਂ ਦੀ ਗਿਣਤੀ ’ਤੇ ਨਜ਼ਰ ਮਾਰੋ। ਭੋਜਨ ਵਿਚ ਪਰੋਸੀ ਗਈ ਪੰਜ ਗਰਾਮ ਚਿਕਨਾਈ ਜੋ ਤੁਸੀਂ ਖਾਂਦੇ ਹੋ, ਚਿਕਨਾਈ ਦੇ ਇਕ ਚਮਚ ਦੇ ਬਰਾਬਰ ਹੁੰਦੀ ਹੈ। ਇਸ ਲਈ ਜੇਕਰ ਭੋਜਨ ਵਿਚ 23 ਗਰਾਮ ਚਿਕਨਾਈ ਪਰੋਸਣੀ ਹੈ ਤਾਂ ਇਹ ਚਿਕਨਾਈ ਦੇ ਸਾਢੇ ਚਾਰ ਚਮਚਿਆਂ ਦੇ ਬਰਾਬਰ ਹੁੰਦੀ ਹੈ। ਤੁਹਾਨੂੰ ਚਿਕਨਾਈ ਅਤੇ ਪ੍ਰਤੀ ਦਿਨ ਭੋਜਨ ਦੀਆਂ ਕੁਲ ਕੈਲਰੀਆਂ ਦੇ 30ਫੀਸਦੀ ਤਕ ਸੀਮਤ ਰੱਖਣੀ ਚਾਹੀਦੀ ਹੈ। ਚਿਕਨਾਈ 25ਫੀਸਦੀ ਤੋਂ ਘਟਾਉਣੀ ਨਹੀਂ ਚਾਹੀਦੀ ਕਿਉਂਕਿ ਘੁਲਣਸ਼ੀਲ ਵਿਟਾਮਿਨਾਂ ਨੂੰ ਸਰੀਰ ਵਿਚ ਲਿਜਾਣ ਅਤੇ ਭੋਜਨ ਤੋਂ ਸੰਤੁਸ਼ਟੀ ਦਿਵਾਉਣ ਵਿਚ ਇਹ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਹੈ। ਸੋਡੀਅਮ ਦੀ ਮਾਤਰਾ 2300 ਮਿਲੀ ਗਰਾਮ ਜਾਂ ਇਸ ਤੋਂ ਘੱਟ ਪ੍ਰਤੀ ਭੋਜਨ ਪ੍ਰਤੀ ਦਿਨ ਹੋਣੀ ਚਾਹੀਦੀ ਹੈ। ਕੁੱਝ ਭੋਜਨ ਜਿਵੇਂ ਕਿ ਮਾਸ-ਮੱਛੀ ਸੋਡੀਅਮ ਦੀ ਬਹੁਤ ਜ਼ਿਆਦਾ ਮਾਤਰਾ ਰਖਦੇ ਹਨ। ਇਹ ਭੋਜਨ ਸੀਮਤ ਕਰਨੇ ਚਾਹੀਦੇ ਹਨ ਪਰ ਉਨ੍ਹਾਂ ਨੂੰ ਪੂਰੀ ਤਰ੍ਹਾਂ ਛੱਡਣਾ ਨਹੀਂ ਚਾਹੀਦਾ। ਕਲੈਸਟ੍ਰੋਲ ਦੀ ਮਾਤਰਾ 300 ਮਿਲੀਗਰਾਮ ਜਾਂ ਇਸ ਤੋਂ ਘੱਟ ਪ੍ਰਤੀ ਦਿਨ ਹੋਣੀ ਚਾਹੀਦੀ ਹੈ। ਇਹ ਚੇਤੇ ਰੱਖਣਾ ਸੌਖਾ ਹੈ ਕਿ 300 ਉਹੀ ਗਿਣਤੀ ਹੈ, ਜੋ ਕਿ ਪ੍ਰਤੀ ਭੋਜਨ ਕੈਲਰੀਆਂ ਦੀ ਹੈ।

ਫਾਈਬਰ (ਰੇਸ਼ੇ) ਨੂੰ ਖੁਰਾਕੀ ਰੇਸ਼ਿਆਂ ਦੇ ਗਰਾਮਾਂ ਵਿਚ ਅੰਕਿਤ ਕੀਤਾ ਜਾਂਦਾ ਹੈ। ਉਤਪਾਦ ਤੋਂ ਉਤਪਾਦ ਇਸ ਦੀ ਮਾਤਰਾ ਵਿਚ ਭਿੰਨਤਾ ਹੁੰਦੀ ਹੈ। ਜ਼ਰੂਰੀ ਨਹੀਂ ਦੁਕਾਨ ਤੋਂ ਸਭ ਤੋਂ ਵਧੇਰੇ ਮਾਤਰਾ ਵਾਲਾ ਰੇਸ਼ੇਦਾਰ ਭੋਜਨ ਮਿਲ ਸਕਦਾ ਹੋਵੇ। ਦੋ ਗਰਾਮ ਤੋਂ ਵੱਧ ਰੇਸ਼ਾ ਰੱਖਣ ਵਾਲਾ ਕੋਈ ਵੀ ਭੋਜਨ ਚੰਗਾ ਹੁੰਦਾ ਹੈ। ਪੰਜ ਗਰਾਮ ਜਾਂ ਇਸ ਤੋਂ ਵੱਧ ਰੇਸ਼ਾ ਰੱਖਣ ਵਾਲੇ ਭੋਜਨ ਵਿਚ ਸ਼ੱਕਰ ਦੀ ਵੱਧ ਮਾਤਰਾ ਆਮ ਤੌਰ ’ਤੇ ਠੰਢੇ ਦਾਣੇਦਾਰ ਪੈਕਟਾਂ ’ਤੇ ਦਰਜ ਹੁੰਦੀ ਹੈ। ਇਕ ਚਮਚ ਸ਼ੱਕਰ, ਚਾਰ ਗਰਾਮ ਸ਼ੱਕਰ ਦੇ ਬਰਾਬਰ ਹੁੰਦੀ ਹੈ। ਸ਼ੱਕਰ ਨੂੰ ਚਾਰ ਗਰਾਮ ਤਕ ਸੀਮਤ ਰੱਖੋ, ਪਰ ਜੇਕਰ ਫਲ ਹੋਣ ਤਾਂ ਸ਼ੱਕਰ ਦੀ ਮਾਤਰਾ ਅੱਠ ਗਰਾਮ ਤਕ ਹੋ ਸਕਦੀ ਹੈ ਕਿਉਂਕਿ ਇਸ ਸ਼ੱਕਰ ਵਿਚ 60 ਫੀਸਦੀ ਫਲ ਅਤੇ ਤੱਤ ਦੇ 40 ਫੀਸਦੀ ਸ਼ੱਕਰ ਤੱਤ ਹੁੰਦੇ ਹਨ। ਜੇਕਰ ਤੁਸੀਂ ਕੋਈ ਸ਼ੱਕਰ ਨਹੀਂ ਲੈਂਦੇ ਤਾਂ ਤੁਸੀਂ ਫਲ ਵੀ ਨਹੀਂ ਲੈ ਰਹੇ ਹੋਵੋਂਗੇ, ਜਿਹੜੇ ਕਿ ਪੌਸ਼ਟਿਕ ਤੱਤਾਂ ਤੇ ਘੁਲਣਸ਼ੀਲ ਰੇਸ਼ੇ ਦਾ ਕੀਮਤੀ ਸਰੋਤ ਹੁੰਦੇ ਹਨ।

ਜੇਕਰ ਤੁਸੀਂ ਜੰਕ ਫੂਡ ਨੂੰ ਘਟਾਉਣਾ ਚਾਹੁੰਦੇ ਹੋ ਤਾਂ ਤੁਹਾਨੂੰ ਨਮਕ, ਸ਼ੱਕਰ, ਚਿਕਨਾਈ ਅਤੇ ਰੀਫਾਇੰਡ ਭੋਜਨ ਘਟਾਉਣੇ ਚਾਹੀਦੇ ਹਨ। ਪੌਸ਼ਟਿਕ ਤੱਤਾਂ ਤੋਂ ਕੈਲਰੀਆਂ ਦੀ ਚੋਣ ਕਰੋ। ਚੰਗਾ ਖਾਉ ਤੰਦਰੁਸਤ ਰਹੋ।






# ਪੀ.ਸਾਈਨਾਥ ਨੇ ਕੀਤੀਆਂ 'ਇੰਡੀਆ ਸ਼ਾਈਨਿੰਗ' 'ਤੇ ਬੇਬਾਕ ਟਿੱਪਣੀਆਂ

ਐਡਮਿੰਟਨ (ਨਦਬ)-ਪ੍ਰੋਗਰੈਸਿਵ ਪੀਪਲਜ਼ ਫ਼ਾਊਂਡੇਸ਼ਨ ਆਫ਼ ਐਡਮਿੰਟਨ ਵਲੋਂ ਰਸੋਈ ਰੈਸਟੋਰੈਂਟ ਵਿਖੇ ਉਘੇ ਪੱਤਰਕਾਰ ਪਾਲੀਗੁਮੀ ਸਾਈਨਾਥ ਨਾਲ ਇਕ ਵਿਸ਼ੇਸ਼ ਮਿਲਣੀ ਦਾ ਆਯੋਜਨ ਕੀਤਾ ਗਿਆ। ਪ੍ਰੋਗਰਾਮ ਦੇ ਸੁਰੂ 'ਚ ਪ੍ਰੋਗਰੈਸਿਵ ਪੀਪਲਜ਼ ਫ਼ਾਊਂਡੇਸ਼ਨ ਆਫ਼ ਐਡਮਿੰਟਨ ਦੇ ਪ੍ਰਧਾਨ ਦਲਬੀਰ ਸਾਂਗਿਆਣ ਨੇ ਇਸ ਮਿਲਣੀ 'ਚ ਆਏ ਮਹਿਮਾਨਾਂ ਨੂੰ ਜੀ ਆਇਆਂ ਆਖਦਿਆਂ ਅਦਾਰੇ ਦੀਆਂ ਗਤੀਵਿਧੀਆਂ ਬਾਰੇ ਅਤੇ ਪ੍ਰੋਗਰਾਮ ਦੀ ਰੂਪ-ਰੇਖਾ ਸਬੰਧੀ ਜਾਣਕਾਰੀ ਸਾਂਝੀ ਕੀਤੀ। ਮੁੱਖ ਬੁਲਾਰੇ ਦੀ ਜਾਣ-ਪਛਾਣ ਕਰਾਉਂਦਿਆਂ ਪ੍ਰੋ. ਰਾਜ ਪਨੂੰ ਨੇ ਉਨ੍ਹਾਂ ਨੂੰ ਆਪਣੀ ਪੀੜ੍ਹੀ ਦੇ ਸਭ ਤੋਂ ਸ਼ਾਨਦਾਰ ਪੱਤਰਕਾਰਾਂ ਵਿਚੋਂ ਇਕ ਕਿਹਾ, ਜਿਸ ਨੂੰ ਯੂਨੀਵਰਸਿਟੀ ਆਫ ਅਲਬਰਟਾ ਨੇ ਡਾਕਟਰੇਟ ਦੀ ਆਨਰੇਰੀ ਡਿਗਰੀ ਪ੍ਰਦਾਨ ਕੀਤੀ ਹੈ । ਇਕ ਖੋਜੀ ਪੱਤਰਕਾਰ ਵਜੋਂ ਵਿਚਰਦਿਆਂ ਆਪਣੇ ਕਾਲਮਾਂ ਰਾਹੀਂ, ਮੁੱਖ-ਧਾਰਾ ਵਲੋਂ ਅਣਗੌਲੇ ਪੇਂਡੂ ਭਾਰਤ ਤੇ ਆਪਣਾ ਧਿਆਨ ਕੇਂਦਰਿਤ ਕਰਦਿਆਂ ਸਾਈਨਾਥ ਨੇ ਦੁਨੀਆਂ ਦਾ ਧਿਆਨ ਇਥੇ ਵਸੇ ਲੋਕਾਂ ਦੀ ਗ਼ਰੀਬੀ, ਬੇਇਨਸਾਫ਼ੀ ਅਤੇ ਅਮੀਰੀ-ਗਰੀਬੀ ਦੇ ਵੱਧ ਰਹੇ ਪਾੜੇ ਵੱਲ ਖਿੱਚਿਆ। ਉਨ੍ਹਾਂ ਦਸਿਆ ਕਿ ਪਾਲੀਗੁਮੀ ਸਾਈਨਾਥ ਐਮਨੇਸਟੀ ਇੰਟਰਨੈਸ਼ਨਲ ਵਲੋਂ ਵਿਸ਼ਵ ਮਾਨਵੀ ਅਧਿਕਾਰ ਪੱਤਰਕਾਰਿਤਾ ਪੁਰਸਕਾਰ ਅਤੇ ਮੈਗਸਾਸੇ ਇਨਾਮ ਜੇਤੂ ਵੀ ਹੈ।

ਸਮਾਗਮ ਦੇ ਵਿਸ਼ੇ 'ਸ਼ਾਈਨਿੰਗ ਇੰਡੀਆ' 'ਤੇ ਪੀ.ਸਾਈਨਾਥ ਨੇ ਵਿਅੰਗ ਕੱਸਦਿਆਂ ਕਿਹਾ ਕਿ ਇਸ ਦੇ ਪ੍ਰਚਾਰ ਲਈ ਮੀਡੀਆ ਨੇ 4000 ਮਿਲੀਅਨ ਲੋਕਾਂ ਦਾ ਧਨ ਸਿਰਫ ਇਸ ਲਈ ਲੁਟਾਇਆ ਕਿ ਲੋਕ ਕਿਸ ਤਰ੍ਹਾਂ ਚੰਗਾ ਮਹਿਸੂਸ ਕਰ ਰਹੇ ਹਨ । ਗਰੀਬੀ ਦਾ ਪੱਧਰ ਹੇਠਾਂ ਡਿੱਗਿਆ ਹੈ, ਅਸੀਂ ਵੱਡੀ ਆਰਥਿਕ ਸ਼ਕਤੀ ਬਣ ਕੇ ਉਭਰੇ ਹਾਂ, ਵਿਦੇਸ਼ੀ ਸਿੱਕੇ ਦੇ ਭੰਡਾਰ ਵੱਧ ਰਹੇ ਹਨ। ਭਾਰਤ ਦੇ ਲੋਕ ਦੁਨੀਆਂ ਦੇ ਸਭ ਤੋਂ ਅਮੀਰ ਲੋਕਾਂ ਵਿਚ ਸ਼ੁਮਾਰ ਹੋ ਰਹੇ ਹਨ। ਨਿੱਜੀ ਕਾਰਾਂ ਦੀ ਗਿਣਤੀ ਤੇਜ਼ੀ ਨਾਲ ਵੱਧ ਰਹੀ ਹੈ। ਅਸੀਂ ਵਿਸ਼ਵ ਕ੍ਰਿਕਟ ਕੱਪ ਜਿੱਤ ਲਿਆ ਹੈ। ਇਹ ਸਭ ਸੱਚ ਹੈ, ਪਰ ਭਾਰਤ ਦੇ ਕੇਵਲ 10 ਪ੍ਰਤੀਸ਼ਤ ਲੋਕਾਂ ਲਈ ਹੀ ਤਕਨੀਕ, ਨਿਵੇਸ਼ ਅਤੇ ਸਟਾਕ ਮਾਰਕੀਟ ਵਿਚ ਭਾਰਤ ਚਮਕ ਰਿਹਾ ਹੈ। ਮੋਬਾਈਲ .ਫੋਨ ਵਿਚ ਵੀ ਇਸ ਦੀ ਚਮਕ ਬੜੀ ਤਿੱਖੀ ਹੈ, ਪ੍ਰੰਤੂ ਇਹ ਦੁਪ੍ਰਬੰਧ ਦੇ ਅਧੀਨ ਭ੍ਰਿਸ਼ਟਾਚਾਰ, ਅਣਉਤਪਾਦਤ ਰਾਜਸੀ ਪ੍ਰਸ਼ਾਸਨਿਕ, ਵਪਾਰਿਕ, ਨਿਆਂਇਕ ਖੇਤਰਾਂ ਵਿਚ ਵੀ ਚਮਕ ਰਿਹਾ ਹੈ। ਇਹ ਅਪਰਾਧੀ ਪੁਲਿਸ ਮਾਫ਼ੀਆ, ਸਕੈਂਡਲਾਂ, ਘੁਟਾਲਿਆਂ ਆਦਿ ਵਾਲੇ ਪਾਸੇ ਵੀ ਚਮਕਾਂ ਮਾਰ ਰਿਹਾ ਹੈ। ਸਾਈਨਾਥ ਨੇ ਦੱਸਿਆ ਕਿ ਉਪਰਲੀ ਮੱਧ ਸ਼੍ਰੇਣੀ ਦਾ ਭਾਰਤ ਤਾਂ ਸਾਈਨ ਕਰਨਾ ਹੀ ਹੋਇਆ ਕਿਉਂਕਿ ਉਸ ਦੇ ਮਤਲਬ ਦੀਆਂ ਚੀਜ਼ਾਂ ਹਵਾਈ ਟਿਕਟਾਂ, ਕੰਪਿਊਟਰ, ਕਾਰਾਂ ਆਦਿ ਸਸਤੀਆਂ ਤੇ ਉਸ ਦੀ ਪਹੁੰਚ ਵਿਚ ਹਨ। ਜਦਕਿ ਇਸੇ ਸਮੇਂ ਗਰੀਬਾਂ ਲਈ ਚਾਵਲ, ਕਣਕ, ਬਿਜਲੀ, ਗੈਸ ਸਿਲੰਡਰ, ਪਾਣੀ ਦੀ ਕੀਮਤ ਵਿਚ 300 ਤੋਂ 500 ਗੁਣਾਂ ਵਾਧਾ ਹੋਇਆ ਹੈ। ਨਿਵੇਸ਼ ਦੀ ਚਰਚਾ ਕਰਦਿਆਂ ਸਾਈਨਾਥ ਨੇ ਕਿਹਾ ਕਿ 65% ਘਰਾਂ ਦਾ ਕੋਈ ਬੈਂਕ ਖਾਤਾ ਨਹੀਂ ਹੈ ਤੇ ਦਸ ਮਿਲੀਅਨ ਕਰਜ਼ੇ ਹੇਠ ਦੱਬੇ ਰਹਿੰਦੇ ਹਨ। ਕਿਸਾਨਾਂ ਵਿਚ ਖ਼ੁਦਕੁਸ਼ੀਆਂ ਦਾ ਰੁਝਾਨ ਹਰੀਕ੍ਰਾਂਤੀ ਤੋਂ ਬਾਅਦ ਪੈਦਾ ਹੋਇਆ ਹੈ। ਕਿਸਾਨ ਕਾਰ-ਪੋਰੇਟ ਮੁਨਾਫਿਆਂ ਦੀ ਭੇਟ ਚੜ੍ਹ ਰਹੇ ਹਨ। "ਦਸ ਸਾਲ ਪਹਿਲਾਂ ਕਿਸਾਨ ਬੀਜ ਦਾ ਬੋਰਾ 300 ਰੁਪਏ ਵਿਚ ਖ਼ਰੀਦਦਾ ਸੀ, ਉਹੀ ਅੱਜ ਉਸ ਨੂੰ 1800 ਰੁਪਏ ਵਿਚ ਮਿਲਦਾ ਹੈ।'' ਖੇਤੀ ਸੰਕਟ ਦੇ ਚਲਦਿਆਂ ਕਿਸਾਨ ਨੂੰ ਲਾਹੇਵੰਦ ਭਾਅ ਨਹੀਂ ਮਿਲਦੇ ਤਾਂ ਖੁਦਕੁਸ਼ੀ ਹੀ ਉਸ ਕੋਲ ਇਕੋ ਇਕ ਰਾਹ ਬਚਦਾ ਹੈ। ਖੱਬੀਆਂ ਸੂਬਾਈ ਸਰਕਾਰਾਂ ਦੀ ਚਰਚਾ ਕਰਦਿਆਂ ਸਾਈਨਾਥ ਨੇ ਕਿਹਾ ਕਿ ਇਨ੍ਹਾਂ ਨੇ ਫਿਰ ਵੀ ਗਰੀਬੀ ਨੂੰ ਘਟਾਉਣ ਅਤੇ ਜਨਤਕ ਖੇਤਰ ਨੂੰ ਬਚਾਉਣ ਲਈ ਯਤਨ ਕੀਤੇ ਹਨ।

ਜਿਹੜੇ ਸਵਾਲ ਪੀ.ਸਾਈਨਾਥ ਨੂੰ ਇਸ ਮਿਲਣੀ ਦੌਰਾਨ ਪੁੱਛੇ ਗਏ, ਉਨ੍ਹਾਂ ਵਿਚੋਂ ਪ੍ਰਮੁੱਖ ਹਜ਼ਾਰਾਂ ਭਾਰਤੀ ਕਿਸਾਨਾਂ ਵਲੋਂ ਕੀਤੀਆਂ ਜਾ ਰਹੀਆਂ ਖੁਦਕੁਸ਼ੀਆਂ, ਖੁਦਕੁਸ਼ੀਆਂ ਨੂੰ ਘਟਾ ਕੇ ਦੇਖਣ, ਖੁਦਕੁਸ਼ੀਆਂ ਵਾਲੇ ਖੇਤਰਾਂ ਵਿਚ ਜਨਤਕ ਵਿਦਰੋਹ ਦੀ ਅਣਹੋਂਦ, ਮੀਡੀਆ ਵਿਚ ਤਰਜੀਹ ਮਿੱਥਣ ਗੋਚਰੀ ਸੂਝ ਦੀ ਘਾਟ ਆਦਿ ਬਾਰੇ ਸਨ। ਇਨ੍ਹਾਂ ਸਾਰੇ ਸਵਾਲਾਂ ਦੇ ਬੜੇ ਸਪੱਸ਼ਟ ਤੇ ਸਟੀਕ ਜਵਾਬ ਦਿੰਦਿਆਂ ਸਾਈਨਾਥ ਨੇ ਕਿਹਾ ਕਿ ਕੇਂਦਰ ਤੇ ਸੂਬਾਈ ਸਰਕਾਰਾਂ ਨੇ ਪੇਂਡੂ ਖੇਰਤਾਂ ਵਿਚ ਨਿਵੇਸ਼ ਘਟਾ ਦਿਤਾ ਹੈ। ਸਰਕਾਰ ਪਾਣੀ, ਬੀਜ ਤੇ ਖੇਤੀਬਾੜੀ ਲਈ ਜ਼ਰੂਰੀ ਸਾਜੋ ਸਮਾਨ ਮੁੱਹਈਆ ਨਹੀਂ ਕਰਵਾ ਰਹੀ। ਕਿਸਾਨਾਂ ਦੀ ਸਰਕਾਰੀ ਸਹਾਇਤਾ ਘਟੀ ਹੈ। ਬੀਜ ਕੇਵਲ ਮਹਿੰਗੇ ਹੀ ਨਹੀਂ ਹੋਏ ਸਗੋਂ ਇਨ੍ਹਾਂ ਦੀ ਗੁਣਵੱਤਾ ਵੀ ਘਟੀ ਹੈ। ਕਾਰਪੋਰੇਟ ਦੀ ਮੰਗ ਤੇ ਬੀਜਾਂ ਦੀ ਘੱਟੋ ਘੱਟ ਪੁੰਗਰਨ ਦਰ ਦੀ ਸ਼ਰਤ 60% ਤੱਕ ਘਟਾ ਦਿੱਤੀ ਗਈ ਹੈ ਜਿਸ ਨਾਲ ਕਿਸਾਨੀ ਦੀ ਹਾਲਤ ਮਾੜੀ ਹੋਈ ਹੈ। ਕਿਸਾਨ ਖੁਦਕੁਸ਼ੀ ਦਾ ਪੈਮਾਨਾ ਗਲਤ ਹੈ, ਇਸ ਕਰ ਕੇ ਖੁਦਕੁਸ਼ੀਆਂ ਦੀ ਗਿਣਤੀ ਘਟਾ ਕੇ ਦੱਸੀ ਜਾਂਦੀ ਹੈ। ਕੇਵਲ ਜ਼ਮੀਨ ਮਾਲਕ ਨੂੰ ਕਿਸਾਨ ਗਿਣਿਆ ਜਾਂਦਾ ਹੈ। ਔਰਤ (ਕਿਸਾਨ) ਖੁਦਕੁਸ਼ੀ ਕਰੇ ਤਾਂ ਉਸ ਨੂੰ ਕਿਸਾਨ ਨਹੀਂ ਗਿਣਿਆ ਜਾਂਦਾ। ਬਹੁਤ ਸਾਰੇ ਪਰਿਵਾਰ ਖੁਦਕੁਸ਼ੀ 'ਤੇ ਪਰਦਾ ਹੀ ਪਾ ਦਿੰਦੇ ਹਨ ਤੇ ਮੌਤ ਦਾ ਅਸਲੀ ਕਾਰਨ ਨਹੀਂ ਦੱਸਿਆ ਜਾਂਦਾ, ਕੀਟਨਾਸ਼ਕ ਨਿਗਲਣ ਨਾਲ ਹੋਈਆਂ ਖੁਦਕੁਸ਼ੀਆਂ ਨੂੰ ਮਿਹਦੇ ਦੀ ਖਰਾਬੀ ਆਖ ਦਿਤਾ ਜਾਂਦਾ ਹੈ। ਸਾਈਨਾਥ ਨੇ ਦੁੱਖ ਨਾਲ ਕਿਹਾ, "ਭਾਰਤੀ ਖੇਤੀਬਾੜੀ ਹਰੀ ਕ੍ਰਾਂਤੀ ਉਪਰੰਤ ਅਪਣੇ ਸੱਭ ਤੋਂ ਭੈੜੇ ਦੌਰ (ਸੰਕਟ) ਵਿਚੋਂ ਗੁਜ਼ਰ ਰਹੀ ਹੈ, ਕਿਉਂਕਿ ਕਿਸਾਨਾਂ ਦੇ ਕੁੱਝ ਪੱਲੇ ਨਹੀਂ ਪੈ ਰਿਹਾ, ਖਰਚੇ ਵਧ ਗਏ ਹਨ, ਕਰੋੜਾਂ ਕਿਸਾਨ ਨਕਦ ਫਸਲਾਂ ਦਾ ਖਤਰਾ ਸਹੇੜ ਬੈਠੇ ਹਨ, ਅੰਤਰਰਾਸ਼ਟਰੀ ਬਾਜ਼ਾਰ 'ਚ ਜਿਨ੍ਹਾਂ ਦਾ ਵਾਜਬ ਭਾਅ ਨਹੀਂ ਮਿਲਦਾ, ਕਰਜ਼ਾਈ ਕਿਸਾਨ ਖੁਦਕੁਸ਼ੀ ਤੋਂ ਸਿਵਾ ਕੋਈ ਹੱਲ ਨਹੀਂ ਦੇਖ ਰਹੇ।'' ਕਿਸਾਨਾ ਦੇ ਵਿਦਰੋਹ ਬਾਰੇ ਸਾਈਨਾਥ ਨੇ ਕਿਹਾ ਕਿ ਇਹ ਜਮਹੂਰੀ ਢਾਂਚੇ ਵਿਚ ਸੰਕੇਤਕ ਰੂਪ ਵਿਚ ਪਛਾਣਿਆ ਜਾ ਸਕਦਾ ਹੈ। ਜਿਵੇਂ ਇੰਡੀਆ ਸ਼ਾਈਨਿੰਗ ਦੇ ਨਾਅਰੇ ਦਾ 2004 ਦੀਆਂ ਚੋਣਾਂ 'ਚ ਰੱਦ ਕਰ ਦਿਤੇ ਜਾਣਾ, ਕਿਸਾਨਾਂ ਦਾ ਸ਼ਹਿਰਾਂ ਵਲ ਨੂੰ ਵਹੀਰਾਂ ਘੱਤ ਲੈਣਾ, ਅਨਾਜ ਭੰਡਾਰਾਂ 'ਤੇ ਧਾਵਾ ਬੋਲਣਾ ਆਦਿ। ਮੀਡੀਆ ਬਾਰੇ ਸਾਈਨਾਥ ਨੇ ਕਿਹਾ ਕਿ ਕਿੱਤੇ ਤੋਂ ਧੰਦਾ ਬਣ ਗਿਆ ਹੈ। ਇਸ ਨੇ ਵਿਸ਼ਾਲ ਜਨ ਸਮੂਹ ਦੀ ਗੱਲ ਕਰਨ ਦੀ ਸੂਝ ਹੈ। ਸਾਈਨਾਥ ਨੇ ਕਿਹਾ ਕਿ 'ਨਿੱਜੀ ਸੌਦੇਬਾਜ਼ੀਆਂ' ਅਤੇ 'ਮੁੱਲ ਦੀਆਂ ਖ਼ਬਰਾਂ ਕਾਰਨ ਮੀਡੀਆ ਨੇ ਅਪਣੀ ਭਰੋਸੇਯੋਗ ਗਵਾਈ ਹੈ। ਕੀ ਪੇਂਡੂ ਭਾਰਤ ਦੀ ਉਦਾਸ ਤਸਵੀਰ ਵਿਚ ਕਿਸੇ ਪਰਿਵਰਤਨ ਦੀ ਕੋਈ ਉਮੀਦ ਨਜ਼ਰ ਆਉਂਦੀ ਹੈ? ਇਸ ਸਵਾਲ ਦਾ ਜਾਵਬ ਦਿੰਦਿਆਂ ਸਾਈਨਾਥ ਨੇ ਕਿਹਾ ਕਿ ਸਮਾਜਿਕ ਜਮਹੂਰੀਅਤ ਦੇ ਰਾਹ 'ਤੇ ਚਲਕੇ ਹੀ ਹਿੰਸਾ ਪ੍ਰਤੀ ਹਿੰਸਾ, ਰਾਜਕੀ ਦਹਿਸ਼ਤਵਾਦ ਤੇ ਜਵਾਬੀ ਦਹਿਸ਼ਤਵਾਦ ਦਾ ਖਾਤਮਾ ਸੰਭਵ ਹੈ। ਜਮਹੂਰੀਅਤ (ਸਮਾਜਿਕ) ਤੋਂ ਭਾਵ ਸਭ ਲਈ ਇਕ ਸਮਾਨ ਵੋਟ ਦਾ ਅਧਿਕਾਰ ਨਹੀਂ ਸਗੋਂ ਸਭ ਦਾ ਸਰਬਪੱਖੀ ਸਸ਼ਕਤੀਕਰਨ ਹੈ। ਤਿੱਥੇ ਜ਼ਮੀਨੀ ਸੁਧਾਰ, ਸਭ ਲਈ ਬਰਾਬਰ ਤੇ ਲਾਜ਼ਮੀ ਸਿਖਿਆ ਸਮਾਨ ਦੇ ਜਮਹੂਰੀਕਰਨ ਦੀਆਂ ਬੁਨਿਆਦੀ ਲੋੜਾਂ ਹਨ। ਇਨ੍ਹਾਂ ਨੂੰ ਸੰਘੀ ਢਾਂਚੇ ਤੇ ਬਹੁਪਰਤੀ ਸਵੈ-ਅਧਿਕ੍ਰਿਤ ਜਮਹੂਰੀਅਤ ਦੇ ਉਚੇਚੇ ਪੱਧਰ ਨੂੰ ਹਾਸਲ ਕੀਤਾ ਜਾ ਸਕਦਾ ਹੈ। ਇਸ ਸਭ ਕੁੱਝ ਲਈ ਸਿਆਸੀ ਇੱਛਾ ਸ਼ਕਤੀ ਅਤੇ ਆਮ ਸਹਿਮਤੀ ਦੀ ਲੋੜ ਹੈ।

ਪੀ.ਸਾਈਨਾਥ ਦੀ ਸਮੁੱਚੀ ਗੱਲਬਾਤ ਦਾ ਸਾਰ ਸੀ ਕਿ ਜੇਕਰ ਇਕ ਪਾਸੇ ਭਾਰਤ ਵਿਕਾਸ ਕਰਦਾ ਦਿਖਾਇਆ ਜਾ ਰਿਹਾ ਹੈ ਤਾਂ ਇਸ ਦੇ ਦੂਜੇ ਪਾਸੇ ਹਾਲਾਤ ਬਦ ਤੋਂ ਬਦਤਰ ਹੁੰਦੇ ਜਾ ਰਹੇ ਹਨ। ਕੇਵਲ ਸਮਾਜਿਕ ਜਮਹੂਰੀਅਤ ਰਾਹੀਂ, ਲੋਕਾਂ ਦੇ ਸਰਵਪੱਖੀ ਸਸ਼ਕਤੀਕਰਨ ਰਾਹੀਂ, ਤਿੱਖੇ ਜ਼ਮੀਨੀ ਸੁਧਾਰਾਂ ਰਾਹੀਂ ਤੇ ਲਾਜ਼ਮੀ ਸਿੱਖਿਆ ਰਾਹੀਂ ਹੀ ਭਾਰਤੀ ਸਮਾਜ ਸਮੁੱਚੇ ਤੌਰ 'ਤੇ ਪ੍ਰਗਤੀ ਦੇ ਪੰਧ ਪੈ ਸਕਦਾ ਹੈ।



**ਪ੍ਰੋਗਰੈਸਿਵ ਪੀਪਲਜ਼ ਫ਼ਾਊਂਡੇਸ਼ਨ ਆਫ਼ ਐਡਮਿੰਟਨ ਦੇ ਮੈਂਬਰ ਪੱਤਰਕਾਰ ਪੀ.ਸਾਈਨਾਥ ਨੂੰ 'ਭਗਤ ਸਿੰਘ ਟੂਡੇ' ਨਾਮ ਦੀ ਕਿਤਾਬ ਭੇਂਟ ਕਰਦੇ ਹੋਏ।**



# ਮਾਂ ਬੋਲੀ ਨਾਲ ਜੁੜੋ

'ਨਵੀਂ ਦੁਨੀਆ' ਵੱਲੋਂ ਬੱਚਿਆਂ ਨੂੰ ਪੰਜਾਬੀ ਭਾਸ਼ਾ ਨਾਲ ਜੋੜੀ ਰੱਖਣ ਵਾਸਤੇ ਗ੍ਰੇਡ 10 ਤਕ ਦੇ ਬੱਚੇ/ਬੱਚੀਆਂ ਲਈ ਇਕ ਪ੍ਰਸ਼ਨ-ਲੜੀ 'ਮਾਂ ਬੋਲੀ ਨਾਲ ਜੁੜੋ' ਸ਼ੁਰੂ ਕੀਤੀ ਜਾ ਰਹੀ ਹੈ। ਹਰੇਕ ਮਹੀਨੇ ਦੀ 28 ਤਾਰੀਕ ਤਕ ਜਿਹੜੇ ਬੱਚੇ/ਬੱਚੀਆਂ ਇਹਨਾਂ ਸਵਾਲਾਂ ਦੇ ਜਵਾਬ ਡਾਕ ਜਾਂ ਈਮੇਲ ਦੁਆਰਾ ਭੇਜਣਗੇ, ਉਹਨਾਂ ਵਿਚੋਂ ਸਭ ਤੋਂ ਜ਼ਿਆਦਾ ਸਹੀ ਜਵਾਬ ਭੇਜਣ ਵਾਲਿਆਂ ਦੇ ਨਾਮ ਤੇ ਪਤੇ ਅਗਲੇ ਅੰਕ 'ਚ ਛਾਪੇ ਜਾਣਗੇ ਅਤੇ ਕੁਝ ਸਮੇ ਬਾਅਦ ਜੇਤੂ ਬੱਚਿਆਂ ਨੂੰ 'ਦੀਪ ਗ੍ਰਾਫਿਕਸ ਐਂਡ ਸਾਈਨਜ਼' ਦੇ ਚਰਨਦੀਪ ਸਿੰਘ ਅਤੇ 'ਨਵੀਂ ਦੁਨੀਆ' ਵਲੋਂ ਉਨ੍ਹਾਂ ਨੂੰ ਇਨਾਮ ਵੀ ਦਿੱਤੇ ਜਾਣਗੇ।

## ਹੇਠ ਲਿਖੇ ਪ੍ਰਸ਼ਨਾਂ ਦੇ ਸਹੀ ਉਤਰ ਚੁਣ ਕੇ ਅੱਗੇ ਲਿਖੋ :-

1 ਪੰਜਾਬੀ ਅੱਖਰ-ਮਾਲਾ ਦਾ ਕੀ ਨਾਮ ਹੈ?
2 ਪੰਜਾਬੀ ਦੇ ਅਨੁਨਾਸਕ ਅੱਖਰ ਲਿੱਖੋ ?
3 ਗੁਰਮੁਖੀ ਲਿਪੀ ਵਿਚ ਕਿੰਨੀਆਂ ਲਗਾਂ ਹੁੰਦੀਆ ਹਨ?
4 ਦੋ ਭੈਣਾਂ ਦੇ ਪਤੀ ਆਪਸ ਵਿਚ ਕੀ ਲਗਦੇ ਹਨ ?
5 ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸਭ ਤੋਂ ਵੱਧ ਬਾਣੀ ਕਿਹੜੇ ਮਹਾਪੁਰਸ਼ ਦੀ ਹੈ ?

ਸ੍ਰੀ ਗੁਰੂ ਨਾਨਕ ਦੇਵ ਜੀ, ਸਾਂਢੂ, ਬਾਰਾਂ, ਨ ਚ ਮ ਣ ਪ ਞ ਙ, ਸ੍ਰੀ ਕੇਸਗੜ੍ਹ ਸਾਹਿਬ, ਸ੍ਰੀ ਗੁਰੂ ਅਰਜਨ ਦੇਵ ਜੀ, ਸ੍ਰੀ ਗੁਰੂ ਅੰਗਦ ਦੇਵ ਜੀ, ਦਸ, ਪੈਂਤੀ ਅੱਖਰੀ

## ਜਵਾਬ ਭੇਜਣ ਵਾਲੇ ਦਾ ਵੇਰਵਾ

ਨਾਮ ______________________
ਪਤਾ
______________________
ਫੋਨ ਨੰਬਰ ___________
ਸਕੂਲ ਦਾ ਨਾਮ ______________________
ਗ੍ਰੇਡ ______________________
ਮੈ ਉਪ੍ਰੋਕਤ ਸਾਰੇ ਸਵਾਲਾਂ ਦੇ ਜਵਾਬ ਆਪਣੇ ਆਪ/ਵੱਡਿਆਂ ਨੂੰ ਪੁੱਛ ਕੇ ਲਿਖੇ ਹਨ।

ਵਿਦਿਆਰਥੀ ਦੇ ਦਸਤਖ਼ਤ

ਮਿਤੀ______ ______________

ਸਾਡਾ ਪਤਾ-

*Nawi Dunia*
2nd Floor 3448 – 93 Street NW,
Edmonton T6E 6A4, Alberta (Canada)
Phone: 780 465 9118 Fax: 780 465 0661
e-mail: info@nawidunia.com

## ਜੂਨ-2011 ਦੀ ਪੰਜਾਬੀ ਪ੍ਰਸ਼ਨੋਤ੍ਰੀ ਦਾ ਨਤੀਜਾ

ਪਿਛਲੇ ਮਹੀਨੇ ਦੇ ਸਵਾਲਾਂ ਦੇ ਸਭ ਤੋਂ ਸਹੀ ਉਤਰ ਭੇਜਣ ਵਾਲੇ ਪਹਿਲੇ ਤਿੰਨ ਵਿਦਿਆਰਥੀ :-

ਲਗਭਗ ਸਾਰੇ ਹੀ ਵਿਦਿਆਰਥੀਆਂ ਦੇ ਭੇਜੇ ਜਵਾਬ ਠੀਕ ਹਨ। ਪਰ ਇਨ੍ਹਾਂ ਵਿਚੋਂ ਸੁੰਦਰ ਲਿਖਾਈ ਅਤੇ ਸਫ਼ਾਈ ਦੇ ਆਧਾਰ ਤੇ ਹੇਠ ਲਿਖੇ ਵਿਦਿਆਰਥੀ ਚੁਣੇ ਗਏ : -

1) ਸਿਮਰਤ ਕੌਰ ਸਿਵਿਆ 2) ਹਿੰਮਤ ਸਿੰਘ ਰੰਧਾਵਾ 3) ਹਰਮਨ ਸਿੰਘ ਨੱਤ

# Matrimonial

## ਵਰ ਦੀ ਲੋੜ

ਖ਼ੂਬਸੂਰਤ ਜੱਟ ਸਿੱਖ 5 ਫੁੱਟ 4 ਇੰਚ, 22-6-1988, ਬੀ.ਐਸ.ਸੀ. ਨਰਸਿੰਗ, ਸਟੇਟਸ ਪਰਿਵਾਰ ਦੀ ਲੜਕੀ ਲਈ ਐਨ.ਆਰ.ਆਈ. ਵਰ ਦੀ ਲੋੜ ਹੈ। ਸੰਪਰਕ ਕਰੋ : 01624-2871483, 99888-29111

ਕੰਬੋਜ ਸਿੱਖ ਥਿੰਦ 23 ਸਾਲਾ 5 ਫੁੱਟ 5 ਇੰਚ B.A., L.L.B. (ਆਨਰਜ), L.L.M. ਕਰ ਰਹੀ, ਮਾਤਾ ਪਿਤਾ ਗਜ਼ਟਿਡ ਅਫਸਰ, ਭਰਾ ਕੈਨੇਡਾ ਪੱਕਾ, ਸੁੰਦਰ ਸ਼ੁਸੀਲ ਲੜਕੀ ਲਈ ਬਰਾਬਰ ਦੀ ਯੋਗਤਾ ਵਾਲਾ ਲੜਕਾ ਚਾਹੀਦਾ ਹੈ। ਸੰਪਰਕ : 011-91-98765-74003 ਤੋਂ ਇਲਾਵਾ ਫੋਟੋ 'ਤੇ ਬਾਇਉ ਡਾਟਾ sucessfull.thind@yahoo.ca 'ਤੇ ਭੇਜਿਆ ਜਾ ਸਕਦਾ ਹੈ।

------

ਰਾਮਗੜ੍ਹੀਆ ਸਿੱਖ ਹੁਸ਼ਿਆਰਪੁਰ ਅਧਾਰਤ 22 ਸਾਲਾ ਕੰਪਿਊਟਰ ਇੰਜੀਨੀਅਰ ਲੜਕੇ ਲਈ ਸੁੰਦਰ ਯੋਗ ਲੜਕੀ ਦੀ ਲੋੜ ਹੈ। ਸੰਪਰਕ ਨੰ: 98157 41224, e-mail : engg.money@yahoo.com

------

Suitable match for two Jat Sikh Girls, 24-26, 5'-3", 5'-3", respectivily, +2, Diploma holder in professional courses like beautician decent marriage. Contact 0136-237337, 95014-53344

------

ਖ਼ੂਬਸੂਰਤ, ਜੱਟ ਸਿੱਖ ਗਿੱਲ 27 ਸਾਲ, 5'-3", 10+2, ਬਿਊਟੀਸ਼ੀਅਨ ਲਈ ਵਰ ਦੀ ਲੋੜ ਹੈ। ਸੰਪਰਕ : 01636-37337, 94176-94520

------

ਖ਼ੂਬਸੂਰਤ ਜੱਟ ਸਿੱਖ ਗਿੱਲ, 25 ਸਾਲ, 5'-3", 10+2, ਨਰਸ ਲਈ ਵਰ ਦੀ ਲੋੜ ਹੈ। ਸੰਪਰਕ : 94176-94520

------

ਖ਼ੂਬਸੂਰਤ, ਹਿੰਦੂ ਖੱਤਰੀ, ਜੇਠੀ, 26 ਸਾਲ, 5'-3", ਐਮ.ਏ. (ਇਕਨੋਮਿਕਸ) ਬੀ.ਐਡ, ਸਟੇਟਸ ਪਰਿਵਾਰ ਲਈ ਵਰ ਦੀ ਲੋੜ ਹੈ। ਸੰਪਰਕ : 94656-85637, 0161-2880781

------

ਖ਼ੂਬਸੂਰਤ ਬੀ-ਟੈਕ, ਕੰਪਿਊਟਰ ਸਾਇੰਸ, ਸਾਫਟ ਵੇਅਰ ਇੰਜੀਨੀਅਰ ਰਾਜਪੂਤ, ਚੌਹਾਨ ਕਲੀਨ ਸ਼ੇਵਨ, ਅਗਾਂਹਵਧੂ ਵਿਚਾਰਾਂ ਵਾਲੇ ਮਿਹਨਤੀ 5'-11" ਲੰਮੇ, 4 ਨਵੰਬਰ 1985 ਨੂੰ ਜਨਮੇ ਲੜਕੇ ਲਈ ਬਰਾਬਰ ਦੀ ਯੋਗਤਾ ਵਾਲੀ ਸੁੰਦਰ ਤੇ ਸ਼ੁਸੀਲ ਲੜਕੀ ਦੀ ਲੋੜ ਹੈ। ਜਾਤ ਬੰਧਨ ਨਹੀਂ। ਸੰਪਰਕ: 98151-94782, 94633-91876, ਈ-ਮੇਲ : hardev.chauhan@yahoo.co.in

## ਕੰਨਿਆ ਦੀ ਲੋੜ

ਸੈਣੀ ਕਲੀਨ ਸ਼ੇਵ 28 ਸਾਲਾ ਪੰਜ ਫ਼ੁੱਟ ਚਾਰ ਇੰਚ ਤਿੰਨ ਸਾਲ ਤੋਂ ਵਰਕ ਪਰਮਿਟ 'ਤੇ ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡਾ ਦੀ ਪੱਕੀ ਵਸਨੀਕ ਲੜਕੀ ਦੀ ਜ਼ਰੂਰਤ ਹੈ। ਸੰਪਰਕ : 403-351-1534

------

Diploma in Health Services Family Welfare, ਬਤੌਰ ਡਰਾਈਵਰ ਦੁਬਈ ਵਿੱਚ ਰਹਿ ਰਹੇ 25 ਸਾਲਾ ਪਗੜੀਧਾਰੀ ਜੱਟ ਸਿੱਖ 6'1" ਸੋਹਣੇ-ਸੁਣੱਖੇ ਲੜਕੇ ਲਈ ਕੈਨੇਡਾ ਵਿੱਚ ਪੱਕੇ ਤੌਰ ਤੇ ਰਹਿ ਰਹੀ ਲੜਕੀ ਦੀ ਲੋੜ ਹੈ। ਲੜਕੇ ਦੀ ਭੈਣ ਪਰਿਵਾਰ ਸਮੇਤ ਕਨੇਡਾ ਪੱਕੇ ਤੌਰ ਤੇ ਰਹਿ ਰਹੀ ਹੈ। 780-263-7977/ 780-461-0701 ਜਾਂ tranum0701@gmail.com 'ਤੇ ਸੰਪਰਕ ਕੀਤਾ ਜਾ ਸਕਦਾ ਹੈ।

------

ਖ਼ੂਬਸੂਰਤ, ਜੱਟ ਸਿੱਖ ਗਿੱਲ, 24 ਸਾਲ, 5'-9", ਮਕੈਨੀਕਲ ਇੰਜੀਨੀਅਰ, ਮਲਟੀ ਨੈਸ਼ਨਲ ਕੰਪਨੀ ਵਿਚ ਨੌਕਰੀਸ਼ੁਦਾ, ਐਮ.ਬੀ.ਏ., ਲੜਕੇ ਲਈ ਇੰਜੀਨੀਅਰ ਲੜਕੀ ਦੀ ਲੋੜ ਹੈ। ਮਾਤਾ-ਪਿਤਾ ਸਰਕਾਰੀ ਨੌਕਰੀ ਵਿਚ। ਸੰਪਰਕ : 94176-94520

------

ਖ਼ੂਬਸੂਰਤ ਦੋ ਕੈਨੇਡੀਅਨ ਜੱਟ ਸਿੱਖ ਲੜਕੇ ਕੱਦ 6 ਫੁੱਟ 8 ਇੰਚ, ਉਮਰ 24-28 ਸਾਲਾਂ ਵਾਸਤੇ ਪੜ੍ਹੀਆਂ ਲਿਖੀਆਂ ਲੜਕੀਆਂ ਦੀ ਲੋੜ ਹੈ। Student ਤੇ Work Permit 'ਤੇ ਆਈਆਂ ਕੁੜੀਆਂ ਲਈ ਵੀ ਸੋਚਿਆ ਜਾ ਸਕਦਾ ਹੈ। ਜ਼ਿਆਦਾ ਜਾਣਕਾਰੀ ਲਈ ਸੰਪਰਕ ਕਰੋ : amrit1331@hotmail.com

------

ਭਾਰਤ 'ਚ ਰਹਿੰਦੇ ਬਾਂਸਲ (ਮੁੰਡੇ), 1983 ਦੇ ਜਨਮੇ, 5'-7", ਬੀ.ਕਾਮ, ਐਮ.ਬੀ.ਏ. ਦੀ ਪੜ੍ਹਾਈ, ਬੈਂਕ 'ਚ ਨੌਕਰੀ ਕਰਦੇ ਲੜਕੇ ਲਈ ਕਨੇਡਾ ਦੀ ਵਸਨੀਕ ਲੜਕੀ ਦੀ ਲੋੜ ਹੈ। ਸੰਪਰਕ 780-504-7254 ਜਾਂ aman_singh3@hotmail.com 'ਤੇ ਸੰਪਰਕ ਕੀਤਾ ਜਾ ਸਕਦਾ ਹੈ।

------

ਜ਼ਰੂਰਤ ਹੈ ਕਨੇਡਾ 'ਚ ਜੰਮੇ-ਪਲੇ 33 ਸਾਲਾ 6'-2" ਤਲਾਕਸ਼ੁਦਾ (ਇੱਕ 5 ਸਾਲ ਦਾ ਲੜਕਾ), ਕੇਵਲ ਇਕ ਸਾਲ ਵਿਆਹੁਤਾ ਰਹੇ ਲੜਕੇ ਲਈ ਲੜਕੀ ਦੀ ਜ਼ਰੂਰਤ ਹੈ। ਸਟੂਡੈਂਟ/ ਵਰਕ ਪਰਮਿਟ ਵਾਲੇ ਵੀ ਸੰਪਰਕ ਕਰ ਸਕਦੇ ਹਨ। ਸੰਪਰਕ 780-487-2295 ਤੋਂ ਇਲਾਵਾ ushab@hotmail.com 'ਤੇ ਸੰਪਰਕ ਕੀਤਾ ਜਾ ਸਕਦਾ ਹੈ

## ਗੁਰਸਿੱਖ ਕੰਨਿਆ ਦੀ ਲੋੜ

ਕਨੇਡਾ ਵਿੱਚ ਵਰਕ ਪਰਮਿਟ ਤੇ ਆਏ ਗੁਰਸਿੱਖ ਪਰਿਵਾਰ ਦੇ 25 ਸਾਲਾ ਜੱਟ ਸਿੱਖ 6'2" ਸੋਹਣੇ-ਸੁਣਖੇ ਲੜਕੇ ਲਈ ਗੁਰਸਿੱਖ ਲੜਕੀ ਦੀ ਲੋੜ ਹੈ। ਫ਼ੋਨ ਨੰ. 780-405-6145 ਜਾਂ raju.hundal@yahoo.com 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# Classified Plus

Your guide to every search

## HOUSE ON RENT

3 bedroom bungalow, 2 bathrooms with double attached garage on Acreage. For rent including utility in Beaumont AB. House has a location in front of shopping mall and golf course. Call: 780 929 9504.

****

Newly Built 1950 Sq. Ft; Bi-level House with Fully Finished Basement, 2 Car Attached Garage. House is close to all Amenities, Anthony Henday (Ellerslie, Edmonton) Available for Sale/Rent. Contact 780 566 8532.

sold

* * * *

## House for Sale by Owner

Built in 2007, 1500 sq feet 2 story home, with 3 bedrooms upstairs, fireplace, 3 full bath, double attached garage, in quite crescent location, owner occupied available for immediate possession. For more information please call @ 780-245-0351/780-474-0351 or email: suman1950@yahoo.com

****

## 2 Story House For Sale By Owner In Leduc

2 Story 2000 Sq. ft. 4 Bed Room, 2 ½ Washrooms, Family Room with 17' Ceiling on the Main Floor. Hard Wood on Main Floor. House backs on to the City Park. For details call 780 965 0808.

* Newly Built Bi-Level House with KEYLESS ENTRY for Sale
* Don't Miss this Great opportunity… Must See the House
* Buyers still have time to Choose Carpet Color…Hurry Up

Newly Built Bi-Level House 2405 Sq Ft with Front Exposed Double Door, 4 Bed Rooms with attached Baths on the Main Floor, 3 Kitchens (Main Kitchen has Granite Counter Tops), 2 Furnaces, 2 Hot Water Tanks, 2 Laundries (1 Upstairs & 1 in the Basement). Finished/Heated 2 Car Attached Garage. 700+ sq. ft Finished Concrete drive way for Parking in the Back Alley, Exposed aggregate Drive Way in the Front, Enjoy Barbecue on the Large Deck. House has Stucco Exterior.

* Fully Finished 2 Basements having 2 Bedrooms 9' Ceiling and a Washroom each.

For details/appointments Contact 780 964 7001.

****

## ਕੰਪਿਊਟਰ ਹਾਰਡਵੇਅਰ

ਕੰਪਿਊਟਰ ਦੀਆਂ ਟੈਕਨੀਕਲ ਸਮੱਸਿਆਵਾਂ ਜਾਂ ਕੰਪਿਊਟਰ ਦੀਆਂ ਹੋਰ ਸੇਵਾਵਾਂ ਲਈ ਅਸਲਾਨ ਕੰਪਿਊਟਰ ਸਿਸਟਮ ਦੇ 'ਜੇ' ਨਾਲ 780-437-9504 Ext 222, ਟੋਲ ਫ੍ਰੀ 1-888-275-2647 'ਤੇ ਸੰਪਰਕ ਕਰੋ। ਇਸ ਤੋਂ ਇਲਾਵਾ ਤੁਸੀਂ 'ਜੇ' ਦੀ ਈਮੇਲ jaybeem@aslan.ab.ca 'ਤੇ ਵੀ ਸੰਪਰਕ ਕਰ ਸਕਦੇ ਹੋ।

****

## House for sale

2008 Built, 3148 Sq. Ft., 5 Bedroom with master bedroom, Large Living, Dining, Family Room, Big Breakfast nook & more just in $ 6,69,889.00. Address for location is 120 lakeland drive, Beaumont, Alberta T4XOB6. make an appointment call : 587-784-0599

****

## Condo on sale

1977 Built, 1232 Sq.Ft., 1.5 Bath, 4 Bedroom, Paint was done 2 years ago, Rental income $ 1200/month, Basement almost finished, sale on just $ 1,79,900.00. Address is # 114B-16344 109 street. Edmonton, AB T5X 2T4. make an appointment call 587-784-0599.




# City Estates

All Types of Property, Plots & Kothis available for Sale & Purchase in Chandigarh/Mohali/ Panchkula.

For More Info Contact: SCO 123, Phase 7, Mohali (Punjab)
011 91 98147 11263 or 011 91 98729 73304

# NIRVANA

Restaurant ✲ Lounge ✲ Hall

**North America's first exclusive east indian restuarant &cocktail lounge.**

*Professionally giving you the hospitality of India.*



*"We Had Dinner along with my friends family, it was really nice, pure Indian taste......
I will recommend this to any-one who like REAL Indian food."*

**Cordial and Wonderful Ambience**
**Sumptuous food and Indian Sweets.**
**Wide Variety of Cocktail**
**Sensational Service**

**We cater for indoor, outdoor, small or large functions.**

*email:info@nirvanacalgary.com or reservations @nirvanacalgary.com*

**ph: (403)590-9797 fax:(403)590-9798**

**1009-5075 FALCONRIDGE BLVD. NE CALGARY, AB. T3J SK9**
**EMAIL: info@nirvanacalgary.com**

# ਪੀਸ ਆਫ਼ ਸੁਸਾਇਟੀ

## ਕੂੜਾ-ਕਚਰਾ ਬਨਾਮ ਲੈਂਡਫਿਲ ਗੈਸਾਂ

'ਜਿੰਨੀ ਤਰੱਕੀ ਓਨਾ ਹੀ ਕਚਰਾ'। ਇਹ ਨਵੇਂ ਸਮਾਜ ਦੀ ਨੀਤੀ ਬਣਦਾ ਜਾ ਰਿਹਾ ਹੈ। ਨਵੇਂ ਸਮਾਜ 'ਚ ਬਣ ਰਹੀਆਂ ਨਵੀਆਂ ਬਸਤੀਆਂ/ਬਹੁਮੰਜ਼ਲੀ ਇਮਾਰਤਾਂ ਨੇ ਨਵੀਂ ਸਮੱਸਿਆ ਪੈਦਾ ਕਰ ਦਿੱਤੀ ਹੈ ਜਿਸ ਨੂੰ 'ਲੈਂਡਫਿਲ ਗੈਸਾਂ' ਕਿਹਾ ਜਾਂਦਾ ਹੈ। ਇਨ੍ਹਾਂ ਨੂੰ ਕਚਰਾ ਮੈਦਾਨਾਂ ਵਿੱਚੋਂ ਫੁੱਟਦੀਆਂ ਗੈਸਾਂ ਵੀ ਕਿਹਾ ਜਾਂਦਾ ਹੈ ਜਿਹੜੀਆਂ ਸਾਡੇ ਮਾਨਵ ਜੀਵਨ ਲਈ ਬਹੁਤ ਹੀ ਖ਼ਤਰਨਾਕ ਹਨ। ਹਾਲਾਂਕਿ ਆਧੁਨਿਕ ਜੀਵਨ ਸ਼ੈਲੀ ਕਚਰਾ ਉਤਪਾਦਨ ਸ਼ੈਲੀ ਵੀ ਹੈ। ਭਾਰਤ ਹੀ ਨਹੀਂ ਦੁਨੀਆ ਦੇ ਕਈ ਵਿਕਸਿਤ ਅਤੇ ਵਿਕਾਸਸ਼ੀਲ ਦੇਸ਼ ਕਚਰੇ ਦੀ ਸਮੱਸਿਆ ਨਾਲ ਜੂਝ ਰਹੇ ਹਨ। ਹੁਣ ਤਾਂ ਗੱਲ ਘਰੇਲੂ ਕਚਰੇ ਤੋਂ ਉਠ ਕੇ ਇਲੈਕਟ੍ਰੋਨਿਕ ਕਚਰੇ ਤਕ ਪਹੁੰਚ ਗਈ ਹੈ। ਮੁੰਬਈ, ਦਿੱਲੀ, ਅਹਿਮਦਾਬਾਦ, ਗੁੜਗਾਉਂ, ਨੋਇਡਾ ਜਿਹੇ ਤੇਜ਼ੀ ਨਾਲ ਵਿਕਸਤ ਹੋ ਰਹੇ ਸ਼ਹਿਰਾਂ 'ਚ ਇਹ ਕਚਰਾ ਨਵੀਂ ਸਮੱਸਿਆ ਬਣ ਕੇ ਉਭਰ ਰਿਹਾ ਹੈ। 'ਕਚਰਾ ਮੈਦਾਨਾਂ' (ਡੰਪਿੰਗ ਗਰਾਊਂਡ) 'ਤੇ ਬਣੀਆਂ ਆਲੀਸ਼ਾਨ ਬਹੁਮੰਜ਼ਲਾ ਇਮਾਰਤਾਂ ਵਿਚ ਆਈ.ਟੀ. ਬੀ.ਪੀ.ਓ. ਕਾਲ ਸੈਂਟਰ ਅਤੇ ਸਾਈਬਰ ਕੈਫੇ ਇਸ ਸਮੱਸਿਆ ਦਾ ਸ਼ਿਕਾਰ ਹਨ। ਇਨ੍ਹਾਂ ਇਮਾਰਤਾਂ ਵਿਚ ਕੰਪਿਊਟਰ, ਲੈਪਟੌਪ, ਏ.ਸੀ., ਪ੍ਰਿੰਟਰ, ਫ਼ਰਿਜ਼, ਮਾਈਕ੍ਰੋਵੇਵ ਅਤੇ ਦੂਜੇ ਇਲੈਕਟ੍ਰੋਨਿਕ ਉਪਕਰਣ ਚਲਦੇ ਚਲਦੇ ਇਕਦਮ ਜਵਾਬ ਦੇ ਜਾਂਦੇ ਹਨ। ਜਦੋਂ ਇਸ ਗੱਲ ਦੀ ਪੜਤਾਲ 'ਨੈਸ਼ਨਲ ਸਾਲਿਡ ਵੇਸਟ ਐਸੋਸੀਏਸ਼ਨ ਆਫ਼ ਇੰਡੀਆ' ਦੇ ਰਸਾਇਣ ਵਿਗਿਆਨੀਆਂ ਨੇ ਕੀਤੀ ਤਾਂ ਉਹ ਦੰਗ ਰਹਿ ਗਏ। ਦਰਅਸਲ ਇਹ ਲੈਂਡਫਿਲ ਗੈਸਾਂ ਉਥੇ ਨਿਕਲਦੀਆਂ ਹਨ, ਜਿਥੇ ਟੋਏ ਪੁੱਟ ਕੇ ਜਾਂ ਨੀਵੀਂ ਥਾਂ ਸ਼ਹਿਰੀ ਕਚਰੇ ਨੂੰ ਸੁੱਟਿਆ ਜਾਂਦਾ ਹੈ ਅਤੇ ਬਾਅਦ 'ਚ ਭਰਤ (ਮਿੱਟੀ) ਪਾ ਕੇ ਉਸ ਨੂੰ ਢੱਕ ਕੇ ਕਾਲੋਨੀ ਕੱਟੀ ਜਾਂਦੀ ਹੈ। ਇਹੀ ਗੈਸ ਹਵਾ 'ਚ ਤੈਰਨ ਲੱਗਦੀ ਹੈ ਜਿਸ ਦਾ ਮਾਨਵ ਜੀਵਨ 'ਤੇ ਅਸਰ ਪੈਂਦਾ ਹੈ। ਜਿਸ ਨਾਲ ਕੈਂਸਰ, ਅਲਰਜੀ ਅਤੇ ਗਰਭ ਅਵਸਥਾ 'ਤੇ ਬੁਰਾ ਪ੍ਰਭਾਵ ਪੈਂਦਾ ਹੈ। ਇਸ ਕਚਰੇ ਵਿਚੋਂ ਪੰਜ ਸਾਲਾਂ ਬਾਅਦ ਰਸਾਇਣ ਪ੍ਰਕਿਰਿਆ ਸ਼ੁਰੂ ਹੋ ਜਾਂਦੀ ਹੈ, ਇਸ 'ਚ ਜ਼ਹਿਰੀਲੀਆਂ ਗੈਸਾਂ ਵਜੂਦ 'ਚ ਆਉਣ ਲਗਦੀਆਂ ਹਨ। ਇਸ ਹਾਈਡ੍ਰੋਜਨ ਆਕਸਾਈਡ, ਨਾਈਟ੍ਰੋਜਨ ਆਕਸਾਈਡ, ਮੀਥੇਨ, ਕਾਰਬਨ ਮੋਨੋ-ਅਕਸਾਈਡ ਅਤੇ ਸਲਫਰ ਡਾਈਆਕਸਾਈਡ ਗੈਸਾਂ ਹੁੰਦੀਆਂ ਹਨ। ਕਚਰੇ ਦੇ ਸੜਨ ਨਾਲ ਬਣਨ ਵਾਲੀਆਂ ਇਨ੍ਹਾਂ ਗੈਸਾਂ ਨੂੰ ਵਿਗਿਆਨੀਆਂ ਨੇ 'ਲੈਂਡਫਿਲ ਗੈਸ' ਕਹਿ ਕੇ ਇਕ ਵੱਖਰੀ ਸ਼੍ਰੇਣੀ ਬਣਾਈ ਹੈ। ਕਚਰੇ ਨੂੰ ਹਮੇਸ਼ਾ ਵਿਕਸਿਤ ਦੇਸ਼, ਵਿਕਾਸਸ਼ੀਲ ਤੇ ਅਣਵਿਕਸਿਤ ਦੇਸ਼ਾਂ ਦੇ ਮੱਥੇ ਮੜ੍ਹਦੇ ਹਨ। ਭਾਰਤ ਵਿਚ ਇਸ ਸਮੇਂ ਕਈ ਦੇਸ਼ ਆਪਣਾ ਕਚਰਾ ਸਮੁੰਦਰੀ ਤਟਾਂ 'ਤੇ ਜਹਾਜ਼ਾਂ 'ਚ ਭੇਜ ਕੇ ਨਸ਼ਟ ਕਰ ਰਹੇ ਹਨ। ਅਮਰੀਕਾ, ਚੀਨ, ਬ੍ਰਾਜ਼ੀਲ, ਜਰਮਨੀ, ਆਸਟ੍ਰੇਲੀਆ ਤੇ ਬ੍ਰਿਟੇਨ ਦਾ ਤਾਂ ਕੰਮ ਹੀ ਇਹੀ ਹੈ।

## ਭਾਸ਼ਾ ਤੇ ਸੰਚਾਰ ਬਨਾਮ ਮੋਬਾਈਲ

ਆਸਟਰੇਲੀਆ ਵਿਚ ਪਿਛਲੇ ਦਿਨੀਂ ਈ-ਮੇਲ ਰਾਹੀਂ ਭਾਰਤੀਆਂ 'ਤੇ ਨਸਲੀ ਟਿੱਪਣੀ ਕਰਨ ਕਰ ਕੇ ਕੁੱਝ ਪੁਲਿਸ ਅਧਿਕਾਰੀਆਂ ਨੂੰ ਸਜ਼ਾ ਦਿੱਤੀ ਗਈ। ਨਿਊਜ਼ੀਲੈਂਡ ਵਿਚ ਇਕ ਟੀ.ਵੀ. 'ਤੇ ਦਿੱਲੀ ਦੀ ਮੁੱਖ ਮੰਤਰੀ ਸ਼ੀਲਾ ਦੀਕਸ਼ਤ ਦਾ ਨਾਂ ਗ਼ਲਤ ਤਰੀਕੇ ਨਾਲ ਉਚਾਰਨ 'ਤੇ ਭਾਰਤ ਸਰਕਾਰ ਨੇ ਨਿਰਾਸ਼ਾ ਪ੍ਰਗਟ ਕੀਤੀ ਤੇ ਉਸ ਚੈਨਲ ਨੂੰ ਮੁਆਫ਼ੀ ਮੰਗਣੀ ਪਈ। ਹਾਲਾਂਕਿ ਇਹ ਗੱਲ ਹੁਣ ਆਮ ਹੋ ਗਈ ਹੈ ਕਿ ਨਸਲ ਜਾਂ ਰੂੜੀਆਂ ਨੂੰ ਆਧਾਰ ਬਣਾ ਕੇ ਭੇਦ-ਭਾਵ ਰੱਖਣ ਵਾਲੇ ਲੋਕ ਹਰ ਸਮਾਜ 'ਚ ਹੁੰਦੇ ਹਨ। ਅਸੀਂ ਵੀ ਅਜਿਹੀਆਂ ਘਟਨਾਵਾਂ ਨੂੰ ਹੱਸ ਕੇ ਟਾਲ ਦਿੰਦੇ ਹਾਂ। ਪਰ ਅੱਜ ਅਜਿਹੀਆਂ ਘਟਨਾਵਾਂ ਮੋਬਾਈਲ ਰਾਹੀਂ ਹੋਰ ਫੈਲ ਰਹੀਆਂ ਹਨ। ਸਾਡੇ ਵਿਹੜੇ ਮੋਬਾਈਲ ਉਪਭੋਗਤਾਵਾਂ ਦੀ ਸੰਖਿਆ 65 ਕਰੋੜ ਹੋ ਗਈ ਹੈ। ਹਰ ਮਹੀਨੇ ਕਰੀਬ ਇਕ ਕਰੋੜ ਉਪਭੋਗਤਾ ਨਵੇਂ ਜੁੜ ਰਹੇ ਹਨ। ਇਸ ਦੇ ਨਾਲ ਨਾਲ ਮੋਬਾਈਲ ਰਾਹੀਂ ਭੇਜੇ ਜਾ ਰਹੇ ਸੰਦੇਸ਼ (ਐਸ.ਐਮ.ਐਸ.) ਦੀ ਸੰਖਿਆ 'ਚ ਵਾਧਾ ਹੋ ਰਿਹਾ ਹੈ। ਹਾਲਾਂਕਿ ਕਿਸੇ ਨੂੰ ਸੰਦੇਸ਼ ਭੇਜਣਾ ਗੱਲਬਾਤ ਨਾਲੋਂ ਸਸਤਾ ਪੈਂਦਾ ਹੈ ਪਰ ਇਸ ਦਾ ਇਸਤੇਮਾਲ ਆਪਸੀ ਗੱਲਬਾਤ ਲਈ ਘੱਟ ਅਤੇ ਸੁਆਦ ਲੈਣ ਲਈ ਵੱਧ ਕੀਤਾ ਜਾਂਦਾ ਹੈ। ਇਨ੍ਹਾਂ ਸੰਦੇਸ਼ਾਂ ਦੀ ਵਿਸ਼ੇ-ਵਸਤੂ ਪਤਨੀ/ਔਰਤ ਮਿੱਤਰ/ ਲੜਕੀ/ ਸਰਦਾਰ/ ਬਿਹਾਰੀ/ ਜਾਤੀ/ ਧਰਮ ਕਰ ਕੇ ਸਬੰਧਤ ਲੋਕਾਂ ਦਾ ਮਜ਼ਾਕ ਉਡਾਇਆ ਜਾਂਦਾ ਹੈ। ਇਹੋ ਜਿਹੇ ਸੰਦੇਸ਼ ਸਾਨੂੰ ਆਪਣੇ ਮਿੱਤਰਾਂ ਜਾਂ ਜਾਨਣ ਵਾਲਿਆਂ ਵਲੋਂ ਮਿਲਦੇ ਹਨ। ਮੋਬਾਈਲ ਸੇਵਾ ਕੰਪਨੀਆਂ ਵੀ ਅਜਿਹੇ ਬਾਜ਼ਾਰ ਨੂੰ ਗਰਮ ਕਰਦੀਆਂ ਹਨ। ਸੁਆਲ ਇਹ ਵੀ ਪੈਦਾ ਹੁੰਦਾ ਹੈ ਕਿ ਇਨ੍ਹਾਂ ਮੋਬਾਈਲ ਕੰਪਨੀਆਂ ਨੂੰ ਇਹ ਛੋਟ ਕਿਵੇਂ ਮਿਲ ਗਈ ਕਿ ਉਹ ਸਾਡੇ ਮਾਨਵ-ਅਧਿਕਾਰਾਂ ਦਾ ਮਜ਼ਾਕ ਉਡਾਉਣ? ਪਰ ਪੂੰਜੀਵਾਦੀ ਸ਼ਕਤੀਆਂ ਦੀ ਖ਼ਾਸੀਅਤ ਇਹ ਹੈ ਕਿ ਉਹ ਹਰ ਥਾਂ ਮੁਨਾਫ਼ੇ ਦੀ ਤਲਾਸ਼ 'ਚ ਰਹਿੰਦੀਆਂ ਹਨ। ਉਹ 'ਜੈ ਮਾਤਾ' ਦਾ ਸੰਦੇਸ਼ ਨਰਾਤਿਆਂ ਦੌਰਾਨ ਲਿਖ ਕੇ 'ਇੱਕੀ' ਅੱਗੇ ਲੋਕਾਂ ਨੂੰ ਭੇਜਣ ਦੀ ਅਪੀਲ ਕਰਦੀਆਂ ਹਨ ਅਤੇ ਸੌ ਪ੍ਰਤੀਸ਼ਤ 'ਸੁੱਖ' ਮਿਲਣ ਦਾ ਭਰੋਸਾ ਦਿਵਾਉਂਦੀਆਂ ਹਨ। ਲੋਕਾਂ ਦਾ ਭਾਵੇਂ 'ਦਿਲ ਦਾ ਮਾਮਲਾ' ਹੋਵੇ ਪਰ ਕੰਪਨੀਆਂ ਲਈ ਇਹ 'ਮੁਨਾਫ਼ੇ ਦਾ ਮਾਮਲਾ' ਹੈ। ਤਕਨੀਕੀ ਵਿਕਾਸ ਨੇ ਨਵੀਆਂ ਉਚਾਈਆਂ ਦਿੱਤੀਆਂ ਹਨ ਪਰ ਗੱਲ ਤਾਂ ਇਹ ਹੈ ਕਿ ਇਸ ਨੂੰ ਸੰਚਾਲਿਤ ਕੌਣ ਕਰ ਰਿਹਾ ਹੈ? ਇੱਕੀਵੀਂ ਸਦੀ 'ਚ ਇਹ ਸਮਾਜਿਕ ਸਮਾਨਤਾ ਦੀ ਲੜਾਈ 'ਚ ਨਵੀਂ ਚੁਣੌਤੀ ਬਣ ਕੇ ਉਭਰ ਰਹੀ ਹੈ।

## 7 ਖ਼ੂਨ ਮਾਫ਼




ਬਾਲੀਵੁੱਡ, ਫਿਲਮਾਂ ਪ੍ਰਤੀ ਏਨਾ ਗੰਭੀਰ ਨਹੀਂ, ਇਹ ਗੱਲ ਆਮ ਕਹੀ ਜਾਂਦੀ ਹੈ। ਇਹ ਵੀ ਆਖਿਆ ਜਾਂਦਾ ਹੈ ਕਿ ਇਨ੍ਹਾਂ ਫਿਲਮਾਂ 'ਚ ਕਲਾਤਮਕ ਬਾਰੀਕੀਆਂ ਨਹੀਂ ਹੁੰਦੀਆਂ। ਪਰ 'ਸਾਤ ਖੂਨ ਮਾਫ਼' ਫਿਲਮ ਅਜਿਹੇ ਵਿਚਾਰਾਂ ਨੂੰ ਧੁੰਦਲਾ ਕਰ ਦਿੰਦੀ ਹੈ। ਵਿਸ਼ਾਲ ਭਾਰਦਵਾਜ ਨੇ ਇਹ ਫਿਲਮ ਬਣਾ ਕੇ ਭਾਵੇਂ ਜੋਖਮ ਉਠਾਇਆ ਹੈ ਪਰ ਇਸ ਤਰ੍ਹਾਂ ਕਰ ਕੇ ਉਨ੍ਹਾਂ ਨੇ ਹਿੰਦੀ ਫਿਲਮ ਇਤਿਹਾਸ 'ਚ ਇਕ ਜਗ੍ਹਾ ਬਣਾਈ ਹੈ। ਰਸਕਿਨ ਬਾਂਡ ਦੀ ਅੰਗਰੇਜ਼ੀ ਕਹਾਣੀ 'ਸੁਜ਼ੈਂਸ ਸੈਵੇਨ ਹਸਬੈਂਡਜ਼' 'ਤੇ ਬਣੀ ਸੰਵੇਦਨਸ਼ੀਲ ਫਿਲਮ ਵਾਰ ਵਾਰ ਵੇਖਣ ਨੂੰ ਮਨ ਕਰਦਾ ਹੈ, ਕਿਉਂਕਿ ਇਸ ਫਿਲਮ 'ਚ ਏਨੇ ਰੰਗ ਬਿਖੇਰੇ ਹਨ ਜਿਹੜੇ ਇਕ ਵਾਰ ਫੜਨੇ ਮੁਸ਼ਕਲ ਹਨ। ਇਹ ਫਿਲਮ ਆਮ ਫਿਲਮਾਂ ਨਾਲੋਂ ਹੱਟ ਕੇ ਹੋਣ ਕਰ ਕੇ ਵੀ ਵਿਸ਼ਾਲ ਕੈਨਵਸ 'ਤੇ ਉਕਰੇ ਹੋਏ ਜਜ਼ਬਾਤ ਹਨ। ਇਸ ਫਿਲਮ ਦੀ ਸੂਜਨ (ਸਾਹਿਬ) ਦੀ ਜ਼ਿੰਦਗੀ 'ਚ ਜੋ ਵੀ ਸ਼ਖ਼ਸ ਪਤੀ ਦੇ ਰੂਪ ਵਿਚ ਪ੍ਰਵੇਸ਼ ਕਰਦਾ ਹੈ ਉਹ ਅੰਦਰੋਂ ਬਾਹਰੋਂ ਵੱਖਰਾ ਹੁੰਦਾ ਹੈ। ਉਸ ਦਾ ਬਾਹਰਲਾ ਰੂਪ ਪ੍ਰਭਾਵਿਤ ਕਰਨ ਵਾਲਾ ਪਰ ਅੰਦਰੋਂ ਟੁੱਟਿਆ ਹੋਇਆ, ਜਿਸ ਕਾਰਨ ਉਹ ਪਤੀ ਦੇ ਰੂਪ ਵਿਚ ਦੁੱਖ ਦੇਣ ਵਾਲਾ ਹੀ ਹੁੰਦਾ ਹੈ ਇਸੇ ਕਰ ਕੇ ਸੂਜਨ ਨੂੰ ਉਨ੍ਹਾਂ ਦੀ ਹੱਤਿਆ ਕਰਨੀ ਪੈਂਦੀ ਹੈ ਤਾਂ ਕਿ ਉਹ ਉਨ੍ਹਾਂ ਤੋਂ ਮੁਕਤ ਹੋ ਸਕੇ। ਇਹ ਗੱਲ ਵੀ ਸਪੱਸ਼ਟ ਹੁੰਦੀ ਹੈ ਕਿ ਜਿਸ ਨੇ ਧੋਖਾ ਹੀ ਦੇ ਦਿੱਤਾ ਉਸ ਨਾਲ ਜ਼ਿੰਦਗੀ ਭਰ ਗੀਤ ਕਿਵੇਂ ਗਾਏ ਜਾ ਸਕਦੇ ਹਨ? ਸੂਜਨ ਅਪਰਾਧੀ ਨਹੀਂ ਹੈ ਪਰ ਹੰਝੂ ਵਹਾਉਂਦੇ ਹੋਏ ਜ਼ਿੰਦਗੀ ਨਹੀਂ ਗੁਜ਼ਾਰ ਸਕਦੀ। ਸੂਜਨ ਸੰਵੇਦਨਸ਼ੀਲ ਤਾਂ ਹੈ ਹੀ ਨਾਲ ਉਹ ਬਹਾਦਰ ਵੀ ਹੈ। ਜਦੋਂ ਉਹ ਛੋਟੀ ਹੁੰਦੀ ਸਕੂਲ ਜਾਂਦੀ ਸੀ ਅਤੇ ਜਦੋਂ ਕੋਈ ਭੌਂਕਣ ਵਾਲਾ ਕੁੱਤਾ ਉਸ ਨੂੰ ਮਿਲਦਾ ਤਾਂ ਉਹ ਰਸਤਾ ਨਹੀਂ ਬਦਲਦੀ ਸੀ ਸਗੋਂ ਕੁੱਤੇ ਨੂੰ ਗੋਲੀ ਮਾਰ ਦਿੰਦੀ। ਉਹ ਪਤੀ ਨਾਲ ਵੀ ਇਹੀ ਸਲੂਕ ਕਰਦੀ ਹੈ। ਪ੍ਰਿਅੰਕਾ ਚੋਪੜਾ ਨੇ ਇਹ ਭੂਮਿਕਾ ਨਿਭਾਈ ਹੈ। ਨੀਲ ਨਿਤਿਨ ਮੁਕੇਸ਼, ਜਾਨ ਅਬ੍ਰਾਹਮ, ਇਰਫਾਨ ਖ਼ਾਨ, ਅਨੂ ਕਪੂਰ, ਅਲੇਕਜ਼ਾਂਦਰ ਤਆਂਚੇਂਕੋ ਅਤੇ ਨਸੀਰੂਦੀਨ ਸ਼ਾਹ ਨੇ ਸੂਜਨ ਦੇ ਪਤੀਆਂ ਦੀ ਭੂਮਿਕਾ ਨਿਭਾਈ ਹੈ। ਸੱਤਵਾਂ ਪਤੀ ਕੌਣ ਹੈ? ਇਹ ਪਤਾ ਕਰਨ ਲਈ ਫਿਲਮ ਵੇਖਣੀ ਜ਼ਰੂਰੀ ਹੈ। ਇੱਕ ਔਰਤ ਨੂੰ ਅੰਦਰੋਂ ਸਮਝਣ ਦੀ ਕੋਸ਼ਿਸ਼ ਹੈ ਇਹ ਫਿਲਮ। ਵਿਸ਼ਾਲ ਭਾਰਦਵਾਜ ਨੇ ਮਨੁੱਖ ਦੇ ਅੰਦਰ ਜੋ ਕੁੱਝ ਪਿਆ ਹੈ ਉਸ ਨੂੰ ਫੜਨ ਦੀ ਕੋਸ਼ਿਸ਼ ਕੀਤੀ ਹੈ। ਇਹ ਫਿਲਮ ਇਸ ਗੱਲ 'ਤੇ ਵੀ ਜ਼ੋਰ ਦਿੰਦੀ ਹੈ ਕਿ ਮਨੁੱਖ ਏਨਾ ਸਰਲ ਸਾਦਾ ਨਹੀਂ ਹੁੰਦਾ। ਔਰਤ ਨੂੰ ਪਿਆਰ ਕਰਨ ਦਾ ਦਿਖਾਵਾ ਕਰ ਕੇ ਉਸ ਨੂੰ ਅਪਨਾਉਣਾ ਚਾਹੁੰਦਾ ਹੈ ਪਰ ਦੂਜੇ ਪਾਸੇ ਖ਼ਾਲੀ ਲਿਫਾਫਾ। ਜਿਵੇਂ ਇਮਰਾਨ ਖ਼ਾਨ (ਸ਼ਾਇਰ) ਸ਼ਬਦਾਂ ਦਾ ਪੁਜਾਰੀ ਹੈ ਪਰ ਰਾਤ ਨੂੰ ਆਪਣੀ ਪਤਨੀ ਦੇ ਨਾਲ ਮਾਨਸਿਕ ਤੌਰ 'ਤੇ ਬੀਮਾਰ ਦੀ ਤਰ੍ਹਾਂ ਪੇਸ਼ ਆਉਂਦਾ ਹੈ। ਫਿਲਮ ਵੇਖਦੇ ਹੋਏ ਕਈ ਸੁਆਲ ਪੈਦਾ ਹੁੰਦੇ ਹਨ, ਕੀ ਸੂਜਨ ਦੇ ਫੈਸਲੇ ਨੈਤਿਕ ਤੌਰ 'ਤੇ ਸਹੀ ਹਨ? ਕੀ ਉਹ ਸਿਰਫ਼ ਮੁਜਰਿਮ ਹੈ? ਉਹ ਕਰੂਰ ਹੈ ਜਾਂ ਕੋਮਲ ਦਿਲ ਵਾਲੀ? ਗੁਨਾਹਗਾਰ ਹੈ ਜਾਂ ਪੀੜਤ? ਇਕ ਪਾਸੇ ਉਹ ਸੱਪ ਪਾਲਦੀ ਹੈ ਦੂਜੇ ਪਾਸੇ ਸੰਗੀਤ ਦਾ ਸ਼ੌਕ ਰੱਖਦੀ ਹੈ। ਕੁੱਝ ਵੀ ਹੋਵੇ ਇਹ ਫਿਲਮ ਇਕ ਵਾਰ ਤਾਂ ਵੇਖਣ ਵਾਲੇ 'ਤੇ ਅਜਿਹਾ ਪ੍ਰਭਾਵ ਪਾਉਂਦੀ ਹੈ ਕਿ 'ਹੁਸਨ ਦਾ ਕਾਤਲਾਨਾ ਅੰਦਾਜ਼' ਉਭਰ ਕੇ ਸਾਹਮਣੇ ਆਉਂਦਾ ਹੈ।



ਕ੍ਰਾਂਤੀਪਾਲ
ਮੋਬਾ : 092165-35617

## ਮੁੰਨੀ ਬਦਨਾਮ ਸ਼ੀਲਾ ਜਵਾਨ...



ਸਾਡੇ ਇਥੇ ਪਹਿਲਾਂ ਮੁੰਨੀ ਬਦਨਾਮ ਹੋਈ ਤੇ ਫਿਰ ਸ਼ੀਲਾ ਜਵਾਨ ਹੋਈ। ਪਿਛਲੇ ਕੁੱਝ ਦਿਨਾਂ ਵਿਚ ਭਾਰਤ ਦੇ ਮਨੋਰੰਜਨ ਸੰਸਾਰ ਵਿਚ ਇਨ੍ਹਾਂ ਗੀਤਾਂ ਨੇ ਤਬਾਹੀ ਮਚਾ ਦਿੱਤੀ। ਕੀ ਕਾਲਰਟਿਊਨ, ਕੀ ਯੂ ਟਿਊਬ, ਮੋਬਾਈਲ 'ਤੇ ਡਾਉਨਲੋਡ ਕਰ ਕੇ ਇਕ-ਦੂਜੇ ਨੂੰ ਸੁਣਾਇਆ ਗਿਆ, ਭੇਜਿਆ ਗਿਆ। ਬੱਸਾਂ ਵਿਚ ਟ੍ਰੇਨਾਂ ਵਿਚ ਹਰ ਮਹਿਫਲ ਵਿਚ ਇਹੀ ਰੰਗ। ਫਿਰ ਚੁਟਕਲਿਆਂ ਦਾ ਸਿਲਸਿਲਾ ਸ਼ੁਰੂ ਹੋਇਆ। ਅਜਿਹਾ ਨਹੀਂ ਕਿ ਹਿੰਦੀ ਫਿਲਮਾਂ ਵਿਚ ਇਹ ਗੀਤ ਪਹਿਲੀ ਵਾਰ ਆਏ ਹਨ, 'ਵਿਧਾਤਾ' ਫਿਲਮ ਦਾ 80 ਵਿਚ ਆਇਆ ਗੀਤ 'ਸਾਤ ਸਹੇਲੀਆਂ ਖੜੀ ਖੜੀ' ਜਾਂ 90 'ਚ 'ਮੋਹਰਾ' ਫ਼ਿਲਮ ਦਾ ਗੀਤ 'ਤੂੰ ਚੀਜ਼ ਬੜੀ ਹੈ ਮਸਤ ਮਸਤ' ਖ਼ੂਬ ਗਾਏ/ਵਜਾਏ ਗਏ ਪਰ ਉਸ ਵਰਗ ਨੇ ਇਸ ਦਾ ਵਿਰੋਧ ਵੀ ਕੀਤਾ ਸੀ ਪਰ ਮੁੰਨੀ ਤੇ ਸ਼ੀਲਾ ਨੂੰ ਅਜਿਹਾ ਕੁੱਝ ਨਹੀਂ ਝੱਲਣਾ ਪਿਆ। ਪਹਿਲੀ ਵਾਰ ਸਭਿਅਕ ਅਖਵਾਉਣ ਵਾਲਿਆਂ ਨੇ ਵੀ ਇਹਨਾਂ ਗੀਤਾਂ ਨੂੰ ਹੱਥੋਂ ਹੱਥ ਲਿਆ। ਇਨ੍ਹਾਂ ਗੀਤਾਂ ਨੂੰ ਸਵੀਕਾਰਨ ਦਾ ਮਸਲਾ ਸਾਡੀ ਪ੍ਰਪੱਕਤਾ ਤੇ ਮਜ਼ਬੂਤੀ ਦੀ ਨਿਸ਼ਾਨੀ ਹੈ। ਨਿਸ਼ਚਿਤ ਤੌਰ 'ਤੇ ਸਾਡਾ ਸਮਾਜ ਕਦੇ ਦੱਬਿਆ ਰਿਹਾ ਹੋਵੇਗਾ ਤਾਂ ਹੀ ਤਾਂ ਬਦਨਾਮ ਹੁੰਦੀ ਤੇ ਜਵਾਨ ਹੁੰਦੀ ਸ਼ੀਲਾ ਨਾਲ ਅੱਖ ਮਿਲਾਉਣ ਦੀ ਇੱਛਾ ਸਾਡੇ 'ਚ ਪੈਦਾ ਹੋਈ ਹੈ। ਇਨ੍ਹਾਂ ਗੀਤਾਂ ਵਿਚ ਬਹੁਤੀ ਕਲਪਨਾ ਨਹੀਂ ਹੈ। ਇਨ੍ਹਾਂ ਨੂੰ ਗਾਉਂਦੇ ਸਮੇਂ ਆਪ ਨੂੰ ਨਾ ਤਾਂ ਬੋਲ ਯਾਦ ਰੱਖਣ ਲਈ ਕੋਈ ਜ਼ਹਿਮਤ ਉਠਾਉਣੀ ਪੈਂਦੀ ਹੈ ਅਤੇ ਨਾ ਹੀ ਇਨ੍ਹਾਂ ਦੀ ਤਾਲ ਵਿਗੜਣ ਦਾ ਖ਼ਤਰਾ ਪੈਦਾ ਹੁੰਦਾ ਹੈ। ਇਨ੍ਹਾਂ 'ਤੇ ਨੱਚਣ ਲਈ ਹੱਥ ਨੂੰ ਉਪਰ ਉਠਾਉਣਾ ਤੇ ਲੱਕ ਨੂੰ ਹਿਲਾਉਣਾ ਜ਼ਰੂਰੀ ਹੈ। ਪਰ ਇਸ ਮਾਹੌਲ ਨਾਲ ਇਕ ਗੱਲ ਉਭਰੀ ਹੈ ਕਿ ਜੋ ਨਵੀਂ ਸ਼ੈਲੀ ਆ ਰਹੀ ਹੈ ਉਹ ਆਪਣੇ ਨਾਲ ਸੰਸਕ੍ਰਿਤੀ ਨਹੀਂ ਲਿਆ ਰਹੀ। ਇਹ ਸਿਰਫ਼ ਪੈਸੇ ਨਾਲ ਬਣੀ ਹੈ ਅਤੇ ਇਸ ਲਈ ਪੈਸਾ ਕਮਾਉਣ ਤੋਂ ਬਾਅਦ ਉਥੇ ਜੋ ਵੀ ਫੁਰਸਤ ਹੈ, ਉਹ ਪੈਸਾ ਖ਼ਰਚਣ 'ਚ ਚਲੀ ਜਾਂਦੀ ਹੈ। 'ਮਲਟੀਪਲੈਕਸ' ਅਤੇ 'ਮਾਲ' ਇਸ ਨਵੇਂ ਤਬਕੇ ਦੇ 'ਸੰਸਕ੍ਰਿਤਕ ਮੰਦਰ' ਹਨ। ਜਿਥੇ ਉਨ੍ਹਾਂ ਦੀਆਂ ਸ਼ਾਮਾਂ ਕੱਟਦੀਆਂ ਹਨ, ਜਿਥੇ ਉਨ੍ਹਾਂ ਦਾ ਸ਼ਨੀਵਾਰ, ਐਤਵਾਰ ਬੀਤਦਾ ਹੈ। ਗੱਲ ਤਾਂ ਇਹ ਹੈ ਕਿ ਜਿਸ ਕੋਲ ਸੰਸਕ੍ਰਿਤੀ ਨਹੀਂ ਹੁੰਦੀ ਉਥੇ ਵੀ ਉਨ੍ਹਾਂ ਅੰਦਰ ਆਪਣੇ ਦੁੱਖ-ਦਰਦ ਆਪਦੀ ਕਾਮਨਾ/ਉਮੰਗ ਨੂੰ ਵਿਅਕਤ ਕਰਨ ਦੀ ਇੱਛਾ ਬਣੀ ਰਹਿੰਦੀ ਹੈ। ਮੁੰਨੀ ਤੇ ਸ਼ੀਲਾ ਉਨ੍ਹਾਂ ਨੂੰ ਆਪਣੀ ਆਪਣੀ ਲਗਦੀ ਹੈ ਤੇ ਸਾਰਾ ਕੁੱਝ ਆਨੰਦ ਦਿੰਦਾ ਹੈ।

## ਇਕ ਸਮਾਜਿਕ ਬੀਮਾਰੀ

ਲੜਕੀਆਂ ਨੂੰ ਬੋਝ ਮੰਨਣ ਦੀ ਗੱਲ ਦਾ ਵੱਡਾ ਕਾਰਨ ਇਹ ਹੈ ਕਿ ਉਸ ਤੋਂ ਪੜ੍ਹ ਲਿਖ ਕੇ ਵਧੀਆ ਰੁਜ਼ਗਾਰ ਪ੍ਰਾਪਤ ਕਰਨ ਅਤੇ ਪਰਿਵਾਰ ਲਈ ਦੋ ਪੈਸੇ ਕਮਾਉਣ ਦੀ ਇੱਛਾ ਨਹੀਂ ਪ੍ਰਗਟਾਈ ਜਾਂਦੀ। ਜ਼ਰੂਰਤ ਹੈ ਕਿ ਲੜਕੀਆਂ ਨੂੰ ਵਧੀਆ ਸਿੱਖਿਆ ਦਿਵਾਉਣ ਦੀ ਤੇ ਘਰ ਤੋਂ ਬਾਹਰ ਕੰਮ ਕਰਨ ਦੀ ਛੋਟ ਦੇਣ ਦੀ ਪਰ ਸਮਾਜ ਦੀ ਔਰਤ-ਵਿਰੋਧੀ ਮਾਨਸਿਕਤਾ ਅਜਿਹਾ ਕੁੱਝ ਨਹੀਂ ਕਰਨ ਦਿੰਦੀ। ਅੰਕੜੇ ਦੱਸਦੇ ਹਨ ਕਿ ਹਰਿਆਣਾ ਰਾਜ 'ਚ ਸਾਖ਼ਰਤਾ 68.56 ਪ੍ਰਤੀਸ਼ਤ ਹੈ ਜਦੋਂ ਕਿ ਇਸ ਵਿਚ ਪੁਰਸ਼ਾਂ ਦੀ ਸਾਖਰਤਾ ਪ੍ਰਤੀਸ਼ਤ 79.25 ਅਤੇ ਔਰਤਾਂ ਦੀ ਮਾਤਰ 56.31 ਫ਼ੀਸਦੀ ਹੈ। ਸਾਫ ਹੈ ਕਿ ਸਮਾਜ ਦਾ ਵੱਡਾ ਹਿੱਸਾ ਅੱਜ ਵੀ ਲੜਕੀਆਂ ਨੂੰ ਪੜ੍ਹਾ-ਲਿਖਾ ਕੇ ਆਪਣੇ ਪੈਰਾਂ 'ਤੇ ਖੜਾ ਹੋਣ ਦੀ ਬਜਾਏ ਉਨ੍ਹਾਂ ਨੂੰ ਘਰੇਲੂ ਭੂਮਿਕਾ 'ਚ ਰੱਖਣਾ ਜ਼ਿਆਦਾ ਬੇਹਤਰ ਸਮਝਦਾ ਹੈ। ਇਹ ਸਥਿਤੀ ਇਕ ਹੋਰ ਬਿਮਾਰੀ ਨੂੰ ਜਨਮ ਦਿੰਦੀ ਹੈ। ਇਹ ਬਿਮਾਰੀ ਹੈ ਖ਼ੂਨ ਦੇ ਰਿਸ਼ਤੇ 'ਚ ਆਉਣ ਵਾਲੀ ਜਾਂ ਕਰੀਬੀ ਰਿਸ਼ਤੇਦਾਰੀ ਵਿਚ ਸੈਕਸ ਸਬੰਧ। ਇਹ ਇਕ ਅਜੀਬ ਗੱਲ ਹੈ ਕਿ ਜੋ ਹਿੱਸਾ ਗੋਤ ਦੇ ਅੰਦਰ ਸ਼ਾਦੀ ਨੂੰ ਸੰਸਕ੍ਰਿਤੀ 'ਤੇ ਕਲੰਕ ਮੰਨਦਾ ਹੈ ਤੇ ਹੱਤਿਆ ਨੂੰ ਜਾਇਜ਼ ਦੱਸਦਾ ਹੈ ਉਹੀ ਪਰਿਵਾਰ ਅੰਦਰ ਚੱਲਣ ਵਾਲੇ ਸੈਕਸ ਸ਼ੋਸ਼ਣ 'ਤੇ ਜ਼ਬਾਨ ਨੂੰ ਤਾਲਾ ਲਾ ਲੈਂਦੇ ਹਨ। ਕੁੱਝ ਹੀ ਦਿਨ ਪਹਿਲਾਂ ਇਹ ਖ਼ਬਰ ਆਈ ਸੀ ਕਿ ਕੈਥਲ 'ਚ ਪੰਜਾਹ ਸਾਲ ਤੋਂ ਉਪਰ ਇੱਕ ਕਿਸਾਨ ਨੇ ਆਪਣੀ ਤੀਹ ਸਾਲ ਦੀ ਨੂੰਹ ਨਾਲ ਸੈਕਸ ਸਬੰਧ ਬਣਾ ਲਏ। ਦੋਹਾਂ 'ਚ ਰਿਸ਼ਤਾ ਇਕ ਸਾਲ ਚੱਲਿਆ। ਫਿਰ ਗੱਲ ਪੰਚਾਇਤ ਕੋਲ ਪਹੁੰਚ ਗਈ। ਦੋਹਾਂ ਨੂੰ ਅਲੱਗ ਰਹਿਣ ਦਾ ਹੁਕਮ ਦਿੱਤਾ ਗਿਆ। ਇਸੇ ਤਰ੍ਹਾਂ ਭਿਵਾਨੀ ਦੇ ਐਸ.ਪੀ. ਨੂੰ 16 ਸਾਲ ਦੀ ਇੱਕ ਲੜਕੀ ਨੇ ਖ਼ਤ ਲਿਖ ਕੇ ਦੱਸਿਆ ਕਿ ਕਿਵੇਂ ਉਸ ਦਾ ਪਿਓ ਅਤੇ ਚਾਚੇ ਦਾ ਮੁੰਡਾ ਉਸ ਨਾਲ ਸੱਤ ਮਹੀਨਿਆਂ ਤਕ ਸੈਕਸ ਸਬੰਧ ਬਣਾਉਂਦੇ ਰਹੇ। ਬਾਅਦ 'ਚ ਉਸ ਲੜਕੀ ਨੇ ਆਪਣੇ ਮੁੰਡੇ ਦੋਸਤ ਨੂੰ ਗੱਲ ਦੱਸੀ ਤਾਂ ਉਸ ਨੇ ਇਤਰਾਜ਼ ਕੀਤਾ ਤਾਂ ਲੜਕੀ ਦੇ ਪਿਓ ਤੇ ਚਾਚੇ ਦੇ ਮੁੰਡੇ ਨੇ ਰਲ ਕੇ ਉਸ ਲੜਕੇ ਨੂੰ ਪਹਿਲਾਂ ਤਾਂ ਕੁੱਟਿਆ ਫਿਰ ਉਸ ਵਿਰੁਧ ਝੂਠਾ ਮਾਮਲਾ ਦਰਜ ਕਰਵਾ ਦਿੱਤਾ। ਜਦੋਂ ਲੜਕੀ ਨੇ ਪੁਲਿਸ ਕੋਲ ਜਾਣ ਦੀ ਧਮਕੀ ਦਿੱਤੀ ਤਾਂ ਲੜਕੀ ਨੂੰ ਘਰ 'ਚ ਬੰਦ ਕਰ ਦਿੱਤਾ। ਜਦੋਂ ਥੋੜ੍ਹੇ ਦਿਨ ਹੋ ਗਏ ਲੜਕੀ ਨੂੰ ਕਮਰੇ 'ਚੋਂ ਬਾਹਰ ਕੱਢਿਆ ਤਾਂ ਉਹ ਘਰੋਂ ਬਾਹਰ ਆਪਣੇ ਮੁੰਡੇ ਦੋਸਤ ਨਾਲ ਭੱਜ ਗਈ। ਉਸ ਮੁੰਡੇ 'ਤੇ ਲੜਕੀ ਨੂੰ ਘਰੋਂ ਕੱਢ ਕੇ ਲਿਜਾਣ ਦਾ ਮਾਮਲਾ ਦਰਜ ਕਰਵਾ ਦਿੱਤਾ। ਅੱਜ ਤਕ ਪਤਾ ਨਹੀਂ ਲੱਗਿਆ ਕਿ ਉਹ ਕਪਿਲ ਨਾਂ ਦਾ ਮੁੰਡਾ ਕਿਧਰ ਗਿਆ? ਕਈ ਵਾਰ ਇਸ ਤਰ੍ਹਾਂ ਦੀਆਂ ਘਟਨਾਵਾਂ ਨੂੰ ਇੱਕਾ-ਦੁੱਕਾ ਸਮਝ ਕੇ ਖਾਰਜ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ ਪਰ ਸਮਾਜ ਦਾ ਪਤਾ ਲਗਦਾ ਹੈ ਕਿ ਉਹ ਇਨ੍ਹਾਂ ਨੂੰ ਕਿਸ ਰੂਪ 'ਚ ਲੈ ਰਿਹਾ ਹੈ। ਜਿਥੇ ਸਮਾਜ ਪਰੰਪਰਾ ਟੁੱਟਣ ਦੇ ਨਾਂ 'ਤੇ ਹਥਿਆਰ ਚੁੱਕ ਕੇ ਖੜਾ ਹੋ ਜਾਂਦਾ ਹੈ, ਉਥੇ ਇਹੋ ਜਿਹੇ ਜ਼ਬਰਦਸਤੀ ਸੈਕਸ ਰਿਸ਼ਤਿਆਂ 'ਤੇ ਜ਼ਬਾਨ ਕਿਉਂ ਨਹੀਂ ਖੋਲ੍ਹਦਾ? □

# Royal Executive Homes

## Town Houses in Wildwood



**Available from 1232 sq. ft. to 1589 sq. ft. with attached Single and Double Garage. Starting Price: $ 289,900**

- Excellent Location
- Close to All Amenities
- Transit Excess
- Future Rec Center
- Close to White Mud & Anthony Henday
- **Affordable Prices**

**Hurry 50% SOLD**




**Unit A**

MAIN FLOOR AREA 597 Sq.F.
UPPER FLOOR AREA 992 Sq.F.
TOTAL LIVING AREA 1589 Sq.F.
GARAGE AREA 338 Sq.F.




**Unit B**

MAIN FLOOR AREA 498 Sq.F.
UPPER FLOOR AREA 734 Sq.F.
TOTAL LIVING AREA 1232 Sq.F.
GARAGE AREA 182 Sq.F.



**Unit C**

MAIN FLOOR AREA 524 Sq.F.
UPPER FLOOR AREA 780 Sq.F.
TOTAL LIVING AREA 1304 Sq.F.
GARAGE AREA 200 Sq.F.



wild wood TOWN HOUSES
1820, 34th Ave
Edmonton.

**780-965-7390**
**780-906-4497**



# Supreme Pizza
## Punjabi Pizza

Menisa Plaza (on Millwood Road) 1079 Knottwood Road East NW Edmonton

(780) 485-1213 or (780) 485-1231

**Chicken Wings Hot, Honey Garlic**

1 Large Pizza with 4 Toppings, 2 Can Coke & 24 Wings

**Paneer Pizza**
Paneer, Red Onion, Green Peppers, Mushrooms, Tomatoes.

**Vegetarian**
Olives, Mushrooms, Pineapple, Tomatoes Green Peppers, Red Onions,

**Supreme Special**
Ham, pepperoni, Salami, Mushrooms, Pineapple, Tomatoes, Olive, Red Onion, Green Peppers

**Chicken Special**
Tandoori Chicken, Red Onions, Green peppers, Mushrooms, Tomatoes

**The Pasta Niche**
Baked Lasagna with Meat Sauce and Veggi Sauce

Delivery Charges Will Apply to All Areas

## ਸੁਪਰੀਮ ਪੀਜ਼ਾ

ਅੰਮ੍ਰਿਤਧਾਰੀ ਵੀਰਾਂ ਤੇ ਭੈਣਾਂ ਲਈ ਖਾਸ ਸੁੱਚਮ ਨਾਲ ਪੀਜ਼ਾ ਤਿਆਰ ਕੀਤਾ ਜਾਂਦਾ ਹੈ

ਪੰਜਾਬੀ ਸਟਾਈਲ ਪੀਜ਼ਾ



**Delivery Hours**
Monday to Thursday: 2:30pm to 11:00pm,
Friday & Saturday: 2:30pm to 12:00midnight
Sunday & Holidays: 2:30pm to 11:00pm

Try Us Tonight For Best Deal
In Town
**3 For 1**
Any 3 Toppings
12" Medium - 14" Large

ਸਵਾਦੀ ਪੀਜ਼ੇ ਲਈ ਹੁਣੇ ਆਡਰ ਕਰੋ

**List of Toppings**
Paneer, BBQ Chicken, Tandoori Chicken, Plain Chicken, Hot Pepperoni, Pepperoni, Ham, Mushrooms, Beef, Capacolli, Red Onions, Shrimps, Italian Sausage, Olives, Green Peppers, Tomatoes, Salami, Jalapinos, Feta Cheese, Pineapple

For Delivery: Please Call 1/2 Hour before we close! Its faster if you call 780 485 1213.

ਅਧਰਕ, ਧਨੀਆ, ਲਾਲ ਪਿਆਜ਼ ਅਤੇ ਹਰੀਆਂ ਮਿਰਚਾਂ ਵਾਲਾ ਕਰਾਰਾ ਅਤੇ
ਸਵਾਦੀ ਪੀਜ਼ਾ ਖਾਣ ਲਈ ਇਕੋ-ਇਕ ਨਾ **ਸੁਪਰੀਮ ਪੀਜ਼ਾ**
ਆਪਣੇ ਭਰਾਵਾਂ ਦਾ ਪੀਜ਼ਾ ਜਿਸ 'ਤੇ ਤੁਸੀਂ ਪੰਜਾਬੀ ਵਿਚ ਆਰਡਰ ਕਰ ਸਕਦੇ ਹੋ।

2 Large Fully Loaded Pizza for $25. 1 Large Pizza 5 Toppings for $14.

2 Medium Pizza Fully Loaded for $22. 1 Medium Pizza 5 Toppings for $13.

**Call at: 780 485 1213**

---

BRIDGEPORT
HOMES LTD.

**BEST PRICES IN TOWN**
**WE ASSURE BEATING MARKET PRICE**

## Now Lots available for big houses
**in Wildwood Crescent (Silverberry) one house available in Tamarack**

ਵਧੀਆ ਰੇਟ ਅਤੇ ਭਰੋਸੇਮੰਦ ਸੇਵਾਵਾਂ ਲਈ
ਅੱਜ ਹੀ **ਡੌਲੀ ਚੌਹਾਨ** ਨਾਲ ਗੱਲਬਾਤ ਕਰੋ

**780-935-7718**



Lots available for bi-Level homes in Silverberry Area



For more information call: **Dolly Chauhan @ 780-935-7718**